ਨਾਨਕਸ਼ਾਹੀ ਨਜ਼ਰੀਆ-2

550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਨਾਨਕ ਦੀ ਨਾਨਕਸ਼ਾਹੀ ਸਿੱਖੀ



ਅਤਿੰਦਰ ਪਾਲ ਸਿੰਘ ਖ਼ਾਲਸਤਾਨੀ

"ਲੇਖਕ ਬਹੁਮੁਖੀ ਪ੍ਰਤਿਭਾ ਦੇ ਧਨੀ ਸਾਬਕਾ ਐਮ.ਪੀ. ਲੋਕ ਸਭਾ, ਕਵੀ, ਰਚਨਾਕਾਰ, ਕ੍ਰਾਂਤੀਕਾਰੀ ਦਾਰਸ਼ਨਿਕ, ਰਾਜਨੀਤੀਵਾਨ, ਪੁਰਾਤਤਵ ਵੇਤਾ, ਫ਼ੋਟੋਗਰਾਫ਼ਰ, ਚਿੱਤਰਕਾਰ ਅਤੇ 12 ਕਿਤਾਬਾਂ ਦੇ ਲਿਖਾਰੀ ਹਨ। ਆਪ ਨੂੰ ਪੰਜਾਬ ਗਵਰਨਰ ਦੇ ਸਾਬਕਾ ਸਲਾਹਕਾਰ, ਭਾਰਤ ਸਰਕਾਰ ਦੀ ਮਨਿਸਟਰੀ ਆਫ਼ ਇੰਡਸਟਰੀ ਅਤੇ ਮਨਿਸਟਰੀ ਆਫ਼ ਐਗਰੀਕਲਚਰ ਵਿੱਚ ਪਾਰਲੀਮੈਂਟਰੀ ਕਮੇਟੀ ਦੇ ਸਾਬਕਾ ਮੈਂਬਰ ਅਤੇ 1990-1991 ਵਿੱਚ ਭਾਰਤ ਦੀ ਕੇਂਦਰੀ ਸਰਕਾਰ ਵਿੱਚ ਪੰਜਾਬ ਸਰਕਾਰ ਨੂੰ ਚਲਾਉਣ ਲਈ ਬਣੀ ਐਡਵਾਈਜ਼ਰੀ ਕਮੇਟੀ ਦੇ ਸਾਬਕਾ ਮੈਂਬਰ ਰਹਿਣ ਦਾ ਵੀ ਮਾਣ ਹਾਸਲ ਹੈ। ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜੂਨ 84 ਵੇਲੇ ਸੀਨੀਅਰ ਮੀਤ ਪ੍ਰਧਾਨ ਤੇ ਉਪਰੰਤ ਪ੍ਰਧਾਨ ਵੀ ਰਹੇ ਹਨ। ਜੂਨ 1984 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਹੋਈ ਆਖ਼ਰੀ ਦਿਨਾਂ ਦੀ ਜੰਗ ਵਿੱਚ ਲੇਖਕ ਸ਼ਹੀਦ ਭਾਈ ਅਮਰੀਕ ਸਿੰਘ ਅਤੇ ਸ਼ਹੀਦ ਭਾਈ ਜਰਨੈਲ ਸਿੰਘ ਨਾਲ ਜੂਝਦਾ ਰਿਹਾ ਹੈ। ਸ੍ਰੀਮਤੀ ਗਾਂਧੀ ਦੇ "ਕਤਲ ਕੇਸ" ਦੀ ਮੁੱਖ ਕੜੀ ਵਜੋਂ ਚੱਲੇ ਮੁਕੱਦਮੇ ਵਿੱਚ ਲੇਖਕ ਲੰਮੀ ਅਵਧੀ ਤਿਹਾੜ ਜੇਲ੍ਹ ਵਿੱਚ "ਏਕਾਂਤ ਵਾਸੀ" ਅਤੇ "ਦੋਹਰੀ ਕਾਲ ਕੋਠੜੀ" ਵਾਲੀ "ਫਾਂਸੀ ਚੱਕੀ" ਦੀ ਕੈਦ ਵਿੱਚ ਅਟੁੱਟ ਜਕੜਿਆ ਰਿਹਾ ਹੈ। ਜਿੰਦਾ ਜਾਂ ਮੁਰਦਾ ਫੜਾਉਣ ਲਈ ਭਾਰਤ ਸਰਕਾਰ ਨੇ ਅਤਿੰਦਰ ਪਾਲ ਸਿੰਘ ਦਾ ਸਿਰ ਦਾ ਇਨਾਮ 55 ਲੱਖ ਘੋਸ਼ਿਤ ਕੀਤਾ ਸੀ। ਬਤੌਰ ਸੰਸਦ ਮੈਂਬਰ 1990 ਵਿੱਚ ਭਾਰਤੀ ਸੰਸਦ ਤੋਂ "ਖ਼ਾਲਸਤਾਨ" ਦੀ ਰਾਜਨੀਤਕ ਵਿਚਾਰਧਾਰਾ ਅਤੇ ਚਿੰਤਨ ਪ੍ਰਣਾਲੀ ਨੂੰ ਕਾਨੂੰਨੀ ਮਾਨਤਾ ਲੈ ਕੇ ਦੇਣ ਵਾਲੀ ਸ਼ਖ਼ਸੀਅਤ ਦਾ ਧਨੀ ਵੀ ਲੇਖਕ ਹੈ। ਇੰਜ ਭਾਰਤ ਅੰਦਰ "ਖ਼ਾਲਸਤਾਨ" ਸ਼ਬਦ ਅਤੇ ਦਰਸ਼ਨ ਨੂੰ ਕਾਨੂੰਨੀ, ਲੋਕਤੰਤਰੀ ਅਤੇ ਪ੍ਰਸ਼ਾਸਨਿਕ ਮਾਨਤਾ ਦਿਵਾਈ ਹੈ। 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਰਤ ਅੰਦਰ ਪਹਿਲੀ ਵਾਰ "ਖ਼ਾਲਸਤਾਨ" ਲਈ ਸਿੱਧੀ ਵੋਟ ਮੰਗ ਕੇ "ਖ਼ਾਲਸਤਾਨ" ਨੂੰ ਚੋਣ ਪ੍ਰਣਾਲੀ ਵਿੱਚ ਮਾਨਤਾ ਦਿਵਾਉਣ ਦਾ ਲੇਖਕ ਨੂੰ ਹੀ ਮਾਣ ਹਾਸਲ ਹੈ। ਬੁਲਟ ਤੋਂ ਬੈਲਟ ਰਾਹੀਂ ਹਕੀਕੀ ਤੌਰ ਤੇ ਖ਼ਾਲਸਤਾਨ ਲਈ ਵੋਟ ਪਵਾਉਣ ਅਤੇ ਪਾਣ ਦਾ ਹੱਕ ਲੈ ਕੇ ਦੇਣ ਵਾਲਾ ਲੇਖਕ ਹੈ। ਮੱਧ ਪ੍ਰਦੇਸ਼ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ, ਸ਼੍ਰੋਮਣੀ ਅਕਾਲੀ ਦਲ ਖ਼ਾਲਸਤਾਨੀ ਦੇ ਅਤੇ ਵੋਟਾਂ ਰਾਹੀ, ਪੰਜਾਬ ਵਿਧਾਨ ਸਭਾ ਦੇ ਜਰੀਏ ਨਾਨਕਸ਼ਾਹੀ ਖ਼ਾਲਸਤਾਨ ਘੜਨ ਦੇ ਸੰਕਲਪ ਅਤੇ ਸਿਧਾਂਤ ਦੇ, ਡਿਜੀਟਲ ਸਿੱਖ ਰੈਫਰੈਂਸ ਲਾਇਬਰੇਰੀ ਅਤੇ ਆਰਕਾਈਜ਼ ਸੈਂਟਰ ਦਾ ਲੇਖਕ ਸੰਸਥਾਪਕ ਬਾਨੀ ਹੈ। ਵਰਤਮਾਨ ਵਿੱਚ ਲੇਖਕ ਡਾਇਰੈਕਟਰ, "ਜਪੁ-ਘਰ" ਸਿੱਖ ਆਰਕਾਈਜ਼ ਅਤੇ ਖੋਜ ਕੇਂਦਰ, ਪਟਿਆਲਾ ਅਤੇ ਸ਼੍ਰੋਮਣੀ ਅਕਾਲੀ ਦਲ ਖ਼ਾਲਸਤਾਨੀ ਦਾ ਪ੍ਰਧਾਨ ਹੈ।

ਨਾਨਕਸ਼ਾਹੀ ਨਜ਼ਰੀਆ-2

550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਨਾਨਕ ਦੀ ਨਾਨਕਸ਼ਾਹੀ ਸਿੱਖੀ

ਅਤਿੰਦਰ ਪਾਲ ਸਿੰਘ ਖ਼ਾਲਸਤਾਨੀ

ਉਨ੍ਹਾਂ ਮਰਜੀਵੜੇ ਗੁਰ-ਸਿੱਖਾਂ ਨੂੰ ਜੋ
ਜੋ ਗੁਰੂ ਹੁਕਮ ਨੂੰ ਸੱਚ ਕਰ ਦਿਖਾਉਣ ਦਾ
"ਗੁਰੂ ਗ੍ਰੰਥ-ਗੁਰੂ ਪੰਥ" ਦੀ ਗੁਰਿਆਈ ਨੂੰ
ਲਾਗੂ ਕਰਨ ਦਾ ਸੰਕਲਪ ਰੱਖਦੇ ਹਨ

## ਤਤਕਰਾ

1.ਆਰੰਭ/ 8
2.ਨਾਨਕਸ਼ਾਹੀ ਮੌਲਿਕ ਭਾਸ਼ਾ ਤੇ ਮੁਹਾਵਰੇ/ 16
3.ੴ/ 18
4.ਸਤਿ/ 23
5.ਨਾਮੁ/ 25
6.ਕਰਤਾ/ 27
7.ਪੁਰਖੁ/ 29
8.ਨਿਰਭਉ/ 31
9.ਨਿਰਵੈਰੁ/ 33
10.ਅਕਾਲ/ 35
11.ਮੂਰਤਿ/ 37
12.ਅਜੂਨੀ/ 39
13.ਸੈਭੰ/ 41
14.ਗੁਰ/ 43
15.ਪ੍ਰਸਾਦਿ/ 45
16.ੴ ਤੋਂ ਗੁਰ ਪ੍ਰਸਾਦਿ ਤਕ ਸ਼ਬਦ ਗੁਰੂ ਕੀ ਨਿਰਨਾ ਦੇਂਦਾ ਹੈ ?/ 47
17.ਸਿੱਖ ਦਾ ਅਰਥ ਕੀ ਹੈ ?/ 50
18.ਸਿੱਖ ਦੀ ਪਰਿਭਾਸ਼ਾ ਕੀ ਹੈ ?/ 54
19.ਸਿੱਖ ਦਾ ਗੁਰੂ ਕੌਣ ਹੈ ?/ 57
20.ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ/ 60
21.ਨਾਮ ਜਪਣਾ/ 65
22.ਵੰਡ ਛਕਣਾ/ 67
23.ਖੰਡਾ / 70
24.ਨਿਸ਼ਾਨ ਖੰਡਾ/ 73
25.ਦੇਗ-ਤੇਗ਼ ਫ਼ਤਹ/ 77

26.ਲੰਗਰ/ 79
27.ਲੰਗਰ ਦਾ ਸਿਧਾਂਤ ਤੇ ਸੰਕਲਪ ਕੀ ਹੈ ?/ 82
28.ਪੰਗਤ/ 84
29.ਸੰਗਤ/ 85
30.ਗੁਰਮਤਿ ਕੀ ਹੈ ?/ 87
31.ਲਿੰਗੀ ਬਰਾਬਰਤਾ ਅਤੇ ਸਮਾਨਤਾ ਵਾਲੇ ਸਮਾਜ ਦਾ ਨਿਰਮਾਣ/ 89
32.ਮਨੁੱਖਤਾ ਦਾ ਸਿੱਖ ਸਿਧਾਂਤ/ 92
33.ਗੁਰਮੁਖ/ 96
34.ਮਨਮੁਖ/ 101
35.ਜਾਤੀ-ਪਾਤੀ, ਗੋਤ ਆਦਿ ਵੰਡੀਆਂ ਪ੍ਰਤੀ
ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਕੀ ਹੈ ?/ 103
36.ਧਰਮ ਵਿਚ ਵਰਨ ਵੰਡ ਨੂੰ ਕੀ ਗੁਰਮਤਿ ਸਵੀਕਾਰਦੀ ਹੈ ?/ 106
37. ਨਿੱਤਨੇਮ ਦੀਆਂ ਬਾਣੀਆਂ ਕਿਹੜੀਆਂ ਹਨ ? / 109
38. ਸਰਲ ਸ਼ਬਦਾਂ ਵਿੱਚ ਸਿੱਖ ਬਣਨ ਲਈ ਕੀ ਕਰਨਾ ਹੈ ?/ 112
39. ਸਿੱਖਾਂ ਦੇ ਸੰਸਕਾਰ ਕਿਹੜੇ ਹਨ ? ਜਨਮ ਤੇ ਨਾਮ ਸੰਸਕਾਰ / 116
40. ਦਸਤਾਰ ਬੰਦੀ/ 119
41. ਅਨੰਦ ਸੰਸਕਾਰ ਅਨੰਦ ਕਾਰਜ/ 123
42. ਗੁਰੂ ਨਾਨਕ ਦੇ ਗ੍ਰਿਹਸਤ ਜੀਵਨ ਦੇ ਸੰਗਤੀ ਫ਼ਲਸਫ਼ੇ ਦਾ ਸੰਕਲਪ/ 138
43. ਮਿਰਤਕ ਸੰਸਕਾਰ/ 141
44. ਅੰਮ੍ਰਿਤ ਸੰਸਕਾਰ/ 143
45. ਸਿੱਖ ਸਭਿਅਤਾ ਵਿਚ ਸਰਕਾਰੇ ਨਾਨਕਸ਼ਾਹੀ ਵੱਲੋਂ ਮਿਲੇ ਨਾਗਰਿਕ ਅਧਿਕਾਰ/ 153
46. ਸਿੰਘ ਅਤੇ ਕੌਰ/ 155
47. ਖ਼ਾਲਸਾ/ 159
48. ਹੋਰ ਜ਼ਰੂਰੀ ਵਿਸ਼ੇ/ 170
49. ਤਖ਼ਤ/ 171
50. ਅਕਾਲ ਤਖ਼ਤ/ 175
51. ਸਿੱਖ ਗੁਰੂ ਸਾਹਿਬਾਨਾਂ ਨੇਂ ਕੀ ਕਿਤੇ ਰਾਜ ਸਥਾਪਿਤ ਕੀਤਾ ਸੀ ?/ 183

52. ਪੰਜ ਕਕਾਰ ਕਿਹੜੇ ਹਨ ?/188
53. ਕੇਸ /191
54. ਦਸਤਾਰ/196
55. ਕਿਰਪਾਨ/202
56. ਕਿਰਪਾਨ ਨੂੰ ਕਿਹੜੇ ਕਿਹੜੇ ਮੁਲਕ ਵਿਚ ਸੰਵਿਧਾਨਿਕਤਾ ਮਿਲੀ ਹੋਈ ਹੈ ?/206
55. ਕੰਘਾ/209
56. ਕਛਹਿਰਾ/212
57. ਕੜਾ/214

# ਆਰੰਭ

ਆਮ ਤੌਰ ਤੇ ਹਰ ਨਾਗਰਿਕ ਦੀ ਆਪਣੇ ਆਪਣੇ ਧਰਮ ਬਾਰੇ ਜਾਣਕਾਰੀ ਉਤਨੀ ਕੁ ਹੈ ਜਿਤਨੀ ਕੁ ਉਸ ਨੇ ਸੁਣੀ ਹੈ । ਸੁਣੀ ਕਿਸ ਤੋਂ ਹੈ ਇਸ ਮਾਪਦੰਡ ਦਾ ਕੋਈ ਮਿਆਰ ਨਹੀਂ ਹੈ। ਸੁਣਾਉਣ ਵਾਲੇ ਦੀ ਪ੍ਰਮਾਣਿਕਤਾ ਜਾਂ ਉਸ ਵੱਲੋਂ ਕਹੀ ਜਾਂਦੀ ਗੱਲ ਦੀ ਪ੍ਰਮਾਣਿਕਤਾ ਗੱਲ ਦੱਸਣ ਵਾਲੇ ਵੱਲੋਂ ਸਾਬਤ ਕੀਤੀ ਜਾਂਦੀ ਹੈ ਜਾਂ ਨਹੀਂ, ਇਸ ਗੱਲ ਤੇ ਹੀ ਨਿਰਭਰ ਕਰਦਾ ਹੈ। ਮੌਖਿਕ ਪ੍ਰਚਾਰ ਵਿਚ ਆਪਣੀ ਕਹੀ ਜਾਂਦੀ ਗੱਲ ਦੇ ਹਵਾਲੇ ਦੇ ਕੇ ਸਰੋਤਿਆਂ ਸਾਹਮਣੇ ਰੱਖਣ ਦਾ ਸਾਡੇ ਸਮਾਜ ਵਿਚ ਰਿਵਾਜ ਬਹੁਤ ਘੱਟ ਹੈ। ਜੇ ਹਵਾਲੇ ਦਿੱਤੇ ਵੀ ਜਾਂਦੇ ਹਨ ਤਾਂ ਉਹ ਵੀ ਮੌਖਿਕ ਹੀ ਹੁੰਦੇ ਹਨ । ਜਿਵੇਂ ਸਾਡੇ ਫਲਾਂ ਮਹਾਂਪੁਰਸ਼ ਇੰਜ ਦੱਸਦੇ ਸਨ ਜਾਂ ਇੰਜ ਕਰਦੇ ਸਨ ਜਾਂ ਇੰਜ ਹੁੰਦਾ ਸੀ । ਇਹ ਵਿਅਕਤੀ ਵਿਸ਼ੇਸ਼ ਨੇ ਉਹ ਗੱਲ ਕਿੱਥੋਂ ਲਈ ਇਸ ਦਾ ਕੋਈ ਸਿਰਾ ਨਹੀਂ ਹੁੰਦਾ ।

ਜਿੱਥੋਂ ਤਕ ਗੱਲ ਸਿੱਖ ਸਮਾਜ ਦੀ ਹੈ ਤਾਂ ਕਦੇ ਵੀ ਸਿੱਖ ਸੰਗਤਾਂ ਨੇ ਗੁਰਦੁਆਰੇ ਦੀਵਾਨਾ ਜਾਂ ਹੋਰ ਪ੍ਰੋਗਰਾਮਾਂ ਵਿਚ ਸੁਣਾਈ ਜਾਂ ਕਹੀ ਗੱਲ ਦੀ ਪ੍ਰਮਾਣਿਕਤਾ ਅਤੇ ਸ੍ਰੋਤ ਗ੍ਰੰਥ ਦਾ ਹਵਾਲਾ ਕਿਸੇ ਤੋਂ ਮੰਗਿਆਂ ਹੀ ਨਹੀਂ ਹੈ। ਸਿਰਫ਼ ਸ਼ਰਧਾ ਤੇ ਉਹ ਵੀ ਧੜੇਬੰਦਕ ਅੰਨ੍ਹੀ ਸ਼ਰਧਾ ਦੇ ਬਹੁਤਾਤ ਲੋਕ ਪਿੱਛ-ਲੱਗ ਬਣੇ ਹੁੰਦੇ ਹਨ। ਇਹ ਧੜੇਬੰਦਕ ਅੰਨ੍ਹੀ ਸ਼ਰਧਾ ਦੀ ਭੀੜ ਦੀ ਬੌਧਿਕਤਾ, ਗਿਆਨ ਤੇ ਘੱਟ ਤੇ ਹੁੱਲੜਬਾਜ਼ੀ ਵਾਲੇ ਆਪਹੁਦਰੇ ਪਣ ਤੇ ਜ਼ਿਆਦਾ ਹੁੰਦੀ ਹੈ। ਕਿਸੇ ਸਾਧ, ਡੇਰੇਦਾਰ ਜਾਂ ਟਕਸਾਲ ਵਿਚ ਇੰਜ ਹੁੰਦਾ ਆਇਆ ਹੈ ਤੇ ਉਨ੍ਹਾਂ ਦੇ ਵਡੇਰੇ ਇੰਜ ਆਖਦੇ ਸਨ ਤੇ ਹੀ ਸਿੱਖ ਧਰਮ ਦਾ ਧਾਰਮਿਕ ਆਧਾਰ ਟਿਕਾ ਦਿੱਤਾ ਗਿਆ ਹੈ। ਜੇ ਇਨ੍ਹਾਂ ਨੂੰ ਗੁਰਮਤਿ ਇੰਜ ਕਹਿੰਦੀ ਹੈ ਦੀ ਗੱਲ ਵੱਲ ਧਿਆਨ ਦਿਵਾਇਆ ਜਾਵੇ ਤਾਂ ਜਵਾਬ 'ਲੱਠਮਾਰ' ਦੀ ਨਿਰੰਕੁਸ਼ ਪ੍ਰਵਿਰਤੀ 'ਮੈਂ ਨਾਂ ਮਾਨੂ' ਦੀ ਹੈ। ਧਰਮ ਪ੍ਰਚਾਰ ਨੂੰ ਕਮਾਈ ਦਾ ਸਾਧਨ ਬਣਾ ਚੁੱਕੇ ਸਿਰਫ਼ ਵਪਾਰਕ ਲੋਕ ਇਸ ਖੇਤਰ ਵਿਚ ਆਏ ਹਨ ਉਨ੍ਹਾਂ ਦਾ ਢੰਗ ਵਪਾਰਕ ਵਿਕਾਊ ਮਾਲ ਵਾਲਾ ਅਜਿਹਾ ਹੁੰਦਾ ਹੈ ਕਿ 'ਸਾਨੂੰ ਦੀਵਾਨ ਮਿਲਦੇ ਰਹਿਣੇ ਚਾਹੀਦੇ ਹਨ' । ਇਹ ਲੋਕ ਇਤਿਹਾਸ, ਸਿਧਾਂਤ, ਸੰਕਲਪ ਦੇ ਪੱਖ ਤੋਂ ਗੁਰਮਤਿ ਅਤੇ ਗੁਰਬਾਣੀ ਦੇ ਅਰਥ ਅਤੇ ਗੱਲ ਉਤਨੀ ਕੁ ਹੀ ਤੇ ਉਸੇ ਨਜ਼ਰੀਏ ਅਤੇ ਪਸੰਦ ਅਨੁਸਾਰ ਕਰਨ ਦੀ ਵਪਾਰਕ ਮੁਹਾਰਤ ਰੱਖਦੇ ਹਨ ਜਿੰਨੀ ਕੁ ਉਸ ਸਟੇਜ ਦੇ ਪ੍ਰਬੰਧਕਾਂ, ਲੋਕਲ ਸੰਗਤਾਂ, ਸਾਧ ਦੀ ਮਰਜ਼ੀ ਅਤੇ ਕੋਈ ਬੁਰਾ ਨਾਂਹ ਮਨਾਏ ਦੇ ਮਾਪਦੰਡਾਂ ਦੇ ਦਾਇਰੇ ਦੇ ਅੰਦਰ ਹੁੰਦੀ ਹੈ। ਇਸ ਵਿਚ "ਸ਼ਬਦ ਗੁਰੂ ਅਤੇ ਗੁਰੂ ਇਤਿਹਾਸ" ਕੀ ਆਖਦਾ ਤੇ ਮਾਪਦੰਡ ਦਿੰਦਾ ਹੈ ਦੀ ਸੋਧ ਅਤੇ ਸੋਚ ਪੂਰੀ ਤਰ੍ਹਾਂ ਮਨਫ਼ੀ ਹੁੰਦੀ ਹੈ । ਜਦ ਕਿ ਸੰਗਤਾਂ ਨੂੰ ਸਮਝਾਇਆ ਇਹੋ ਜਾਂਦਾ ਹੈ ਕਿ ਗੁਰਬਾਣੀ ਇੰਜ ਹੀ ਆਖਦੀ ਹੈ ਦੀ ਗ਼ਲਤ ਬਿਆਨੀ ਕਰਨ ਦੀ ਰੁਚੀ ਜ਼ਿਆਦਾ ਰੱਖਦੇ ਹਨ।

ਕਿਸੇ ਵੀ ਸਭਿਅਤਾ ਵਿਚ ਵਰਤੀ ਜਾਂਦੀ ਸ਼ਬਦਾਵਲੀ ਦੇ ਅਰਥ ਉਸ ਦੀ ਆਪਣੀ ਮੌਲਿਕਤਾ ਦੀ ਵਿਲੱਖਣਤਾ ਵਿਚ ਉਸ ਸਭਿਅਤਾ ਵਿਸ਼ੇਸ਼ ਦੀ ਸੁਤੰਤਰ ਸੁਰਤ ਵਿਚੋਂ ਨਿਕਲਦੇ ਬਿਬੇਕ ਅਨੁਕੂਲ ਢਲਦੇ ਹਨ। ਫਿਰ ਸ਼ਬਦ ਚਾਹੇ ਜਿਹੜੀ ਮਰਜ਼ੀ ਭਾਸ਼ਾ ਜਾਂ ਖ਼ਿੱਤੇ ਵਿਚੋਂ ਆਉਂਦੇ ਹੋਣ। ਗੁਰਮਤਿ ਸਭਿਅਤਾ ਦੀ ਸ਼ਬਦਾਵਲੀ ਦਾ ਆਪਣਾ ਮੌਲਿਕ ਬੁੱਧ-ਬਿਬੇਕ ਹੈ। ਇਸ ਦਾ ਸ੍ਰੋਤ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਦੀ ਸਭਿਅਤਾ ਦਾ ਕ੍ਰਮਵਿਕਾਸ, ਦਸ ਸਰੂਪ ਨਾਨਕਵਾਦ ਹੈ।

ਮੇਰੀਆਂ ਬੇਟੀਆਂ ਗੁਰਾਂਜਲ ਕੌਰ ਅਤੇ ਰਾਕਿੰਦ ਕੌਰ ਬਚਪਨ ਤੋਂ ਮੈਨੂੰ ਆਲ਼ੇ ਦੁਆਲੇ ਤੇ ਸਿੱਖੀ ਬਾਰੇ ਬਹੁਤ ਸਵਾਲ ਪੁੱਛਦੀਆਂ ਸਨ। ਬਚਪਨ ਬੱਚੇ ਦੀ ਗਿਆਨ ਦੀ ਅਵਸਥਾ ਹੁੰਦੀ ਹੈ, ਮੇਰਾ ਮੰਨਣਾ ਸੀ ਕਿ ਉਨ੍ਹਾਂ ਦੀ ਕੋਰੀ ਸਲੇਟ ਤੇ ਜੇ ਕੁਦਰਤੀ ਸੱਚ ਦਾ ਸਹੀ ਸੰਕਲਪ ਲਿਖ ਦਿਆਂਗੇ ਤਾਂ ਉਹ ਜ਼ਿੰਦਗੀ ਵਿਚ ਬਤੌਰ ਮਨੁੱਖ ਸਥਾਪਿਤ ਹੋ ਜਾਣਗੇ। ਹਰ ਵਿਸ਼ੇ ਤੇ ਹਰ ਗੱਲ ਮੈਂ ਉਨ੍ਹਾਂ ਨੂੰ ਵਿਸਥਾਰ ਵਿਚ ਸਮਝਾ ਕੇ ਖ਼ੁਸ਼ ਹੁੰਦਾ ਸਾਂ। ਮੇਰੀ ਪਤਨੀ ਕਮਲਜੀਤ ਕੌਰ ਵੀ ਇੰਜ ਹੀ ਕਰਦੀ ਸੀ। 'ਘਰਦਾਰੀ' ਤੇ 'ਵਿਹਾਰਦਾਰੀ'; 'ਸਲੀਕਾ' ਅਤੇ 'ਚੰਗਾ-ਮੰਦਾ' ਦੀ ਪਹਿਚਾਣ ਤੇ ਹੁਨਰਮੰਦੀ ਉਸ ਨੇ ਸਿਖਾਉਣੀ ਹੈ, ਤੇ 'ਵਪਾਰਦਾਰੀ', 'ਧਰਮ', 'ਇਤਿਹਾਸ' ਅਤੇ ਸਭ ਕਾਸੇ ਤੋਂ ਨਿਰਮਲ ਹੋਣ ਵਾਲਾ 'ਕਿਰਦਾਰ ਤੇ ਪਹਿਚਾਣ' ਮੇਰੇ ਜ਼ਿੰਮੇ ਅਸੀਂ ਆਪ ਲਾਈ। "ਸਮਾਜਦਾਰੀ" ਦੀ ਪਕੜ ਤੇ ਸੂਝ ਨੂੰ ਅਸੀਂ ਬੱਚਿਆਂ ਦੀ ਆਪਣੀ ਸੁੱਧ-ਬੁੱਧ ਦੇ ਬਿਬੇਕ ਤੇ ਛੱਡੀ । ਤਾਂ ਜੋ ਉਹ ਜਿਸ ਸਮਾਜ ਵਿਚ ਵੀ ਵਿਚਰਨ ਉਸ ਦੀ ਚੰਗਿਆਈ ਤੇ ਮੰਦਿਆਈ ਵਿਚੋਂ ਉਹ ਖ਼ੁਦ ਸਫਲਤਾ ਨਾਲ ਸਿੱਝਣਾ ਤੇ ਨਿਕਲਣਾ ਸਿੱਖਣ। ਹਾਂ ਇੱਥੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਅਸੀਂ ਹਮੇਸ਼ਾ ਉਨ੍ਹਾਂ ਨੂੰ ਢਾਲ ਬਣ ਕੇ ਸਹਿਯੋਗੀ ਹੋਣ ਦਾ ਜਤਨ ਕੀਤਾ ਹੈ। ਅਸੀਂ ਆਪਣਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੇਕ ਰਾਹੀਂ ਸੱਚ, ਸਪਸ਼ਟਤਾ, ਕੋਈ ਲੁਕਾ ਨਹੀਂ ਤੇ ਹਾਂਦਰੂ ਨਿਰਮਾਣ ਕਾਰੀ ਪਹੁੰਚ ਨੂੰ ਬਣਾਇਆ। ਇਨ੍ਹਾਂ ਮੁਤੱਲਕ ਜੇ ਕਿਸੇ ਖ਼ਾਸ ਗੱਲ ਨੂੰ ਬੱਚਿਆਂ ਤੱਕ ਅੱਪੜਨਾ ਕਰਨਾ ਹੈ ਤਾਂ ਅਸੀਂ ਇੱਕ ਦੂਜੇ ਨਾਲ ਸਲਾਹ ਤੋਂ ਬਾਅਦ ਜਿਸ ਦੇ ਖੇਤਰ ਦੀ ਗੱਲ ਹੈ ਉਸ ਰਾਹੀਂ ਹੀ ਸਮਝਾਉਣ ਦੀ ਵਿਉਂਤ ਅਪਣਾਈ। ਸਭਿਅਤਾ, ਸਭਿਆਚਾਰ, ਸਰਬਪੱਖੀ ਗੁਣਾਂ ਦਾ ਵਿਕਾਸ ਤੇ ਆਧੁਨਿਕਤਾ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਦੋਹਾਂ ਨੇ ਮਿਲ ਕੇ ਬੱਚਿਆਂ ਦੀ ਲੋੜ ਅਨੁਰੂਪ ਕਰਨੀ ਹੈ, ਅਸੀਂ ਪਰਿਵਾਰਿਕ ਤੌਰ ਤੇ ਇਹ ਨੀਅਤ ਕਰ ਕੇ ਜਿਊਣਾ ਆਰੰਭ ਕੀਤਾ।

ਵਿੱਦਿਆ ਦਾ ਪੱਖ ਕੇਵਲ ਸਕੂਲ ਤੇ ਛੱਡ ਦਿੱਤਾ ਜਾਂਦਾ ਹੈ । ਇਹ ਸਮਝਿਆ ਤੇ ਮੰਨ ਲਿਆ ਜਾਂਦਾ ਹੈ ਕਿ ਸਕੂਲ ਬੱਚਿਆਂ ਦੀਆਂ ਸਾਰੀਆਂ ਵਿਦਿਅਕ ਲੋੜਾਂ ਪੂਰੀਆਂ ਕਰਦੇ ਹਨ। ਜਦ ਕਿ ਉਹ ਵੱਡੀਆਂ ਵੱਡੀਆਂ ਫ਼ੀਸਾਂ ਲੈ ਕੇ ਵੀ ਆਪਣੀ ਇਹ ਜ਼ਿੰਮੇਵਾਰੀ ਵੀ ਪੂਰੀ ਤਰ੍ਹਾਂ ਨਹੀਂ ਨਿਭਾਉਂਦੇ। ਜਿਸ ਲਈ ਮੇਰੀ ਅਤੇ ਬੱਚਿਆਂ ਦੇ ਸਕੂਲ ਦੇ ਪ੍ਰਬੰਧਕਾਂ ਨਾਲ ਕਦੇ ਵੀ ਨਹੀਂ ਬਣੀ। ਆਪਣੇ ਆਪ ਵਿਚ ਸੁਧਾਰ ਕਰਨ

ਦੀ ਬਜਾਏ ਉਹ ਬੱਚਿਆਂ ਤੋਂ ਆਪਣੀ ਖੁੰਧਕ ਕੱਢਦੇ ਰਹੇ। ਤ੍ਰਾਸਦੀ ਇਹ ਰਹੀ ਕਿ ਬਹੁਤਾਤ ਵਿਚ ਮਾਂ-ਪਿਉ ਨੂੰ ਮੈਂ 'ਡਰ', 'ਭੈਅ' ਜਾਂ 'ਸ਼ੇਖ਼ੀ' ਅਤੇ 'ਚੰਗਾ ਬਣੇ ਰਹਿਣ ਦੀ ਮੰਦੀ ਮਨੋਬਿਰਤੀ' ਕਰ ਕੇ ਗ਼ਲਤ ਮੈਨੇਜਮੈਂਟ, ਪੜ੍ਹਾਈ ਲਈ "ਟੀਚਰਾਂ" ਸਾਹਮਣੇ, ਖ਼ੁਦ ਮੋਟੀਆਂ ਫ਼ੀਸਾਂ ਦੇ ਕੇ ਵੀ ਲਾਚਾਰ ਵੇਖਦਾ ਰਿਹਾ ਹਾਂ। ਅਨੁਭਵ ਕੀਤਾ ਕਿ ਬੱਚਿਆਂ ਦੀ ਵਿੱਦਿਆ ਦੇ ਨਾਮ ਤੇ ਆਪਣਾ ਸ਼ੋਸ਼ਣ ਕਰਵਾਉਣ ਨੂੰ ਉਹ ਆਪਣਾ ਫ਼ਰਜ਼ ਮੰਨਦੇ ਹਨ। ਆਧੁਨਿਕ ਵਿਦਿਅਕ ਢਾਂਚੇ ਦਾ ਇਹ ਦੁਖਾਂਤ ਮਾਂ-ਬਾਪ ਨੂੰ ਮਜਬੂਰੀ ਵੱਸ ਹੰਢਾਉਣਾ ਪੈਂਦਾ ਹੈ ਕਿ ਧੰਨ ਲੁਟਾਓ ਤੇ ਬੱਚਿਆਂ ਦਾ ਭਵਿੱਖ ਖ਼ਰਾਬ ਕਰਾਓ। ਆਮ ਕਰ ਕੇ ਆਲ਼ੇ ਦੁਆਲੇ ਦੀ ਸਮਾਜਦਾਰੀ ਦੀ ਸਮਝ ਦੀ ਪਹੁੰਚ ਵੀ ਇੱਥੇ ਹੀ ਖੜ੍ਹੀ ਹੈ। ਤ੍ਰਾਸਦੀ ਇਹ ਬਣ ਆਈ ਹੈ ਕਿ ਸਾਡੀ ਆਪਣੀ ਕੁਦਰਤੀ ਲੋੜ ਤੋਂ ਵਿਪਰੀਤ ਇੱਕ 'ਬੇਟੇ' ਦੀ ਚਾਹਤ ਅਤੇ ਜੇ ਉਹ ਪਹਿਲੀ ਔਲਾਦ ਹੈ ਤਾਂ ਉਸ ਤੋਂ ਬਾਅਦ ਪਰਿਵਾਰ ਮੁਕੰਮਲ ਦੀ ਸੋਚ ਨੇ, ਔਲਾਦ ਹੱਥੀ ਮਾਂ-ਬਾਪ ਦੀ 'ਬਲੈਕ-ਮੇਲਿੰਗ' ਦੀ ਪਰਿਵਾਰਕ ਤੇ ਸਮਾਜਿਕ ਸਭਿਆਚਾਰ ਦਾ ਮੈਂ ਬਹੁਤ ਕਰੂਪ ਰੂਪ ਵੇਖ ਰਿਹਾ ਹਾਂ। ਇੱਥੇ ਸਿੱਖੀ ਦਾ ਸੰਗਤੀ ਸਰੂਪ ਪਰਿਵਾਰ ਵਿਚ ਮੁੱਕਦਾ ਜਾ ਰਿਹਾ ਹੈ ।

ਦੂਜੇ ਬੰਨੇ ਜਦੋਂ ਮੈਂ ਗੁਰਦੁਆਰੇ ਜਾਂ ਕਿਸੇ ਵੀ ਧਾਰਮਿਕ ਪ੍ਰੋਗਰਾਮ ਤੇ ਪਹੁੰਚਦਾ ਤਾਂ ਆਮ ਕਰ ਕੇ ਉਹੀ ਮਾਂ ਬਾਪ ਮੁਫ਼ਤ ਦਾ ਲੰਗਰ ਛੱਕ ਕੇ ਵੀ, ਪ੍ਰਬੰਧਕਾਂ ਨੂੰ ਤੇ ਪ੍ਰਚਾਰਕਾਂ ਨੂੰ ਅਸਲੋਂ ਮੰਦਾ-ਬੋਲ ਕੱਢਦੇ ਵੇਖੇ ਤੇ ਸੁਣੇ ਹਨ। ਇੱਕ ਆਮ ਸ਼ਿਕਾਇਤ ਹੈ "ਗ੍ਰੰਥੀ, ਰਾਗੀ, ਢਾਡੀ, ਪ੍ਰਚਾਰਕ, ਕਥਾ ਵਾਚਕ ਜਾਂ ਪ੍ਰਬੰਧਕ ਕੋਈ ਵੀ ਕੁੱਝ ਨਹੀਂ ਕਰਦਾ; ਸਹੀ ਪ੍ਰਚਾਰ ਨਹੀਂ ਕਰਦਾ ਤਾਂ ਹੀ ਤਾਂ ਸਾਡੇ ਬੱਚੇ ਸਿੱਖੀ ਤੋਂ ਬੇ-ਮੁੱਖ ਹੁੰਦੇ ਜਾ ਰਹੇ ਹਨ ।" ਆਮ ਪ੍ਰਚਲਿਤ ਅਜਿਹੀ ਵਿਚਾਰਧਾਰਾ ਨੂੰ ਮੈਂ ਉਨ੍ਹਾਂ ਵੱਲੋਂ ਆਪਣੀ ਹੀਣਤਾ ਤੇ ਨਮੋਸ਼ੀ ਵਿਚੋਂ ਨਿਕਲਦੀ ਨਿੰਦਿਆਂ ਰਾਹੀਂ ਪ੍ਰਗਟ ਕੀਤਾ ਵਿਦਰੋਹ ਮੰਨਦਾ ਹਾਂ; ਜਿਸ ਲਈ ਪ੍ਰਬੰਧਕ ਤੇ ਸਮਾਜ ਸਮੂਹਿਕ ਤੌਰ ਤੇ ਵੱਖੋ-ਵੱਖ ਕਾਰਨਾਂ ਕਰ ਕੇ ਤਾਂ ਜ਼ਿੰਮੇਵਾਰ ਹੋ ਸਕਦੇ ਹਨ, ਪਰ ਸਿੱਧੇ ਨਹੀਂ; ਕਿਉਂਕਿ ਸਿੱਧੀ ਜ਼ਿੰਮੇਵਾਰੀ ਤਾਂ ਇਸ ਪ੍ਰਤਿ ਪਰਿਵਾਰ ਦੀ, ਉਨ੍ਹਾਂ ਦੀ ਆਪਣੀ ਬਣਦੀ ਹੈ। ਮੈਂ ਕਈ ਜਾਣਕਾਰਾਂ ਅਤੇ ਮਿੱਤਰਾਂ ਨੂੰ ਇਹ ਪੁੱਛ ਕੇ ਕਿ ਚਲੋ ਉਨ੍ਹਾਂ ਤਾਂ ਆਪਣਾ ਫ਼ਰਜ਼ ਅਦਾ ਨਹੀਂ ਕੀਤਾ ਮੰਨਿਆਂ। ਕੀ ਅਸੀਂ ਆਪਣੇ ਬੱਚਿਆਂ ਪ੍ਰਤੀ ਆਪਣਾ ਬਣਦਾ ਫ਼ਰਜ਼ ਅਦਾ ਕੀਤਾ ? ਇਸ ਸਵਾਲ ਨਾਲ ਮੈਂ ਨਾਰਾਜ਼ਗੀ ਸਹੀ ਹੈ।

ਆਪਣੇ ਬੱਚਿਆਂ ਲਈ ਧਰਮ ਦੀ ਉੱਨਤੀ ਅਤੇ ਉਨ੍ਹਾਂ ਨੂੰ ਸਿੱਖੀ ਸਮਝਾਉਣ ਅਤੇ ਸਿੱਖੀ ਕਿਰਦਾਰ ਲਈ ਕਦੇ ਕੋਈ ਉੱਦਮ ਆਪਣੇ ਘਰੇ ਕੀਤਾ ? ਇਸ ਦੂਜੇ ਸਵਾਲ ਨਾਲ ਮੈਂ ਆਪਣੇ ਬੜੇ ਮਿੱਤਰ ਗਵਾ ਲਏ ਹਨ- "ਸਕੂਲੀ ਪੜ੍ਹਾਈ ਲਈ ਤੁਸੀਂ ਆਪਣੇ ਬੱਚਿਆਂ ਤੇ ਲੱਖਾਂ ਰੁਪਏ ਖ਼ਰਚੇ ਤੇ ਪਬਲਿਕ ਸਕੂਲ ਪਸੰਦ ਕੀਤੇ; ਕੀ ਉਨ੍ਹਾਂ ਨੂੰ ਅਦਾ ਫ਼ੀਸ ਦਾ 'ਦਸਵੰਧ' ਵੀ ਆਪਣੇ ਬੱਚਿਆਂ ਨੂੰ ਧਰਮ ਦੀ ਵਿੱਦਿਆ, ਕਿਰਦਾਰ, ਸਲੀਕੇ ਤੇ ਗਿਆਨ ਹਾਸਲ ਕਰਵਾਉਣ ਲਈ ਖ਼ਰਚਣ ਦੀ ਜੁਰਅਤ ਕਰ ਕੇ ਕੋਈ

ਅਧਿਆਪਕ ਰੱਖਿਆ ?" ਬਣਦੀ ਜਦ ਇਹ ਜ਼ਿੰਮੇਵਾਰੀ ਅਸੀਂ ਚੁੱਕੀ ਨਹੀਂ, ਖ਼ੁਦ ਬੱਚਿਆਂ ਨੂੰ ਗਿਆਨ ਤੇ ਧਰਮ; ਮਰਿਆਦਾ ਦੀ ਵਿਹਾਰ ਸ਼ੀਲਤਾ ਵਾਲਾ ਕਿਰਦਾਰ ਤੇ ਸਦਾਚਾਰੀ ਸਲੀਕਾ (ਚੱਜ ਆਚਾਰ ਦਾ ਦਸਤੂਰ) ਦਿੱਤਾ ਤੇ ਸਿਖਾਇਆ ਨਹੀਂ ਤਾਂ ਫਿਰ ਸਮਾਜ ਤੇ ਜਮਾਤੀ ਧਾਰਮਿਕ ਪ੍ਰਬੰਧ ਤੇ ਇਸ ਹਿਤ ਉਂਗਲ ਚੁੱਕਣ ਦਾ ਸਾਨੂੰ ਕੀ ਅਧਿਕਾਰ ਹੈ ? ਇੱਥੇ ਇੱਕ ਘਾਟ ਇਹ ਵੀ ਮਹਿਸੂਸ ਹੁੰਦੀ ਰਹੀ ਹੈ ਕਿ ਜੇ ਚਾਹਾਂ ਵੀ ਤਾਂ ਮਾਂ-ਬਾਪ ਜਾਂ ਬੱਚਿਆਂ ਨੂੰ ਸਿੱਖੀ ਦੀ ਮੂਲ ਮੌਲਿਕ ਤੇ ਆਧਾਰੀ ਜਾਣਕਾਰੀ ਪ੍ਰਦਾਨ ਕਰਦੀ ਕੋਈ ਇੱਕ ਪੁਸਤਕ ਨਹੀਂ ਹੈ ਜੋ ਉਨ੍ਹਾਂ ਦੇ ਹੱਥ ਫੜਾ ਕੇ ਕਹਾਂ ਕਿ ਬਾਬਿਆਂ, ਸਾਧਾਂ, ਡੇਰਿਆਂ ਤੇ ਹੋਰ ਗੁਮਰਾਹ ਕਰਦੇ ਲੋਕਾਂ ਨੂੰ ਛੱਡੋ ਤੇ ਲਓ ਇਹ ਪੁਸਤਕ ਪੜ੍ਹੋ ਤੇ ਸਿੱਖੀ ਦਾ ਊੜਾ ਐੜਾ ਸਮਝਣ ਦਾ ਇੱਥੋਂ ਆਰੰਭ ਕਰੋ।

ਅਜਿਹੀਆਂ ਹਕੀਕੀ ਗੱਲਾਂ ਨਾਲ ਸਮਾਜਿਕ ਜੀਵਨ ਵਿਚ ਵਿਚਰਦੇ ਹੋਏ ਬਹੁਤ ਵਾਰ ਦੋ-ਚਾਰ ਹੋਣਾ ਪਿਆ ਹੈ। ਗੁਰੂ ਨਾਨਕ ਸਾਹਿਬ ਜੀ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੱਕ ਦੇ ਕ੍ਰਮਗਤ ਵਿਕਾਸ ਦੇ ਗੁਰਮਤਿ ਆਦੇਸ਼ ਵਿਚ; ਗੁਰੂ ਗ੍ਰੰਥ ਸਾਹਿਬ ਅਨੁਸਾਰ ਨਿਰੋਲ 'ਸ਼ਬਦ ਗੁਰੂ' ਦੀ "ਗੁਰਬਾਣੀ ਬਣੀਐ" ਦੀ ਪਰੰਪਰਾ ਵਿਚ ਸਿੱਖੀ ਅਤੇ ਪੰਥ ਖ਼ਾਲਸਾ ਕੀ ਹੈ ? ਇਸ ਦਾ ਸਿਧਾਂਤ ਤੇ ਸੰਕਲਪ ਜਿੰਨਾ ਸੰਭਵ ਹੋ ਸਕੇ ਉਤਨੀ ਸਰਲ ਤੇ ਸਿੱਧੀ "ਗੁਰਬਾਣੀ" ਰਾਹੀਂ ਗੁਰਬਾਣੀ ਅਰਥਾਵਲੀ ਵਿਚ ਉੱਤਰ ਕੀ ਹੈ ? ਦੀ ਖੋਜ ਨੇ ਹੀ ਇਸ ਪੁਸਤਕ ਨੂੰ ਜਨਮ ਦਿੱਤਾ ਹੈ।

ਬਚਪਨ ਦੀ ਮੇਰੀਆਂ ਬੇਟੀਆਂ ਦੀ ਜਗਿਆਸਾ ਅਤੇ ਉਤਸੁਕਤਾ ਵਿੱਚੋਂ ਉਪਜਦੇ ਸਵਾਲਾਂ ਤੇ ਮੇਰੀ ਤੇ ਮੇਰੀ ਪਤਨੀ ਕਮਲਜੀਤ ਕੌਰ ਵੱਲੋਂ ਢੁਕਵੇਂ ਤੇ ਪ੍ਰਮਾਣਿਤ ਜਵਾਬ ਦੇਣ ਦੀ ਸਾਡੀ ਆਪਣੀ ਮਨੋਬਿਰਤੀ ਨੇ ਹੀ, ਮੈਨੂੰ ਇਹ ਕਿਤਾਬ ਲਿਖਣ ਹਿਤ ਪ੍ਰੇਰਿਤ ਕੀਤਾ ਹੈ । ਇਹ ਪ੍ਰੇਰਨਾ ਮੇਰੇ ਲਈ ਹੁਕਮ ਬਣ ਗਈ ਜਦੋਂ ਮੇਰੀਆਂ ਦੋਹੇਂ ਬੇਟੀਆਂ ਪੜ੍ਹਨ ਲਈ ਵਿਦੇਸ਼ ਚਲੀਆਂ ਗਈਆਂ । ਉਨ੍ਹਾਂ ਨੇ ਮੈਨੂੰ ਦੱਸਿਆ ਕਿ ਸਿੱਖ ਬੱਚਿਆਂ ਨੂੰ ਅਤੇ ਹੋਰ ਸਮਾਜ ਦੇ ਲੋਕਾਂ ਨੂੰ ਸਿੱਖੀ ਬਾਰੇ ਤਾਂ ਪ੍ਰਾਥਮਿਕ ਜਾਣਕਾਰੀ ਵੀ ਨਹੀਂ ਹੈ। ਮੈਂ ਇਸ ਪੁਸਤਕ ਦਾ ਨਾਮ ਪਹਿਲਾਂ 'ਸਿੱਖੀ ਦੀ ਮੁੱਢਲੀ ਜਾਣਕਾਰੀ' ਰੱਖਿਆ, ਤੇ ਸਭ ਤੋਂ ਪਹਿਲੇ ਸਰੋਤਾ ਆਪਣੇ ਬੱਚਿਆਂ ਨੂੰ ਪੜ੍ਹਨ ਨੂੰ ਤੇ ਟਿੱਪਣੀ ਕਰ, ਸੁਧਾਰਨ ਹਿਤ ਵਿਚਾਰ ਦੇਣ ਨੂੰ ਕਿਹਾ ਤਾਂ ਉਨ੍ਹਾਂ ਖ਼ਾਸ ਕਰ ਨਿੱਕੀ ਬੇਟੀ ਨੇ ਇਸ ਦਾ ਨਾਮ "ਊੜਾ ਐੜਾ ਸਿੱਖੀ ਦਾ" ਕਰ ਦਿੱਤਾ। ਕਿਤਾਬ ਛਪਵਾਉਣ ਦੀ ਸਮਰੱਥਾ ਨਾਂਹ ਬਣਨ ਕਰ ਕੇ ਪੰਜ ਸਾਲ 'ਕੰਪਿਊਟਰ' ਦੀ 'ਹਾਰਡ ਡਿਸਕ' ਦੀ ਆਧੁਨਿਕ ਅਲਮਾਰੀ ਵਿਚ ਪਈ ਰਹੀ ਹੈ। ਹੁਣ ਉਸੇ ਪੁਸਤਕ ਨੂੰ ਜ਼ਿਆਦਾ ਵਿਆਪਕ ਆਧਾਰ ਦੇ ਕੇ ਪੁਸਤਕ ਦਾ ਨਾਮ "ਨਾਨਕ ਦੀ ਨਾਨਕਸ਼ਾਹੀ ਸਿੱਖੀ" ਪਾਠਕਾਂ ਤੱਕ ਅੱਪੜਦੀ ਕਰਦੇ ਹੋਏ ਮੈਨੂੰ ਖ਼ੁਸ਼ੀ ਹੋ ਰਹੀ ਹੈ।

ਪੁਸਤਕ ਗੁਰਬਾਣੀ ਦੇ ਆਧਾਰ ਤੇ ਹੀ ਲਿਖੀ ਗਈ ਹੈ। ਇਸ ਲਈ ਪੁਸਤਕ ਲਿਖਣ ਵਿਚ ਗੁਰਬਾਣੀ ਦੇ ਹਵਾਲੇ ਜ਼ਿਆਦਾ ਹੋਣ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਵਿਚ

ਸਬੰਧਿਤ ਗੁਰਬਾਣੀ ਦਾ ਵੇਰਵਾ ਕਿੱਥੋਂ ਲਿਆ ਹੈ ਨਿਮਿਤ ਫੁੱਟ ਨੋਟ ਦੇਣ ਦੀ ਬਜਾਏ; ਗੁਰਬਾਣੀ ਦੀਆਂ ਲਾਈਨਾਂ ਬੰਦ ਦੂਹਰੇ ਕਾਮਿਆ ਵਿਚ ਦੇ ਕੇ ਉਸ ਦੇ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਕ ਨੰਬਰ ਅੰਕਿਤ ਕਰ ਦਿੱਤ ਗਿਆ ਹੈ । ਉਦਾਹਰਨ ਵਜੋਂ "ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥" 304

ਦਰਅਸਲ ਵਿਡੰਬਣਾ ਇਹ ਬਣ ਚੁੱਕੀ ਹੈ ਕਿ "ਗੁਰੂ ਨਾਨਕ ਸਰਕਾਰ ਨੇ ਤਾਂ ਸਿੱਖੀ ਦਾ ਜਨਮ ਇਸੇ ਸੰਕਲਪ ਵਿਚ ਕੀਤਾ ਸੀ ਕਿ ਅਕਾਲ ਤੋਂ ਟੁੱਟ ਚੁੱਕੇ ਮਨੁੱਖ ਨੂੰ ਮੁੜ ਅਕਾਲ ਨਾਲ ਜੋੜਿਆ ਜਾਵੇ। ਜਿਸ ਲਈ ਉਨ੍ਹਾਂ ਸਿਧਾਂਤ ਦਿੱਤਾ ਕਿ "ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥" 728
ਸਿੱਖਾਂ ਨੇ ਇਸ ਰਾਹ ਨੂੰ ਮੁੱਢੋਂ ਹੀ ਖ਼ਾਰਜ ਕਰ ਕੇ ਆਪੋ ਆਪਣੇ ਭਾਂਡੇ, ਆਪੋ ਆਪਣੀ ਮਿੱਟੀ, ਆਪੋ ਆਪਣੇ ਸਟਾਈਲ ਅਰਥਾਤ ਮਰਿਆਦਾ ਤੇ ਰਹਿਤ ਦੇ ਆਪੋ ਆਪਣੇ "ਬ੍ਰਾਂਡ" ਖੜੇ ਕਰ ਕੇ ਉਨ੍ਹਾਂ ਦੇ ਆਪੋ ਆਪਣੇ ਹੀ "ਬ੍ਰਾਂਡ ਅੰਬੈਸਡਰ" ਬਤੌਰ ਹੀਰੋ-ਹੀਰੋਇਨ ਸੰਤ ਸਾਧਾਂ ਵਾਲੇ, ਆਪੋ ਆਪਣੇ ਹੀ ਧਰਮ ਦੇ ਬੈਨਰ ਬਣਾ ਲਏ ਹਨ। ਅਕਾਲ ਨਾਲੋਂ ਟੁੱਟੇ ਤੇ ਦੇਵੀ-ਦੇਵਤੇ, ਪਾਖੰਡ ਧਰਮ ਤੇ ਸਾਧਾਂ-ਸੰਤਾਂ ਨਾਲ ਜੁੜੇ ਅਤੇ ਧਰਮ ਦੇ ਨਾਂ ਤੇ ਡਰ ਅਤੇ ਖ਼ੌਫ਼ ਪੈਦਾ ਕਰ ਕੇ "ਧਰਮ" ਨੂੰ ਆਪੋ ਆਪਣੀ ਦੁਕਾਨ ਬਣਾ ਕੇ ਵਪਾਰ ਮੰਡਲੀ ਜੋਗੀਆਂ, ਸਿੱਧਾ ਤੇ ਜੰਤਰ, ਮੰਤਰ ਵਾਲਿਆਂ ਨਾਲੋਂ ਤੋੜ ਕੇ ਜਿਸ ਮਨੁੱਖ ਨੂੰ "ਇੱਕ ਅਕਾਲ ਪੁਰਖ ਦੀ ਇੱਕ ਮਨੁੱਖਤਾ ਸਿੱਖ ਬਣਾ" ਕੇ ਜੋੜਿਆ ਸੀ; ਉਸੇ ਹੀ ਸਿੱਖ ਨੂੰ ਇਨ੍ਹਾਂ ਸਾਧਾਂ ਡੇਰੇਦਾਰਾਂ, ਪਖੰਡੀਆਂ, ਜੱਥਿਆਂ, ਟਕਸਾਲਾਂ, ਬ੍ਰਹਿਮਗਿਆਨੀਆਂ ਨੇ ਮੁੜ "ਨਾਨਕ ਅਤੇ ਨਾਨਕ ਦੀ ਸਿੱਖੀ ਤੋਂ ਤੋੜ" ਕੇ ਫੇਰ ਗੁਰੂ ਨਾਨਕ ਜੀ ਦੇ ਪਰਕਾਸ਼ ਧਾਰਨ ਤੋਂ ਪਹਿਲੀ ਵਾਲੀ ਅਵਸਥਾ ਤੇ ਬਤੌਰ "ਪਾਖੰਡੀ ਲੋਕ" ਬਣਾ ਕੇ ਲੈ ਆਉਂਦਾ ਹੈ। ਮਨੁੱਖ ਵੀ ਨਹੀਂ ਰਹਿਣ ਦਿੱਤਾ । ਨਾਨਕੀ ਘਾੜਤ ਦੇ ਸਿੱਖੀ ਭਾਂਡੇ ਨੂੰ ਕਿਸੇ ਨੇ 'ਦਮਦਮੀ ਟਕਸਾਲ' ਦਾ ਕਿਸੇ 'ਅਖੰਡ ਕੀਰਤਨੀ ਜਥੇ' ਦਾ, ਕਿਸੇ 'ਮਿਸ਼ਨਰੀ' ਤੇ ਕਿਸੇ 'ਸਾਧ-ਡੇਰੇ' ਤੇ ਕਿਸੇ 'ਤੱਤ ਗੁਰਮਤਿ' ਤੇ ਬਾਕੀ ਰਹਿ ਗਈ ਕਸਰ 'ਦਸਮ ਗ੍ਰੰਥੀ ਪੱਖੀ ਜਾਂ ਵਿਰੋਧੀ' ਵਜੋਂ ਜਾਗ ਲਾ ਕੇ ਸਿੱਖੀ ਨੂੰ ਅੱਗੋਂ ਨਿਰੰਕਾਰੀਆਂ, ਰਾਧਾ ਸਵਾਮੀਆਂ, ਨਾਮਧਾਰੀਆਂ, ਨੀਲ ਪੰਥੀਆਂ, ਨਾਨਕਸਰੀਆਂ, ਸਹਿਜ ਧਾਰੀਆਂ ਆਦਿ ਦੀ 'ਜਾਗ ਲਾ ਕੇ ਦਹੀਂ ਵਜੋਂ ਜਮਾ ਕੇ' ਆਪੋ ਆਪਣੇ ਭਾਂਡੇ ਵਿਚ 'ਜਮਾ' ਕੈਦ ਕਰ ਲਈ ਹੈ । ਇੱਥੋਂ ਤੱਕ ਅਤਿ ਚੁੱਕੀ ਹੋਈ ਹੈ ਕਿ "ਪੰਜ ਪਿਆਰਿਆਂ ਦੀ ਸੰਸਥਾ" ਨੂੰ ਵੀ ਵੰਡ ਲਿਆ ਗਿਆ ਹੈ ਤੇ "ਖ਼ਾਲਸਾ ਦੀ ਜਨਮ ਕੁੱਖ ਨੂੰ ਗੁਰੂ ਪੰਥ ਖ਼ਾਲਸਾ ਤੋਂ ਖੋਹ ਕੇ ਗੁਰੂ ਦੀ ਨਹੀਂ ਰਹਿਣ ਦਿੱਤੀ" ਤੇ ਆਪੋ ਆਪਣੀ ਕੁਲੱਖਣੀ ਕੁਲ "ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ" 639 ਬਣਾ ਲਈ ਹੈ। ਇੰਜ ਖੰਡੇ ਬਾਟੇ ਦੀ ਪਹੁਲ ਵੀ "ਗੁਰੂ ਤੋਂ ਖੋਹ ਕੇ ਪੰਥ ਖ਼ਾਲਸਾ ਦੀ ਨਹੀਂ ਰਹਿਣ ਦਿੱਤੀ ਗਈ" ਤੇ ਆਪੋ ਆਪਣੀ ਬਣਾ ਕੇ ਇਹ ਪੁੱਛਿਆ ਜਾਂਦਾ ਹੈ ਕਿੱਥੋਂ ਅੰਮ੍ਰਿਤ

ਛਕਿਆ ? ਦਮਦਮੀ ਟਕਸਾਲ ਤੋਂ ? ਢੱਡਰੀਆਂ ਵਾਲੇ ਤੋਂ, ਅਖੰਡ ਕੀਰਤਨੀ ? ਜਾਂ ਕਿਹੜੇ ਸੰਤ ਜਾਂ ਡੇਰੇ ਤੋਂ ? "ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥"[728] ਦੀ ਇਹ ਵਿਆਖਿਆ ਵਿਹਾਰਕ ਪੱਧਰ ਤੇ ਖ਼ਾਲਸਾ ਪੰਥ ਦਾ ਵਰਤਮਾਨ ਸੱਚ ਹੈ। ਜਿਸ ਵਿਚ ਸਿੱਖੀ ਸੇਵਕੀ ਨਾਨਕ ਸਰਕਾਰ ਤੋਂ ਤੋੜ ਕੇ ਨਾਨਕੀ ਨਹੀਂ ਰਹਿਣ ਦਿੱਤੀ ਗਈ ਸਗੋਂ ਨਿੱਜੀ ਆਪੋ ਆਪਣੀ ਬਣਾ ਲਈ ਗਈ ਹੈ। ਨਵੀਆਂ ਜਾਤਾਂ, ਨਵੀਆਂ ਗੋਤਾ, ਨਵੀਆਂ ਮੰਜੀਆਂ, ਨਵੀਆਂ ਪ੍ਰਥਾਵਾਂ ਤੇ ਨਵੀਆਂ ਹੀ ਜੋਗੀਆਂ-ਮੰਡਲੀਆਂ ਦੀ ਬਨਾਰਸੀ ਠਗਾਂ ਦੀ ਲਾਣੇਦਾਰੀ ਨੇ "ਸਿੱਖ ਸਮਾਜ ਨੂੰ ਮੁੜ ਗੁਰ ਲਾਧੋ ਰੇ ...." ਵਾਲੇ ਹਾਲਾਤ ਤੇ ਲੈ ਆਂਦਾ ਗਿਆ ਹੈ। "ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥ ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥"[730] ਜਿਸ ਬਾਰੇ ਹੀ ਗੁਰੂ ਨਾਨਕ ਸਾਹਿਬ ਜੀ ਨੇ ਸਿੱਖਾਂ ਨੂੰ ਸਮਝਾਇਆ ਸੀ ਕਿ ੧ੴ ਦੇ ਸੰਸਥਾਪਕ ਤੇ ਨਾਮ ਦੇ ਪੁਜਾਰੀ ਗੁਰੂ ਨਾਨਕ ਜੀ ਨੂੰ ਤਾਂ ਸਿਰਫ਼ ਉਹੀ ਇੱਕੋ ਇੱਕ ਭਾਂਡਾ ਪਸੰਦ ਹੈ ਜੋ ਆਪਣੀ ਨਿੱਜੀ ਹੋਂਦ ਨੂੰ ਖ਼ਤਮ ਕਰ ਕੇ ਨਾਨਕੀ-ਸਿੱਖੀ ਵਿਚ ਸਮਾ ਜਾਵੇ। ਜਿੰਨਾ ਨੇ ਆਪਣੇ ਨਿੱਜੀ ਤੇ ਵੱਖਰੀ ਪਹਿਚਾਣ ਦੇ ਭਾਂਡੇ ਆਪਣੇ ਅੱਡ ਹੀ ਘੜ ਲਏ ਹਨ ਉਨ੍ਹਾਂ ਦਾ ਨਾਨਕਸ਼ਾਹੀ ਸਰਕਾਰ ਦੇ ਇਸ ਗਿਆਨ ਨਾਲ ਜੇ ਪ੍ਰਕਾਸ਼ ਹੀ ਨਹੀਂ ਹੋ ਪਾਇਆ ਤਾਂ ਫਿਰ ਕੀ ਸੰਭਾਵਨਾ ਬਣੇ ? ਜੇ ਪ੍ਰਕਾਸ਼ ਹੋਇਆ ਹੁੰਦਾ ਤਾਂ ਉਹ ਅੱਡੋ ਅੱਡ ਭਾਂਡੇ ਕਿਉਂ ਘੜਦੇ ?

ਇਹ ਪੁਸਤਕ ਇਨ੍ਹਾਂ ਘੇਰਾ ਬੰਦੀਆਂ ਵਿਚੋਂ ਨਿਕਲਣ ਦਾ ਕੇਵਲ ਮੂਲ ਸ੍ਰੋਤ ਹੀ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਕੋਈ ਤਾਂ ਅਜਿਹੀ ਪੁਸਤਕ ਹੋਵੇ ਜਿਸ ਤੋਂ ਅੱਜ ਦਾ ਸਿੱਖ ਨੌਜਵਾਨ ਝੱਟ-ਪਟ ਇਹ ਪੜ੍ਹ ਫ਼ੈਸਲਾ ਆਪਣੇ ਬਿਬੇਕ ਤੋਂ ਕਰ ਸਕੇ ਕਿ "ਨਾਨਕਸ਼ਾਹੀ ਗੁਰਮਤਿ ਪ੍ਰਣਾਲੀ" ਅਨੁਸਾਰ ਗੱਲ ਕਹੀ ਗਈ ਹੈ ਜਾਂ ਨਹੀਂ। ਉਹ ਸਿੱਧਾ ਗੁਰੂ ਨਾਨਕ ਨਾਲ ਜੁੜੇ, ਵਿਅਕਤੀ ਜਾਂ ਧੜੇ ਨਾਲ ਨਹੀਂ। ਅੱਖਰਾਂ ਰਾਹੀਂ ਪ੍ਰਗਟ ਹੁੰਦੇ ਸ਼ਬਦ ਸਰੂਪ ਰਾਹੀਂ ਹੀ ਉਹ "ਸ਼ਬਦ ਗੁਰੂ" ਦੇ ਲੜ ਲੱਗੇ। ਸੁਣੀ ਜਾਂ ਸੁਣਾਈ ਪਰੰਪਰਾਗਤ ਤੇ ਆਚਾਰਹੀਣ ਸਾਧਨ ਨੂੰ ਛੱਡੇ।

ਕਿਉਂ ਤੁਹਾਨੂੰ ਇਹ ਸਿੱਖ ਕੌਮ ਦੀ ਤ੍ਰਾਸਦੀ ਦੀ ਖ਼ਤਰਨਾਕ ਅਵਸਥਾ ਨਹੀਂ ਜਾਪਦੀ ਕਿ ਜਿਸ ਸਿੱਖ ਦਾ ਗੁਰੂ ਹੀ "ਸ਼ਬਦ ਗੁਰੂ" ਲਿਖਤ ਬੱਧ ਸਥਾਪਿਤ ਕੀਤਾ ਗਿਆ ਹੋਵੇ ਉਸੇ ਹੀ ਸਿੱਖ ਨੂੰ ਅੱਖਰਾਂ, ਉਸ ਦੀ ਲਿਪੀ ਤੇ ਭਾਸ਼ਾ ਤੋਂ ਤੋੜ ਕੇ ਭਾਸ਼ਣਾਂ, ਵਿਆਖਿਆਨ ਤੇ ਪ੍ਰਵਚਨਾਂ ਨਾਲ ਜੋੜ ਦਿੱਤਾ ਜਾਵੇ ? "ਸ਼ਬਦ" ਨੂੰ "ਗੁਰੂ" ਮੰਨਣ ਵਾਲੀ ਕੌਮ ਵਿਚ ਪੁਸਤਕਾਂ ਪੜ੍ਹਨ ਤੇ ਖ਼ਰੀਦਣ ਦੀ ਰੁਚੀ ਨੂੰ ਹੀ ਮਾਰ ਮੁਕਾਉਣਾ ਕੀ ਉਸ ਕੌਮ ਦੇ "ਸ਼ਬਦ" ਅਤੇ "ਗੁਰੂ" ਨੂੰ ਮਾਰ ਮੁਕਾਉਣਾ ਨਹੀਂ ਹੈ ? ਸਿੱਖ ਕੌਮ ਦੇ ਵਰਤਮਾਨ ਨੂੰ ਇਸੇ ਹੀ ਬੰਜਰ ਅਤੇ ਕੁਲੱਖਣੀ ਕੁਰਾਹੇ ਤੇ ਲਿਆ ਕੇ ਸਾਡੀਆਂ ਸੰਵਿਧਾਨ ਅਧੀਨ ਬਣੀਆਂ ਨੀਮ ਸਰਕਾਰੀ ਸੰਸਥਾਵਾਂ "ਗੋਲਕ ਪ੍ਰਬੰਧਨ" ਦੀ ਲੁੱਟ-ਖਸੁੱਟ ਵੱਲ ਧਾਹ ਕੇ ਪਈਆਂ ਹਨ। ਇਸੇ ਨੂੰ ਹੀ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦਾ

ਮੰਦ ਬੁੱਧੀ ਬੌਧਿਕਤਾ ਨੇ ਦਰਜਾ ਦੇ ਕੇ "ਖ਼ਾਲਸਾ ਪੰਥ" ਨੂੰ ਆਪਣੇ ਪੈਰ ਆਪ ਵੱਢਣ ਵਾਲੇ ਕੰਮ ਲਾਇਆ ਹੋਇਆ ਹੈ । ਧਰਮ ਨਿਰਪੇਖ ਭਾਰਤੀ ਖ਼ਾਕੇ ਵਿਚ "ਧਰਮ ਸੁਤੰਤਰ" ਨਹੀਂ ਹੈ ਸਗੋਂ ਸੰਵਿਧਾਨ ਤੇ ਕਾਨੂੰਨ ਦੀ ਜਦ ਵਿਚ ਇੱਕ ਅੰਡਰ ਸੈਕਟਰੀ ਤੇ ਡੀ.ਸੀ. ਦੀ ਮੁਲਾਜ਼ਮਤ ਦਾ ਗ਼ੁਲਾਮ ਗੋਲ਼ਾ ਹੈ। ਅਜਿਹੇ ਹੀ ਕੈਦ ਧਰਮ ਅਤੇ ਗ਼ੁਲਾਮ ਲੋਕਾਈ ਕਰ ਕੇ ਹੀ ਤਾਂ "ਨਾਨਕਸ਼ਾਹੀ ਆਵਾਜ਼" ਨੇ "ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ"[663], ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥ [471] ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ [472] ਅਭਾਖਿਆ ਕਾ ਕੁਠਾ ਬਕਰਾ ਖਾਣਾ॥ [472] ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥ [471] ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥ [722]" ਵਿਚ ਕਿਸੇ ਧਰਮ ਵਿਸ਼ੇਸ਼ ਦੇ ਖ਼ਿਲਾਫ਼ ਨਹੀਂ ਸਗੋਂ ਹੁਕਮਰਾਨ ਅਰਥਾਤ ਸਰਕਾਰ, ਉਸ ਦੀ ਮੁਲਾਜ਼ਮਤ ਅਤੇ ਵਿਵਸਥਾ, ਪ੍ਰਣਾਲੀ ਦੇ ਖ਼ਿਲਾਫ਼ ਵਿਦਰੋਹ ਦੀ ਗੱਲ ਕੀਤੀ ਹੈ। ਨਾਨਕੀ ਵਿਚਾਰ ਧਾਰਾ ਇਹੋ ਉਸ ਵਕਤ ਦੀ ਲੋਕਾਈ ਨੂੰ ਸਪਸ਼ਟ ਸੰਦੇਸ਼ ਦੇ ਰਹੀ ਹੈ ਕਿ (ਖੱਤਰੀਆਂ ਦੀ ਮਿਸਾਲ ਰਾਹੀਂ) ਬਲਵਾਨ, ਸਮਰੱਥ ਪੁਰਖਾਂ ਨੇ ਵੀ ਸਰਕਾਰੀ ਵਿਵਸਥਾ ਅਤੇ ਸੋਚ ਅੱਗੇ ਗੋਡੇ ਟੇਕ ਦਿੱਤੇ ਹਨ ਤੇ ਵਿਵਸਥਾ ਦੀ ਸੋਚ ਤੇ ਮਨੋਬਿਰਤੀ ਦੇ ਗ਼ੁਲਾਮ ਬਣ ਗਏ ਹਨ। (ਧੋਤੀ ਟਿਕਾ ਦੀ ਮਿਸਾਲ ਰਾਹੀਂ) ਸਭ ਧਰਮਾਂ ਅਤੇ ਉਪਾਸਨਾਵਾਂ ਨੂੰ ਮੰਨਣ ਵਾਲੇ ਲੋਕਾਂ ਨੇ ਆਪਣੇ ਅੰਤਰੀਵ ਨੂੰ ਬਦਲ ਕੇ ਵਿਦੇਸ਼ੀ ਹਾਕਮਾਂ ਵਾਲਾ ਤੇ ਆਪਣੇ ਤੋਂ ਵਿਪਰੀਤ ਧਰਮ ਵਾਲਾ ਸਭਿਆਚਾਰ ਆਪਣੇ ਉੱਪਰ ਆਪ ਹੀ ਅਪਣਾ ਲਿਆ ਹੈ । ਸਰਕਾਰੀ ਪ੍ਰਭਾਵ ਦੀ ਅਜਿਹੀ ਅਧੀਨਤਾ ਹੇਠਾਂ ਆਪਣੀ ਮੌਲਿਕਤਾ ਨੂੰ ਨਸ਼ਟ ਤੇ ਭ੍ਰਿਸ਼ਟ ਕਰ ਕੇ ਆਪਣੀ ਸਵੈ ਹੋਂਦ, ਸਵੈ ਭਾਸ਼ਾ ਸਵੈ ਰਾਜ ਅਤੇ ਸਵੈ ਮਾਣ ਨੂੰ ਸਵੈ ਇੱਛਾ ਨਾਲ ਹੀ ਤਿਆਗ ਕੇ ਇਸ ਹੀਣਤਾ ਅਤੇ ਮਲੀਨਤਾ ਨੂੰ ਹੀ ਆਪਣੀ ਆਧੁਨਿਕਤਾ ਬਣਾ ਲਿਆ ਹੈ । ਜੋ ਗੁਰੂ ਸਾਹਿਬ ਨੇ 14ਵੀਂ ਤੇ 15ਵੀਂ ਸਦੀ ਵਿਚਲੀ ਲੋਕਾਈ ਦੀ ਹਕੀਕਤ ਬਾਰੇ ਕਿਹਾ ਕਿ ਉਹੀ ਕੁੱਝ ਇਸ ਦੇ ਬਾਵਜੂਦ ਕਿ ਆਪਣੇ ਸਿੱਖ ਨੂੰ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿਚ 239 ਸਾਲ ਲਾ ਕੇ ਕੱਢ ਦਿੱਤਾ ਸੀ; ਸਾਡੇ ਧਾਰਮਿਕ 'ਸੇਵਾਦਾਰਾਂ ?' ਤੇ 'ਸਮਾਜੀ-ਸਿਆਸੀ ਆਗੂਆਂ ?' ਨੇ ਮੁੜ ਪਿਛਲੇ 200 ਸਾਲਾਂ ਵਿਚ ਹੀ ਲੋਕਾਈ ਨੂੰ ਤੇ ਖ਼ਾਸ ਕਰ ਸਿੱਖਾਂ ਨੂੰ 13-14ਵੀਂ ਸਦੀ ਵਿਚ ਪਿੱਛੇ ਨਹੀਂ ਸੁੱਟ ਦਿੱਤਾ ? ਅਸੀਂ ਇਸੇ ਨੂੰ ਅਗਾਂਹ ਵਧੂ ਸਮਾਜ ਦੀ ਆਧੁਨਿਕ ਤੇ ਪੜ੍ਹੀ ਲਿਖੀ ਸੂਝਵਾਨ ਜਵਾਨੀ ਆਖਦੇ ਹਾਂ ! ਜਿਸ ਪਾਸ ਆਧੁਨਿਕਤਾ ਦੇ ਹਰ ਸਾਧਨ, ਪੜ੍ਹਾਈ ਦੇ ਪੰਜ ਸਟਾਰੀ ਵਿਦਿਆਲਿਆ ਤੇ ਵਿਸ਼ਵ ਵਿਦਿਆਲਾ ਹਨ। ਰੋਜ਼ਾਨਾ ਨਵੀਂਓ ਨਵੀਂ ਆਪੋ ਆਪਣੀ ਮਨ ਭਾਉਂਦੀ ਗੁਰਮਤਿ ਦੇ ਨਾਮ ਤੇ ਮਨਮਤ ਘੜਨ ਦੀ ਥਾਂ ਤੇ ਸਾਨੂੰ ਜਿਹੜੀ

ਬਿਮਾਰੀ ਘੁਣ ਬਣ ਤੇ ਸਿਉਂਕ ਵਾਂਗ ਖਾ ਰਹੀ ਹੈ ਉਸ ਨੂੰ ਲੱਭਣ ਤੇ ਮਾਰ ਮੁਕਾਉਣ ਲਈ ਕੰਮ ਨਹੀਂ ਕਰਨਾ ਚਾਹੀਦਾ ?

ਸਿੱਖ ਸਮਾਜ 550 ਸਾਲਾ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਵਰ੍ਹਾ ਮਨਾਉਣ ਦਾ ਆਰੰਭ ਕਰ ਚੁਕਾ ਹੈ। ਪਰ ਮੈਂ ਸਮਝਦਾ ਹਾਂ ਕਿ ਪੁਸਤਕ ਜਿਸ ਸਮੇਂ ਅਤੇ ਵਾਤਾਵਰਨ ਵਿਚ ਪਾਠਕਾਂ ਦੇ ਹੱਥਾਂ ਵਿਚ ਜਾ ਰਹੀ ਇਹ ਮਾਹੌਲ ਨਾਨਕਵਾਦ ਦੇ ਨਸਲਘਾਤ ਦਾ ਚੱਲ ਰਿਹਾ ਹੈ। ਬਾਹਰੀ ਤਾਕਤਾਂ ਸਿੱਖਾਂ ਹੱਥੀ ਹੀ ਸਿੱਖ ਪ੍ਰਬੰਧਕਾਂ ਰਾਹੀਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਤੋਂ ਗੁਰੂ ਗ੍ਰੰਥ-ਗੁਰੂ ਪੰਥ ਤੱਕ ਦੀ ਮੂਲਤਾ ਅਤੇ ਪ੍ਰਭੁਤਾ (Sovereignty) ਖ਼ਤਰੇ ਵਿਚ ਹੈ। ਸਿੱਖਾਂ ਲਈ ਇਹ ਸਭ ਤੋਂ ਸੰਗੀਨ ਸਮਾਂ ਹੈ । ਜੇ ਇਹ ਕਿਤਾਬ ਸਿੱਖਾਂ ਤੱਕ ਇਸ ਸੁਨੇਹੇ ਨੂੰ ਕਾਰਨਾਂ ਅਤੇ ਪ੍ਰਮਾਣਾਂ ਸਮੇਤ ਪਹੁੰਚਾਉਣ ਤੇ ਜਾਗਰੂਕ ਕਰ; ਇਸ ਪਾਸੇ ਧਿਆਨ ਖਿੱਚਣ ਵਿਚ ਸਫਲ ਹੁੰਦੀ ਹੈ ਤਾਂ ਮੈਂ ਇਸ ਕਿਤਾਬ ਦੀ ਸਫਲਤਾ ਮੰਨਾਂਗਾ।

ਸਿੱਖੀ ਦੇ ਬਹੁਤ ਵਿਸ਼ਾਲ ਦਾਇਰੇ ਵਿਚੋਂ ਇਸ ਪੁਸਤਕ ਵਿਚ ਕੁੱਝ ਸੰਸਥਾ ਰੂਪੀ ਮੂਲ ਆਧਾਰ ਸ਼ਬਦਾਂ ਨੂੰ ਲੈ ਕੇ ਉਨ੍ਹਾਂ ਦੀ, ਗੁਰਮਤਿ ਪ੍ਰਣਾਲੀ, ਗੁਰਬਾਣੀ ਗੁਰੂ ਸ਼ਬਦ ਟਕਸਾਲ ਰਾਹੀਂ ਗੁਰੂ ਜੀਵਨ ਆਧਾਰ ਇਤਿਹਾਸਿਕਤਾ ਦੇ ਨੱਕੇ ਵਿਚੋਂ ਕੱਢ ਕੇ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ੧ੴ ਕੀ ਹੈ, 'ਖੰਡਾ' ਕੀ ਹੈ ਤੇ ਇਸ ਦੀ ਪਰਿਭਾਸ਼ਾ, ਅਰਥ ਤੇ ਸੰਕਲਪ ਕੀ ਹਨ ? ਸਿੱਖ ਕੌਣ ਹੁੰਦਾ ਹੈ ? ਗੁਰਬਾਣੀ ਵਿਚ ਸਿੱਖ ਦੇ ਅਰਥ ਕੀ ਹਨ ? ਮੀਰੀ ਪੀਰੀ ਕੀ ਹੈ ਤੇ ਇਸ ਦੇ ਅਰਥ ਤੇ ਸੰਕਲਪ ਕੀ ਹਨ ? ਅੰਮ੍ਰਿਤ ਕੀ ਹੈ ? ਜੀਵਨ ਧਾਰਾ ਵਿਚ ਕਕਾਰਾਂ ਦੇ ਅਰਥ ਤੇ ਸੰਕਲਪ ਕੀ ਹਨ ਆਦਿ......

ਆਪ ਜੀ ਇਸ ਵਿਚ ਹੋਰ ਕੀ ਸੁਧਾਰ ਚਾਹੁੰਦੇ ਹੋ, ਉਨ੍ਹਾਂ ਦਾ ਹਮੇਸ਼ਾ ਦਾਸ ਵੱਲੋਂ ਸੁਆਗਤ ਅਤੇ ਇੰਤਜ਼ਾਰ ਰਹੇਗਾ, ਤਾਂ ਜੋ ਇੱਕ ਅਜਿਹੀ ਸ੍ਰੋਤ ਪੁਸਤਕ ਅਸੀਂ ਆਪਣੇ ਬੱਚਿਆਂ ਦੇ ਹੱਥਾਂ ਵਿਚ ਦੇ ਸਕੀਏ ਜੋ ਉਨ੍ਹਾਂ ਨੂੰ ਸਿੱਖੀ ਦੀ ਮੁੱਢਲੀ ਤੇ ਜ਼ਰੂਰੀ ਜਾਣਕਾਰੀ ਸੋਖੀ ਭਾਸ਼ਾ ਵਿਚ ਪ੍ਰਮਾਣਿਕ ਆਧਾਰ ਤੇ ਦੇਵੇ।

ਸ਼ੁਕਰੀਆ।

ਅਤਿੰਦਰ ਪਾਲ ਸਿੰਘ ਖ਼ਾਲਸਤਾਨੀ, ਸਾਬਕਾ ਐਮ.ਪੀ.
ਈ-ਮੇਲ: atindrpalsinghxmp@gmail.com
ਫ਼ੋਨ: +91 8847217312
ਯੂ ਟਿਊਬ ਚੈਨਲ: Atinder Pal Singh Khalastani
ਫ਼ੇਸ ਪੇਜ਼: @atinderkhalastani
ਵੈੱਬ ਸਾਈਟ: www.atinderpalsingh.com

# 1

# ਨਾਨਕਸ਼ਾਹੀ ਮੌਲਿਕ ਭਾਸ਼ਾ ਤੇ ਮੁਹਾਵਰੇ ਨੂੰ ਸਮਝਣ ਲਈ ਪਾਰਿਭਾਸ਼ਕ ਸ਼ਬਦਾਵਲੀ ਸਮਝਣੀ ਜ਼ਰੂਰੀ ਹੈ

ਸਤਿਗੁਰੂ ਨਾਨਕ ਜੀ ਦੀ ਨਾਨਕਸ਼ਾਹੀ ਪ੍ਰਣਾਲੀ ਦੀ ਵਿਸ਼ੇਸ਼ਤਾ ਇਸ ਵਿਚ ਹੈ ਕਿ ਇਹ ਸਭਨਾਂ ਤੋਂ ਨਿਆਰੀ, ਵੱਖਰੀ, ਸੁਤੰਤਰ ਅਤੇ ਪ੍ਰਭੂ ਸਤਾ ਸੰਪੰਨ ਹੈ। ਇਹ ਸੰਸਾਰਿਕ ਵੰਡੀਆਂ ਵਿਚ ਵੰਡੇ ਮਾਨਵ ਵਾਦ ਨੂੰ ਇੱਕ ਅਕਾਲ ਦੀ ਅੰਸ ਅਤੇ ਬੰਸ ਦੱਸ ਕੇ, ਇੱਕ ਅਕਾਲ ਨਾਲ ਸਿੱਧੇ ਜੋੜ ਕੇ 'ਇੱਕ ਮਨੁੱਖਤਾ' ਦੀ ਹੋਂਦ ਵਿਚ ਲਿਆਉਂਦੇ ਹਨ। ਇੰਜ ਅਕਾਲ ਵੰਸੀ ਨਾਨਕਸ਼ਾਹੀ ਪ੍ਰਣਾਲੀ ਦੀ ਪ੍ਰਭੂਸਤਾ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ "ਅਕਾਲ ਸੱਤਾਵਾਦ" ਦੀ ਸਿਧਾਂਤਕਾਰੀ ਨਾਲ "ਮਾਰਿਆ ਸਿੱਕਾ ਜਗਤ ਵਿਚ" ਦੇ ਸੰਕਲਪ ਨਾਲ ਨਿਰਮਲ ਤੇ ਨਿਆਰਾ ਪੰਥ ਚਲਾਉਂਦੇ ਹਨ। ਇਸ ਕੁਦਰਤ ਅਧਿਕਾਰਤ ਪੰਥ ਦੀ "ਗ੍ਰੰਥਕਾਰੀ" ਦੀ ਭਾਸ਼ਾ, ਅਨੇਕ ਭਾਸ਼ਾਵਾਂ ਦਾ ਮਿਲਵਰਤਨ ਹੁੰਦੇ ਹੋਏ ਵੀ, ਹਰ ਸ਼ਬਦ ਦਾ ਆਪਣਾ ਮੌਲਿਕ ਅਤੇ ਸੁਤੰਤਰ ਅਰਥ ਅਤੇ ਵਿਆਖਿਆ ਸਥਾਪਿਤ ਕਰਦੇ ਹਨ। ਜਿਸ ਵਿਚੋਂ ਬਿਬੇਕ "ਗੁਰਮਤਿ" ਅਤੇ ਮਨੁੱਖ "ਗੁਰਮੁਖ" ਪ੍ਰਗਟ ਹੁੰਦਾ ਹੈ। ਇੰਜ ਨਾਨਕਸ਼ਾਹੀ ਸਿੱਖੀ ਦੇ ਸੰਕਲਪ ਦਾ ਸੱਤਾਵਾਦ ਭਰੋਸੇਯੋਗ ਪ੍ਰਮਾਣਿਕਤਾ ਅਤੇ ਮੰਨਣ ਯੋਗ ਮੌਲਿਕਤਾ ਨਾਲ ਜੀਵਨ ਵਿਚ ਵਿਹਾਰਕਤਾ ਨਾਲ ਅਪਣਾਉਣ ਯੋਗ ਸਿੱਖ-ਸੰਕਲਪ ਨਾਲ, ਨਵ-ਸਭਿਅਤਾ ਅਤੇ ਸਭਿਆਚਾਰ ਦਾ ਆਗਮਨ ਹੁੰਦਾ ਹੈ। ਇਹ ਅਕਾਲ ਤੋਂ ਮੁਖ਼ਤਿਆਰ ਹੈ। ਇਸ ਲਈ ਗੁਰਬਾਣੀ ਦੀ ਵਿਆਖਿਆ ਲਈ ਵੀ ਸ਼ਬਦ ਕੋਸ਼ "ਗੁਰ ਸ਼ਬਦ ਟਕਸਾਲ" ਹੀ ਹੈ। ਦੁਨਿਆਵੀ ਸ਼ਬਦ-ਕੋਸ਼ ਸਹਾਇਕ ਸੰਦ ਮਾਤਰ ਹਨ। ਨਾਨਕਸ਼ਾਹੀਅਤ ਨੂੰ ਸਮਝਣ ਤੇ ਅੰਗੀਕਾਰ ਕਰਨ ਲਈ ਸ਼ਬਦ ਬੋਧ "ਗੁਰਮਤਿ ਸ਼ਬਦ ਟਕਸਾਲ" ਵਿਚੋਂ ਹੀ ਗ੍ਰਹਿਣ ਕਰਨਾ ਹੈ। ਗੁਰਮਤਿ ਸ਼ਬਦ ਟਕਸਾਲ ਵਿਚੋਂ ਨਿਕਲਿਆ "ਗੁਰਮੁਖੀ" ਦਾ ਅਰਥ ਹੀ ਨਾਨਕਸ਼ਾਹੀ ਪਾਰਿਭਾਸ਼ਕ ਸ਼ਬਦਾਵਲੀ ਦਾ ਅਰਥ ਬੋਧ ਅਤੇ ਵਿਆਖਿਆ ਹੈ।

ਇਸ ਲਈ ਨਾਨਕਸ਼ਾਹੀ ਸਭਿਅਤਾ ਦੀ ਗ੍ਰੰਥਕਾਰੀ ਦੀ ਮੌਲਿਕ ਭਾਸ਼ਾ ਗੁਰਮੁਖੀ ਤੋਂ ਹੀ ਗੁਰਮਤਿ ਗਿਆਨ ਦਾ ਆਰੰਭ ਹੁੰਦਾ ਹੈ। ਇਸ ਲਈ ਹਰ ਇੱਕ ਪਾਠਕ ਨੂੰ ਆਰੰਭ ਵਿਚ ਹੀ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਗੁਰਮੁਖੀ ਦਾ 'ਸ਼ਬਦ ਕੋਸ਼', 'ਵਿਆਕਰਨ', 'ਮੁਹਾਵਰਾ ਕੋਸ਼', 'ਵਿਆਖਿਆ ਕੋਸ਼' 'ਪਾਰਿਭਾਸ਼ਕ ਕੋਸ਼' "ਨਾਨਕਸ਼ਾਹੀ ਗੁਰਮਤਿ ਦਰਸ਼ਨ" ਹੀ ਹੈ।ਇਸ ਤੋਂ ਇਲਾਵਾ ਹੋਰ ਕਿਸੇ ਵੀ ਸ਼ਬਦ ਕੋਸ਼ ਨੂੰ ਲੈ ਕੇ ਇੰਨ ਬਿਨ ਉਸ ਦੀ ਅਰਥਾਵਲੀ ਵਿਚ "ਨਾਨਕਸ਼ਾਹੀ ਗੁਰਮਤਿ ਦਰਸ਼ਨ" ਨੂੰ ਨਹੀਂ ਸਮਝਿਆ ਜਾ ਸਕਦਾ।

ਇਸ ਨਿਮਿਤ ਹਾਲੇ ਸਿੱਖ ਕੌਮ ਪਾਸ ਜ਼ਰੂਰੀ ਸੰਦ ਅਤੇ ਸ੍ਰੋਤ ਗ੍ਰੰਥ ਵਿਕਸਿਤ ਨਹੀਂ ਕੀਤੇ ਗਏ ਹਨ। ਗਿਆਨ-ਔਜ਼ਾਰਾਂ ਦੀ ਕਮੀ ਕਾਰਨ ਸਮਝਣ ਅਤੇ ਸਮਝਾਉਣ ਵਿਚ ਮੁਸ਼ਕਲਾਂ ਦਰਪੇਸ਼ ਹਨ।

ਦਾਸ ਨੇ ਇਸ ਨੂੰ ਅਪਣਾਉਣ ਦੀ ਹੀ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਤਰੁੱਟੀਆਂ ਨੂੰ ਉਸਾਰੂ ਪਹੁੰਚ ਰਾਹੀਂ ਸੁਧਾਰਵਾਦੀ ਹਰ ਸਲਾਹ ਦਾ ਸਵਾਗਤ ਕਰਦਾ ਰਹਾਂਗਾ। ਪਾਠਕ ਅਤੇ ਗਿਆਨਵਾਨ ਵਰਗ ਤੋਂ ਆਸ ਵੀ ਰੱਖਦਾ ਹਾਂ ਕਿ ਉਹ ਇਸ ਕਾਰਜ ਵਿਚ ਆਪਣੀ ਅਗਵਾਈ ਦੇਣ ਤੇ ਬਣਦਾ ਸਹਿਯੋਗ ਕਰਨ।

# 2

## "੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ "1

"ਗੁਰਿ ਉਪਦੇਸੁ ਕਹਿਓ ਇਹੁ ਸਾਰੁ" 1142

## ੧ਓ

### ਉਚਾਰਨ

ਪਰੰਪਰਾਗਤ ਉਚਾਰਨ: ਇੱਕ ਓਅੰਕਾਰ
ਗੁਰਮਤਿ ਲਿਖਤ ਉਚਾਰਨ: ਇੱਕਓਕਾਰ
ਕਿਉਂਕਿ ਓ ਤੋਂ ਬਾਅਦ ਮਨੋਂ ਕਲਪਿਤ 'ਅੰ' ਅਨਮਤੀਆਂ ਦੀ ਬਿਪਰਵਾਦੀ ਵਿੱਦਿਆ ਦੇ ਪ੍ਰਭਾਵ ਅਧੀਨ ਪ੍ਰਚਲਿਤ ਹੋਇਆ ਹੈ। ਜੋ ਲਿਖਤ ਵਿਚ ਇਸ ਇੱਕ ਅੱਖਰ ਸਰੂਪ ਮੁਕੰਮਲ ਸ਼ਬਦ, ਜੋ ਗੁਰਮਤਿ ਵਿੱਦਿਆ ਦਾ ਪਹਿਲਾ ਅੱਖਰ ਵੀ ਹੈ, ਵਿਚ ਨਹੀਂ ਲਿਖਿਆ ਗਿਆ ਹੈ। ਜਿਵੇਂ ਬਾਕੀ ਦੇ ਵਿਸਥਾਰ ਵਿਚ "ਓਅੰਕਾਰ" ਲਿਖਤ ਅਨੁਸਾਰ ਇਸ ਨੂੰ "ਓਅੰ" ਉਚਾਰਨ ਵਿਚ ਸਾਬਤ ਕਰਨ ਦੀ ਜ਼ਿੱਦ ਕਰਨਾ ਉਚਿੱਤ ਨਹੀਂ ਜਾਪਦਾ। ਜੇ ਇੰਜ ਹੁੰਦਾ ਤਾਂ ਇਸ 'ਇੱਕ' "੧" ਦੀ ਥਾਂ ਤੇ ਵੀ ਏਕੰਕਾਰ ਹੀ ਹੁੰਦਾ ਤੇ ਜਾਂ ਸ਼ਬਦ **੧ਓਅੰ** ◌ ਗੁਰੂ ਨਾਨਕ ਜੀ ਵੱਲੋਂ ਈਜਾਦ ਕੀਤਾ ਜਾਂਦਾ। ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਇੱਕ 'ਅੱਖਰ' ਸਰੂਪ ਹੈ ਜੋ ਗੁਰੂ ਨਾਨਕ ਸਾਹਿਬ ਜੀ ਦੀ ਆਪਣੀ ਮੌਲਿਕ ਅੱਖਰ ਰਚਨਾ ਦੀ ਆਦਿ ਸੰਰਚਨਾ ਹੈ। ਜੋ ਹੋਰ ਕਿਸੇ ਵੀ ਭਾਸ਼ਾ ਵਿਚ ਨਹੀਂ ਪਾਈ ਜਾਂਦੀ। ਇਸ ਲਈ ਇਸ ਨੂੰ ਤੋੜਨ ਦੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ।

### ਗੁਰਮਤਿ ਅਰਥ

**੧**-"ਏਕਮ ਏਕੈ ਆਪੁ ਉਪਾਇਆ ॥" 113 ਇੱਕੋ ਸ਼ਕਤੀ ਹੈ, ਜੋ ਆਪਣੇ ਆਪ ਤੋਂ ਹੀ ਆਪ ਹੈ ਅਰਥਾਤ ਉਸ ਨੇ ਆਪਣੇ ਆਪ ਨੂੰ ਆਪ ਹੀ ਹੋਂਦ ਵਿਚ ਲਿਆਂਦਾ ਹੈ।
**੧**-"ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥ ਅਗਮ ਅਗੋਚਰੁ ਰੂਪੁ ਨ ਰੇਖਿਆ॥" 838 ਅਜਿਹੀ ਇੱਕ ਸ਼ਕਤੀ ਦਾ ਇਹ ਨਿਰਾਲਾ ਪੱਖ ਹੈ ਕਿ ਜੂਨਾਂ ਵਿਚ ਆਉਂਦੀ ਜਾਂਦੀ ਨਹੀਂ, ਇਸ ਲਈ ਅਮਰ ਹੈ; ਉਸ ਦੀ ਕੋਈ ਵੀ ਜਾਤੀਗਤ ਪਹਿਚਾਣ ਨਹੀਂ ਹੈ। ਬੰਧਨਾਂ ਤੋਂ ਰਹਿਤ ਹੈ। ਉਹ ਅਦ੍ਰਿਸ਼, ਰੂਪ ਤੋਂ ਬਾਹਰ, ਜਿਸ ਦਾ

ਕੋਈ ਚਿੱਤਰ ਨਹੀਂ ਬੰਨਿਆਂ ਜਾ ਸਕਦਾ। ਇੰਦਰੀਆਂ ਦੀ ਪਹੁੰਚ ਤੋਂ ਬਾਹਰ ਹੁੰਦੇ ਹੋਏ ਵੀ ਸਭ ਥਾਂ ਵਿਆਪਤ ਹੈ।

**ੳ** -"ਓਅੰਕਾਰ ਆਦਿ ਮੈ ਜਾਨਾ॥"[340]

ਇੱਕ ਸ਼ਕਤੀ ਦਾ 'ਸ਼ਬਦ' ਵਰਤਾਰਾ ਹੀ ਇਸ ਸ੍ਰਿਸ਼ਟੀ ਦਾ ਮੂਲ ਜਾਂ ਆਦਿ ਹੈ। ਨਾਨਕਵਾਦ ਸਿਰਫ਼ ਉਸੇ ਇੱਕ ਸ਼ਬਦ ਵਰਤਾਰੇ ਦੀ ਸ਼ਕਤੀ ਨੂੰ ਹੀ ਸਵੀਕਾਰਦਾ ਹੈ। ਹੋਰ ਕਿਸੇ ਨੂੰ ਵੀ ਨਹੀਂ।

**ੳ** -"ਆਪਨ ਆਪੁ ਆਪਹਿ ਉਪਾਇਓ॥ ਆਪਹਿ ਬਾਪ ਆਪ ਹੀ ਮਾਇਓ॥ ਆਪਹਿ ਸੂਖਮ ਆਪਹਿ ਅਸਥੂਲ॥"[250] ਉਸ ਇੱਕ ਸ਼ਕਤੀ ਨੇ ਆਪਣੇ ਆਪ ਤੋਂ ਆਪ ਨੂੰ ਪੈਦਾ ਕੀਤਾ ਹੈ ਅਰਥਾਤ ਉਸ ਦਾ ਰਚਣਹਾਰਾ ਕੋਈ ਦੂਜਾ ਨਹੀਂ ਹੈ। ਇੰਜ ਉਹ ਆਪਣਾ ਮਾਂ-ਬਾਪ ਵੀ ਆਪ ਹੀ ਹੈ। ਉਹ ਆਪੇ ਹੀ ਭੂਗੋਲ ਦੀ ਕਣ ਭੌਤਿਕੀ (ਫਿਜ਼ਿਕਸ) ਵਿਚ ਇਲੈਕਟ੍ਰਾਨ, ਪ੍ਰੋਟਾਨ, ਨਿਉਟ੍ਰਾਨ ਤੋਂ ਵੀ ਸੂਖਮ 'ਮੂਲ ਕਣ' (ਵਿਗਿਆਨਿਕ ਕਲਪਨਾ ਹਿਗਸ ਕਣ) ਵਿਚ ਵੀ ਅਸਥੂਲ ਸ਼ਕਤੀ ਵਜੋਂ ਵਿਆਪਤ ਹੈ।

⌒ -"ਓਅੰਕਾਰਿ ਏਕ ਧੁਨਿ ਏਕੈ ਰਾਗੁ ਅਲਾਪੈ॥ ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥ ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ॥"[885]

ਇੱਕ ਰਸ ਇੱਕ ਸਮਾਨ ਸ੍ਰਿਸ਼ਟੀ ਦੇ ਕਣ ਕਣ ਵਿਚ ਇੱਕ ੳ ਸ਼ਕਤੀ ਆਪਣੀ 'ਨਾਦ' ਦੀ ਸੰਗੀਤਕ 'ਧੁਨ' ਦੇ ਨਿਯਮ ਬੱਧ 'ਰਾਗ' ਵਿਚ ਇੱਕੋ ਨੇਮ ਰਾਹੀਂ ਵਿਆਪਤ ਹੈ। ਸ਼ਬਦ ਸਰੂਪ ਸਤਿ-ਹਸਤੀ ਆਪਣੇ ਆਪ ਤੋਂ ਆਪ ਹੀ ਹੋਂਦ ਵਿਚ ਆਈ ਹੈ; ਜੋ ਅਟੁੱਟ ਹੈ ਤੇ ਇੱਕ ਹੈ। ਉਸ ਵਰਗਾ ਹੋਰ ਕੋਈ ਨਹੀਂ । ਉਸੇ ਤੋਂ ਸ੍ਰਿਸ਼ਟੀ ਮੰਡਲ ਹੋਇਆ ਹੈ ਤੇ ਉਹ ਇੱਕ ਰਸ ਇੱਕ ਸਾਰ ਇਸ ਵਿਚ ਆਪਣੀ ਨਾਦ ਧੁਨੀ ਰਾਹੀਂ ਵਿਆਪਤ ਤੇ ਚਲਾਇਮਾਨ ਹੈ।

ਜਿਸ ਨੂੰ 'ਨਾਨਕਵਾਦ' ਵਿਚ "ਇੱਕ ਅਕਾਲ ਪੁਰਖ" ਮੰਨਿਆ ਗਿਆ ਹੈ।

## ਗੁਰਬਾਣੀ ਵਿਸਥਾਰ

**੧-**ਜੋ "ਸਾਹਿਬੁ ਮੇਰਾ ਏਕੋ ਹੈ" ਦਾ ਸੰਕਲਪ ਅਤੇ ਜੀਵਨ ਅਮਲ ਹੈ। ਇਹ "ਏਕਮ ਏਕੈ ਆਪੁ ਉਪਾਇਆ" ਤੋਂ ਉਹ ਆਪਣੇ ਆਪ ਤੋਂ ਆਪ ਹੀ ਹੋਂਦ ਵਿਚ ਆਇਆ ਹੈ ਦਾ ਆਦਿ ਸੱਤ ਸਥਾਪਿਤ ਕੀਤਾ ਗਿਆ ਹੈ। ਇਸ ਲਈ ਭੂਤ ਵਰਤਮਾਨ ਤੇ ਭਵਿੱਖ ਵਿਚ ਇਹੋ ਹੁਕਮ ਹੈ "ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ"[710] ਜੋ ਦਿੱਖਦਾ, ਸੁਣਦਾ, ਵਰਤਾਰੇ ਵਿਚ ਵਰਤਦਾ ਹੈ ਉਹ ਇੱਕੋ ਹੀ ਖ਼ਲਕਤ ਦਾ ਮਾਲਿਕ ਆਪ ਹੈ। ਭਾਈ ਗੁਰਦਾਸ ਜੀ ਆਪਣੀ ਵਾਰ 39 ਦੀ ਪਉੜੀ 2 ਵਿਚ ਇਸ ਅਨੁਸਾਰ ਵਿਆਖਿਆ ਕਰਦੇ ਹਨ- *ਨਿਰੰਕਾਰੁ ਅਕਾਰੁ ਕਰਿ ਏਕੰਕਾਰੁ ਅਪਾਰ*

*ਸਦਾਇਆ*। ਉਹ ਅਕਾਰ ਰਹਿਤ ਇੱਕ ਅਕਾਲ ਪੁਰਖ ਸ੍ਰਿਸ਼ਟੀ ਰੂਪ ਵਿਚ ਆਕਾਰ ਪਰਗਟ ਹੋ ਕੇ ਵੀ ਜੋ ਅਕਾਲ, ਆਕਾਰ ਰਹਿਤ ਅਪਾਰ ਆਪ ਪ੍ਰਗਟ ਅਖਵਾਉਂਦਾ ਹੈ। ਇਹੋ ਉਸ ਦਾ ਨਿਰਾਲਾ, "ਅੰਤਰਿ ਅਲਖੁ ਨ ਜਾਈ ਲਖਿਆ"[130]।

**ੳ** -"ਓਅੰਕਾਰਿ ਸਬਦਿ ਉਧਰੇ॥ ਓਅੰਕਾਰਿ ਗੁਰਮੁਖ ਤਰੇ॥"[931] ਅਕਾਲ ਜੋ ਸ਼ਬਦ ਦੀ ਸ਼ਕਤੀ ਦੇ ਹੁਕਮ ਨਾਲ ਸਭ ਦਾ ਕਰਤਾ ਹੈ। ਓ ਅਕਾਲ ਦਾ ਸ਼ਬਦ ਹੀ ਨਾਨਕ ਦਾ ਗੁਰੂ ਹੈ "ਸਬਦੁ ਗੁਰੂ ਸੁਰਤਿ ਧੁਨਿ ਚੇਲਾ"[943] ਇੰਜ ਗੁਰੂ ਨਾਨਕ ਸਾਹਿਬ ਦਾ ਗੁਰੂ 'ਸ਼ਬਦ' ਹੈ। ਅਕਾਲ ਦੇ ਸ਼ਬਦ ਦੀ ਇਹ ਲੈ-ਬੱਧ ਸੰਗੀਤਕ ਅਨਹਦ ਨਾਦ ਰਾਹੀਂ, "ਬਾਣੀ ਗੁਰੂ ਗੁਰੂ ਹੈ ਬਾਣੀ"[982] ਗੁਰੂ ਅਤੇ ਬਾਣੀ ਇੱਕਮਿੱਕ ਹੋ ਜਾਂਦੇ ਹਨ। ਇੰਜ ਗੁਰੂ ਦਾ ਸ਼ਬਦ ਸਚੁ ਬਾਣੀ ਨੂੰ ਸੁਣਾਉਂਦਾ ਪਰਗਟ ਕਰਦਾ ਹੈ "ਓਅੰਕਾਰਿ ਸਭ ਸ੍ਰਿਸਟਿ ਉਪਾਈ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ॥ ਆਪੇ ਵੇਕ ਕਰੈ ਸਭਿ ਸਾਚਾ, ਆਪੇ ਭੰਨਿ ਘੜਾਇਦਾ॥"[1061]

ਸੌਰ ਮੰਡਲ ਦੀ ਸੁੰਨ ਵਿਚ ਸ਼ਬਦ ਦਾ ਹੁਕਮ ਵਰਤਾ ਕੇ ਸਾਰੀਆਂ ਘਾੜਤਾਂ ਘੜਦਾ-ਭੰਨਦਾ ਤੇ ਫੇਰ ਬਣਾਉਂਦਾ ਹੋਇਆ, ਇਸ ਬ੍ਰਹਿਮੰਡ ਦੀ ਰਚਨਾ ਕਰਦਾ ਹੈ। ਇੰਜ ਆਪਣੇ ਇਸ ਕੁਦਰਤੀ ਵਿਗਿਆਨ ਦੇ ਫ਼ਾਰਮੂਲੇ ਨੂੰ ਸਥਾਪਿਤ ਕਰਦਾ ਹੈ "ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥"[686]

⁀ -"ਹਰਿ ਆਪੇ ਸਬਦੁ ਸੁਰਤਿ ਧੁਨਿ ਆਪੇ"[165] ਅਕਾਲ ਪੁਰਖ ਦਾ 'ਸ਼ਬਦ' ਇੱਕ ਉਹ ਆਪ ਹੈ; ਸ਼ਬਦ ਦੀ 'ਧੁਨ' ਇੱਕ ਸਾਰ ਵਿਆਪਤ ਸੰਗੀਤਕ ਰੂਪੀ ਅਕਾਲ ਪੁਰਖ 'ਸੁਰਤ' ਰੂਪੀ ਆਪ ਹੀ ਵਿਆਪਤ ਹੈ। ਇਹ ਆਦਿ ਸ਼ਬਦ ਧੁਨ ਜੋ "ਪੰਚ ਸਬਦਿ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣ"[1292] ਸ਼ਬਦ ਦੀ ਧੁਨਕਾਰ-ਸ਼ਕਤੀ ਜਾਂ ਅਕਾਲ ਦੀ ਸੰਗੀਤਕ ਆਵਾਜ਼ ਵਿਚ ਸਦੀਵੀ ਕਾਲ ਤੋਂ ਇੱਕ ਸਾਰ ਚਲਾਇਮਾਨ ਹੈ। ਇਸ ਦੀ ਸੁਣਨ ਸ਼ਕਤੀ ਸੁਰਤਿ ਹੈ।

"ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ॥ 3॥ ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ॥ ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥"[821] ਇੰਜ ਇੱਥ ਅਕਾਲ ਆਪਣੇ ਆਪ ਤੋਂ ਹੋ ਕੇ ਆਪ ਹੀ ਹਰ ਥਾਂ ਵਿਆਪਤ ਹੁੰਦਾ ਹੈ ਤੇ ਉਹੀ ਸੰਪੂਰਨ ਸ਼ਕਤੀ ਸਭ ਦੀ ਪਾਲਣਹਾਰ ਜਣਨ ਪ੍ਰਕ੍ਰਿਆ ਪਾਲਦੀ ਪਈ ਹੈ। ਅਜਿਹੇ ਸ਼੍ਰੋਮਣੀ ਸੱਤ ਸੱਤਿਆ ਦਾ ਕੋਈ ਅੰਤ ਨਹੀਂ ਪਾ ਸਕਦਾ।

"ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥ ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ॥"[1310] ਇੰਜ ਓ ਅਕਾਲ ਇੱਕ ਅਜਿਹੀ ਪ੍ਰਾਣਦਾਇਕ ਸ਼ਕਤੀ ਹੈ ਕਿ ਸਭ ਉਸੇ ਤੋਂ ਉਪਜਦਾ ਹੈ ਤੇ ਉਸੇ ਵਿਚ ਸਮਾ ਜਾਂਦਾ ਹੈ। ਇੱਕ ਨਿਰਾਕਾਰ ਰੂਪ ਆਕਾਰ ਲੈ ਕੇ "ਓਅੰਕਾਰਿ ਸਬਦਿ ਉਧਰੇ॥"[930] ਸ਼ਬਦ ਰੂਪ ਵਿਚ ਆਪਣੇ ਹੁਕਮ ਨਾਲ ਸੌਰ ਮੰਡਲ ਚਲਾ ਰਿਹਾ ਹੈ; "ਸਚੁ ਬਾਣੀ ਗੁਰੁ ਸਬਦੁ

ਸੁਣਾਏ॥"[364] ਗੁਰਬਾਣੀ ਸਾਨੂੰ ਸਭ ਨੂੰ ਇਸੇ ਸੱਤਿਆ ਨਾਲ ਜੋੜ ਕੇ ਸਬਦੁ ਰਾਹੀ ਸੱਤ ਸਰੂਪ ਨਿਰਾਕਾਰ ਦਾ ਗਿਆਨ ਕਰਵਾ ਦਿੰਦੀ ਹੈ।

## ਨਾਨਕਸ਼ਾਹੀ ਨਜ਼ਰੀਆ

"ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥ ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥1॥"[596] ਅਜਿਹਾ ਅਕਾਲ ਪੁਰਖ ਆਪਣੀ ਅਦੁੱਤੀ ਟਕਸਾਲ ਰਾਹੀਂ ਆਕਾਸ਼, ਪਾਤਾਲ, ਧਰਤੀ ਜਲ ਸਭ ਨੂੰ ਆਪਣੀ ਧਰਮਸਾਲ ਬਣਾ ਕੇ ਪੁਲਾੜ ਵਿਚ ਹੀ ਵੱਸਦਾ ਹੋਇਆ ਇਸ ਨੂੰ ਚਲਾ ਰਿਹਾ ਹੈ। "ਏਕੁ ਅਚਰਜੁ ਏਕੋ ਹੈ ਸੋਈ॥ ਗੁਰਮੁਖਿ ਵੀਚਾਰੇ ਵਿਰਲਾ ਕੋਈ॥"[160] ੧ੴ ਦਾ ਇਹ ਅਜਿਹਾ ਅਸਧਾਰਨ ਅਚੰਭਤ ਕਰ ਦੇਣ ਵਾਲਾ ਅਦਭੁਤ ਨਜ਼ਾਰਾ ਹੈ ਜੋ ਵਿਸਮਾਦ ਵਿਚ ਲੈ ਜਾਂਦਾ ਹੈ। ਸਾਰ ਅਰਥ ਜੀਵਨ ਵਿਚ ਅਪਣਾਉਣ ਦਾ ਇਹ ਨਿਕਲਦਾ ਹੈ ਕਿ "ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥"[350] ਸੌਰ ਮੰਡਲ ਵਿਚ ਜਿੱਥੇ ਮਰਜ਼ੀ ਰਹੋ ਪਰ ਰੱਬ ਇੱਕੋ ਹੈ ਤੇ ਇੱਕ ਤੋਂ ਸਿਵਾ ਕਿਸੇ ਦੂਜੇ ਨੂੰ ਨਹੀਂ ਮੰਨਣਾ ਤੇ ਨਾਂਹ ਹੀ ਕਿਸੇ ਦੂਜੇ ਤੋਂ ਆਸ ਰੱਖਣੀ ਹੈ।

## ਜੀਵਨ ਅਮਲ ਵਿਚ ਕਿਵੇਂ ਅਪਣਾਉਣਾ ਹੈ ?

ਇਸ ਆਦਿ ਸਤਿ ਇੱਕ ਨੂੰ ਹੀ ਪੁਲਾੜ ਜੀਵਨ ਸਭਿਅਤਾ ਦਾ ਤੱਤ ਮੰਨਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ, ਗੁਰਬਾਣੀ ਦਾ ਆਰੰਭ ਬਿਨਾਂ ਕਿਸੇ ਵੀ ਰਾਗ, ਸਿਰਲੇਖ, ਮਹਲਾ, ਤੋਂ ਕਰਦੇ ਹਨ- "੧ੴ"। ਅਜਿਹੀ ਸ਼ਕਤੀ ਨੂੰ ਸਮਰਪਿਤ ਮਨੁੱਖ, ਉਸ ਦਾ ਟੱਬਰ ਤੇ ਸਮਾਜ ਨਿਰਮਿਤ ਕਰਨਾ ਹੈ ।

ਗੁਰਮਤਿ ਗ੍ਰੰਥਕਾਰੀ ਵਿਚ ਇਹ ਆਪਣੇ ਆਪ ਵਿਚ ਇੱਕ ਸੰਪੂਰਨ ਅੱਖਰ ਵੀ ਹੈ ਤੇ ਸ਼ਬਦ ਵੀ ਹੈ ।

ਇਸ ਦਾ ਸਹੀ ਉਚਾਰਨ ਇੱਕ ਓ ਕਾਰ ਹੀ ਹੋ ਸਕਦਾ ਹੈ। ਓ ਤੋਂ ਬਾਅਦ ਪ੍ਰਚਲਿਤ ਉਚਾਰਨ ਵਿਚ 'ਅੰ' ਇਸ ਇੱਕ ਸ਼ਬਦ ਰੂਪ ਅੱਖਰ ੧ੴ ਵਿਚ ਕਿਤੇ ਵੀ ਲਿਖਤ ਵਿਚ ਨਹੀਂ ਦਿਸਦਾ, ਸਿਰਫ਼ ਹਿੰਦੂ ਮਤ ਦੇ ॐ ਤੋਂ ਪ੍ਰਭਾਵਿਤ, ਸੰਸਕ੍ਰਿਤ ਭਾਸ਼ਾਈ ਗਿਆਨ ਦੀ ਪੁਰਾਤਨ ਰੀਤ ਦਾ ਇੱਕ ਮਿੱਥ ਮਾਤਰ ਹੈ। ਜੋ ਬਿਪਰਵਾਦੀ ਮਿੱਥ ਦੀ ਪਰੰਪਰਾ ਨੂੰ ਨਿਭਾਉਣਾ ਹੈ। ਵਿਸਥਾਰ ਵਿਚ ਦਿੱਤੀਆਂ ਟੂਕਾਂ ਵਿਚੋਂ ਉਚਾਰਨ 'ਓਅੰ' ਦੱਸਣ ਤੇ ਪ੍ਰਮਾਣਿਤ ਕਰਨ ਦੀ ਬਹਿਸ ਦਾ ਆਰੰਭ ਨਹੀਂ ਹੋਣਾ ਚਾਹੀਦਾ । ਉਹ ਨਾਨਕਸ਼ਾਹੀ ਨਾਨਕਵਾਦ ਦੇ ਮੂਲ ਤੇ ਆਦਿ ਸ਼ਬਦ ਚਿੰਨ੍ਹ "੧ੴ" ਦੇ ਬਦਲ ਵਜੋਂ ਨਹੀਂ ਹੈ; ਜਿਵੇਂ ਇੱਕ ਦੇ ਬਦਲ ਵਜੋਂ "ਏਕੰਕਾਰ" ਨਹੀਂ ਲਿਆ ਜਾ ਸਕਦਾ। ਨਾਨਕਵਾਦ ਦੇ ਆਦਿ ਸਿਧਾਂਤ ਤੇ ਨਾਨਕਸ਼ਾਹੀ ਸੰਕਲਪ ਨੂੰ ਅੰਗੀਕਾਰ ਕਰਨ ਲਈ

ਸਾਨੂੰ ਸਭ ਨੂੰ ਆਪਣੀਆਂ ਪਹਿਲਾਂ ਤੋਂ ਪਕਿਆਈਆਂ ਅਤੇ ਪਰੰਪਰਾਗਤ ਮਿਲੀਆਂ ਧਾਰਨਾਵਾਂ ਨੂੰ ਤਿਆਗਣਾ ਹੀ ਪਵੇਗਾ। ਤਾਂ ਹੀ ਅਸੀਂ ਨਾਨਕਵਾਦ ਦੀ ਨਾਨਕਸ਼ਾਹੀ ਸਭਿਅਤਾ ਦੇ ਬਤੌਰ ਨਾਨਕ ਦੇ ਸਿੱਖ ਇੱਕ ਮਨੁੱਖਤਾ ਦੇ ਵਾਰਸ ਬਣ ਸਕਾਂਗੇ। "ੴ" ਆਪਣੇ ਆਪ ਵਿਚ ਪ੍ਰਚਲਿਤ ਬਿਪਰਵਾਦ ਦੇ ਮੁਕੰਮਲ ਸਫ਼ਾਏ ਦਾ ਕ੍ਰਾਂਤੀਕਾਰੀ ਅਮਲੀ ਪ੍ਰਗਟਾਵਾ ਹੈ । ਇਹ ॐ ਰੂਪ ਵਿਚਲੇ ਬ੍ਰਹਮਾ ਨੂੰ ਸ੍ਰਿਸ਼ਟੀ ਦਾ ਪੈਦਾ ਹਰ ਨਹੀਂ ਐਲਾਨਦਾ ਤੇ ਨਾਂਹ ਹੀ ਸਵੀਕਾਰਦਾ ਹੈ। ਬਿਪਰਵਾਦੀ ਦੇ ਤ੍ਰਿਦੇਵੀ ਸੰਕਲਪ ਦੇ ਸਿਧਾਂਤ ਨੂੰ ਨਾਨਕਵਾਦ ਸੰਕਲਪ ਆਪਣੇ ਪਹਿਲੇ ਅੱਖਰ ਦੇ ਮੌਲਿਕ ਪ੍ਰਗਟਾਵੇ ਤੋਂ ਹੀ ਛਿੰਨ-ਭਿੰਨ ਕਰ ਖ਼ਤਮ ਕਰ ਦਿੰਦਾ ਹੈ। ਨਾਨਕਸ਼ਾਹੀ ਪ੍ਰਣਾਲੀ ਦੀ ਨਾਨਕ ਵਾਦੀ ਮਨੋਬਿਰਤੀ ਦਾ ਇੱਥੋਂ ਹੀ ਹਕੀਕੀ ਅਮਲ ਆਰੰਭ ਹੁੰਦਾ ਹੈ। ਇਸੇ ਲਈ ਗੁਰਮੁਖੀ ਵਰਨ ਮਾਲਾ ਵਿਚ ਦੇਵਨਾਗਰੀ ਵਾਲੇ ਦੇਵੀ ਚਿੰਨ੍ਹ ਅੱਖਰ ਨਹੀਂ ਪਾਏ ਜਾਂਦੇ ਕਿਉਂਕਿ ਇਸ ਨੂੰ ਗੁਰਮਤਿ ਪ੍ਰਣਾਲੀ ਸਵੀਕਾਰ ਹੀ ਨਹੀਂ ਕਰਦੀ।

ਗੁਰਮਤਿ ਦੇ ਪ੍ਰਭੁਤਾ ਦੇ ਸੰਕਲਪ ਵਿਚ ਪ੍ਰਭੂ ਸਤਾ ਸੰਪੰਨ ਸਿਧਾਂਤ ਰਾਹੀਂ ਇਸ ਅੱਖਰ ਵਿਚ ਗੁਰੂ ਨਾਨਕ ਸਾਹਿਬ ਜੀ ਅਕਾਲ ਦੀ ਪਰਿਭਾਸ਼ਾ ਨੂੰ ਪ੍ਰਗਟਾਉਂਦੇ ਹਨ।

ਗੁਰੂ ਨਾਨਕ ਦਾ ਗੁਰੂ 'ਸ਼ਬਦ' ਹੈ । ਇਸ ਲਈ ਸਿੱਖੀ ਧਰਮਸਾਲ ਦੀ ਗੁਰਮੁਖੀ ਵਿੱਦਿਆ ਦਾ ਇਹ ਪਹਿਲਾਂ ਅੱਖਰ ਆਪਣੇ ਆਪ ਵਿਚ ਇੱਕ 'ਸ਼ਬਦ' ਵੀ ਹੈ।

'ਰੱਬ' ਦੀ ਪ੍ਰਮਾਣਿਕ ਹੋਂਦ ਦੀ ਵਿਆਪਕਤਾ ਉਸ ਦੀ ਗੁਣਾਤਮਿਕ ਉਸਤਤ ਨਾਲ ਕਰਦੇ ਹਨ ਕਿ ਨਿਰਾਕਾਰ ਆਕਾਰ ਵਿਚ ਸਰਬ ਵਿਆਪਤ ਹੁੰਦੇ ਹੋਏ ਵੀ ਕਿਸੇ ਵਰਗਾ ਨਹੀਂ ਹੈ । ਉਹ ਆਪਣੇ ਵਰਗਾ ਆਪ ਹੀ ਹੈ।

ਇਹ ਅੱਖਰ ਕੇਵਲ ਗੁਰਮੁਖੀ ਭਾਸ਼ਾ ਵਿਚ ਹੀ ਪਾਇਆ ਜਾਂਦਾ ਹੈ, ਜੋ ਨਿਰੋਲ ਗੁਰੂ ਨਾਨਕ ਜੀ ਦੀ ਕਾਢ ਤੇ ਦੇਣ ਹੈ।

ਗੁਰਮਤਿ ਪਹਿਚਾਣ, ਆਦਰਸ਼, ਸੰਕਲਪ, ਗੁਰਮਤਿ-ਵਿਗਿਆਨ, ਸਿੱਖੀ ਦੀ ਪਰੰਪਰਾਗਤ ਧਾਰਮਿਕ ਕ੍ਰਮਗਤ ਵਿਕਾਸ ਦਾ ਇਹ ਕੁਲ-ਚਿੰਨ੍ਹ ਵੀ ਹੁਣ ਮੰਨਿਆਂ ਜਾਂਦਾ ਹੈ।

'ੴ' ਨਾਨਕਵਾਦ ਨੂੰ ਇੱਕ ਲਿਪੀ ਚਿੰਨ੍ਹ ਦੁਆਰਾ ਪ੍ਰਗਟਾਉਂਦਾ ਹੈ।

ਇੰਜ ੴ ਸਰਬੰਗੀ ਗੁਰਮਤਿ ਪ੍ਰਣਾਲੀ ਦਾ ਪ੍ਰਤੀਕ ਚਿੰਨ੍ਹ ਦਾ 'ਸੰਕੇਤਕ' ਹੈ।

# 3

# ਸਤਿ

"ਆਪਿ ਸਤਿ ਕੀਆ ਸਭੁ ਸਤਿ॥"[294]

## ਗੁਰਮਤਿ ਅਰਥ

"ਸਤਿ ਸਤਿ ਸਦਾ ਸਤਿ"[1021] ਜੋ ਇੱਕ ਰਸ ਅਟੱਲ ਹੈ, ਉਹ ਜੋ 'ਸਤਿ' ਸਦਾ ਕਾਇਮ ਰਹਿਣ ਵਾਲਾ ਹੈ। "ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥"[1402]

## ਗੁਰਬਾਣੀ ਵਿਸਥਾਰ

**ਸਤਿ-** ਜੋ ਇੱਕੋ ਇੱਕ ਪਵਿੱਤਰ, ਅਸਲ ਜਾਂ ਸੱਚੀ ਹੋਂਦ ਵਾਲਾ "ਸਤਿ ਸਤਿ ਸਤਿ ਪ੍ਰਭੁ ਸੋਈ"[104] ੴ-ਅਕਾਲ ਹੈ । ਅਟੱਲ ਹੋਣ ਕਰ ਕੇ ਨਿਸ਼ਚੇ ਰੂਪ ਵਿਚ ਸਤਿ ਸਰੂਪ ਹੋ ਕੇ "ਸਤਿ ਮਾਹਿ ਲੇ ਸਤਿ ਸਮਾਇਆ"[890] ਦਾ ੴ-ਅਕਾਲ ਆਪ ਹੀ ਵਿਸਥਾਰ ਹੈ। "ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥"[1402] ਇਹ ਦ੍ਰਿੜ੍ਹ ਕਰਵਾਉਣ ਲਈ ਸ਼ਬਦ ਗੁਰੂ ਵਿਚ ਗੁਰੂ ਨਾਨਕ ਸਰਕਾਰ ਇਸ ਗੁਰਬਾਣੀ ਦੀ ਤੁਕ ਨੂੰ ਤਿੰਨ ਵਾਰ ਹੂ-ਬ ਹੂ ਹੁਕਮ ਕਰਦੇ ਹਨ। ਜਿਸ ਦਾ ਸਿੱਧਾ ਅਰਥ ਹੈ "ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥"[1166]

## ਨਾਨਕਸ਼ਾਹੀ ਨਜ਼ਰੀਆ

"ਸਤਿ ਸਤਿ ਵਰਤੈ ਗਹਿਰ ਗੰਭੀਰਾ ॥"[1023] ਇਹ ਸਤਿ ਇਸੇ ਇੱਕ ਓ(ਅੰ)ਕਾਰ ਦਾ ਸਿਧਾਂਤ ਬੀਜਦਾ ਹੈ।

ਫਿਰ ਸੰਪੂਰਨ ਸਾਰ ਸਾਨੂੰ ਇਹੋ ਮਿਲਦਾ ਹੈ ਕਿ : "ਜਪਿ ਮਨ ਨਿਰਭਉ॥ ਸਤਿ ਸਤਿ ਸਦਾ ਸਤਿ ॥ ਨਿਰਵੈਰੁ ਅਕਾਲ ਮੂਰਤਿ॥ ਅਜੂਨੀ ਸੰਭਉ ॥ ਮੇਰੇ ਮਨ ਅਨਦਿਨੋ ਧਿਆਇ ਨਿਰੰਕਾਰੁ ਨਿਰਾਹਾਰੀ॥"[1201]

ਜੀਵਨ ਜਿਊਣ ਦੇ ਕਿਰਤੀ ਅਮਲ ਵਿਚ ਨਿਰਭੈ ੴ-ਅਕਾਲ ਦਾ ਹਿਰਦੇ ਵਿਚ ਨਾਮ ਧਿਆਇਆ ਕਰ, ਤਾਂ ਜੋ ਤੂੰ ਵੀ ਇਸੇ ਗੁਣ ਦਾ ਧਾਰਨੀ ਬਣ ਸਕੇ। ੴ- ਨਿਰਵੈਰ ਅਕਾਲ ਸਦਾ ਤੇ ਹਮੇਸ਼ਾ ਆਪਣੀ ਸਤਿ ਹੋਂਦ ਦੀ ਸੱਤਿਆ ਵਿਚ ਕਾਇਮ ਰਹਿਣ ਵਾਲਾ ਹੈ। ਜੋ ਕਿਸੇ ਨਾਲ ਕੋਈ ਵੈਰ ਨਹੀਂ ਰੱਖਦਾ । ਜੋ ਜੀਵਨ ਤੇ ਮਰਨ ਤੋਂ ਪਰੇ ਹੈ ਤੇ ਜੂਨਾਂ

ਵਿਚ ਨਹੀਂ ਆਉਂਦਾ। ਅਜਿਹਾ ਆਪਣੇ ਆਪ ਤੋਂ ਆਪ ਆਕਾਰ ਰਹਿਤ ਨਿਰਾ ਹਾਰੀ (ਭੋਜਨ ਨਾਂਹ ਲੈਣ ਵਾਲਾ) ਸ਼ਕਤੀ ਸਰੂਪ ਹੈ।

## ਜੀਵਨ ਅਮਲ'ਚ ਅਪਣਾਉਣਾ

ਅਜਿਹੇ ਅਟੱਲ ਅਕਾਲ ਸ਼ਕਤੀ "ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ"[1121] ਨੂੰ ਆਪਣੇ ਅੰਦਰ ਟਿਕਾ ਲਓ ਤੇ ਅਜਿਹੀ ਅਕਾਲ ਰੂਪੀ ਸ਼ਬਦ ਸ਼ਕਤੀ, ਜੋ 'ਹਰਿ ਪ੍ਰਭੁ' ਆਪ ਹੈ; ਨੂੰ ਹੀ ਹਰ ਵਕਤ "ਹਰਿ ਧਿਆਵਹੁ ਹਰਿ ਪ੍ਰਭੁ ਸਤਿ"[82] ਕਰ ਜੀਵਨ ਵਿਚ ਅਪਣਾ ਲਓ। "ਆਪੇ ਸਤਿ ਸਤਿ ਸਤਿ ਸਾਚਾ ॥"[1077] "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥"[308] ਗੁਰੂ ਨਾਨਕ ਸਰਕਾਰ ਦੀ ਸਤਾ ਨੂੰ ਮੰਨਣ ਵਾਲੇ ਗੁਰਸਿੱਖਾਂ ਲਈ ਇਹ ਹੁਕਮ ਹੀ ਹੈ ਕਿ ਉਹ ਗੁਰਬਾਣੀ ਦੇ "ਸ਼ਬਦ" ਨੂੰ ਉਹ ਅਟੱਲ ਸੱਤਿਆ ਦੀ ਸਤਾ ਮੰਨ ਕੇ ਜੀਵਨ ਵਿਚ ਉਸ ਦੇ ਹੁਕਮ ਨੂੰ ਅਪਣਾਉਣ ਕਿਉਂਕਿ ਗੁਰਬਾਣੀ ੳ ਇੱਕ ਅਕਾਲ ਨੇ ਆਪ ਮੂੰਹੋਂ ਉਚਰਿਤ ਕਰਵਾਈ ਹੈ।

# 4

# ਨਾਮੁ

"ਏਕ ਨਾਮ ਹੁਕਮ ਹੈ ਨਾਨਕ ਸਤਿਗੁਰੂ ਦੀਆਂ ਬੁਝਾਏ ਜੀਉ"

## ਗੁਰਮਤਿ ਅਰਥ

**ਨਾਮੁ-** ਅਕਾਲ ਦਾ ਨਾਮ "ਐਸਾ ਨਾਮੁ ਨਿਰੰਜਨੁ ਹੋਇ"[12] । ਇਹ ਸ਼ਬਦ 'ਨਾਮੁ' ੴ ਅਕਾਲ ਪੁਰਖ ਲਈ ਹੀ ਵਰਤਿਆ ਗਿਆ ਹੈ "ਤਿਤੁ ਘਟਿ ਨਾਮੈ ਨਾਮਿ ਨਿਵਾਸੁ॥"[1277] ਇਸੇ ਵਿਚ ਹੀ ਚਿੱਤ ਲਾ ਕੇ ਇਸੇ ਦੇ ਹੀ ਨੇਮ, ਵਿਧਾਨ ਅਨੁਸਾਰ ਜੀਵਨ ਬਤੀਤ ਕਰਨਾ ਹੈ । ਜਿਸ ਅਕਾਲ ਨੂੰ ਇੱਕ ਨਾਮ ਵਿਚ ਨਹੀਂ ਬੱਝਿਆ ਜਾ ਸਕਦਾ ਉਸ ਅਨਾਮ ਦਾ ਬੋਧ ਮਨੁੱਖ ਨੂੰ ਗੁਰਮਤਿ ਤੋਂ ਹੁੰਦਾ ਹੈ । "ਅੰਤਰਿ ਨਾਮੁ ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ ॥"[426]
ਗੁਰਬਾਣੀ ਵਿਚਲਾ 'ਸ਼ਬਦ' ਹੀ ਗੁਰਮਤਿ ਵਿਚ ਨਾਮ ਹੈ।

## ਗੁਰਬਾਣੀ ਵਿਸਥਾਰ

"ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ"[1239] ਸ਼ਬਦ ਸਰੂਪ ਗੁਰਬਾਣੀ ਹੀ ਨਾਮ ਹੈ ।"ਏਕ ਨਾਮ ਹੁਕਮ ਹੈ ਨਾਨਕ ਸਤਿਗੁਰੂ ਦੀਆਂ ਬੁਝਾਏ ਜੀਉ" ਉਸ ਇੱਕ ਪ੍ਰਮਾਤਮਾ ਦੇ ਨਾਮ ਨੂੰ ਹੀ ਆਪਣੀ ਬੁੱਧੀ ਦੀ ਚੇਤਨਾ ਦਾ ਆਧਾਰ ਬਣਾਉਣਾ ਹੀ ਅਕਾਲ ਪੁਰਖ ਦਾ ਹੁਕਮ ਹੈ।

## ਨਾਨਕਸ਼ਾਹੀ ਨਜ਼ਰੀਆ

ਗੁਰੂ ਨਾਨਕ ਸਾਹਿਬ ਜੀ ਸੋਝੀ ਕਰਾਉਂਦੇ ਹਨ ਕਿ ਮਨੁੱਖ ਲਈ ਹੁਕਮ ਹੈ ਕਿ "ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ"[97] । ਪੂਜਾ ਮੂਰਤੀ, ਵਿਅਕਤੀ, ਸੰਤ, ਸਾਧ ਜਾਂ ਕਿਸੇ ਹੋਰ ਰੂਪ ਵਿਚ ਵਸਤੂ ਦੀ ਨਹੀਂ ਕਰਨੀ। ੴ-ਇੱਕ ਅਕਾਲ ਪੁਰਖ ਦੀ "ਸ਼ਬਦ" ਦੀ ਸ਼ਕਤੀ ਦੀ ਹੋਂਦ ਨੂੰ ਹੀ ਸਵੀਕਾਰਨਾ, ਮੰਨਣਾ ਤੇ ਅਰਾਧਨਾ ਹੈ ਜਿਸ ਤੋਂ ਸਭ ਉਤਪਤ ਅਰਥਾਤ ਪੈਦਾ ਹੋਇਆ ਹੈ। ਉਹੀ ਸ਼ਕਤੀ ਹੈ ੴ । ਇਹ ਉਸੇ ਨੂੰ ਮਿਲਦਾ ਹੈ ਜੋ "ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ"[101] । ਆਪਣੇ ਧੁਰ ਮਨ ਅੰਦਰ ਅਕਾਲ ਪੁਰਖ ਦੀ ਹਸਤੀ ਰੂਪੀ ਨਾਮ ਨੂੰ ਵਸਾ ਲੈਂਦਾ ਹੈ। ਜਿਸ ਦੇ ਮਨ ਵਿਚ ਨਾਮ ਵੱਸਦਾ ਹੈ ਉਹ ਜਨ ਹਰੀ ਦਾ ਪਿਆਰਾ ਬਣ ਜਾਂਦਾ ਹੈ।

## ਜੀਵਨ ਅਮਲ ਵਿਚ ਅਪਣਾਉਣਾ

"ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ"[257] ਗੁਰਬਾਣੀ ਸ਼ਬਦ ਦੀ ਆਚਰਨ ਸਿੱਖਿਆ ਨੂੰ ਕਿਰਦਾਰ ਵਿਚ ਢਾਲ ਕੇ, ਕਰਮ ਕਿਰਤ ਰਾਹੀਂ ਇਸ ਨਾਮ ਸ਼ਬਦ ਦੀ ਸ਼ਕਤੀ ਨੂੰ ਜਪਣ ਵਾਲਾ ਵਿਅਕਤੀ ਹੀ ਅੰਤਰ ਮੁਖੀ ਮਨ ਤੇ ਬਾਹਰ ਦਿੱਖਣ ਵਾਲੀ ਰੰਗ ਤਮਾਸ਼ੇ ਜੀਵਨ ਰੂਪੀ ਕਿਰਤ ਵਿਚ ਇੱਕ-ਮਿਕ ਹੋ ਕੇ, ਫਿਰ ਸਿੱਖ 'ਨਾਨਕ' ਬਣ ਖੜ ਜਾਂਦਾ ਹੈ । ਇਹੋ ਮੰਜ਼ਿਲ ਹੈ । ਇਸ ਮੰਜ਼ਿਲ ਨੂੰ ਪਾਉਣ ਦਾ ਤਰੀਕਾ ਹੈ "ਤਨੁ ਮਨੁ ਖੋਜੇ ਤਾ ਨਾਉ ਪਾਏ"[110] ਮਨੁੱਖ ਆਪਣੀ ਜ਼ਿੰਦਗੀ ਦੇ ਨਿੱਤ ਕਰਮ ਵਿਚ ਅਤੇ ਆਪਣੇ ਆਤਮ ਮੰਡਲ ਦੇ ਹਰ ਪਲ ਧਿਆਨ ਵਿਚ ਉਸ ੧ਓ ਨੂੰ ਹੀ ਪ੍ਰਗਟ ਰੂਪ ਵਿਚ ਹੀ ਪ੍ਰਤੱਖ ਜਾਣੇ, ਮੰਨੇ ਤੇ ਉਸੇ ਦੇ ਅਟੁੱਟ ਪਿਆਰ ਦੇ ਭਉ ਦਾ ਹੀ ਆਲਾ ਦੁਆਲਾ ਬੁਣੇ। ਉਹ ਸਤਿ ਸਰੂਪ ਇੱਕ ਅਕਾਲ ਆਪਣੀ ਸ਼ਬਦ ਸ਼ਕਤੀ ਦਾ 'ਨਾਮ' ਇਸ ਸ੍ਰਿਸ਼ਟੀ ਦੇ ਹਰ ਕਣ ਵਿਚ ਬੀਜਦਾ ਹੈ। ਇੰਜ ਉਹ ਉਸੇ ਨੂੰ ਹੀ ਮਿਲ ਪੈਂਦਾ ਹੈ ਜੋ ਆਪਣੇ ਧੁਰ ਅੰਤਰ ਆਤਮਾ ਵਿਚ ਹਰ ਰੋਜ਼ ਉਸ ਨੂੰ ਖੋਜਦਾ ਹੈ ਤੇ ਜੀਵਨ ਅਮਲ ਵਿਚ ਉਸ ਦੀ ਸਿੱਖਿਆ ਨੂੰ ਆਪਣੀ ਹੁਨਰਮੰਦੀ ਵਿਚ ਢਾਲ ਕੇ ਲੋਕਾਈ ਦੀ ਸੇਵਾ ਵਿਚ ਹਾਜ਼ਰ ਰਹਿੰਦਾ ਹੈ "ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥ ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥"[727] ਇੰਜ ਉਹ ਜੀਵਨ ਮਰਨ ਦੇ ਗੇੜ ਵਿਚੋਂ ਮੁਕਤ ਹੋ ਨਿਰਭੈ ਬਣ ਕੇ ਸੰਸਾਰ ਨੂੰ ਹੰਢਾਉਂਦਾ ਹੈ। ਜਿਸ ਵਿਚ ਅਕਾਲ ਪੁਰਖ ਅਜਿਹੇ ਮਨੁੱਖ ਦੀ ਫਿਰ ਆਪ ਮਦਦ ਕਰਦਾ ਹੈ - "ਦਸਤ੍ਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ॥"[727] (ਇੱਥੇ ਸ ਦੇ ਪੈਰੀਂ ਅੱਧਾ ਤ ਹੈ)
ਜੀਵਨ ਵਿਚ ਅਕਾਲ ਪੁਰਖ ਮਨੁੱਖ ਦਾ ਹਮੇਸ਼ਾ ਸਹਾਈ ਹੋਵੇ ਉਸ ਦਾ ਇਹੋ ਤਰੀਕਾ ਹੈ, ਜੋ ਪਾਤਸ਼ਾਹ ਗੁਰੂ ਨਾਨਕ ਜੀ ਨੇ ਸਮਝਾਇਆ ਹੈ।

# 5

## ਕਰਤਾ

"ਬਿਨੁ ਗੋਬਿੰਦ ਨ ਦੀਸੈ ਕੋਈ॥ ਕਰਨ ਕਰਾਵਨ ਕਰਤਾ ਸੋਈ॥"[189]

### ਗੁਰਮਤਿ ਅਰਥ

**ਕਰਤਾ-** ਕਰਤਾਰ, ਸਿਰਜਣਹਾਰ ਪ੍ਰਭੂ, ਸ੍ਰਿਸ਼ਟੀ ਦਾ ਨਿਰਮਾਤਾ

### ਗੁਰਬਾਣੀ ਵਿਸਥਾਰ

"ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ"[138] ਤੇ ਇੰਜ 'ਅਕਾਲ (ਰੱਬੀ) ਕਣ, ਅਣੂ-ਅੰਸ' ਦੀ ਅਕਾਲ ਪੈਦਾਇਸ਼ ਰਾਹੀਂ ਇਸ ਸ੍ਰਿਸ਼ਟੀ ਤੇ ਜੀਵਨ ਦਾ ਕਰਤਾ ਬਣ ਪ੍ਰਗਟ ਹੁੰਦਾ ਹੈ।

"ਜਾ ਕਰਤਾ ਸ੍ਰਿਸਠੀ ਕਉ ਸਾਜੇ ਆਪੇ ਜਾਣੈ ਸੋਈ॥"[4] ਓ ਇੱਕ ਅਕਾਲ ਪੁਰਖ ਸ੍ਰਿਸ਼ਟੀ ਨੂੰ ਆਪਣੀ ਹੋਂਦ ਤੋਂ ਬਣਾਉਣ ਵਾਲਾ ਹੈ ਤੇ ਉਹੀ ਇਸ ਦੀ ਰਚਨਾ ਦਾ ਰਹੱਸ ਸੱਚ ਜਾਣਦਾ ਹੈ।

### ਨਾਨਕਸ਼ਾਹੀ ਨਜ਼ਰੀਆ

"ਕਰਤਾ ਚਿਤ ਨ ਆਵਈ ਮਨਮੁਖ ਅੰਧ ਗਵਾਰ॥"[42] ਸ੍ਰਿਸ਼ਟੀ ਦੇ ਜਿਸ ਜੀਵ ਦੇ ਚਿੱਤ ਅਤੇ ਕਰਮ ਅੰਦਰ ਉਸ ਰਚਨਹਾਰ ਕਰਤਾਰ ਦਾ ਵਾਸਾ ਸਵਾਸਾਂ ਵਾਂਗ ਨਹੀਂ ਹੈ ਉਹ ਜੀਵ ਫਿਰ ਆਪਣੇ ਧੁਰੇ ਤੋਂ ਟੁੱਟਾ, ਆਪਹੁਦਰਾ, ਅੰਨ੍ਹਾ ਅਤੇ ਗਵਾਰ ਬਣੀ ਆਪਣਾ ਆਪਾ ਗਵਾ ਲੈਂਦਾ ਹੈ। ਕਿਉਂਕਿ, "ਕਰਤਾ ਸਭੁ ਕੋ ਤੇਰੈ ਜੋਰਿ॥"[17] ਉਸ ਕਰਤੇ ਦੀ ਸ਼ਕਤੀ ਕਰ ਕੇ ਹੀ ਤਾਂ 'ਮੈਂ' ਜੀਵ ਹੋਂਦ ਵਿਚ ਹਾਂ। ਸਤਿ ਗੁਰੂ ਨਾਨਕ ਜੀ ਸਮਝਾਉਂਦੇ ਹਨ ਕਿ "ਮੋ ਕਉ ਇਹ ਬਿਧਿ ਕੋ ਸਮਝਾਵੈ॥"[215] ਮੈਨੂੰ ਇਸ ਅਕਾਲ ਪੁਰਖ ਦੇ ਅਜਿਹੇ ਵਿਧੀ ਵਿਗਿਆਨ ਦੀ ਕਾਰਜ ਪ੍ਰਣਾਲੀ ਕੌਣ ਸਮਝਾਏ ? ਇਸੇ ਹੀ ਗੁਰਬਾਣੀ ਦੀ ਤੁਕ ਵਿਚ ਉੱਤਰ ਦਿੰਦੇ ਹਨ "ਕਰਤਾ ਹੋਇ ਜਨਾਵੈ॥"[215] ਜੇ ਕੋਈ ਹੋਰ ਕਰਨ ਹਾਰ (ਸ੍ਰਿਸ਼ਟੀ ਰਚਨਹਾਰ) ਹੋਵੇ ਤਾਂ ਹੀ ਦੱਸੇਗਾ ! ਸੋ ਸ਼ਬਦ ਗੁਰੂ ਸਮਰੱਥ ਇਹ ਗਿਆਨ ਮਨੁੱਖ ਨੂੰ ਕਰਾਉਂਦਾ ਹੈ।

"ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ॥"[306] ਓ ਅਕਾਲ ਪੁਰਖ ਹੀ ਇੱਕੋ ਇੱਕ ਕਰਤਾ ਤੇ ਸਵਾਮੀ ਹੈ; ਜਿਸ ਨੇ

ਸੌਰ ਮੰਡਲੀ ਰਚਨਾ ਦੀ ਚਲਾਏ ਮਾਨਤਾ ਦਾ ਸੱਚ ਨਿਆਂ ਆਪ ਹੀ ਇਸੇ ਵਿਚ ਬੈਠ ਕੇ ਕੀਤਾ ਹੈ।

## ਜੀਵਨ ਅਮਲ ਵਿਚ ਅਪਣਾਉਣਾ

ਸਿਰਜਣਹਾਰ ਕਰਤਾਰ ਨੇ ਸ੍ਰਿਸ਼ਟੀ ਦੀ ਰਚਨਾ ਕਰਨ ਸਮੇਂ "ਜੋ ਕਿਛੁ ਪਾਇਆ ਸੁ ਏਕਾ ਵਾਰ॥ ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥"[7] ਉਸ ਸੱਚੇ ਸਦਾ ਸਤਿ ਅਕਾਲ ਪੁਰਖ ਦੀ ਇਹ ਸੌਰ ਮੰਡਲੀ ਰਚਨਾ ਵੀ ਉਸੇ ਦੀ ਹੀ ਤਰ੍ਹਾਂ ਉਸ ਨਿਰਾਕਾਰ ਦਾ ਸਤਿ ਆਕਾਰ ਰੂਪੀ ਕੰਮ ਹੈ। ਇਸ ਵਿਚ ਉਸ ਨੇ ਸਭ ਕੁੱਝ ਇੱਕੋ ਵਾਰ ਧਰ ਦਿੱਤਾ ਹੈ ਤੇ ਹੁਣ ਆਪਣੀ ਇਸ ਰਚਨਾ ਨੂੰ ਆਪ ਆਪਣੀ ਨਿਗਰਾਨੀ ਵਿਚ ਹਰ ਪਲ, ਪਾਲ ਰਿਹਾ ਹੈ। ਇਸ ਲਈ ਹਰ ਜੀਵ ਨੂੰ ਉਸ ਨੇ ਇਹ ਸੋਝੀ ਵੀ ਦਿੱਤੀ ਹੈ ਕਿ ਉਸ ਨੇ ਇਸ ਸ੍ਰਿਸ਼ਟੀ ਵਿਚੋਂ ਆਪਣੀ ਜ਼ਰੂਰਤ ਦਾ ਹੀ ਸਿਰਫ਼ ਜੀਵਨ ਯਾਪਣ ਲਈ ਇਸਤੇਮਾਲ ਕਰਨਾ ਹੈ ਤੇ ਜਿਤਨਾ ਇਸਤੇਮਾਲ ਕਰਨਾ ਹੈ ਉਤਨਾ ਹੀ ਆਪਣੀ ਆਉਣ ਵਾਲੀਆਂ ਜੀਵ ਨਸਲਾਂ ਲਈ ਬਚਾਉਣਾ ਵੀ ਹੈ। ਤੇ ਖ਼ਾਸ ਕਰ ਮਨੁੱਖ ਨੂੰ ਇਹੋ ਹਦਾਇਤ ਹੈ ਕਿ ਉਸ ਨੇ ਇਸ ਸ੍ਰਿਸ਼ਟੀ ਦੀ ਆਦਿ ਤੇ ਮੂਲ ਰਚਨਾ ਨੂੰ ਉਵੇਂ ਦਾ ਉਵੇਂ ਹੀ ਗਰਭ ਸੰਸਕਾਰੀ ਬਣਾਏ ਰੱਖਣਾ ਤੇ ਆਉਣ ਵਾਲੀ ਨਸਲਾਂ ਲਈ ਸੰਭਾਲਣਾ ਹੈ ਜਿਵੇਂ ਦਾ ਉਸ ਨੂੰ ਸਿਰਜਣਹਾਰ ਨੇ ਬਖ਼ਸ਼ਿਸ਼ ਕੀਤਾ ਸੀ। ਜਿਸ ਵੀ ਮਨੁੱਖ ਦੇ ਚਿੱਤ ਵਿਚ ਉਸ ਅਕਾਲ ਪੁਰਖ ਦੀਆਂ ਇਹ ਬਖ਼ਸ਼ੀਸ਼ਾਂ ਚੇਤੇ ਨਹੀਂ ਰਹਿੰਦੀਆਂ ਉਹ ਮਨੁੱਖ ਫਿਰ "ਕਰਤਾ ਚਿਤ ਨ ਆਵਈ ਮਨਮੁਖ ਅੰਧ ਗਵਾਰ॥"[42] ਹੀ ਮੰਨਿਆਂ ਜਾਂਦਾ ਹੈ। ਸ਼ਬਦ ਗੁਰੂ ਆਪਣੇ ਸਿੱਖ ਮਨੁੱਖ ਤੋਂ ਅਜਿਹੀ ਆਸ ਨਹੀਂ ਰੱਖਦਾ ਕਿ ਉਹ ਅਜਿਹਾ ਮਨਮੁਖ ਅੰਧ ਗਵਾਰ ਬਣੇ।

"ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ ॥"[1414]

ਗੁਰੂ ਨਾਨਕ ਸਰਕਾਰ ਦੀ ਨਾਨਕਸ਼ਾਹੀ ਪ੍ਰਣਾਲੀ ਦੀ ਲਗਾਤਾਰਤਾ ਵਿਚ ਵਿਕਸਿਤ ਵਿਗਾਸ ਦਾ ਇਹੋ "ਕਰਤਾ" ਦਾ "ਸੱਚ ਨਿਆਉ" ਹੀ ਥੰਮ੍ਹ ਹੈ। ਉਹ ਕਰਤਾ ਹੀ ਸਭ ਕਾਸੇ ਦਾ ਕਾਰਨ ਹੈ, ਉਹੋ ਸਭ ਕੁੱਝ ਆਪ ਕਰਦਾ ਤੇ ਫਿਰ ਆਪ ਵੇਖਦਾ ਤੇ ਸੰਭਾਲਦਾ ਹੈ ਜੋ ਇਸ ਸਭ ਦਾ ਸਿਰਜਣਹਾਰ ਹੈ। ਇਹ ਦ੍ਰਿੜ੍ਹ ਨਿਸ਼ਚਾ, ਅਟੱਲ ਵਿਸ਼ਵਾਸ ਤੇ ਅਟੁੱਟ ਰਿਸ਼ਤਾ ਜੀਵ ਦਾ ਕਰਤੇ ਨਾਲ ਵਿਹਾਰਕ ਤੋਰ ਤੇ ਹੋਣਾ ਚਾਹੀਦਾ ਹੈ।

# 6

## ਪੁਰਖੁ

"ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥"[591]

### ਗੁਰਮਤਿ ਅਰਥ

**ਪੁਰਖੁ-** ਹਸਤੀ ਜੋ ਹਰ ਸਰੀਰ ਵਿਚ ਵਿਆਪਕ ਹੈ, ਪ੍ਰਮਾਤਮਾ, ਮਰਦ, ਪਤੀ ਇਨ੍ਹਾਂ ਅਰਥਾਂ ਵਿਚ ਗੁਰਬਾਣੀ ਵਿਚ ਸ਼ਬਦ ਆਇਆ ਹੈ। "ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥"[759] ਓ ਅਕਾਲ ਜੋ ਨਾਸ ਤੋਂ ਰਹਿਤ ਹੈ ਸਭਨਾਂ ਵਿਚ ਇੱਕ ਰਸ ਤੇ ਇੱਕ ਸਮਾਨ ਸਮਾਂ ਰਿਹਾ ਹੈ।

### ਗੁਰਬਾਣੀ ਵਿਸਥਾਰ

ਇਹ ਪੁਰਖ ਆਪਣੇ ਆਪ ਤੋਂ ਆਪ ਹੀ ਹੈ । "ਆਦਿ ਪੁਰਖੁ ਅਪਰੰਪਰ ਆਪੇ॥ ਆਪੇ ਥਾਪੇ ਥਾਪਿ ਉਥਾਪੇ॥"[129] ਇੱਕ ਸਾਰ ਅਟੱਲ ਹੋਂਦ ਵਾਲੇ ਇਸ ਅਕਾਲ ਪੁਰਖ ਦੀ ਹੀ ਸੌਰ ਮੰਡਲੀ ਸਤਾ ਵਿਚ ਪ੍ਰਧਾਨਗੀ ਹੈ। "ਪੁਰਖੁ ਸਤਿ ਕੇਵਲ ਪਰਧਾਨੁ"[284] ਬਾਕੀ ਸਭ ਕਣ ਅਣੂ ਅੰਸ ਰੂਪ ਪਾਤਾਲ, ਆਕਾਸ਼, ਜਲ, ਥਲ,ਜੀਵ ਤੇ ਮਨੁੱਖ ਸਭ ਇੱਕ ਓ ਅਕਾਲ ਕਰਤਾ ਪੁਰਖ ਦੀ 'ਨਾਰ' ਹਨ। ਦੁਨਿਆਵੀ ਵਿਸ਼ਵਾਸ ਤੇ ਪ੍ਰੇਮ, ਭਰੋਸੇ ਦੇ ਅਟੁੱਟ ਬੰਧਨ ਦਾ ਰਿਸ਼ਤਾ ਸਮਝਾਉਂਦੇ ਹੋਏ ਸ਼ਬਦ ਗੁਰੂ ਸਪਸ਼ਟ ਕਰਦੇ ਹਨ "ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥"[591]

### ਨਾਨਕਸ਼ਾਹੀ ਨਜ਼ਰੀਆ

"ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰ ਰਵਿ ਰਹਿਆ॥"[350] ਸਤਿ ਗੁਰੂ ਨਾਨਕ ਜੀ ਦਾ ਕਹਿਣਾ ਹੈ ਕਿ ਉਹ ੧ੴ ਹਸਤੀ ਰੂਪ ਵਿਚ ਸਭ ਜੀਵਾਂ ਵਿਚ ਇੱਕ-ਰਸ ਅਰਥਾਤ ⌒ ਰੂਪ ਵਿਚ ਮੌਜੂਦ ਹੈ। ਵਜੂਦ ਵਿਚ ਨਾਂਹ ਕੋਈ ਅਕਾਲ ਦੀ ਇਸਤ੍ਰੀ ਹੈ ਤੇ ਨਾਂਹ ਹੀ ਉਹ ਅਕਾਲ ਕਿਸੇ ਦਾ ਪਤੀ ਹੈ, ਪਰ ਆਪਣੀ ਸੱਤਿਆ ਸਤਾ ਦੀ ਹਸਤੀ ਰੂਪ ਵਿਚ ਇਹ ਦੋਹਾਂ ਅੰਦਰ ਇੱਕ-ਰਸ ਜੀਵਨ ਜੁਗਤ ਨੂੰ ਆਪਣੇ ਹੱਥੀ ਚਲਾਉਣ ਵਾਲਾ ਪ੍ਰਮਾਤਮਾ ਪੁਰਖ ਹੈ।

ਅਜਿਹੀ ਹਸਤੀ ਵਾਲਾ "ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ॥"[1259] ਜਿਸ ਦੇ ਗਰਭ ਵਿਚੋਂ "ਅਕਾਲ ਪੁਰਖ" ਦੀ ਸ਼ਕਤੀ ਨਾਲ ਸਭ ਪੈਦਾ ਹੋ ਰਿਹਾ ਹੈ । "ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ ॥"[842] ਉਹ ਆਪਣੇ ਆਪ ਤੋਂ ਹੀ ਸਾਰੀ ਰਚਨਾ

ਕਰ ਰਿਹਾ ਹੈ। ਇੱਕ ਓ ਅਕਾਲ ਜੋ ਕਰਤਾ ਪੁਰਖ ਹੈ ਉਹ ਆਪ ਆਵਾਗਵਨ ਤੋਂ ਮੁਕਤ ਹੈ "ਪੁਰਖੁ ਕਹੀਐ ਜੀਵਨ ਮੁਕਤਿ" [276]। ਸਰਬੰਗੀ ਸ਼ਕਤੀਆਂ ਦਾ ਇਹੋ ਸ੍ਰੋਤ ਹੀ "ਪ੍ਰਤਿਪਾਲ ਅਚੁਤ ਪੁਰਖੁ ਏਕੋ ਤਿਸਹਿ ਸਿਉ ਰੰਗੁ ਲਾਗਾ" [927] ਹੈ; ਜੋ ਸੌਰ ਮੰਡਲ ਦੀ ਹੋਂਦ ਦੀ ਪਾਲਨਾ ਆਪਣੇ ਹੁਕਮ ਵਿਚ ਕਰ ਰਿਹਾ ਹੈ ਤੇ ਕਰਵਾ ਰਿਹਾ ਹੈ। ਇਸ ਇੱਕ ਓਅੰਕਾਰ ਸੁਅੰਭਵ ਸ਼ਕਤੀ ਦੀ ਰਜਾ ਦਾ ਕਿਰਦਾਰ ਵੀ ਉਸ ਵਰਗਾ ਹੀ ਆਪਣੇ ਆਪ ਤੋਂ ਆਪ ਹੈ। ਕਿਸੇ ਦੂਜੇ ਦੀ ਕਿਰਤ ਜਾਂ ਉਤਪਤੀ ਨਹੀਂ ਹੈ।

## ਜੀਵਨ ਅਮਲ ਵਿਚ ਅਪਣਾਉਣਾ

"ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ॥" [310] ਉਸ ਅਮਰ ਪ੍ਰਭੂ ਦੇ ਗੁਣ ਹਨ ਕਿ ਉਸ ਨੇ ਕਾਮ ਅਤੇ ਕ੍ਰੋਧ ਰੂਪੀ ਜ਼ਹਿਰ ਨੂੰ ਆਪਣੇ ਵਿਚੋਂ ਹਮੇਸ਼ਾ ਲਈ ਕੱਢ ਦਿੱਤਾ ਹੈ, ਅਜਿਹਾ ਹੀ ਉਸ ਦੀ ਰਚਨਾ ਵਿਚ ਜਿਹੜਾ ਮਨੁੱਖ ਆਪਣੇ ਕਿਰਦਾਰ ਵਿਚ ਕਰ ਲੈਂਦਾ ਹੈ ਤਾਂ ਉਸ ਦੇ ਹਿਰਦੇ ਵਿਚ ਓ-ਅਕਾਲ ਪੁਰਖ ਆਪ ਟਿਕਦਾ ਹੈ। ਇਸੇ ਹੀ ਤੁਕ ਵਿਚ ਅਗਲੀ ਲਾਈਨ ਵਿਚ ਗੁਰੂ ਸਾਹਿਬ ਜੀਵਨ ਅਮਲ ਦੀ ਪ੍ਰਾਪਤੀ ਇਉਂ ਦੱਸਦੇ ਹਨ ".....ਗੁਰਮੁਕਿ ਜਿਤਾ ਮਨਮੁਖਿ ਹਾਰਿਆ॥" ਅਜਿਹਾ ਜੀਵਨ ਅਮਲ ਬਣਾਉਣ ਵਾਲੇ ਗੁਰਮੁਖ ਜਿੱਤ ਹਾਸਲ ਕਰਦੇ ਹਨ ਤੇ ਉਹ ਜੋ ਆਪਣੇ ਮਨ ਦੇ ਮਗਰ ਤੁਰਦੇ ਹਨ; ਮਨਮੁਖ ਹਾਰ ਜਾਂਦੇ ਹਨ।

ਜਿਸ ਮਨੁੱਖ ਦੀ ਵੀ ਅਕਾਲ ਨੂੰ ਮਿਲਣ ਦੀ ਚਾਹਨਾਂ ਹੈ ਉਸ ਨਿਮਿਤ ਇਹ ਹੁਕਮ ਹੈ ਕਿ "ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ॥" [607] ਜੋ ਵੀ ਇਸਤ੍ਰੀ ਜਾਂ ਪੁਰਸ਼ ਆਪਣੇ ਆਪ ਨੂੰ ਤੁਲਨਾਤਮਿਕ ਰੂਪ ਵਿਚ 'ਮਰਦ' ਸਮਝਦੇ ਹਨ; ਉਨ੍ਹਾਂ ਲਈ ਇਹ ਜੀਵਨ ਅਮਲ ਹੈ ਕਿ ਉਹ ਇੱਕ ਅਕਾਲ ਪੁਰਖ ਦੇ ਇਨ੍ਹਾਂ ਗੁਣਾਂ ਨੂੰ ਆਪਣੇ ਜੀਵਨ ਅਮਲ ਦੇ ਅਮਲੀ ਜੀਵਨ ਦਾ ਪ੍ਰਗਟਾਵਾ ਬਣਾਉਣ।

# 7

# ਨਿਰਭਉ

"ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ"[464]

## ਗੁਰਮਤਿ ਅਰਥ

**ਨਿਰਭਉ-** ਨਿਰਭੈ । ਜਿਸ ਨੂੰ ਕਿਸੇ ਦਾ ਭੈ ਨਹੀਂ ਹੈ। ਨਿਡਰ, ਜਿਸ ਵਿਚ ਕਿਸੇ ਦਾ ਡਰ ਨਹੀਂ ਹੈ।

## ਗੁਰਬਾਣੀ ਵਿਸਥਾਰ

"ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ"[464] ਹੈ। ਓ ਜਿਹੜਾ ਇੱਕੋ ਇੱਕ ਪੁਰਖ ਹੈ ਉਹ ਸੁਭਾ, ਵਰਤਾਰੇ, ਅਮਲ, ਪਾਸਾਰ ਕਰ ਕੇ ਬੇਖ਼ੌਫ ਹੈ। ਇਹ ਨਿਰਭਉ ਸ੍ਰਿਸ਼ਟੀ ਵਿਚ "ਜਪਿ ਮਨ ਨਿਰਭਉ"[1201] ਰੂਪ ਵਿਚ "ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ"[28] ਇਸ ਸ੍ਰਿਸ਼ਟੀ ਦੀ ਸੰਭਾਲ ਕਰਦਾ ਹੈ।
ਇੰਜ ਇਹ ਸ੍ਰਿਸ਼ਟੀ ਦੇ ਕਣ ਕਣ ਵਿਚ ਪੂਰਨ ਰੂਪ ਵਿਚ ਜਪਦੇ ਹੋਏ ਸਮਾਇਆ ਹੋਇਆ ਹੈ "ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜਪਤਿ ਸਮਾਈ"[596] ਹੈ।

## ਨਾਨਕਸ਼ਾਹੀ ਨਜ਼ਰੀਆ

ਅਕਾਲ ਪੁਰਖ ਇੱਕੋ ਹੈ। ਅਸੀਂ ਬਤੌਰ ਮਨੁੱਖ ਉਸੇ ਇੱਕ ਦਾ ਹਿੱਸਾ ਹੁੰਦੇ ਹੋਏ ਨਿਰਭਉ ਵੀ ਹਾਂ। ਅਸੀਂ ਵਿਅਕਤੀ ਹੁੰਦੇ ਹੋਏ ਜ਼ਾਤੀ ਜਾਂ ਵਿਸ਼ੇਸ਼ ਹੁੰਦੇ ਹੋਏ ਵੀ ਉਸ ਇੱਕ ਦਾ ਹੀ ਸਮੂਹਿਕ 'ਨਿਰਭਉ' ਹਿੱਸਾ ਹਾਂ, ਇੰਜ ਅਸੀਂ ਕਦੇ ਵਿਚਾਰਿਆ ਨਹੀਂ। ਜਿਸ ਕਰ ਕੇ ਅਸੀਂ ਆਪਣੀ ਨਿੱਜੀ ਹੋਂਦ ਵਿਚ ਨਿਰਭਉ ਅਕਾਲ ਦੀ ਸਮੂਹਿਕ ਪਹਿਚਾਣ ਵਿਚ ਆਪਣੇ ਆਪ ਨੂੰ ਟਟੋਲਿਆਂ ਹੀ ਨਹੀਂ ਹੈ। ਜਿਸ ਕਰ ਕੇ ਅਸੀਂ ਡਰ ਵਿਚ ਹਾਂ। ਅਕਾਲ ਪੁਰਖ ਸਾਨੂੰ ਨਿਰਭਉ ਬਣਾਉਂਦਾ ਹੈ।
ਮਨੁੱਖ ਨੇ ਆਪਣੇ ਆਪ ਨੂੰ ਉਸ ਅਕਾਲ ਪੁਰਖ ਆਪਾ ਇੱਕ ਮਿੱਕ ਕਰਨ ਲਈ, ਰੱਬ ਨਾਲ ਜੁੜਨ ਲਈ ੧ਓ ਵਰਗਾ ਹੀ ਨਿਰਭਉ ਬਣਾਉਣਾ ਹੈ। ਜਿਸ ਦਾ ਸਿੱਧਾ ਰਾਹ ਇਹ ਹੈ ਕਿ ੧ਓ ਦੇ ਭਉ ਵਿਚ ਹੀ ਮਨੁੱਖ ਨਿਰਭਉ ਬਣ ਸਕਦਾ ਹੈ।
ਸਤਿ ਗੁਰੂ ਨਾਨਕ ਪਾਤਸ਼ਾਹ ਜੀ ਹੁਕਮ ਫੁਰਮਾਉਂਦੇ ਹਨ "ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥"[11]

## ਜੀਵਨ ਅਮਲ ਵਿਚ ਅਪਣਾਉਣਾ

ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦਾ ਜੀਵਨ ਜਿਊਣ ਦੇ ਢੰਗ ਤੇ ਕਿਰਦਾਰ ਪ੍ਰਤਿ ਹੁਕਮ ਹੈ "ਭੈ ਨਿਰਭਉ ਹਰਿ ਅਟਲੁ ਸਬਦਿ ਗੁਰ ਨੇਜਾ ਗਡਿਓ॥ ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥"[1396] ਗੁਰੂ ਸ਼ਬਦ ਦੀ ਸਤਾ ਨਾਲ ੧ਓ ਦੇ ਭਉ ਵਿਚ ਨਿਰਭਉ ਹੋ ਕੇ; ਚਿੱਤ ਤੇ ਚੇਤਨਾ ਵਿਚ ਅਕਾਲ ਪੁਰਖ ਦੇ ਮਾਰਗ ਦਾ ਨੇਜ਼ਾ ਗੱਡ ਲਓ ਕਿਉਂਕਿ ਇੰਜ ਜੀਵ ਆਤਮਾ ਪ੍ਰਮਾਤਮਾ ਨਾਲ ਮਿਲ ਕੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਹੇ ਵੈਰੀਆਂ ਤੇ ਫ਼ਤਹਿ ਹਾਸਲ ਕਰ ਜਾਂਦੀ ਹੈ । ਇਹੋ ੧ਓ ਦੀ ਗੁਰਮਤਿ ਦਾ ਮਾਰਗ ਹੈ । ਜੋ ਮਨੁੱਖਤਾ ਨੂੰ "ਸਤਗੁਰ ਮਤਿ ਗੂੜ੍ ਬਿਮਲ ਸਤ ਸੰਗਤਿ ਆਤਮੁ ਰੰਗਿ ਚਲੂਲੁ ਭਯਾ॥ ਜਾਗ੍ਯਾ ਮਨ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ॥"[1396] ਆਪਣੀ ਨਿਰਮਲ ਸਤ ਸੰਗਤ ਰਾਹੀਂ ਡੂੰਘੀ ਮਤ ਦਾ ਧਾਰਨੀ ਬਣਾ ਕੇ ੧ਓ ਦੇ ਭਉ, ਪਿਆਰ ਵਿਚ ਗੂੜ੍ਹਾ ਰੰਗ ਦਿੰਦਾ ਹੈ। ਇੰਜ ਸੰਸਾਰ ਰੂਪੀ ਚਿੱਕੜ ਵਿਚ ਵਿਚਰਦੇ ਹੋਏ ਵੀ ਹਿਰਦੇ ਵਿਚ ਕਉਲ ਫੁਲ ਖਿੜਦਾ ਹੈ ਤੇ ਮਨ ਤੇ ਸੁਰਤ ਜਾਗਦੀ ਹੈ। ਇੰਜ ਹੀ ਜੀਵ ਮਨੁੱਖ ਆਤਮਿਕ ਅਡੋਲਤਾ ਦਾ ਧਾਰਨੀ ਬਣਦਾ ਹੈ ਤੇ ਨਿਰਭਉ ੧ਓ ਨੂੰ ਆਪਣੇ ਅੰਦਰ ਹੀ ਲੱਭ ਲੈਂਦਾ ਹੈ ।

# 8

# ਨਿਰਵੈਰੁ

"ਨਿਰਾਹਾਰੀ ਨਿਰਵੈਰੁ ਸਮਾਇਆ॥"[1082]

## ਗੁਰਮਤਿ ਅਰਥ

**ਨਿਰਵੈਰੁ** ਜਿਸ ਦਾ ਕਿਸੇ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਵੈਰ ਨਹੀਂ ਹੈ। ਵੈਰ ਰਹਿਤ ।

## ਗੁਰਬਾਣੀ ਵਿਸਥਾਰ

"ਸਤਿਗੁਰੁ ਪੁਰਖੁ ਨਿਵੈਰੁ ਹੈ॥"[314] ੴ ਇੱਕ ਅਕਾਲ ਸੱਤਾਧਾਰੀ ਸਤਿ ਪੁਰਖ ਜੋ ਸਭ ਦਾ ਮਾਲਕ ਹੈ ਨਿਰਵੈਰ ਹੈ । ਭਾਈ ਗੁਰਦਾਸ ਜੀ ਵਾਰ 39 ਪਉੜੀ 1 ਅਨੁਸਾਰ ਇਸੇ ਅਰਥ ਦੀ ਪੁਸ਼ਟੀ ਕਰਦੇ ਹਨ- *ਸਤਿਨਾਮੁ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰੁ ਸਦਾਇਆ। ਅਕਾਲ ਮੂਰਤਿ ਪਰਤਖਿ ਹੋਇ ਨਾਊ ਅਜੂਨੀ ਸੈਭੰ ਭਾਇਆ।*

## ਨਾਨਕਸ਼ਾਹੀ ਨਜ਼ਰੀਆ

ਗੁਰੂ ਸ਼ਬਦ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਨਾਨਕ ਸਰਕਾਰ ਦੀ ਪ੍ਰਣਾਲੀ ਦਾ ਵਿਹਾਰਕ ਸੰਕਲਪ ਤੇ ਸਿਧਾਂਤ ਮਨੁੱਖ ਨੂੰ ਗਿਆਨ ਕਰਾਉਂਦੇ ਹਨ ਕਿ ਅਕਾਲ ਪੁਰਖ ਜਾਂ ਰੱਬ ਨਿਰਾਹਾਰੀ ਤੇ ਨਿਰਵੈਰ ਹੈ "ਨਿਰਾਹਾਰੀ ਨਿਰਵੈਰੁ ਸਮਾਇਆ॥"[1082] ਅਜਿਹਾ ਰੱਬ ਸਭ ਨੂੰ ਇੱਖ ਸਾਰ ਪਿਆਰ ਕਰਦਾ ਤੇ ਆਪਣੀ ਮਿਹਰ ਵਿਚ ਰੱਖਦਾ ਹੈ "ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥"[320]
ਅਕਾਲ ਪੁਰਖ ਵਾਂਗ ਹੀ ਲੋਕਾਈ ਤੇ ਸਤਾ ਦਾ ਸੁਖ ਮਾਣਨ ਵਾਲੇ ਨੂੰ ਵੀ ਹਿਰਦੇ ਤੋਂ ਇੱਕ ਰਸ ਨਿਰਵੈਰ ਹੋਣਾ ਚਾਹੀਦਾ ਹੈ "ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ"[1390]।

## ਜੀਵਨ ਅਮਲ ਵਿਚ ਅਪਣਾਉਣਾ

"ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜ੍ਹ ਭਗਤਿ ਹਰਿ॥"[1400] ਜੀਵ ਮਨੁੱਖ ਨੂੰ ਹਮੇਸ਼ਾ ਸ਼ਬਦ ਗੁਰੂ ਦੀ ਸਿੱਖਿਆ ਰਾਹੀਂ ਆਪਣੀ ਕਰਮ ਕਿਰਤ ਦੇ ਆਤਮਿਕ ਇਰਾਦੇ ਨੂੰ, ੧ੳ ਦੇ ਪਿਆਰ ਦੇ ਭਉ ਵਿਚ ਨਿਰਵੈਰ ਤੇ ਨਿਰਭਉ ਹੋ ਕੇ ਨਿਰੰਕਾਰ ਅਰਥਾਤ ਆਕਾਰ ਰਹਿਤ ਪ੍ਰਮਾਤਮਾ ਰੂਪ ਬਣ ਵਿਚਰਨਾ ਸਿੱਖਣਾ ਤੇ ਅਪਣਾਉਣਾ ਚਾਹੀਦਾ ਹੈ । ਤਾਂ ਜੋ ਮਨੁੱਖ ਕਿਰਦਾਰ ਅਤੇ

ਅਮਲ ਵਿਚ ਰੱਬੀ ਅੰਸ ਤੇ ਬੰਸ ਦਾ ਮਾਲਕ ਬਣ ਕੇ ਸਮਾਜ ਵਿਚ 'ਸ਼ਬਦ ਗੁਰੂ' ਦ ਰਾਹੀਂ ਨਵ ਨਿਰਮਾਣ ਕਰ ਸਕੇ।

ਜਿਹੜੇ ਮਨੁੱਖ ਮਨਮਤ ਦੀ ਜਕੜ ਵਿਚ ਨਿਰਵੈਰ ਤੇ ਨਿਰਭਉ ਨਾਲ ਵੈਰ ਰੱਖਦੇ ਜ ਵਧਾਉਂਦੇ ਹਨ ਉਹ ਮਨੁੱਖ ਆਪਣੇ ਹੀ ਘਰ ਵਿਚ ਈਰਖਾ ਦੀ ਚੁਆਤੀ ਦੀ ਅੱਗ ਲ ਕੇ ਭਖਦੇ ਰਹਿੰਦੇ ਹਨ "ਸਤਿਗੁਰ ਪੁਰਖੁ ਨਿਰਵੈਰੁ ਹੈ ਨਿਤ ਹਿਰਦੈ ਹਰਿ ਲਿ ਲਾਇ॥ ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ॥ ਅੰਤਰਿ ਕ੍ਰੋ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ॥"[1415] ਅਜਿਹੀ ਕਰਨੀ ਅਤੇ ਅਮਲ ਜ਼ਿੰਦਗੀ ਤੋਂ ਮਨੁੱਖ ਨੂੰ ਫਿਰ ਕਦੇ ਵੀ ਸਤ ਪੁਰਖ ਦੀ ਸਤਾ ਦਾ ਸੁੱਖ ਨਹੀਂ ਮਿਲਦਾ।

## 9

# ਅਕਾਲ

"ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ॥ "[916]

## ਗੁਰਮਤਿ ਅਰਥ

**ਅਕਾਲ-** ਚਿਰੰਜੀਵੀ ਜਾਂ ਅਬਿਨਾਸ਼ੀ ਸਤਾ ਜੋ ਸਮੇਂ ਦੀ ਪਕੜ ਤੋਂ ਉੱਪਰ ਹੈ। ਜਿਸ ਦਾ ਕਦੇ ਕਾਲ ਨਹੀਂ ਤੇ ਜੋ ਕਾਲ ਤੋਂ ਪਰੇ ਹੈ। ਗੁਰਮਤਿ ਸ਼ਬਦਾਵਲੀ ਵਿਚ ਅਕਾਲ ਪੁਰਖ ਰੱਬ ਲਈ ਨੀਅਤ ਕੀਤਾ ਗਿਆ ਹੈ। ਜੋ ੧ੴ ਹੈ।

## ਗੁਰਬਾਣੀ ਵਿਸਥਾਰ

"ਅਕਾਲ ਪੁਰਖ ਅਗਾਧਿ ਬੋਧ"[211] ਉਹ ਅਬਿਨਾਸ਼ੀ ਸਤਾ ਜਿਸ ਦੇ ਸਰੂਪ ਦੀ ਸਮਝ ਅਥਾਹ ਹੈ । ਜਿਸ ਦੀ ਕੋਈ ਮੂਰਤ ਨਹੀਂ । ਜੋ ਅਜੂਨੀ ਹੈ । ਆਪਣੇ ਆਪ ਤੋਂ ਆਪ ਹੈ । ਅਜਿਹੀ ਸਤਾ ਦੀ ਹੋਂਦ ਨੇ ਹੀ ਇਸ ਸ੍ਰਿਸ਼ਟੀ ਨੂੰ ਧੁੰਦੂਕਾਰੇ ਵਿਚੋਂ ਰੌਸ਼ਨੀ ਬਖ਼ਸ਼ ਕੇ ਗਿਆਨ ਦੀ ਚੇਤਨਾ ਰਾਹੀਂ ਰਚਨਾ ਦੀ ਸੂਝ ਕਰਾ ਸਭ ਦ੍ਰਿਸ਼ਮਾਨ ਕਰ ਦਿੱਤਾ ਹੈ "ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ॥ "[916]

## ਨਾਨਕਸ਼ਾਹੀ ਨਜ਼ਰੀਆ

"ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ"[1082] ਓ ੧ੴ ਸਤਾ ਜਿਸ ਨੂੰ ਕਿਸੇ ਦਾ ਵੀ ਕਦੇ ਵੀ ਕੋਈ ਭੈ ਨਹੀਂ ਹੈ । ਉਸੇ ਨੇ ਸੌਰ-ਮੰਡਲੀ ਰਾਹੀਂ ਪ੍ਰਤੱਖ ਹੋ ਕੇ ਸਭ ਕੁੱਝ ਸਿਰਜਿਆ ਹੈ।

ਵਾਰ 39 ਦੀ ਪਉੜੀ 1 ਵਿਚ ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹਨ- *ਅਕਾਲ ਮੂਰਤਿ ਪਰਤਖਿ ਹੋਇ ਨਾਉ ਅਜੂਨੀ ਸੈਭੰ ਭਾਇਆ*।

ਅਕਾਲ ਪਰਥਾਏ ਨਾਨਕਸ਼ਾਹੀ ਨਜ਼ਰੀਆ ਕਵੀ ਰੂਪ ਵਿਚ ਬਚਿਤ੍ਰ ਨਾਟਕ ਦੀ ਰਚਨਾ ਬੜਾ ਸਪਸ਼ਟ ਸਮਝਾਉਂਦੀ ਹੈ *'ਔਰ ਸੁ ਕਾਲ ਸਬੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ॥'* ਅਜਿਹੀ ਹਸਤੀ ਜਿਸ ਦੀ ਕਦੇ ਮੌਤ ਜਾਂ ਅੰਤ ਨਹੀਂ ਹੋ ਸਕਦਾ ਅਰਥਾਤ ਅਕਾਲ ਪੁਰਖ "ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ"[1038] ।

ਜੀਵ ਮਨੁੱਖ ਖ਼ਾਸ ਕਰ ਸਿੱਖ ਮਨੁੱਖ ਨੂੰ ਮੌਤ ਦੇ ਭੈਅ ਤੋਂ ਨਿਡਰ ਹੋ ਕੇ ਨਿਰਵੈਰ ਜ਼ਿੰਦਗੀ ਜਿਊਣ ਦੇ ਅਮਲ ਨੂੰ ਅਪਣਾਉਣਾ ਚਾਹੀਦਾ ਹੈ। ਕਿਉਂਕਿ; ਗੁਰਮਤਿ

ਪ੍ਰਣਾਲੀ ਦਾ ਰੱਬ ੧ਓ ਅਜਿਹਾ ਹੀ ਹੈ, ਤੇ ਸਿੱਖ ਲਈ ਉਸੇ ਅਕਾਲ ਵਰਗਾ ਬਣਨਾ 'ਸ਼ਬਦ ਗੁਰੂ' ਦਾ ਸਪਸ਼ਟ ਹੁਕਮ ਹੈ।

**ਜੀਵਨ ਅਮਲ ਵਿਚ ਅਪਣਾਉਣਾ**

"ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ॥ ਨਾਮੁ ਨਿਧਾਨੁ ਲਾਭੁ ਨਾਨਕ ਬਸਤੁ ਇਹ ਪਰਵਾਨੁ॥"[1121] ਉਹ ਅਕਾਲ ਜਿਸ ਦਾ ਨਾਮ ਸਤਿ ਪੁਰਖ - "ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ"[286] ਉਸ ਦੀ ਸ਼ਬਦ ਸ਼ਕਤੀ ਦੀ ਸਦੀਵ ਕਾਇਮ ਰਹਿਣ ਵਾਲੀ ਸਤਾ ਨੂੰ; ਆਪਣੇ ਹਿਰਦੇ ਵਿਚ ਟਿਕਾ ਕੇ 'ਸ਼ਬਦ' ਗਿਆਨ ਦੀ ਬਿਰਤੀ ਨੂੰ ਇੱਕ ਟੱਕ ਨਿਸ਼ਾਨਚੀ ਵਾਂਗ ਨਿਸ਼ਾਨਾਂ ਵਿੰਨ੍ਹਣ ਦੀ ਸੁਰਤ ਬਣਾ ਲਓ। ਜੀਵ ਗੁਰਮੁਖਾ ਲਈ ਜੀਵਨ ਯਾਪਣ ਦਾ ਆਦਰਸ਼ ਵਿਧਾਨ ਤੇ ਮਰਿਆਦਾ ਇਹੋ ਹੈ ਕਿ "ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ"[414] ਨਾਮੁ ਰੂਪੀ ਗੁਰਬਾਣੀ ਦਾ ਇਹੋ ਗਿਆਨ ਰੂਪੀ ਨਿਧਾਨ ਪਰਵਾਨ ਹੁੰਦਾ ਹੈ, ਲਾਭ ਦਾਇਕ ਹੈ। ਗੁਰੂ ਨਾਨਕ ਜੀ ਇਸੇ ਦੀ ਸੋਝੀ ਦੇ ਰਹੇ ਹਨ।
ਇਸੇ ਲਈ ਹੀ ਵਾਰ 1 ਪਉੜੀ 35 ਵਿਚ ਆਖਦੇ ਹਨ- *ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ*। ਭਾਵ ਇਹ ਕਿ ਸਤਿ ਗੁਰੂ ਨਾਨਕ ਪਾਤਸ਼ਾਹ ਜੀ "ਸ਼ਬਦ" ਰੂਪੀ ਗੁਰੂ ਰੂਪ ਅਕਾਲ ਹੋ ਕੇ ਵਿਚਰ ਰਹੇ ਹਨ । ਜਿਹੜੇ ਸਭ ਜੀਵ ਉਨ੍ਹਾਂ ਨੂੰ ਇਸ ਰੂਪ ਵਿਚ ਅਰਾਧਦੇ ਅਤੇ ਆਪਣੇ ਜੀਵਨ ਵਿਚ ਅਪਣਾਉਂਦੇ ਹਨ ਉਹ ਸਭ ਵੀ ਮਰਦੇ ਨਾ, ਸਗੋਂ ਕੀਰਤਨ ਦੀ ਧੁੰਨਕਾਰ ਦੀ ਇੱਕ ਰਸ ਵਿਆਪਤ ੑ ਵਾਂਗ ਗਗਨ ਵਿਚ ਵਿਚਰਦੇ ਹਨ। ਆਪਣਾ ਜੀਵਨ ਇੰਜ ਦਾ ਬਣਾਉਣਾ ਹੈ। "ਸਤਿਪੁਰਖੁ ਜਾ ਕੋ ਹੈ ਨਾਉ"[863] ਸਿੱਖ ਦੀ ਪਹਿਚਾਣ ਹੀ ਕਿਰਦਾਰ ਤੋਂ ਇੰਜ ਦੀ ਸਾਹਮਣੇ ਆਵੇ ਕਿ ਸਮਾਜ ਕਹਿ ਉੱਠੇ ਇਹੋ ਕਾਲ ਦਾ ਸਤਿਪੁਰਖ ਹੈ । ਹਰ ਕੋਈ ਲੋਚੇ ਕਿ ਮੈਨ ਵੀ ਇੰਜ ਦਾ ਹੀ ਬਣਨਾ ਹੈ ।

## 10

# ਮੂਰਤਿ

"ਏਕਾ ਮੂਰਤਿ ਸਾਚਾ ਨਾਉ॥ ਤਿਥੈ ਨਿਬੜੈ ਸਾਚੁ ਨਿਆਉ॥" 1188

### ਗੁਰਮਤਿ ਅਰਥ

**ਮੂਰਤਿ**- ਸਰੀਰ ਰੂਪ ਵਿਚ ਸ਼ਕਲ ਜਾਂ ਰੂਪ

### ਗੁਰਬਾਣੀ ਵਿਸਥਾਰ

"ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥" 663 ਸਤਿ ਗੁਰੂ ਨਾਨਕ ਜੀ ਸਮਝਾਉਂਦੇ ਹਨ ਕਿ 'ੴ' ਸਭ ਥਾਂ ਸਭ ਜੀਵਾਂ ਵਿਚ ਵਿਚ ਤੂੰ ਆਪਣੀ ਹੋਂਦ ਵਿਚ ਵਿਆਪਤ ਹੈ ਇਸ ਲਈ ਤੇਰੀਆਂ ਅਣਗਿਣਤ ਹੀ ਅੱਖਾਂ ਹੋਣ ਦੇ ਬਾਵਜੂਦ ਕਿਉਂਕਿ ੴ ਅਕਾਲ ਨਿਰਾਕਾਰ ਹੈ ਇਸ ਲਈ ਉਸ ਦੀ ਕੋਈ ਅੱਖ ਨਹੀਂ। ਇੰਜ ਹੀ ਅਣਗਿਣਤ ਜੀਵ ਰੂਪ ਉਸ ਦੀਆਂ ਸ਼ਕਲਾਂ ਹੋਣ ਦੇ ਬਾਵਜੂਦ ਨਿਰਾਕਾਰੀ, ਨਿਰੰਜਨ ਹੋਣ ਕਰ ਕੇ ਉਸ ਉਸ ਦਾ ਆਪਣਾ ਕੋਈ ਸਰੂਪ, ਸ਼ਕਲ ਨਹੀਂ ਹੈ। ੴ ਅਜਿਹੀ ਨਿਰਾਕਾਰ ਮੂਰਤਿ ਹੈ ਕਿ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥" 663 ਸਤਿ ਗੁਰੂ "ਗੁਰੂ ਸ਼ਬਦ" ਜੀ ਅਰਥਾਤ ਗੁਰੂ ਗ੍ਰੰਥ ਸਾਹਿਬ ਜੀ ਇਹ ਪ੍ਰਮਾਣ ਦਿੰਦੇ ਹਨ ਤੇ ਗਵਾਹੀ ਭਰਦੇ ਹਨ ਕਿ ੴ ਦੀ ਸਰਬ ਵਿਆਪਤ ਜੋਤਿ ਹੀ ਕਣ ਕਣ ਵਿਚ ਵਰਤ ਰਹੀ ਹੈ ਤੇ ਉਸੇ ਰਾਹੀਂ ਹੀ ਸਭ ਵਿਚ ਸੂਝ-ਬੂਝ ਦਾ ਪ੍ਰਕਾਸ਼ ਹੈ, ਜੋ ਅਕਾਲ ਮੂਰਤਿ ਨਿਰਾਕਾਰੀ; ਬਿਨਾ ਕਿਸੇ ਵੀ ਰੂਪ ਤੋਂ ਜੋਤਿ ਸਰੂਪ ਇੰਜ ਅਣੂ ਤੋਂ ਲੈ ਕੇ ਉਸ ਦੇ ਵਿਗਿਆਨਿਕ 'ਗਾਡ ਪਾਰਟੀਕਲ' ਤੱਕ ਵਿਚ ਉਹੀ ੴ ਹੀ ਵੱਸਦਾ ਹੈ। ਉਹੀ ਸ਼ਕਤੀ ਵਿਧਾਤਾ ਹੈ।

"ਏਕਾ ਮੂਰਤਿ ਸਾਚਾ ਨਾਉ॥ ਤਿਥੈ ਨਿਬੜੈ ਸਾਚੁ ਨਿਆਉ॥" 1188 ਮੂਰਤਿ ਤਾਂ ਸਮਝ ਆ ਗਈ, ਪਰ ਆਹ ਜੋ "ਮੂਰਤਿ" "ਸਾਚਾ ਨਾਉ" ਹੈ; ਫਿਰ ਇਹੁ **ਨਾਉ ਅਰਥਾਤ ਨਾਮ** ਕੀ ਹੈ ?

"ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ" 1239 ਰੱਬ ਨੂੰ "ੴ" ਵਜੋਂ ਮੰਨਣ ਵਾਲੇ ਗੁਰਮੁਖ ਮਨੁੱਖਾਂ ਨੂੰ ਸਤਿਗੁਰੂ ਸ਼ਬਦ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਇਹ ਸਿਖਿਆ ਦ੍ਰਿੜ੍ਹ ਕਰਵਾ ਰਹੇ ਹਨ ਕਿ ਗੁਰ "ਬਾਣੀ" ਸ਼ਬਦ ਸਰੂਪ ਹੈ। ਇਹ ਗਵਾਹੀ "ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ॥" 69 ਕਿ "ਗੁਰਬਾਣੀ ਵਰਤੀ ਜਗ

ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥"[1066] ਯਥਾ "ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ॥"[18] ਸਪਸ਼ਟ ਹੈ ਕਿ "ਏਕੰਕਾਰ ਨਾਮ ਉਰਧਾਰੰ॥"[1361]

## ਨਾਨਕਸ਼ਾਹੀ ਨਜ਼ਰੀਆ

"ਗੁਰੂ ਕਾ ਸਬਦਿ ਭਇਓ ਸਾਖੀ"[623] ਗੁਰੂ ਸਾਹਿਬ ਦਾ ਸ਼ਬਦ ਗੁਰੂ ਪ੍ਰਤੱਖ ਹੋਇਆ ਤੇ ਇਹ ਗਵਾਹੀ ਬਰਦਾ ਹੈ ਕਿ "ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ॥"[1249] ਇਸ ਲਈ "ਸੂਰਤਿ ਮੂਰਤਿ ਆਦਿ ਅਨੂਪੁ॥ ਨਾਨਕੁ ਜਾਚੈ ਸਾਚੁ ਸਰੂਪੁ॥"[686] ਸਦਾ ਥਿਰ ਹਸਤੀ ਵਾਲੇ ਨਿਰਾਕਾਰੀ ਸੂਰਤ ਰੱਖਦੇ ਪ੍ਰਭੂ ਦਾ ਵਜੂਦ ਆਦਿ ਤੋਂ ਹੀ ਚੱਲਿਆ ਆ ਰਿਹਾ ਹੈ, ਜਿਸ ਅੱਗੇ ਗੁਰੂ ਨਾਨਕ ਜੀ ਆਪ ਵੀ ਨਤਮਸਤਕ ਹੋ ਕੇ ਨਾਮੁ ਦੀ ਦਾਤ ਮੰਗਦੇ ਹਨ। ਇਸੇ ਪਰਥਾਏ ਭਾਈ ਗੁਰਦਾਸ ਜੀ ਨੇ ਵਾਰ 11ਵੀਂ ਦੀ ਪਉੜੀ 2 ਵਿਚ ਸਪਸ਼ਟ ਕੀਤਾ ਹੈ- *ਗੁਰ ਮੂਰਤ ਗੁਰ ਸ਼ਬਦ ਸੁਣ* । ਅਤੇ ਵਾਰ 24 ਦੀ ਪਉੜੀ 11 ਵੀ ਤੇ 25 ਵੀ ਵਿਚ ਕਿਹਾ ਹੈ- *ਗੁਰ ਮੂਰਤਿ ਗੁਰਸਬਦੁ ਹੈ* । "ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥"[496] ਸ਼ਬਦ ਰੂਪੀ ਨਾਮ ਹੀ ਗੁਰੂ ਬਾਣੀ ਰਾਹੀਂ ਪ੍ਰਤੱਖ ਹੋ ਕੇ ਅਕਾਲ ਪੁਰਖ ਦੀ ਮੂਰਤਿ ਬਣ ਆਕਾਰ ਰੂਪ ਵਿਚ ਵਿਚਰਦਾ ਪਿਆ ਹੈ। ਇਸੇ ਨਿਮਿਤ ਭਾਈ ਗੁਰਦਾਸ ਜੀ ਫਿਰ ਆਖਦੇ ਹਨ ਵਾਰ 32 ਪਉੜੀ 2- *ਗੁਰ ਮੂਰਤਿ ਸਤਿਗੁਰ ਸਬਦੁ* । "ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥"[1043] ਇਸੇ ਨਾਦੀ ਰੂਪ ਵਿਚ ਸਾਕਾਰ ਮੂਰਤ ਬਣ ਕੇ ਇੱਕ ਅਕਾਲ ਇੱਕ ਸਾਰ ਹਰ ਥਾਂ ਵਰਤ ਰਿਹਾ ਹੈ।

## ਜੀਵਨ ਅਮਲ ਵਿਚ ਅਪਣਾਉਣਾ

ਗੁਰੂ ਦੇ ਸ਼ਬਦ ਅਰਥਾਤ ਗੁਰਬਾਣੀ ਤੋਂ ਸਿਵਾ ਗੁਰੂ ਦੀ ਅਤੇ ਅਕਾਲ ਪੁਰਖ ਦੀ ਮੂਰਤ ਹੋਰ ਕੋਈ ਨਹੀਂ ਹੈ । ਕਿਸੇ ਵੀ ਸਰੂਪ ਧਾਰੀ ਨੂੰ, ਦੇਵ ਨੂੰ, ਸਾਧ-ਸੰਤ ਨੂੰ, ਮੂਰਤੀ ਨੂੰ ਗੁਰਮੁਖ ਮਨੁੱਖ ਸਿੱਖ ਨੇ ਆਪਣਾ ਗੁਰੂ ਜਾਂ ਰੱਬ ਨਹੀਂ ਮੰਨਣਾ ਹੈ ਤੇ ਨਾਂਹ ਹੀ ਪੂਜਣਾ ਹੈ। ਸਾਕਾਰ ਸਰੂਪ ਚਿੱਤਰ ਰੂਪ ਜਾਂ ਮੂਰਤੀ ਰੂਪ ਵਿਚ ਦਿੱਖਣ ਵਾਲੇ "ਗੁਰੂ ਜਾਂ ਅਕਾਲ" ਨੂੰ ਕੋਈ ਮਾਨਤਾ ਜਾਂ ਸਤਿਕਾਰ ਨਹੀਂ ਦੇਣਾ ਹੈ। ਇਹ ਸਭ ਧੋਖਾ, ਝੂਠ, ਫ਼ਰੇਬ ਅਤੇ ਪਾਖੰਡ ਕਰਮ ਹੈ।

ਆਪਣੇ ਘਰ, ਦਫ਼ਤਰ, ਵਪਾਰਕ ਸੰਸਥਾਨ ਅਤੇ ਗੁਰਦੁਆਰੇ ਵਿਚ ਕੋਈ ਵੀ ਮੂਰਤੀ, ਫ਼ੋਟੋ, ਚਿੱਤਰ ਆਦਿ ਨਹੀਂ ਰੱਖਣਾ ਤੇ ਨਹੀਂ ਪੂਜਣਾ। ਅਜਿਹਾ ਕਰ ਕੇ ਮਨੁੱਖ ਨਿਰਾਕਾਰ ਅਕਾਲ ਪੁਰਖ ਦੀ ਤੌਹੀਨ ਕਰਦਾ ਤੇ ਉਸ ਦੀ ਸਿੱਖਿਆ ਤੋਂ ਉਲਟ ਚੱਲਦਾ ਹੈ। "*ਗੁਰ ਮੂਰਤਿ ਗੁਰਸਬਦੁ ਹੈ* ।" ਨੂੰ ਜੀਵਨ ਵਿਚ ਅਪਣਾਉਣਾ ਤੇ ਇਸੇ ਤੇ ਆਪਣਾ ਵਿਸ਼ਵਾਸ ਬਣਾਉਣਾ ਹੈ।

# 11

# ਅਜੂਨੀ

"ਆਜੂਨੀ ਸੰਭਉ॥"[120]

## ਗੁਰਮਤਿ ਅਰਥ

**ਅਜੂਨੀ-** ਜੋ ਜੰਮਣ ਮਰਨ ਤੋਂ ਪਰੇ ਹੈ। ਜੋ ਜੂਨੀਆ ਤੋਂ ਰਹਿਤ ਹੈ, ਮਰਨ ਜੰਮਣ ਦੇ ਗੇੜ ਤੋਂ ਬਾਹਰ ਹੈ।

## ਗੁਰਬਾਣੀ ਵਿਸਥਾਰ

"ਅਕਾਲ ਮੂਰਤਿ ਅਜੂਨੀ ਸੰਭੌ"[99] ੳ ਅਕਾਲ, ੧ੳ ਜੋ ਮੂਰਤ ਹੋ ਕੇ ਵੀ ਅਮੂਰਤ ਨਿਰਾਕਾਰ ਹੈ। ਉਹ ਜੂਨਾਂ, ਗਰਭ ਵਿਚ ਨਹੀਂ ਆਉਂਦਾ ਤੇ ਨਾਂਹ ਹੀ ਕਿਸੇ ਮਾਂ ਦੀ ਪੇਟ ਵਿਚੋਂ ਜੰਮਦਾ ਹੈ । ਉਹ ਸਰਬ ਸ਼ਕਤੀਮਾਨ ਆਦਿ ਸ੍ਰੋਤ ਤੇ ਪ੍ਰਾਣ ਆਪਣੇ ਆਪ ਤੋਂ ਹੀ ਆਪ ਉਪਜਿਆ ਹੈ । ਆਪਣੀ ਸ਼ਕਤੀ ਨਾਲ ਹੀ ਸ੍ਰਿਸ਼ਟੀ ਦੇ ਕਣ ਕਣ ਵਿਚ ਤੇ ਪ੍ਰਾਣ ਰੂਪ ਕਰ ਵੱਸ ਗਿਆ ਹੈ ।"ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ॥"[916] ਉਸੇ ਨੇ ਹੀ ਸੌਰ ਮੰਡਲੀ ਧੁੰਦੂਕਾਰੇ ਨੂੰ ਪ੍ਰਕਾਸ਼ਵਾਨ ਕੀਤਾ ਹੈ।

## ਨਾਨਕਸ਼ਾਹੀ ਨਜ਼ਰੀਆ

ਜਿਸ ਦਾ ਕੋਈ ਬਾਪ ਨਹੀਂ ਹੈ, ਤੇ ਜੋ ਕਿਸੇ ਵੀ ਮਾਂ ਦੀ ਪੇਟ ਵਿਚੋਂ ਜਨਮ ਨਹੀਂ ਲੈਂਦਾ । ਉਹ ਜੂਨਾਂ ਵਿਚ ਵੀ ਨਹੀਂ ਆਉਂਦਾ, ੧ੳ ਅਰਥਾਤ ਅਕਾਲ ਪੁਰਖ ਅਜਿਹੀ ਪ੍ਰਤੱਖ ਹੋਂਦ ਦਾ ਸਰੂਪ ਰੱਖਦਾ ਹੈ। "ਏਕਮ ਏਕੰਕਾਰ ਨਿਰਾਲਾ॥ ਅਮਰ ਅਜੋਨੀ ਜਾਤਿ ਨ ਜਾਲਾ॥ ਅਗਮ ਅਗੋਚਰ ਰੂਪ ਨ ਰੇਖਿਆ॥"[838] ਜਿਸ ਦਾ ਅਜਿਹਾ ਨਿਰਾਲਾ ਸਰੂਪ ਨਿਰਾਕਾਰ ਹੁੰਦੇ ਹੋਏ ਵੀ ਪ੍ਰਤੱਖ ਸਾਕਾਰ ਸੌਰ ਮੰਡਲੀ ਹੋਂਦ ਵਿਚ ਵਿਆਪਤ ਹੈ। ਇਸ ਹੋਂਦ ਦਾ ਪ੍ਰਤੱਖ ਕਰਤਾ ਵੀ ਉਹ ਆਪ ਹੀ ਹੈ ਇੱਕ ਅਕਾਲ "ਆਜੂਨੀ ਸੰਭਉ॥"[120] ਹੈ।

## ਜੀਵਨ ਅਮਲ ਵਿਚ ਅਪਣਾਉਣਾ

ਕਿਸੇ ਵੀ ਸਾਕਾਰ ਮਾਂ ਦੇ ਪੇਟ ਤੋਂ ਜਨਮ ਲੈਣ ਵਾਲੇ ਤੇ ਵਿਅਕਤੀ ਨੂੰ ਪਿਤਾ ਮੰਨਣ ਵਾਲੇ ਅਨਸਰ ਨੂੰ ਰੱਬ, ਦੇਵਤਾ, ਸੰਤ ਜਾਂ ਪੈਗ਼ੰਬਰ ਨਹੀਂ ਮੰਨਣਾ। ਸ਼ਬਦ ਗੁਰੂ

ਗੁਰਬਾਣੀ ਸਿੱਖ ਮਨੁੱਖ ਲਈ ਇਹੋ ਹੁਕਮ ਆਇਦ ਕਰਦੀ ਹੈ। ਜਿਵੇਂ ਕਿਸੇ ਚਿੱਤਰ, ਦੇਵੀ ਦੇਵਤੇ ਦੀ ਮੂਰਤ ਨੂੰ ਅਕਾਲ ਪੁਰਖ ਸਰੂਪ ਨਹੀਂ ਮੰਨਣਾ ਉਵੇਂ ਹੀ ਕਿਸੇ ਵੀ ਜਨਮ ਮਰਨ ਵਾਲੇ ਵਿਅਕਤੀ ਨੂੰ ਅਕਾਲ ਪੁਰਖ ਦਾ ਦੂਤ ਜਾਂ ਸੰਦੇਸ਼ ਵਾਹਕ ਜਾਂ ਰੱਬ ਵਾਂਗ ਪੂਜਨੀਕ ਨਹੀਂ ਮੰਨਣਾ। ਮਨੁੱਖ ਸਿੱਖ ਲਈ ਇਹ ਸ਼ਬਦ ਗੁਰੂ ਦਾ ਹੁਕਮ ਹੈ। ਸਿੱਖ ਸਮਾਜ ਵਿਚ ਪ੍ਰਚਲਿਤ ਧਾਰਨਾ ਵੀ ਸੀਨਾਂ ਬ ਸੀਨਾਂ ਇਹੋ ਹੋਈ ਹੈ ਕਿ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ'।

# 12

# ਸੈਭੰ

"ਅਕਾਲਿ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥"[1]

## ਗੁਰਮਤਿ ਅਰਥ

**ਸੈਭੰ-** ਆਪਣੇ ਆਪ ਤੋਂ ਉਤਪੰਨ ਹੋਣ ਵਾਲਾ, ਆਪਣੇ ਆਪ ਤੋਂ ਆਪ ਹੀ ਉਤਪਤ।

## ਗੁਰਬਾਣੀ ਵਿਸਥਾਰ

"ਏਕਮ ਏਕੈ ਆਪੁ ਉਪਾਇਆ॥"[113] ਉਹ ੧ਓ , ਇੱਖ ਅਕਾਲ ਪੁਰਖ ਆਪ ਹੀ ਆਪਣੇ ਤੋਂ ਉਪਜਿਆ ਹੈ; ਇਸੇ ਕਰ ਕੇ ਉਹ ਸੈਭੰ ਭਾਵ ਸਵੈ ਤੋਂ ਪੈਦਾ ਹੋਇਆ, ਇੱਕੋ ਇੱਕ ਪੁਰਖ ਹੈ । ਇਸੇ ਲਈ ਅਕਾਲ "ਆਜੂਨੀ ਸੰਭਉ॥"[120] ਹੈ। "ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ ॥"[916] ਉਸ ਨੇ ਆਪਣੇ ਆਪ ਤੋਂ ਹੀ ਦ੍ਰਿਸ਼ਮਾਨ ਤੇ ਅਦ੍ਰਿਸ਼ ਸਭ ਪੈਦਾ ਕੀਤਾ ਜਾਂ ਉਪਾਇਆ ਹੈ। ਅਜਿਹੀ ਸੌਰ ਮੰਡਲੀ ਸਤਿ ਸਤਾ ਦਾ ਮਾਲਕ "ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ ॥20॥"[916] ਉਹ ਆਪ ਹੀ ਸ੍ਰਿਸ਼ਟੀ ਨੂੰ ਆਪਣੇ ਆਪ ਤੋਂ ਹੀ ਚਲਾਏ ਮਾਨ ਰੱਖਦਾ ਹੈ ।

## ਨਾਨਕਸ਼ਾਹੀ ਨਜ਼ਰੀਆ

ਆਪਣੇ ਆਪ ਤੋਂ ਉਤਪੰਨ ਅਕਾਲ ਪੁਰਖ "ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ॥"[597] ਜਾਤ, ਵਰਨ, ਗੋਤ, ਭਰਮ ਤੇ ਭੈਅ ਤੋਂ ਪਰੇ ਹੈ, ਸੱਚੋਂ ਸੱਚ ਪ੍ਰਭੁਤਾਸੰਪਨ ਪੁਰਖ ਹੈ। ਇਸੇ ਹੀ ਪੁਰਖ ਦਾ ਇੱਕੋ ਇੱਕ ਰਾਜ ਤੇ ਹੁਕਮ ਸ੍ਰਿਸ਼ਟੀ ਤੇ ਪਸਰ ਰਿਹਾ ਹੈ "ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ॥"[1334] ਅਜਿਹੇ ਜਗਤ ਗੁਰੂ ਦਾ ਹੀ ਬਚਨ ਅਰਥਾਤ ਸ਼ਬਦ ਨਾਲ ਹੀ ਸ੍ਰਿਸ਼ਟ ਬੱਝੀ ਚੱਲ ਰਹੀ ਹੈ "ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ॥"[1397]

## ਜੀਵਨ ਅਮਲ ਵਿਚ ਅਪਣਾਉਣਾ

ਮਨੁੱਖ ਨੂੰ ਸੰਸਾਰਿਕ ਭਰਮ ਭੁਲਾਵੇਂ ਅਤੇ ਚਤੁਰਾਈਆਂ ਤੋਂ ਦਿਮਾਗ਼ ਸੁਤੰਤਰ ਕਰ ਕੇ ਇੱਕ ਅਕਾਲ ਪੁਰਖ ਦੀ ਇਸੇ ਹਸਤੀ ਨਾਲ ਹੀ ਇੱਕ ਮਿੱਕ ਹੋਣਾ, ਮਨੁੱਖ ਦਾ

ਕੁਦਰਤੀ ਮਾਰਗ ਨੀਅਤ ਕੀਤਾ ਗਿਆ ਹੈ; ਜੋ ਹਸਤੀ ਆਪਣੇ ਆਪ ਤੋਂ ਆਪ ਹੀ ਉਪਜਦੀ ਤੇ ਆਪਣੇ ਆਪ ਤੋਂ ਸਾਰੀ ਸ੍ਰਿਸ਼ਟੀ ਨੂੰ ਹੋਂਦ ਵਿਚ ਲਿਆ ਕੇ ਚਲਾਉਂਦੀ ਆ ਰਹੀ ਹੈ। "ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ॥"[503] ਜੋ ਰੱਬ ਸਾਰੇ ਜਗਤ ਦਾ ਮੂਲ ਹੈ ਤੇ ਜਿਸ ਤੋਂ ਸਾਰਾ ਜਗਤ ਹੈ। ਜਿਸ ਦੇ ਪ੍ਰਕਾਸ਼ ਤੋਂ ਸ੍ਰਿਸ਼ਟੀ ਚਲਾਏਮਾਨ ਹੈ ਤੇ ਜਿਸ ਦਾ ਪ੍ਰਕਾਸ਼ ਖ਼ੁਦ ਆਪਣੇ ਆਪ ਤੋਂ ਹੈ; ਉਸ ੧ਓ ਪ੍ਰਭੂ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਸੰਸਾਰੀ ਜੰਜਾਲਾਂ ਤੋਂ ਮੁਕਤ ਹੋ ਕੇ ਜਿਊਣਾ ਆਰੰਭ ਕਰੋ। ਫਿਰ ਇਹ ਜਗਤ ਤੁਹਾਡਾ ਤੇ ਤੁਸੀਂ ਜਗਤ ਦੇ ਹੋ ਜਾਉਗੇ। ਇੰਜ ਦੀ ਬਣਤਰ ਬਣਾ ਕੇ ਸਿੱਖ ਮਨੁੱਖ ਸੰਸਾਰ ਵਿਚ ਆਪਣੇ ਆਪ ਨੂੰ ਪ੍ਰਭੂ ਸਤਾ ਸੰਪੰਨ ਕਰ ਕੇ ਜੀਓ ਕੇ ਦਿਖਾਉਣ, ਗੁਰਮਤਿ ਦਾ ਇਹੋ ਸੰਕਲਪ ਹੈ।

# 13

# ਗੁਰ

"ਮਤਿ ਵਿਚਿ ਰਤਨੁਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥" 2

## ਗੁਰਮਤਿ ਅਰਥ

**ਗੁਰ-** ਕਰਤਾ। ਕਿਸੇ ਮਤ ਦਾ ਚਲਾਉਣ ਵਾਲਾ ਆਚਾਰੀਆ। ਆਤਮਿਕ ਗਿਆਨ ਦਾਤਾ ਜਾਂ ਸਿੱਖਿਆ ਦੇਣ ਵਾਲਾ। ਵਾਹਿਗੁਰੂ ਪ੍ਰਭੂ ਤੋਂ ਇਲਾਵਾ ਇਹ ਸ਼ਬਦ ਸਿੱਖ ਮਤ ਦੇ (ਵਿਚ ਗੁਰੂ) ਆਗੂਆਂ ਲਈ ਵਰਤਿਆ ਜਾਣ ਵਾਲਾ ਪਦ ਵੀ ਹੈ ਸ੍ਰੀ ਗੁਰੂ ਗ੍ਰੰਥ ਕੋਸ਼। ਮਹਾਨ ਕੋਸ਼ ਅਨੁਸਾਰ 'ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇੱਕੋ ਹੀ ਅਰਥ ਵਿਚ ਆਇਆ ਹੈ; ਯਥਾ "ਗੁਰ ਅਪਨੇ ਬਲਿਹਾਰੀ", "ਸੁਖਸਾਗਰੁ ਗੁਰੁ ਪਾਇਆ" ਅਤੇ "ਅਪਨਾ ਗੁਰੂ ਧਿਆਏ"।

## ਗੁਰਬਾਣੀ ਵਿਸਥਾਰ

"ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ॥" 1043 ਗੁਰੂ ਗ੍ਰੰਥ ਦਰਪਣ ਵਿਚ ਪ੍ਰੋ. ਸਾਹਿਬ ਸਿੰਘ ਜੀ ਇਸ ਦੇ ਅਰਥ ਕਰਦੇ ਹੋਏ ਲਿਖਦੇ ਹਨ ਕਿ 'ਗੁਰੂ ਤੇ ਪ੍ਰਮਾਤਮਾ ਦੋਹਾਂ ਦੀ ਇੱਕੋ ਹੀ ਹਸਤੀ ਹੈ ਜੋ ਜਗਤ ਵਿਚ ਕੰਮ ਕਰ ਰਹੀ ਹੈ। ਜੋ ਹਰੀ ਨੂੰ ਚੰਗਾ ਲੱਗਦਾ ਹੈ ਉਹ ਗੁਰੂ ਨੂੰ ਚੰਗਾ ਲੱਗਦਾ ਹੈ, ਤੇ ਜੋ ਗੁਰੂ ਨੂੰ ਭਾਉਂਦਾ ਹੈ ਉਹੀ ਹਰੀ ਪ੍ਰਭੂ ਨੂੰ ਪਸੰਦ ਹੇ।' ਇਸ ਕਰ ਕੇ "ਗੁਰ ਮੂਰਤਿ ਸਿਉ ਲਾਇ ਧਿਆਨੁ॥" 192 ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਗੁਰਬਾਣੀ ਗੁਰੂ ਹੈ "ਮਾਣਸ ਮੂਰਤਿ ਨਾਨਕੁ ਨਾਮੁ॥" 350

## ਨਾਨਕਸ਼ਾਹੀ ਨਜ਼ਰੀਆ

"ਸਿਖੀ ਸਿਖਿਆ ਗੁਰ ਵੀਚਾਰਿ॥" 465 ਗੁਰੂ ਦੀ ਦਿੱਤਾ ਉਪਦੇਸ਼ ਹੀ ਸਿੱਖ ਲਈ ਆਦੇਸ਼ ਰੂਪ ਸਿੱਖਿਆ ਹੈ। ਇਸ ਗੁਰਮਤਿ ਵਿੱਦਿਆ ਦੀ ਟਕਸਾਲ ਵਿਚ "ਸਬਦੁ ਗੁਰੂ ਸੁਰਤਿ ਧੁਨਿ ਚੇਲਾ॥" 943 ਦਾ ਕ੍ਰਮਗਤ ਵਿਕਾਸ ਅਤੇ ਵਿਗਾਸ ਹੈ। ਜਿਸ ਵਿਚ ਉਸ ੧ਓੰ ਦੀ ਅੰਸ, ਮਨੁੱਖ ਮਾਤਰ ਲਈ ਮਨੁੱਖੀ ਕਿਰਦਾਰ ਦਾ ਆਚਰਨ "ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥" 444 ਵਾਲਾ ਏਕੰਕਾਰ ਆਪ ਨੀਅਤ ਕਰਦਾ ਹੈ। ਮਨੁੱਖਤਾ ਦੀ ਮੰਜ਼ਿਲ "ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥" 304 ਗੁਰਬਾਣੀ ਸੱਚੇ ਪ੍ਰਭੂ ਦਾ ਸਰੂਪ ਹੈ, ਤੇ ਗੁਰਬਾਣੀ ਉਹੋ ਜਿਹਾ ਹੀ

ਸਰੂਪ ਮਨੁੱਖਤਾ ਦਾ ਬਣਾਉਣ ਲਈ ਉਪਦੇਸ਼ ਕਰਦੀ ਹੈ । ਬਤੌਰ "ਸ਼ਬਦ ਗੁਰੂ" ਸਿੱਖ ਦਾ ਕਿਰਦਾਰ, ਸਰੂਪ ਤੇ ਰੂਹ ਗੁਰਬਾਣੀ ਇੰਜ ਦਾ ਹੀ ਬਣਾਉਂਦੀ ਹੈ। ਜਿਸ ਲਈ ਮਨੁੱਖ ਨੂੰ ਗੁਰਬਾਣੀ ਸ਼ਬਦ ਗੁਰੂ ਵਰਗਾ ਬਣਨ ਲਈ ਆਪਣੇ ਆਪ ਨੂੰ ਇਸ ਰਾਹ ਤੇ ਤੋਰਨਾ ਤੇ ਟਕਸਾਲ ਵਿਚ ਘੜਨਾ ਪੈਂਦਾ ਹੈ।

## ਜੀਵਨ ਅਮਲ ਵਿਚ ਅਪਣਾਉਣਾ

"ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ॥"[100] ਸ਼ਬਦ ਗੁਰੂ ਨੇ ਉਸ ਸਿੱਖ ਮਨੁੱਖ ਨੂੰ ਜਿਸ ਨੇ ਗੁਰੂ ਦੀ ਸਿੱਖਿਆ ਨੂੰ ਆਤਮਾ ਤੋਂ ਕਰਮਾਂ ਤੱਕ ਅਪਣਾ ਕੇ ਕਿਰਦਾਰ ਵਿਚ ਲਾਗੂ ਕਰ ਲਿਆ ਹੈ; ਉਸ ਨੂੰ ਪ੍ਰਮਾਤਮਾ ਦੇ ਰਸਤੇ ਉੱਤੇ ਤੋਰ ਕੇ; ਸਦਾ ਥਿਰ ਰਹਿਣ ਵਾਲਾ ਸ਼ਬਦ ਬਖ਼ਸ਼ ਦਿੱਤਾ ਹੈ । ਉਹ ਸਦੀਵ ਲਈ ਪ੍ਰਕਾਸ਼ਵਾਨ ਹੋ ਗਿਆ ਹੈ।
"ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥"1372 ਗੁਰੂ ਨਾਨਕ ਸਰਕਾਰ ਆਪਣੇ ਮੰਨਣ ਵਾਲੇ ਨੂੰ ਰੱਤੀ ਭਰ ਦੀ ਵੀ ਕੋਈ ਛੂਟ ਨਹੀਂ ਦਿੰਦੀ, ਉਹ ਸ਼ਤ ਪ੍ਰਤਿਸ਼ਤ ਮਨੁੱਖ ਨੂੰ ਬਤੌਰ ਸਿੱਖ "ਜੈਸਾ ਹਰਿ ਹੀ ਹੋਇ" ਵਰਗਾ ਹੀ ਪਰਵਾਨ ਕਰਦੀ ਹੈ।
ਇਸੇ ਮੰਜ਼ਿਲ ਨੂੰ ਆਪਣੇ ਜੀਵਨ ਕਾਲ ਵਿਚ ਸਿੱਖ ਨੇ ਫ਼ਤਹਿ ਕਰਨਾ ਹੈ।

## 14

# ਪ੍ਰਸਾਦਿ

"ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ॥" 524

### ਗੁਰਮਤਿ ਅਰਥ

**ਪ੍ਰਸਾਦਿ-** ਕਿਰਪਾ ਨਾਲ, ਮਿਹਰ ਸਦਕਾ, ਅਕਾਲ ਦੀ ਬਖ਼ਸ਼ਿਸ਼

### ਗੁਰਬਾਣੀ ਵਿਸਥਾਰ

ਇਸ ਕਿਰਪਾ ਸਦਕਾ "ਗੁਰ ਪਰਸਾਦਿ ਭਇਓ ਮਨੁ ਨਿਰਮਲੁ ਸਰਬ ਸੁਖਾ ਸੁਖ ਪਾਇਅਉ॥" 496 ਅਕਾਲ ਪੁਰਖ ਦੀ ਕਿਰਪਾ ਦੀ ਦਯਾ ਨਾਲ ਜਦੋਂ ਮਨੁੱਖ ਦਾ ਹਿਰਦਾ ਸ਼ੁੱਧ ਤੇ ਚੇਤਨਾ ਗੁਰਮੁਖ ਬਣ ਜਾਂਦੀ ਹੈ ਤਾਂ ਅਕਾਲ ਦੀ ਕਿਰਪਾ ਹੋ ਜਾਂਦੀ ਹੈ "ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨਾ ਹੋਇ॥" 1249 ਫਿਰ ਮਨੁੱਖ ਦੁਨੀਆ ਦਾਰੀ ਦੇ ਨਾਂਹ ਲਾਭ ਦਾਇਕ ਕੰਮਾਂ ਵਿਚ ਲੱਗਾ ਰਹਿ ਕੇ ਅਕਾਲ ਪੁਰਖ ਦੀ ਕਿਰਪਾ ਨਾਲ ਇਸ 'ਸ਼ਬਦ ਗੁਰੂ ਦੀ ਸ਼ਕਤੀ' ਰਾਹੀਂ 'ਸੱਚ' ਅੰਮ੍ਰਿਤ ਦੀ ਦਾਤ ਹਾਸਿਲ ਕਰ ਲੈਂਦਾ ਹੈ।

### ਨਾਨਕਸ਼ਾਹੀ ਨਜ਼ਰੀਆ

"ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ॥" 476 ਜਦੋਂ ਅਕਾਲ ਪੁਰਖ ਆਪਣੀ ਮਿਹਰ ਕਰਦਾ ਹੈ ਤਾਂ ਮਨੁੱਖ ਨੂੰ ਉਸ ਦੇ ਹੁਕਮ ਦਾ ਗਿਆਨ ਹੋਣਾ ਅਰੰਭ ਹੋ ਜਾਂਦਾ ਹੈ। ਕੀ ਸਮਝ ਪੈਂਦੀ ਹੈ ? "ਹਉ ਪੂਤੁ ਤੇਰਾ ਤੂੰ ਬਾਪੁ ਮੇਰਾ॥ ਏਕੈ ਠਾਹਰ ਦੁਹਾ ਬਸੇਰਾ॥ ਕਹੁ ਕਬੀਰ ਜਨਿ ਏਕੋ ਬੂਝਿਆ॥ ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ॥" 476 ਇਹ ਸਮਝ ਆ ਗਈ ਕਿ ਮੈਂ ਤੇਰਾ ਬੱਚਾ ਹਾਂ, ਤੂੰ ਹੀ ਮੇਰਾ ਪਿਉ ਹੈਂ ਤੇ ਸਾਡੇ ਦੋਹਾਂ ਦਾ ਇੱਕੋ ਥਾਂ ਹੀ ਨਿਵਾਸ ਹੈ। ਮੈਂ ਮਨੁੱਖ ਨੇ ਉਸ ਪ੍ਰਭੂ ਅਕਾਲ ਮੂਰਤਿ ਨੂੰ ਪਛਾਣ ਲਿਆ ਹੈ ਤੇ ਸਾਰ ਸੂਝ ਉਸੇ ਦੀ ਕਿਰਪਾ ਨਾਲ ਹਾਸਲ ਕਰ ਲਈ ਹੈ। "ਗੁਰ ਪ੍ਰਸਾਦਿ ਕੋ ਸਬਦਿ ਪਛਾਣੈ॥" 562 ਇਹ ਸਭ ਸੋਝੀ ਸਤਿਨਾਮ ਦੀ 'ਸ਼ਬਦ ਗੁਰੂ' ਅਗਵਾਈ ਵਿਚ ਹੀ ਮਿਲੀ ਹੈ। ਇਸੇ ਮਾਰਗ ਤੇ ਤੁਰਨਾ ਹੀ ਮਨੁੱਖਤਾ ਦਾ ਮਨੋਰਥ ਅਤੇ ਮੰਜ਼ਿਲ ਹੈ।

### ਜੀਵਨ ਅਮਲ ਵਿਚ ਅਪਣਾਉਣਾ

ਮਨੁੱਖੀ ਜੀਵ ਦਾ ਜੀਵਨ ਦਾ ਕੀ ਨਿਸ਼ਾਨਾਂ ਹੈ ?

ਸ਼ਬਦ ਗੁਰੂ ਦੀ ਅਗਵਾਈ ਵਿਚ ਅਕਾਲ ਪੁਰਖ ਦੀ ਅਜਿਹੀ ਕਿਰਪਾ ਹਾਸਲ ਕਰਨਾ ਹੀ ਮਨੁੱਖੀ ਜੀਵਨ ਦਾ ਸੰਕਲਪ ਹੈ। ਜਿਸ ਰਾਹੀਂ ਉਹ ੴ ਦੇ ਦੱਸੇ ਮਾਰਗ ਤੇ ਤੁਰਦਾ ਹੋਇਆ "ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥"[304] ਦਾ ਪੈਂਡਾ ਸਰ ਕਰ ਜਾਂਦਾ ਹੈ ਤਾਂ "ਗੁਰ ਪ੍ਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥"[495] ਹੋ ਜਾਂਦਾ ਹੈ। ਅਰਥਾਤ ਹਰੇ ਭਰੇ ਦਰਖ਼ਤ ਤੋਂ ਸੁੱਕੇ ਖੁੰਢ ਬਣ, ਨਾਸ਼ਵਾਨ ਹੋ ਚੁੱਕੇ ਜੀਵਨ ਵਿਚ ਵੀ ਅਕਾਲ ਦੀ ਕਿਰਪਾ ਨਾਲ ਜੀਵਨ ਫਿਰ ਦੌੜਨ ਲੱਗ ਜਾਂਦਾ ਹੈ ਤੇ ਉਹ ਮੁੜ ਹਰਿਆ ਭਰਿਆ ਹੋ ਜਾਂਦਾ ਹੈ।

# ੧ੴ ਤੋਂ ਗੁਰ ਪ੍ਰਸਾਦਿ ਤਕ ਸ਼ਬਦ ਗੁਰੂ ਕੀ ਨਿਰਨਾ ਦੇਂਦਾ ਹੈ ?

"ਏਕਮ ਏਕੈ ਆਪ ਉਪਾਇਆ॥"[113] ਗਿਆਨ ਇੰਦਰੀਆਂ ਲਈ ਸਿੱਟਾ ਇਹ ਨਿਕਲਦਾ ਹੈ ਕਿ ਓਸ ਇੱਕ ਅਕਾਲ ਪੁਰਖ (੧ੴ) ਨੇ ਆਪਣੇ ਆਪ ਤੋਂ ਆਪ ਨੂੰ ਹੋਂਦ ਵਿਚ ਲਿਆ ਕੇ ਸਾਰੀ ਸ੍ਰਿਸ਼ਟੀ ਨੂੰ ਬਣਾਇਆ ਹੈ। ਜੋ "ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥ ਅਗਮ ਅਗੋਚਰੁ ਰੂਪੁ ਨ ਰੇਖਿਆ॥"[838] ਹੈ। ਅਸਲ ਤੱਥ ਸਾਰ ਇਹੋ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ ਤੇ ਨਾਂਹ ਹੀ ਹੋ ਸਕਦਾ ਹੈ । ਸਦੀਵ ਹੋਂਦ ਵਿਚ ਰਹਿਣ ਵਾਲੇ ਉਸ ਦੇ ਅਜਿਹੇ ਵਜੂਦ ਦਾ ਆਪਣਾ ਕੋਈ ਵੀ ਆਕਾਰ, ਨਹੀਂ ਹੈ, ਮ੍ਰਿਤੂ ਨਹੀਂ ਹੈ, ਨੇਤਰਾਂ ਦੀ ਪਕੜ ਵਿਚ ਨਹੀਂ ਹੈ, ਕਿਸੇ ਵੀ ਗਰਭ ਵਿਚ ਨਹੀਂ ਹੈ ਜਿਸ ਕਰ ਕੇ ਉਸ ਦੀ ਕੋਈ ਜਾਤ ਵੀ ਨਹੀਂ ਹੈ; ਬੇ-ਮਿਸਾਲ ਹਸਤੀ ਹੈ । ਉਹ ਸ਼ਬਦ ਦੀ ਆਪਣੀ ਸ਼ਕਤੀ ਨਾਲ ਇੱਕ ਸਾਰ ਹਰ ਥਾਂ ਤੇ ਹਰ ਕਣ ਵਿਚ ਵਿਆਪਤ ਹੈ "ਏਕੋ ਸਬਦੁ ਏਕੋ ਵਰਤੈ ਸਭ ਏਕਸੁ ਤੇ ਉਤਪਤਿ ਚਲੈ॥"[1134] ਆਪਣੇ ਆਪ ਤੋਂ ਜੀਵਨ ਚਲਾਉਣ ਵਾਲਾ ਪ੍ਰਭੂ "ਓਅੰਕਾਰਿ ਸਬਦਿ ਉਧਰੇ॥"[931]'ਸ਼ਬਦ' ਉਸ ਦੀ ਸ਼ਕਤੀ ਦੇ 'ਨਾਦ' ਰੂਪੀ ਇੱਕ-ਸਾਰ ਹੁਕਮ ਨਾਲ ਸ੍ਰਿਸ਼ਟੀ ਵਿਚ ਹੁਕਮ ਵਰਤਾ ਰਹੇ ਹਨ; ਇਸੇ ਵਿਧੀ ਵਿਧਾਨ "ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"[943] ਸਭ ਦਾ ਕਰਤਾ ਹੈ, ਤੇ ਆਪਣੀ ਕਿਰਤ ਸੌਰ ਮੰਡਲ ਨੂੰ ਚਲਾਉਂਦਾ ਵੀ ਹੈ। ਆਪਣੇ ਆਪ ਤੋਂ ਉਪਜੀ ਇੱਕੋ ਇੱਕ ਸਤਿ-ਸ਼ਕਤੀ ਜੋ ਆਪਣੇ ਤੋਂ ਆਪ ਹੀ ਆਕਾਰ ਲੈ ਕੇ ਵੀ ਨਿਰਾਕਾਰ ਹੈ ਤੇ ਜੋ ਆਪਣੇ ਆਪ ਤੋਂ ਸਭ ਕੁੱਝ ਪੈਦਾ ਕਰ ਕੇ ਵੀ ਆਪ ਅਜੂਨੀ ਹੈ। ਉਸੇ ਤੋਂ ਸਭ ਉਪਜਦਾ ਹੈ ਤੇ ਉਸੇ ਵਿਚ ਹੀ ਸਭ ਸਮਾਂ ਜਾਂਦਾ ਹੈ।
ਇਹ ਸਦੀਵੀ ਕਾਇਮ ਰਹਿਣ ਵਾਲੀ ਸਤਿ-ਸ਼ਕਤੀ 'ਨਾਮ' ਰੂਪੀ ਹੈ; ਜੋ ਗੁਰਬਾਣੀ ਵਿਚਲਾ 'ਸ਼ਬਦ' ਹੀ ਨਾਮ ਹੈ । "ਸਬਦੁ ਗੁਰੂ ਪਰਕਾਸਿਓ"[1407] ਸ਼ਬਦ ਹੀ ਉਸ ਦੀ ਮੂਰਤ ਹੈ ਜਿਸ ਦੀ ਸਤਾ ਦਾ ਇੱਕ ਸਾਰ ਸੱਚ ਨਿਆਂ "ਏਕਾ ਮੂਰਤਿ ਸਾਚਾ ਨਾਉ॥ ਤਿਥੈ ਨਿਬੜੈ ਸਾਚੁ ਨਿਆਉ॥"[1187] ਬ੍ਰਹਿਮੰਡੀ ਪਸਾਰੇ ਵਿਚ ਵਰਤ ਰਿਹਾ ਹੈ। ਜੋ ਇੱਕ ਰਸ ਅਟੱਲ ਹੈ ਉਹ ਜੋ "ਸਤਿ ਸਤਿ ਸਦਾ ਸਤਿ"[1021] ਹੈ। "ਕਰਤਾ ਸਭੁ ਕੋ ਤੇਰੈ ਜੋਰਿ॥ ਏਕੁ ਸਬਦੁ ਬੀਚਾਰੀਐ ਤੂ ਤਾ ਕਿਆ ਹੋਰਿ॥"[17] ਉਸੇ ਦੀ ਸ਼ਕਤੀ ਰਾਹੀਂ ਤੇ ਸ਼ਕਤੀ ਵਿਚ ਹੀ ਸਭ ਕੁੱਝ ਉਤਭੁਜ ਬਣ, ਦ੍ਰਿਸ਼ਮਾਨ ਹੋ ਕੇ ਚਲਾਇਮਾਨ ਹੈ । ਇਸੇ ਦ੍ਰਿਸ਼ਮਾਨ ਤੇ ਅਦ੍ਰਿਸ਼ ਵਿਚ ਹੀ ਉਹ ਆਪ ਵੀ ਸਭ ਥਾਈਂ ਵਰਤ ਰਿਹਾ ਹੈ।
ਇਹ "ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥"[350] ਵਾਲਾ ਇਹ ਪੁਰਖ ਇੱਕੋ ਹੈ, ਸੁਅੰਭਵ ਸ਼ਕਤੀ ਸ੍ਰੋਤ ਅਕਾਲ ਨਿਰਭਉ ਹੈ, ਨਿਰਵੈਰ ਹੈ, ਅਜੂਨੀ ਹੈ, ਕਾਲ, ਮੌਤ ਇਸੇ ਦੀ ਸ਼ਕਤੀ ਹੋਂਦ ਵਿਚ ਹੈ ਤੇ ਇਹ ਕਾਲ ਤੋਂ ਪਰੇ ਹੈ। ਆਪਣੇ ਆਪ ਤੋਂ

ਉਪਜਿਆ ਇੱਕੋ ਇੱਕ ਪੁਰਖ ਪ੍ਰਧਾਨ ਸਰਬ ਸ਼ਕਤੀ ਸ੍ਰੋਤ ਤੇ ਵਿਆਪਤ ਪ੍ਰਭੁਤਾ ਧਾਰੀ ਹੈ। ਅਜਿਹੇ ਅਕਾਲ ਪੁਰਖ ਦੀ ਕਿਰਪਾ ਦੀ ਦਯਾ ਨਾਲ ਹੀ ਪੂਰਾ ਗਿਆਤ ਅਤੇ ਅਗਿਆਤ ਸੌਰ ਮੰਡਲ "ਗੁਰ ਪ੍ਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥"[495] ਉਸੇ ਦੀ ਹੋਂਦ ਵਿਚ ਸਮਾਇਆ, ਅਰਥਾਤ ਉਸੇ ਜੰਮਦਾ ਤੇ ਉਸੇ ਵਿਚ ਹੀ ਮੁੱਕ ਜਾਂਦਾ ਹੈ। ਉਸੇ ਤੋਂ ਇੱਕ ਸਾਰ ਚਲਾਇਮਾਨ ਹੈ। ਇਹ ਸਭ "ਜੋ ਕਿਛੁ ਪਾਇਆ ਸੁ ਏਕਾ ਵਾਰ॥ ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥"[7] ਜਗਤ ਪਸਾਰੇ ਵਿਚ ਉਸ ਨੇ ਜੋ ਕੁੱਝ ਵੀ ਧਰਨਾ ਸੀ ਸਭ ਕੁੱਝ ਇੱਕੋ ਵਾਰ ਧਰ ਦਿੱਤਾ ਹੈ ਤੇ ਹੁਣ ਉਹ ਇਸ ਦੇ ਤਵਾਜ਼ਨ ਦੀ ਸੰਭਾਲ ਵੀ ਤੇ ਇਸ ਨੂੰ ਸਦੀਵੀ ਚਲਾਇਮਾਨ ਰੱਖਣ ਦਾ ਪ੍ਰਬੰਧ ਵੀ ਆਪ ਹੀ ਕਰਦਾ ਪਿਆ ਹੈ । ਜਿਸ ਦੇ ਇਸ ਨਿਆਂਕਾਰੀ ਪ੍ਰਬੰਧਨ ਨੂੰ ਸਤਿ ਸ਼ਬਦ ਸਰੂਪ ਨਿਰਭਉ ਤੇ ਨਿਰਵੈਰ 'ਸਤਿ' ਨਿਆਂ ਦਾ ਵਰਤਾਰਾ ਮੰਨਿਆ ਜਾ ਸਕਦਾ ਹੈ।

ਗੁਰਬਾਣੀ ਅਨੁਸਾਰ ਇਸ ਦੀ ਵਿਆਖਿਆ ਇੰਜ ਹੈ:

**ੴ** - "ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ॥3॥ ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ॥ ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥"[821]

**ਸਤਿ ਨਾਮੁ-** "ਰੂਪੁ ਸਤਿ ਜਾ ਕਾ ਸਤਿ ਅਸਥਾਨੁ॥ ਪੁਰਖੁ ਸਤਿ ਕੇਵਲ ਪਰਧਾਨੁ॥ ਕਰਤੂਤਿ ਸਤਿ ਸਤਿ ਜਾ ਕੀ ਬਾਣੀ॥ ਸਤਿ ਪੁਰਖ ਸਭ ਮਾਹਿ ਸਮਾਣੀ॥ ਸਤਿ ਕਰਮੁ ਜਾ ਕੀ ਰਚਨਾ ਸਤਿ॥ ਮੂਲੁ ਸਤਿ ਸਤਿ ਉਤਪਤਿ॥ ਸਤਿ ਕਰਣੀ ਨਿਰਮਲ ਨਿਰਮਲੀ॥ ਜਿਸਹਿ ਬੁਝਾਏ ਤਿਸਹਿ ਸਭ ਭਲੀ॥ ਸਤਿ ਨਾਮੁ ਪ੍ਰਭ ਕਾ ਸੁਖਦਾਈ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥"[284]

ਪ੍ਰੋ. ਸਾਹਿਬ ਸਿੰਘ ਜੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਚ ਇਸ ਦੀ ਵਿਆਖਿਆ ਇੰਜ ਦਿੰਦੇ ਹਨ:

"ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ ਹੋਂਦ ਵਾਲਾ ਹੈ ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ-ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।"

ਨਾਨਕਵਾਦੀ ਗੁਰਮਤਿ ਦਰਸ਼ਨ ਦੀ ਸੰਸਾਰੀਕਰਨ ਦੀ ਆਧੁਨਿਕ ਵਿਵਸਥਾ ਅਤੇ ਪ੍ਰਣਾਲੀਆਂ ਦੇ ਹਰ ਖੇਤਰ ਵਿਚ, ਅਮਲ; ਵਿਚ ਅਪਣਾਈ ਜਾਣ ਵਾਲੀ ਸਰਬੰਗੀ ਵਿਆਖਿਆ ਹੈ। ਅਰਥਾਤ ਆਧੁਨਿਕ ਸਮਾਜਿਕ ਸੰਰਚਨਾ ਨੂੰ ਵਿਉਂਤਣ ਅਤੇ ਨੇਮ ਬੱਧ ਰੱਖਣ ਲਈ ਸਥਾਪਿਤ ਕੀਤੀ ਜਾਂਦੀ ਵਿਵਸਥਾ ਨੂੰ ਕਾਰਜ ਸ਼ੀਲ ਰੱਖਣ ਲਈ ਧਾਰਮਿਕ, ਆਰਥਿਕ, ਸਮਾਜਿਕ, ਵਿਦਿਅਕ, ਪ੍ਰਸ਼ਾਸਨਿਕ, ਜੰਗੀ, ਨਿਆਂ ਅਤੇ ਕਾਨੂੰਨੀ, ਪਰਿਵਾਰਕ ਆਦਿ ਹਰ ਇੱਕ ਖੇਤਰ ਨੂੰ ਨੇਮਬੱਧ ਵਿਉਂਤਣ ਦਾ ਇਹੋ ਕੇਂਦਰੀ

ਆਧਾਰ ਦਾ ਧੁਰਾ ਹੈ। ਇਸੇ ਤੋਂ ਹੀ ਲੋੜੀਂਦੇ ਖੇਤਰ ਦੀ ਅਗਲੀ ਰੂਪ-ਰੇਖਾ ਦੀ ਵਿਆਖਿਆ ਤੇ ਵਿਉਂਤਬੰਦੀ ਤੁਰਦੀ ਹੈ।

ਸਿੱਖੀ ਵਿਚ ਮੰਤਰ-ਤੰਤਰ ਨੂੰ ਕੋਈ ਮਾਨਤਾ ਨਹੀਂ ਹੈ, ਇਸ ਲਈ ਇਸ ਨੂੰ ਮੂਲ ਮੰਤਰ ਕਹਿਣਾ, ਲਿਖਣਾ, ਪ੍ਰਚਾਰਨਾ, ਨਾਨਕਵਾਦੀ ਗੁਰਮਤਿ ਪ੍ਰਣਾਲੀ ਦੀ ਪਰੰਪਰਾਗਤ ਸ਼ੈਲੀ ਦਾ ਬਿਪਰਵਾਦੀ-ਕਰਨ ਰਾਹੀਂ ਅਪਮਾਨ ਕਰਨਾ ਹੈ।

"ਗੁਰਬਾਣੀ" ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਗੁਰੂ ਨਾਨਕ ਦੇ ਘਰ ਨੇ ਸਜਾ ਬਹੁਤ ਹੀ ਕੈੜੀ ਅਤੇ ਸਦੀਵੀ ਨੀਅਤ ਕੀਤੀ ਹੋਈ ਹੈ-ਸਿੱਖੀ ਤੋਂ ਬੇਦਖ਼ਲ ਕਰਨਾ। ਇਸ ਦੀ ਸਜਾ ਵਿਚ ਹੀ ਸੱਤਵੇਂ ਨਾਨਕ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੇ ਆਪਣੇ ਹੀ ਬੇਟੇ ਰਾਮ ਰਾਏ ਨੂੰ ਖ਼ੁਦ ਆਪ ਉਸ ਵਕਤ ਨਾਨਕਪੰਥ ਵਿਚੋਂ 'ਛੇਕ' ਦਿੱਤਾ ਜਦੋਂ ਉਸ ਨੇ ਸੱਤਾਧਾਰੀ ਹਾਕਮਾਂ ਅਤੇ ਸਨਾਤਨ ਧਰਮ ਧਾਰੀਆਂ ਨੂੰ ਖ਼ੁਸ਼ ਕਰਨ ਲਈ "ਮਿਟੀ ਮੁਸਲਮਾਨ" ਦੀ ਥਾਂ ਤੇ "ਮਿਟੀ ਬਈਮਾਨ" ਕਹਿ ਕੇ ਦਿੱਲੀ ਦਰਬਾਰ ਵਿਚ ਵਿਆਖਿਆ ਕੀਤੀ ਸੀ। ਜਿਵੇਂ ਸ੍ਰੀ ਚੰਦ, ਪ੍ਰਿਥੀ ਚੰਦ ਨਾਨਕਵਾਦ ਦੇ ਕ੍ਰਮਗਤ ਵਿਕਾਸ ਅਤੇ ਵਿਗਾਸ ਦਾ ਹਿੱਸਾ ਨਹੀਂ ਬਣਾਏ ਗਏ ਤੇ ਨਾਨਕਵਾਦ ਤੋਂ ਬਾਹਰ ਕਰ ਦਿੱਤੇ ਗਏ; ਠੀਕ ਇੰਜ ਹੀ ਗੁਰਬਾਣੀ ਵਿਚ ਬਦਲਾਓ ਕਰਨ ਦੀ ਹਮਾਕਤ ਕਰਨ ਵਾਲੇ ਵੀ ਨਾਨਕਵਾਦੀ ਪੰਥ ਦੇ ਵਿਗਾਸ ਤੇ ਵਿਕਾਸ ਤੋਂ ਬਾਹਰ ਛੇਕ ਦਿੱਤੇ ਗਏ। ਤਾਂ ਜੋ ਇੱਕ ਓਅੰਕਾਰ ਅਕਾਲ ਪੁਰਖ ਦਾ ਸੁਅੰਭਵ ਪੰਥ ਨਿਰਾਲਾ ਤੇ ਆਪਣੇ ਆਪ ਤੋਂ ਆਪ ਹੀ ਉਪਜਿਆ ਸਥਾਪਿਤ ਰਹੇ। ਜਦ ਗੁਰੂ ਸਾਹਿਬਾਨ ਨੇ ਇਸ ਬਾਣੀ ਨੂੰ ਸੁਤੰਤਰ ਰੱਖਦੇ ਹੋਏ ਇਸ ਦਾ ਕੋਈ ਸਿਰਲੇਖ, ਰਾਗ ਆਦਿ ਨਹੀਂ ਲਿਖਿਆ ਤਾਂ ਵਰਤਮਾਨ ਆਧੁਨਿਕਤਾ ਦੀ ਰੌਅ ਵਿਚ ਇਸ ਬਾਣੀ ਨੂੰ "ਮੂਲ ਮੰਤਰ" ਜਾਂ "ਮੰਗਲਾਚਰਨ" ਸਥਾਪਿਤ ਕਰਨਾ, ਪ੍ਰਚਾਰਨਾ, ਲਿਖਣਾ ਮੇਰੇ ਅਨੁਸਾਰ 'ਰਾਮ ਰਾਏ' ਵਾਲਾ ਅਪਰਾਧ ਹੀ ਹੈ। ਜਿਸ ਤੋਂ ਬਚਨਾਂ ਚਾਹੀਦਾ ਹੈ।

ਇਹ ਨਾਨਕਵਾਦ ਦੇ ਮੌਲਿਕ ਪ੍ਰਗਟਾਓ ਦਾ ਸ੍ਰੋਤ ਧੁਰਾ ਹੈ ਜੋ "ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ॥ 3॥ ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ॥ ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ॥ "821 ਹੈ।

# 16

## ਸਿੱਖ ਦਾ ਅਰਥ ਕੀ ਹੈ ?

"ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ॥ "312

### ਗੁਰਮਤਿ ਅਰਥ

ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਅਨੁਸਾਰ : ਚੇਲਾ ਜਾਂ ਸ਼ਿਸ਼, ਸਤਿਗੁਰੂ ਨਾਨਕ ਜੀ ਦਾ ਸਿੱਖ ਧਰਮ ਧਾਰਨ ਕਰਨ ਵਾਲਾ ਗੁਰੂ ਨਾਨਕ ਜੀ ਦਾ ਅਨੁਗਾਮੀ। ਭਾਈ ਵੀਰ ਸਿੰਘ ਜੀ ਨੇ ਵੀ ਉਪਰੋਕਤ ਹੀ ਅਰਥਾਂ ਵਿਚ ਸਿੱਖ ਦੇ ਅਰਥ ਕੀਤੇ ਹਨ। ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ ਚੇਲਾ, ਅਨੁਯਾਈ। ਸਿੱਖ ਗੁਰੂ ਸਾਹਿਬਾਨ ਤੇ ਵਿਸ਼ਵਾਸ ਲਿਆਉਣ ਵਾਲਾ।

"ਸਿੱਖ" ਦਾ ਅਰਥ "ਸ਼ਬਦ ਗੁਰੂ" ਗੁਰੂ ਨਾਨਕ ਜੀ ਦੇ ਸਰੀਰ ਨਹੀਂ ਸਗੋਂ ਗੁਰੂ ਨਾਨਕ ਜੋਤਿ ਦੀ ਅੰਸ ਦੇ ਬੰਸ ਵਜੋਂ ਨਿਰਧਾਰਿਤ ਕਰਦਾ ਹੈ । "ਜਨ ਨਾਨਕ ਕੇ ਗੁਰਸਿਖ ਪੁਤਹਹੁ" ਅਤੇ "ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ" ਇਹੋ ਨਿਰਧਾਰਿਤ ਕਰਦਾ ਹੈ । ਵਾਰ 26 ਵਿਚ ਭਾਈ ਗੁਰਦਾਸ ਜੀ ਇਸੇ ਦੀ ਹੀ ਗਵਾਹੀ ਭਰਦੇ ਲਿਖਦੇ ਹਨ "ਸਤਿਗੁਰ ਵੰਸੀ ਪਰਮ ਹੰਸੁ ਗੁਰੁ ਸਿਖ ਹੰਸ ਵੰਸੁ ਨਿਬਹੰਦਾ। ਪਿਅ ਦਾਦੇ ਦੇ ਰਾਹਿ ਚਲੰਦਾ॥" ਜੋ ਇੱਕੋ ਅਕਾਲ ਪੁਰਖ ਹੈ ਉਸ ਨਾਲ ਮਿਲ ਕੇ ਜੀਵ ਇਸਤ੍ਰੀ ਦੀ ਪੀੜ੍ਹੀ ਚੱਲ ਪੈਂਦੀ ਹੈ ਜੋ ਗੁਰੂ ਦੀ ਨਾਮ ਮਰਿਆਦਾ ਵਾਲੇ ਗੁਰੂ ਦੀ ਨਾਦੀ ਸੰਤਾਨ ਹਨ "ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥ ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥ "79

10 ਸਿੱਖ ਗੁਰੂ ਸਾਹਿਬਾਨ ਨਾਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 30 ਮਹਾਂਪੁਰਖਾਂ ਦੀ ਬਾਣੀ ਦੀਆਂ ਸਿੱਖਿਆਵਾਂ, ਸਿਧਾਂਤ ਤੇ ਸੰਕਲਪ ਨੂੰ ਆਪਣੇ ਜੀਵਨ ਆਦਰਸ਼ ਦਾ ਕਿਰਦਾਰ, ਵਿਵਹਾਰ ਤੇ ਆਚਰਨ ਮਿੱਥ ਕੇ ਅਮਲ ਕਰਨ ਵੱਲ ਵੱਧ ਤੁਰਿਆ ਹੈ ਉਹ ਗੁਰੂ ਨਾਨਕ ਸਰਕਾਰ ਦਾ "ਸਿੱਖ" ਹੈ।

### ਗੁਰਬਾਣੀ ਵਿਸਥਾਰ

ਭਾਈ ਗੁਰਦਾਸ ਜੀ ਅਨੁਸਾਰ "ਚਾਰਿ ਵਰਨ ਇਕ ਵਰਨ ਹੋਇ ਗੁਰਸਿਖ ਵੜੀਅਨਿ ਗੁਰਮੁਖਿ ਗੋਤੇ। ਸਾਧ ਸੰਗਤਿ ਮਿਲਿ ਦਾਦੇ ਪੋਤੇ॥" ਸਿੱਖ ਦਾ ਗੁਰੂ ਨਾਨਕ ਜੀ ਦੇ ਘਰੇ ਜਨਮ ਚਾਰਾਂ ਵਰਨਾਂ ਨੂੰ ਖ਼ਤਮ ਕਰ ਕੇ ਅਤੇ ਸਾਰੀਆਂ ਗੋਤਾ ਦਾ ਨਾਸ਼ ਕਰ ਕੇ "ਗੁਰੂ ਅੰਸ-ਬੰਸ" ਦੇ ਤੌਰ ਤੇ ਗੁਰੂ ਗੋਤਰ ਵਿਚ ਹੀ ਜਨਮ ਹੁੰਦਾ ਹੈ "ਜਨ ਨਾਨਕ ਕੇ ਗੁਰਸਿਖ ਪੁਤਹਹੁ' ਦਾ ਇਹੋ ਅਰਥ ਹੈ । ਸਿੱਖ ਲਈ ਹੁਕਮ ਹੀ ਇਹੋ ਹੈ "ਸੋ ਸਿਖੁ

ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥"[601] ਸਿੱਖ ਨੂੰ ਆਪਣਾ ਜੀਵਨ ਆਚਰਨ ਐਸਾ ਰੱਖਣਾ ਤੇ ਜੀਵਣਾ ਚਾਹੀਦਾ ਹੈ ਜਿਵੇਂ ਉਸ ਦੇ ਗੁਰੂ ਪਾਤਸ਼ਾਹੀਆਂ ਪਿਉ ਦਾਦੇ ਨੇ ਜੀਅ ਕੇ ਦਿਖਾਇਆ ਹੈ। ਜਿਹੜੇ ਆਪਣੀ ਹਉਮੈ ਵਿਚ ਆਪਣੀ ਮਰਜ਼ੀ ਦਾ ਜੀਵਨ ਜਿਉਂਦੇ ਹਨ ਉਹ ਉਸੇ ਵੇਸਵਾ ਦੇ ਪੁੱਤ ਵਰਗੇ ਹਨ ਜਿਨ੍ਹਾਂ ਦਾ ਕੋਈ ਵੀ ਬਾਪ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ। ਪਿਤਾ ਦੀ ਪਛਾਣ ਤਾਂ ਹੀ ਹੁੰਦੀ ਹੈ ਜੇ ਸ਼ਬਦ ਗੁਰੂ ਤੁੱਠ ਕੇ ਆਪਣੀ ਕਿਰਪਾ ਕਰ ਮਨੁੱਖ ਨੂੰ ਆਪਣੀ ਬੰਸ ਦਾ ਨਾਉਂ ਦਿੰਦਾ ਹੈ "ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ॥ ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ॥"[82]

## ਨਾਨਕਸ਼ਾਹੀ ਨਜ਼ਰੀਆ

ਸਿੱਖ ਦੀ ਅਸਲ ਪਛਾਣ, ਪਰਿਭਾਸ਼ਾ ਅਤੇ ਵਿਆਖਿਆ ਨੂੰ "ਸਬਦ ਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ" ਨੇ "ਗੁਰੂ ਪੰਥ" ਨਿਮਿਤ ਗੁਰਬਾਣੀ ਰਾਹੀਂ ਇੰਜ ਪ੍ਰਤੱਖ ਕੀਤਾ ਹੈ "ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥"[444] ਇੰਜ ਸ਼ਬਦ ਗੁਰੂ "ਗੁਰੂ ਜੋਤਿ" ਅਤੇ "ਗੁਰੂ ਜੁਗਤਿ" ਨੂੰ "ਏਕੇ" ਦੇ ਮੂਲ ਸੰਕਲਪ ਅਤੇ ਸਿਧਾਂਤ ਵਿਚ ਪਰੋ ਕੇ ਇਨ੍ਹਾਂ ਦੋਹਾਂ ਦੀ ਬੀਜ ਇਕਾਈ "ਸਿੱਖ" ਨੂੰ ਗੁਰੂ ਵਰਗਾ ਨਹੀਂ ਸਗੋਂ "ਗੁਰ" ਹੀ ਬਣ ਨਿੱਤਰਨ ਲਈ ਸਥਾਪਿਤ ਕਰਦਾ ਹੈ । ਇਸੇ ਲਈ ਹੀ ਨਿਰਧਾਰਿਤ ਕੀਤਾ ਹੈ "ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ।"

## ਜੀਵਨ ਅਮਲ ਵਿਚ ਅਪਣਾਉਣਾ

"ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥ ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥ ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ॥"[314] ਜੋ ਸਤਿਗੁਰੂ ਦੇ ਭਾਣੇ ਨੂੰ ਮੰਨ ਕੇ, ਗੁਰੂ ਉਪਦੇਸ਼ ਅਨੁਸਾਰ ਚੱਲਦੇ ਅਤੇ ਸ਼ਬਦ ਗੁਰੂ ਦੀ ਦੀਖਿਆ ਵਿਚ ਭਿੱਜੇ ਰਹਿੰਦੇ ਹਨ ਉਨ੍ਹਾਂ ਗੁਰਮੁਖਾਂ ਦੀ ਚਾਲ ਜਗਤ ਤੋਂ ਅੱਡਰੀ, ਵਿਲੱਖਣ ਤੇ ਨਿਰਾਲੀ ਹੋ ਜਾਂਦੀ ਹੈ। ਉਹ ਕਰੋੜਾ ਵਿਚੋਂ ਪਹਿਚਾਣੇ ਜਾਂਦੇ ਹਨ। ਤੇ ਸਿੱਖ ਨੇ ਆਪਣੀ ਨਿੱਜੀ ਕਿਰਦਾਰ ਦੀ ਪਹਿਚਾਣ ਅਸੀਂ ਹੀ ਬਣਾਉਣੀ ਹੈ ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਰਕਾਰ ਇਹ ਚਿਤਵਦੀ ਹੈ ਕਿ ਸਿੱਖ ਦਾ ਆਚਰਨ ਅਤੇ ਵਿਵਹਾਰ ਅਜਿਹਾ ਹੋਣਾ ਚਾਹੀਦਾ ਹੈ ਕਿ ਉਸ ਤੋਂ ਕੋਈ ਵੀ; ਭਾਵੇਂ ਉਹ ਸਿੱਖ ਹੀ ਕਿਉਂ ਨਾਂਹ ਹੋਵੇ ਗੁਰੂ ਆਸ਼ੇ ਅਤੇ ਨਿਸ਼ਾਨੇ ਤੋਂ ਵਿਪਰੀਤ ਤੇ ਮਰਿਆਦਾ ਤੋਂ ਉਲਟ ਕੋਈ ਵੀ

ਕੰਮ ਨਾਂਹ ਕਰਵਾਇਆ ਜਾ ਸਕੇ। "ਸ਼ਬਦ ਗੁਰੂ" ਦੀ ਨਿਰਧਾਰਿਤ ਮਰਿਆਦਾ ਦੇ ਸਪਸ਼ਟ ਆਦੇਸ਼ ਤੋਂ ਉਲਟ ਕੋਈ ਵੀ ਸੱਤਾ ਕੰਮ ਨਾਂਹ ਕਰਵਾ ਸਕੇ "ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਾਰਾਇਆ ਲੋੜੇ ਤਿਸੁ ਗੁਰਮੁਖਿ ਫਿਰਿ ਨੇੜਿ ਨ ਆਵੈ॥"[317]

ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਆਪਣੀ ਸਰਕਾਰ ਦੀ ਸਤਾ "ਗੁਰਮਤਿ" ਵਿਚ ਹਰ ਇੱਕ ਔਰਤ ਅਤੇ ਮਰਦ ਸਿੱਖ ਬੱਚੇ, ਨੌਜਵਾਨ, ਬਜ਼ੁਰਗ ਦਾ ਆਪਣੇ ਜੀਵਨ ਦਾ ਅਸਲ ਨਿਸ਼ਾਨਾਂ ਹੀ ਇਹ ਨਿਰਧਾਰਿਤ ਕੀਤਾ ਗਿਆ ਹੈ "ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥"[490] ਸਪਸ਼ਟ ਹੈ ਕਿ ਸਿੱਖ ਨੇ ਆਪਣੇ ਕਿਰਦਾਰ ਦੇ ਅੰਦਰ ਅਤੇ ਬਾਹਰਲੇ ਆਚਰਨ ਵਿਚ ਆਪਣੇ ਗੁਰੂ ਵਰਗਾ ਹੀ ਬਣ ਕੇ ਸੰਸਾਰ ਵਿਚ ਰੋਲ ਮਾਡਲ ਪੇਸ਼ ਕਰਨਾ ਹੈ।

ਇੰਜ ਸਿੱਖ ਜਿਊਣ ਦਾ ਮਨੋਰਥ ਯਕੀਨਨ ਅਕਾਲ ਪੁਰਖ ਦੇ ਖ਼ਾਲਸਤਾਈ ਵਰਤਾਰੇ ਦੀ ਪਰਮ ਸਤਾ ਦੀ ਬ੍ਰਹਿਮੰਡ ਤੇ ਬਹਾਲੀ ਕਰ ਕੇ ਉਸ ਦੇ ਕੁਦਰਤੀ ਪਸਾਰੇ ਦਾ ਨਿਜ਼ਾਮ ਲੋਕਾਈ ਨੂੰ ਦੇਣਾ ਹੈ। ਇਹੋ ਸਿੱਖ ਦੀ ਸਿੱਖੀ ਦਾ ਨਿਸ਼ਚਾ ਹੈ। ਇਹੋ ਸਿੱਖ ਦਾ ਮਾਰਗ ਅਤੇ ਮੰਜ਼ਿਲ ਹੈ।

## ਜੀਵਨ ਅਮਲ ਘੜਨ ਦੀ ਜ਼ਿੰਮੇਵਾਰੀ

ਸਿੱਖ ਦੀ ਵਿਆਖਿਆ ਨੂੰ "ਸ਼ਬਦ ਗੁਰੂ ਜੋਤਿ" ਨੇ "ਗੁਰੂ ਪੰਥ" ਨਿਮਿਤ ਗੁਰਬਾਣੀ ਰਾਹੀ ਪ੍ਰਤੱਖ ਕੀਤਾ ਹੈ। ਸ਼ਬਦ ਗੁਰੂ "ਗੁਰੂ ਜੋਤਿ" ਅਤੇ ਗੁਰੂ ਜੁਗਤੀ" ਨੂੰ ਏਕੇ ਦੇ ਮੂਲ ਸੰਕਲਪ ਅਤੇ ਸਿਧਾਂਤ ਵਿਚ ਪਰੋ ਕੇ ਇਨ੍ਹਾਂ ਦੋਹਾਂ ਦੀ ਬੀਜ ਇਕਾਈ "ਸਿੱਖ" ਨੂੰ ਸਥਾਪਿਤ ਕਰਦਾ ਹੈ-"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ"। ਇਹ ਸਿੱਖ ਕਿਰਦਾਰ ਦੀ ਆਤਮਾ ਦੀ ਰੂਹਾਨੀਅਤ, ਸੰਸਾਰਿਕਤਾ ਅਤੇ ਇਨ੍ਹਾਂ ਦੋਹਾਂ ਦੀ ਵਿਵਹਾਰਿਕਤਾ ਦਾ, ਸਮਾਜਦਾਰੀ ਅਤੇ ਘਰਦਾਰੀ ਨਿਮਿਤ "ਏਕੋ ਗੁਰ ਉਪਦੇਸੁ ਚਲਾਏ" ਦੇ ਹੁਕਮ ਅੰਦਰ 'ਇੱਕ ਮੁਕੰਮਲ ਰੋਲ ਮਾਡਲ' ਹੈ। ਇਨ੍ਹਾਂ ਵਿਚੋਂ ਕਿਸੇ ਵੀ ਇਕਹਿਰੇ ਆਚਰਨ ਦੇ ਪ੍ਰਗਟਾਓ ਵਿਚ "ਗੁਰੂ ਸ਼ਬਦ ਜੋਤਿ" ਨੂੰ "ਮਾਨਵੀ ਸਿੱਖ ਹਸਤੀ" ਪਰਵਾਨ ਹੀ ਨਹੀਂ ਹੈ। "ਸਿਖੀ ਸਿਖਿਆ ਗੁਰ ਵੀਚਾਰਿ॥" ਅਤੇ "ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥"

ਇਸ ਲਈ ਜੋ ਲੋਕ ਇਹ ਆਖਦੇ ਤੇ ਮੰਨਦੇ ਹਨ ਕਿ ਸਿੱਖ ਦੇ ਅਰਥ ਹਨ ਪੂਰੀ ਉਮਰ ਸਿੱਖਦੇ ਰਹਿਣਾ, ਉਹ ਗੁਰੂ ਆਸ਼ੇ ਦੇ ਵਿਰੁੱਧ ਹਨ। ਜੋ ਮਨੁੱਖ ਸੰਪੂਰਨ ਗੁਰੂ ਦੇ ਲੜ ਲੱਗ ਕੇ ਵੀ ਪੂਰੀ ਉਮਰ ਸੰਪੂਰਨ ਨਾਂਹ ਬਣ ਸਕਿਆ ਫਿਰ ਉਹ ਤਾਂ ਆਪ ਵੀ ਮੰਦ ਬੁੱਧੀ ਆਪਣੇ ਆਪ ਨੂੰ ਸਾਬਤ ਕਰਦਾ ਹੈ ਤੇ ਆਪਣੇ ਗੁਰੂ ਨੂੰ ਵੀ ਅੰਨ੍ਹੀ ਸ਼ਰਧਾ

ਦੇ ਅੰਨ੍ਹੇ ਗਿਆਨ ਰਾਹੀਂ ਅਪੂਰਨ ਸਥਾਪਿਤ ਕਰ ਜਾਂਦਾ ਹੈ । ਸਿੱਖ ਸੰਪੂਰਨ ਹੈ ਤੇ ਆਪਣੇ ਗੁਰੂ ਵਰਗਾ ਬਣ ਕੇ ਵਿਚਰਦਾ ਹੈ। ਇਹੋ ਗੁਰੂ ਸੰਕਲਪ ਹੈ।

# ਸਿੱਖ ਦੀ ਪਰਿਭਾਸ਼ਾ ਕੀ ਹੈ ?

## ਸਿੱਖ ਰਹਿਤ ਮਰਯਾਦਾ ਅਨੁਸਾਰ

"ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ () ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

ਪੰਜਾਬ ਹਰਿਆਣਾ ਹਾਈ ਕੋਰਟ ਵਿਚ ਕੇਸ ਨੰਬਰ C.W.P No.14859 of 2008 ਦੇ ਫ਼ੈਸਲੇ ਵਿਚ ਮਿਤੀ 30-5-2009 ਨੂੰ ਇਹ ਵੀ ਨਿਰਧਾਰਿਤ ਕਰ ਦਿੱਤਾ ਹੈ ਕਿ "ਜਮਾਂਦਰੂ ਕੇਸਾਧਾਰੀ ਵਿਅਕਤੀ ਹੀ ਸਿੱਖ ਹੁੰਦਾ ਹੈ।" ਇਸ ਦੀ ਵਿਸਥਾਰ ਵਿਚ ਪੂਰੀ ਜਾਣਕਾਰੀ ਲਈ ਦਾਸ ਦੀ ਪੁਸਤਕ "ਅਕਾਲ ਅਤੇ ਸਿੱਖ ਦੋਵੇਂ ਕੇਸਾਧਾਰੀ ਹਨ" ਜ਼ਰੂਰ ਪੜ੍ਹੋ।

## ਗੁਰਬਾਣੀ ਵਿਸਥਾਰ

"ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥"[465] ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਸਿੱਖਿਆ ਅਤੇ ਗੁਰੂ ਜੀਵਨ ਕਾਲ ਵਿਚਲੀ ਪਰੰਪਰਾਗਤ ਮਰਿਆਦਾ ਤੋਂ ਮਿਲਦੀ ਆ ਰਹੀ ਸਿੱਖਿਆਂ ਨੂੰ ਵਿਚਾਰ ਕਰ ਕੇ ਆਪਣੇ ਜੀਵਨ ਵਿਚ ਅਪਣਾਉਣ ਵਾਲਾ ਵਿਅਕਤੀ ਸਿੱਖ ਹੁੰਦਾ ਹੈ। ਜਿਸ ਤੇ ਅਕਾਲ ਪੁਰਖ ਮਿਹਰ ਕਰਦਾ ਹੈ ਉਸ ਦੇ ਸਾਰੇ ਕਾਰਜ ਸਫਲ ਕਰ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖੀ ਦਾ ਮਾਰਗ ਗੁਰਬਾਣੀ ਵਿਚ ਬੜਾ ਸਪਸ਼ਟ ਅਤੇ ਸਿੱਧਾ ਨਿਰਧਾਰਿਤ ਕਰਦੇ ਹਨ "ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥"[601] ਉਹੀ ਮਨੁੱਖ ਸਿੱਖ ਅਖਵਾ ਸਕਦਾ ਹੈ ਜੋ ਗੁਰੂ ਦੇ ਕਹੇ ਉਪਦੇਸ਼ ਅਨੁਸਾਰ ਆਪਣਾ ਜੀਵਨ ਵਿਉਂਤਦਾ ਤੇ ਤੁਰਦਾ ਹੈ। ਜੋ ਮਨੁੱਖ ਆਪਣੀ ਮਨ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਦੇ ਹਨ ਉਹ 'ਮਨਮੁਖ' ਹੁੰਦੇ ਹਨ ਤੇ ਗੁਰੂ ਤੋਂ ਅਤੇ ਆਪਣੇ ਆਪ ਤੋਂ ਵੀ ਟੁੱਟੇ ਹੁੰਦੇ ਹਨ।

ਸਾਰੰਸ਼ ਇਹੋ ਹੈ ਕਿ ਜਮਾਂਦਰੂ ਕੇਸਾਧਾਰੀ ਵਿਅਕਤੀ ਜੋ ਦਸ ਗੁਰੂ ਸਾਹਿਬ ਨੂੰ ਇੱਕ ਜੋਤਿ ਸਵੀਕਾਰਦੇ ਹੋਏ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ

ਨਿਸ਼ਾਨੇ ਤੇ ਅਟੁੱਟ ਵਿਸ਼ਵਾਸ ਕਰਦਾ ਤੇ ਇੱਕ ਅਕਾਲ ਪੁਰਖ ਨੂੰ ਮੰਨਦਾ ਹੈ, ਉਹ ਸਿੱਖ ਹੈ।

## ਨਾਨਕਸ਼ਾਹੀ ਨਜ਼ਰੀਆ

"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥"[444] ਸਿੱਖ ਦੀ ਗੁਰਮਤਿ ਪਰਿਭਾਸ਼ਾ ਹੈ। ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਧਾਰਿਤ ਕੀਤੀ ਗਈ ਹੈ। ਪੂਰੀ ਉਮਰ ਸਿੱਖਦੇ ਰਹਿਣਾ ਸਿੱਖ ਦੀ ਨਾਂਹ ਹੀ ਪਰਿਭਾਸ਼ਾ ਹੈ ਤੇ ਨਾਂਹ ਹੀ ਅਰਥ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਨਾਨਕ ਸਰਕਾਰ ਦੀ ਦਸਮ ਜੋਤਿ ਗੁਰੂ ਗੋਬਿੰਦ ਸਿੰਘ ਜੀ ਤੱਕ ਨੇ ਇਸੇ ਆਚਰਨ, ਕਿਰਦਾਰ, ਵਰਤਾਰੇ, ਅਮਲ, ਸਿਧਾਂਤ, ਸੰਕਲਪ ਅਤੇ ਮੰਜ਼ਿਲ ਦਾ ਨਿਰਧਾਰਨ ਕਰ ਹਮੇਸ਼ਾ ਸਿੱਖ ਦੀ ਗੁਣਤੰਤਰੀ ਚੋਣ ਕੀਤੀ ਹੈ।
ਇਤਿਹਾਸਿਕ ਗਵਾਹੀਆਂ ਪ੍ਰਤੱਖ ਪ੍ਰਮਾਣਿਤ ਕਰਦੀਆਂ ਹਨ ਕਿ ਗੁਰੂ ਨਾਨਕ ਪਾਤਸ਼ਾਹ ਜੀ ਪਾਸ ਬਾਈ ਲਹਿਣਾ ਜੀ ਆਏ ਤਾਂ ਉਨ੍ਹਾਂ ਸਿੱਖੀ ਗ੍ਰਹਿਣ ਕੀਤੀ। ਭਾਈ ਲਹਿਣਾ ਜੀ ਨੂੰ ਜਦੋਂ ਗੁਰੂ ਨਾਨਕ ਸਰਕਾਰ ਨੇ ਆਪਣੀ ਆਤਮਿਕ ਤੇ ਸੰਸਾਰਿਕ ਸਤਾ ਦਾ ਉੱਤਰਅਧਿਕਾਰੀ ਗੁਣਵਾਦੀ ਚੋਣ ਅਮਲ ਦੀ ਪਰੀਖਿਆ ਰਾਹੀਂ ਨੀਅਤ ਕੀਤਾ ਤਾਂ ਸਤਿਗੁਰੂ ਨਾਨਕ ਸਰਕਾਰ ਆਪ ਗੁਰੂ ਅੰਗਦ ਸਰਕਾਰ ਜੀ ਦੇ ਸਿੱਖ ਬਣ ਗਏ। ਇੰਜ ਗੁਰੂ ਨਾਨਕ ਸਰਕਾਰ ਨੇ ਅਕਾਲ ਪੁਰਖ ਦੀ ਸਤਾ ਦੀ ਗੁਰਿਆਈ ਗੁਰੂ ਅੰਗਦ ਸਰਕਾਰ ਨੂੰ ਸੌਂਪ ਕੇ ਆਪ ਹਾਲੀ ਕਿਰਸਾਨੀ ਸ੍ਰੀ ਕਰਤਾਰਪੁਰ ਸਾਹਿਬ ਵਿਚ ਕੀਤੀ। ਤੇ, ਗੁਰਗੱਦੀ ਜਿਊਂਦੇ ਜੀਅ ਦਿੱਤੀ ਯਥਾ : "ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥[1408]
ਇੰਜ ਹੀ ਅੱਗੋਂ ਨੌਂ ਪਾਤਸ਼ਾਹੀਆਂ ਨੇ ਕੀਤਾ। ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦੀ ਪਦਵੀ ਦੀ ਸ਼ਬਦ ਗੁਰੂ ਜੋਤਿ "ਗੁਰੂ ਗ੍ਰੰਥ ਸਾਹਿਬ ਜੀ" ਵਿਚ ਧਰਦੇ ਹੋਏ ਸਰੀਰ ਰੂਪੀ ਵਿਹਾਰਕ ਅਮਲ ਦੀ ਜੁਗਤਿ ਨੂੰ ਵਰਤਾਉਣ ਤੇ ਸਤਾ ਨੂੰ ਚਲਾਉਣ ਦੀ "ਗੁਰੂ ਜੁਗਤ" "ਗੁਰੂ ਪੰਥ ਖ਼ਾਲਸਾ" ਵਿਚ ਧਰ ਦਿੱਤੀ ਹੈ। ਇੰਜ "ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ॥ ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ॥"[490] ਦਾ ਅਮਲ ਪੂਰਾ ਹੁੰਦਾ ਹੈ। ਹੁਣ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਬਦ ਗੁਰੂ ਦੀ ਜੋਤ ਦੀ ਅਗਵਾਈ ਦੇ ਅਧੀਨ ਖ਼ਾਲਸਾ ਪੰਥ ਇਸ ਸ਼ਬਦ ਗੁਰੂ ਦੀ ਜੁਗਤਿ ਨੂੰ ਸਥਾਪਿਤ ਕਰਨ ਵਾਲੀ ਸਤਾ ਦੀ ਗੁਰਿਆਈ ਕਰਦਾ ਰਹਿਣ ਵਾਲਾ "ਗੁਰੂ ਪੰਥ" ਦਸ ਗੁਰੂ ਪਾਤਸ਼ਾਹੀਆਂ ਨੇ ਪ੍ਰਗਟ ਕੀਤਾ ਹੈ। ਅਫ਼ਸੋਸ ਕਿ ਸਿੱਖ ਇਸ ਅਮਲ ਅਤੇ ਖ਼ਾਲਸਾ ਪੰਥ ਦੀ ਇਸ ਸਿੱਖੀ ਪਰਿਭਾਸ਼ਾ ਨੂੰ ਮੂਰਤੀਮਾਨ ਹੀ ਨਹੀਂ ਕਰ ਸੱਕ ਰਹੇ।
"ਗੁਰੂ ਪੰਥ" ਦੀ ਪਦਵੀ ਧਾਰੀ ਹੁਣ ਸਿੱਖਾਂ ਵਿਚ ਜਥੇਬੰਦੀਆਂ ਆਪੇ ਹੀ ਗੁਰੂ ਆਸ਼ੇ ਤੋਂ ਉਲਟ ਉਵੇਂ ਹੀ ਬਣ ਬੈਠੀਆਂ ਹਨ ਜਿਵੇਂ ਦੇਹ ਧਾਰੀ 'ਸੰਤ'। ਅਜਿਹਾ ਇਸ ਲਈ

ਵਾਪਰਿਆ ਕਿ ਸਿੱਖਾਂ ਨੇ ਗੁਰਮਤਿ ਸ਼ਬਦਾਵਲੀ ਦੇ ਅਰਥ ਬਿਪਰਵਾਦੀ ਪਰਿਭਾਸ਼ਾਵਾਂ ਦੀ ਸ਼ਬਦਾਵਲੀ ਦੇ ਪਾਰਿਭਾਸ਼ਕ ਅਰਥਾਂ ਵਿਚ ਕਰ ਦਿੱਤੇ।

# ਸਿੱਖ ਦਾ ਗੁਰੂ ਕੌਣ ਹੈ ?

## ਗੁਰਮਤਿ ਅਰਥ

**ਗੁਰੂ** : ਮਤ ਦਾ ਚਲਾਨ ਵਾਲਾ। ਉਪਦੇਸ਼ ਕਰਤਾ, ਗਿਆਨ ਦਾਤਾ। ਸਿੱਖ ਕੌਮ ਨੂੰ ਪੈਦਾ ਕਰਨ ਵਾਲੇ ਆਗੂਆਂ ਲਈ ਵਰਤਿਆਂ ਜਾਂਦਾ ਸਤਿਕਾਰ-ਪਦ । ਸਿੱਖ ਧਰਮ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਗੁਰੂ ਸ਼ਬਦ ਸਰੂਪ ਅਕਾਲ ਪੁਰਖ ਹੈ "ਅਚੁਤ ਪਾਰਬ੍ਰਹਮ ਪਰਮੇਸੁਰ"[1082] । ਸਿੱਧ ਗੋਸ਼ਟ ਵਿਚ ਵੀ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਨਾਨਕ ਸਾਹਿਬ ਜੀ ਸਪਸ਼ਟ ਜਵਾਬ ਦਿੰਦੇ ਹਨ "ਸ਼ਬਦ ਗੁਰੂ"। ਦਸ ਪਾਤਸ਼ਾਹੀਆਂ ਦੇ ਸਰੀਰ ਰੂਪ ਅਗਵਾਈ ਵਿਚ ਹਾਜ਼ਰ ਨਾਜ਼ਰ ਹੋਣ ਵੇਲੇ ਵੀ "ਗੁਰੂ ਦੀ ਪਦਵੀ 'ਸ਼ਬਦ' ਨੂੰ" ਹੀ ਮਿਲੀ ਹੈ। 1708 ਵਿਚ ਸਰੀਰ ਗੁਰੂ ਦਾ ਮੁਕਾ ਦੇਣ ਵੇਲੇ ਸਰੀਰ ਰੂਪ ਵਿਚ "ਗੁਰੂ ਸ਼ਬਦ" ਦੇ ਭੰਡਾਰ ਗੁਰੂ ਗ੍ਰੰਥ ਸਾਹਿਬ ਜੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਪਦਵੀ ਦਾ ਮਾਲਕ ਸਰੀਰ ਰੂਪ ਵਿਚ ਜੁਗਤਿ ਵਰਤਾਉਣ ਲਈ "ਖ਼ਾਲਸਾ ਪੰਥ" ਨੂੰ ਗੁਰਿਆਈ ਸਾਂਝੀ ਬਖ਼ਸ਼ੀ ਹੈ ।
ਵਰਤਮਾਨ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਪੰਥ ਮਹਾਰਾਜ ਦੀ ਸਭਾ ਸਾਂਝੇ ਤੋਰ ਤੇ ਮਿਲ ਕੇ "ਸਿੱਖ ਦਾ ਗੁਰੂ" ਹਨ ।

## ਗੁਰਬਾਣੀ ਵਿਸਥਾਰ

"ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ॥"[17]
ਗੁਰੂ ਗ੍ਰੰਥ ਸਾਹਿਬ ਜੀ ਵਿਚ ਸਿੱਖ ਨੂੰ ਗੁਰੂ ਦਾ ਰੂਪ ਹੀ ਮੰਨਿਆਂ ਗਿਆ ਹੈ "ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥"[444] ਗੁਰੂ ਨਾਨਕ ਦੇ ਮਾਰਗ ਨੂੰ ਅੰਗੀਕਾਰ ਕਰ, ਗੁਰੂ ਉਪਦੇਸ਼ ਨਾਲ ਜੀਵਨ ਜਿਊਣ ਅਤੇ ਕਿਰਦਾਰ ਦੀ ਕਰਨੀ ਨਾਲ ਤੁਰਨ ਵਾਲਾ ਸਿੱਖ ਗੁਰੂ ਨਾਨਕ ਦਾ ਪੁੱਤਰ ਹੀ ਹੈ "ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ ਜਿਨ ਹਿਰਦੈ ਨਾਮੁ ਸਮਾਰਿਆ॥ ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ॥"[312] ਇਸੇ ਪਰਥਾਏ ਕਰਨੀ, ਕਥਨੀ, ਰਹਿਣੀ ਜਾਂ ਵਿਵਹਾਰ, ਕਿਰਦਾਰ ਤੇ ਅਮਲ ਵਿਚ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਨੂੰ ਜਿਊਣ ਵਾਲੇ ਦੀ ਹੀ ਇਹ ਪਦਵੀ ਨਿਰਧਾਰਿਤ ਹੈ "ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ॥"[82] ਸ੍ਰੀ ਚੰਦ ਤੇ ਲਖਮੀ ਦਾਸ ਗੁਰੂ ਨਾਨਕ ਸਾਹਿਬ ਜੀ ਦੇ ਫ਼ਰਜ਼ੰਦ ਇੱਥੇ ਹੀ ਖਿੜਕੇ ਸਨ ਤਾਂ ਹੀ ਗੁਣਤੰਤਰੀ "ਪਿਤਾ ਜਾਤਿ" ਭਾਈ ਲਹਿਣਾ ਜੀ ਇਮਤਿਹਾਨ ਵਿਚ ਪਾਸ ਹੋਏ ਤੇ "ਗੁਰੁ ਤੁਠਾ" ; ਭਾਈ ਲਹਿਨਾ ਜੀ ਨੂੰ ਗੁਰੂ ਅੰਗਦ

ਬਣਾ "ਕਰੇ ਪਸਾਉ" ਦੀ ਪ੍ਰਣਾਲੀ ਤੇ ਵਿਧੀ ਵਿਧਾਨ ਦਾ ਅਮਲ ਪ੍ਰਗਟ ਕੀਤਾ। ਇਹ ਵਿਧੀ ਵਿਧਾਨ 'ਅਕਾਲ ਪੁਰਖ' ਤੋਂ ਨਿਵਾਜੇ ਜਾਣ ਦਾ ਪ੍ਰਸਾਰ ਹੈ "ਕੀਤਾ ਪਸਾਉ ਏਕੋ ਕਵਾਉ"[3]। ਗੁਰੂ ਅੰਗਦ ਜੀ ਨੇ ਇਸੇ ਹੀ ਵਿਧੀ ਵਿਧਾਨ ਦਾ ਪਾਲਨ ਕਰ ਗੁਰੂ ਅਮਰਦਾਸ ਜੀ ਦਾ "ਪਸਾਉ" ਪ੍ਰਸਾਰ ਅਰਥਾਤ ਪਸਾਰਾ "ਕੀਤਾ ਪਸਾਉ ਏਕੋ ਕਵਾਉ" ਹੋਇਆ। ਇਹੋ ਪਰੰਪਰਾ ਗੁਰੂ ਰਾਮਦਾਸ ਜੀ ਤੋਂ ਗੁਰੂ ਅਰਜਨ ਸਾਹਿਬ ਰਾਹੀਂ, ਗੁਰੂ ਹਰ ਗੋਬਿੰਦ ਸਾਹਿਬ ਤੋਂ ਹੁੰਦੀ ਹੋਈ ਗੁਰੂ ਹਰਿਰਾਇ ਸਾਹਿਬ ਰਾਹੀਂ ਗੁਰੂ ਹਰਕ੍ਰਿਸ਼ਨ ਜੀ ਤਕ ਪਹੁੰਚਦੀ ਹੈ। ਜਿਸ ਰਾਹੀਂ ਹੀ ਗੁਰੂ ਲਾਧੋ ਰੇ, ਗੁਰੂ ਤੇਗ ਬਹਾਦੁਰ ਸਾਹਿਬ ਜੀ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਤੇ ਆ ਕੇ ਇਸ ਪਸਾਉ ਜਿਸ ਤੋਂ ਮਿਲਿਆਂ ਸੀ ਉਸੇ ਹੀ "ਗੁਰੂ ਸ਼ਬਦ" ਵਿਚ ਲੀਨ ਹੋ ਕੇ "ਗੁਰੂ ਖ਼ਾਲਸਾ ਪੰਥ" ਰੂਪ ਵਿਚ ਸ਼ਬਦ ਗੁਰੂ ਦੀ ਸਰੀਰਕ ਪ੍ਰਗਟਾਵੇ ਵਿਚ ਸਦੀਵ ਕਾਲ ਲਈ "ਢਾਢੀ ਕਰੇ ਪਸਾਉ ਸਬਦੁ ਵਜਾਇਆ"[150] ਦੇ ਪ੍ਰੇਰਨਾਮਈ ਯੋਜਨਾਬੱਧ ਵਿਗਾਸ ਰਾਹੀਂ ਜੋ ਅਕਾਲ ਤੋਂ ਪ੍ਰਾਪਤ ਕੀਤਾ ਉਹ ਅਕਾਲ ਦੇ ਸੁਤ ਨੂੰ ਹਸਤਾਂਤਰਣ ਕਰ "ਸ਼ਬਦ ਗੁਰੂ" ਗਿਆਨ ਦਾ ਪਸਾਰਾ ਕਰ ਦਿੱਤਾ ਹੈ। ਇੰਜ ਅਕਾਲ ਪੁਰਖ ਦੇ ਉਪਦੇਸ਼ "ਸੈਭੰ" ਨੂੰ ਮਨੁੱਖ ਦੀ ਚੇਤਨ ਅਤੇ ਅਵਚੇਤਨ ਮੁਕੰਮਲ ਮਨੋਬਿਰਤੀ ਖ਼ਾਲਸਾ ਬਣਾ ਖ਼ਾਲਸਤਾਈ ਮਨੁੱਖੀਕਰਨ ਰੂਪ ਵਿਚ ਪੇਸ਼ ਕਰ "ਸ਼ਬਦ ਨੂੰ ਵਜਾ ਕੇ ਸੁਣਾ" ਪਸਾਰਾ ਕਰ ਦਿੱਤਾ ਹੈ। ਇਹੁ "ਸੋਹਣੀ ਮੁਖਿ ਮਣੀ ਸੋਚੈ ਕਰੇ ਰੰਗਿ ਪਸਾਉ॥"[14] ਸਦੀਵੀ ਕਾਇਮ ਰਹਿਣ ਵਾਲਾ ਨਿਰਮਾਣ ਕਾਰੀ "ਮਣੀ ਰੂਪ" ਵਿਕਾਸ ਹੈ ਜੋ ਗੁਰੂ ਦੇ ਤੁੱਠ ਜਾਣ ਕਰ ਕੇ ਹੀ ਮਾਨਵੀ ਸਮਾਜ ਤੇ ਸੰਭਵ ਹੋਇਆ ਹੈ "ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ॥"[40]

## ਨਾਨਕਸ਼ਾਹੀ ਨਜ਼ਰੀਆ

"ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ॥"[726] ਦੀ ਕਿਰਪਾ ਨਾਲ ਗੁਰੂ ਨਾਨਕ ਦੀ ਧਰਮ ਸਭਿਅਤਾ ਦੇ ਸਮਾਜ ਦਾ ਗੁਰੂ ਸ਼ਬਦ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਨਾਲ ਗੁਰੂ ਖ਼ਾਲਸਾ ਪੰਥ ਸਰੀਰ ਰੂਪ ਵਿਚ ਗੁਰੂ ਹੈ; ਜਿਸ ਤੇ ਸ਼ਬਦ ਗੁਰੂ ਦੀ ਕ੍ਰਾਂਤੀ ਕਾਰੀ ਖ਼ੁਦਮੁਖ਼ਤਾਰੀ ਦਾ ਦਬਦਬਾ ਮਨੁੱਖ ਦੀ ਮਨ ਆਤਮਾ ਦੀ ਚੇਤਨ ਤੇ ਅਵਚੇਤਨ ਮੁਕੰਮਲ ਮਨੋਬਿਰਤੀ ਤੇ ਨਾਨਕਸ਼ਾਹੀ ਪ੍ਰਣਾਲੀ ਤੇ ਵਿਵਸਥਾ ਦਾ ਹਲੇਮੀ ਰਾਜ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਹੈ । ਇਹ ਖੰਡੇ ਬਾਟੇ ਦੀ ਨਾਦੀ ਜਨਮ ਪ੍ਰਣਾਲੀ ਦੀ ਅਕਾਲ ਸਤਾ ਦਾ ੧ਓ ਪਸਾਰਾ ਕਰਨ ਦੀ ਅਰਥ ਯੁਕਤ ਵਿਧੀ ਦਾ ਵਿਧਾਨ ਹੈ। ਜਿਸ ਦਾ ਜ਼ਾਬਤਾ "ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ॥"[1310] ਦਾ ਅਕਾਲ ਵੱਲੋਂ ਖ਼ਾਲਸੇ ਤੇ ਖ਼ਾਲਸਤਾਈ ਆਗੂ ਹੋਣ ਦਾ ਇੰਤਕਾਲ ਹੈ।

ਗੁਰੂ ਗ੍ਰੰਥ(ਸ਼ਬਦ ਗੁਰੂ) ਜੀ ਦੀ ਤਾਬਿਆ ਸਜਿਆ ਖ਼ਾਲਸਾ ਪੰਥ; ਸਮੂਹਿਕ ਜ਼ਮੀਰ ਦੀ ਚੇਤਨ ਅਤੇ ਅਵਚੇਤਨ ਤੋਂ ਨਿਕਲਦੀ ਅਕਾਲ ਪਰਥਾਏ ਨਿਰਭਉ, ਨਿਰਵੈਰ ਜ਼ਾਬਤੇ ਅੰਦਰਲੀ ਮਾਨਵੀ ਸਭਿਅਤਾ ਲਈ; ਪ੍ਰਬੰਧਕੀ ਅਗਵਾਈ ਦੀ ਪ੍ਰਣਾਲੀ ਦਾ ਸਤਾ ਧੁਰਾ ਹੈ। ਇੰਜ ਗੁਰੂ ਖ਼ਾਲਸਾ ਪੰਥ ਨੇ ਸ਼ਬਦ ਗੁਰੂ ਦੀ ਪ੍ਰਣਾਲੀ ਦਾ ਕੁਦਰਤੀ ਨਿਆਂ ਸ਼ਾਸਤਰ ਦੀ ਸੰਹਿਤਾ ਦੀ ਨੇਮਾਵਲੀ "ਸ਼ਬਦ ਗੁਰੂ" ਪਰਥਾਏ ਹੀ ਬ੍ਰਹਿਮੰਡ ਨੂੰ ਦੇਣੀ ਹੈ।

## ਜੀਵਨ ਅਮਲ ਵਿੱਚ ਅਪਣਾਉਣਾ

ਸਿੱਖ ਦਾ ਵਰਤਮਾਨ ਗੁਰੂ "ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਗੁਰੂ ਪੰਥ ਖ਼ਾਲਸਾ" ਹੈ। ਇਸ ਦੀ ਸਤਾ ਬਹਾਲੀ ਤੇ ਆਗੂ ਅਪਣਾਉਣ ਦੀ ਪ੍ਰਥਾ ਨੂੰ ਲਾਗੂ ਕਰਨ ਦਾ ਨਿਰਨੇ ਸਿੱਖ ਕੌਮ ਨੇ ਲੈਣਾ ਹੈ । ਇਸ ਵਿਚ ਰੁਕਾਵਟ ਸ਼ਖ਼ਸੀ ਤੇ ਧੜੇ ਬੰਧਕ ਬਣੇ ਹੋਏ ਆਗੂ, ਜੱਥੇ, ਜੱਥੇਬੰਦੀਆਂ, ਡੇਰੇ, ਸੰਤ, ਸਾਧ ਅਤੇ ਰਾਜਨੀਤਕ, ਧਾਰਮਿਕ, ਸਮਾਜੀ ਤੇ ਹੋਰ ਜੱਥੇਬੰਦੀਆਂ ਹਨ। ਜਦੋਂ ਗੁਰੂ ਪੰਥ ਨੂੰ ਆਗੂ ਬਣਾ ਕੇ ਉਸ ਦੇ ਹੁਕਮ ਵਿਚ ਇਹ ਜ਼ਿਕਰ ਕੀਤੀਆਂ ਸੰਸਥਾਵਾਂ ਆਉਣ ਗਿਆ ਤਾਂ ਹੀ ਸਿੱਖ ਆਪਣੇ ਗੁਰੂ ਦੀ ਅਗਵਾਈ ਵਿਚ ਵਿਚਰੇਗਾ। ਇਸ ਤੋਂ ਬਗੈਰ ਸਿੱਖ ਦਾ ਆਗੂ ਸਿਰਫ਼ ਕਹਿਣ ਸੁਣਨ ਨੂੰ ਗੁਰੂ ਗ੍ਰੰਥ ਤੇ ਗੁਰੂ ਪੰਥ ਹੈ; ਪਰ ਵਿਹਾਰਕ ਤੌਰ ਤੇ ਇਹ ਹਰ ਪੱਧਰ ਤੇ ਮਨਫ਼ੀ ਹੈ। ਇਸੇ ਨੂੰ ਹੀ ਆਗੂ ਬਣਾ ਕੇ ਮੁੜ ਸਥਾਪਿਤ ਕਰਨ ਦੀ ਸ਼੍ਰੋਮਣੀ ਲੋੜ ਹੈ। ਜਿਸ ਲਈ ਪਿੰਡ ਤੋਂ ਮੁਹੱਲੇ ਪੱਧਰ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਸ੍ਰੀ ਗੁਰੂ ਪੰਥ ਖ਼ਾਲਸਾ ਨੂੰ ਆਗੂ ਮੰਨ ਕੇ ਸਮੂਹਿਕ ਨਿਰਨੇ ਲੈਣ ਦੀ ਸਿੱਖੀ ਪਰੰਪਰਾ ਨੂੰ ਜੀਵਤ ਕਰਨ ਤੇ ਅਪਣਾਉਣ ਦੀ ਲੋੜ ਹੈ । ਇਸੇ ਸਤਾ ਦੀ ਸਥਾਪਤੀ ਦੀ ਹੀ ਇਹ ਵਿਹਾਰਕ ਪ੍ਰਣਾਲੀ ਹੈ ਕਿ "ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ"[966] ਇਸੇ ਲਈ ਹੀ ਸਿੱਖ ਸੰਕਲਪ "ਗੁਰਮਤਿ" ਅਨੁਸਾਰ "ਸ਼ਬਦ ਗੁਰੂ" ਦੀ ਜੋਤਿ ਦੇ ਵਰਤਾਰੇ ਦੀ ਪਾਤਸ਼ਾਹੀ ਦਾ ਆਗੂ ਸਿੱਖ ਸਰੀਰ ਗੁਰੂ ਜੋਤਿ ਦੇ ਜਾਮੇ ਬਦਲਦਾ ਹੋਇਆ ਗੁਰਗੱਦੀ ਤੇ ਬਿਰਾਜਮਾਨ ਸਰੀਰ "ਗੁਰੂ ਪੰਥ ਖ਼ਾਲਸਾ" ਹੈ। ਇਸੇ ਲਈ ਹੀ ਤਾਂ ਸ਼ਬਦ ਗੁਰੂ ਰਾਜ ਕਰ ਕੇ ਅਟੱਲ ਹੈ ਤੇ ਦਲ ਕਰ ਕੇ "ਪੰਥ ਗੁਰੂ" ਅਭਗ ਹੈ "ਸਿਰਿ ਆਤਪਤੁ ਸਚੈ ਤਖਤੁ ਜੋਗ ਭੋਗ ਸੰਜੁਤੁ ਬਲਿ॥ ਗੁਰ ਰਾਮਦਾਸ ਸਚੁ ਮਲ੍ਹ ਭਣਿ ਤੂ ਅਟਲ ਰਾਜਿ ਅਭਗ ਦਲਿ॥"[1406]

ਸਿੱਖਾਂ ਦੀ ਸਮੂਹਿਕ ਪਦਵੀ ਖ਼ਾਲਸਾ ਪੰਥ ਨੂੰ ਆਪਣੀ ਗੁਰਿਆਈ ਦੀ ਜ਼ਿੰਮੇਵਾਰੀ ਚੁੱਕਣ ਲਈ ਕ੍ਰਾਂਤੀਕਾਰੀ ਕਦਮ ਪੁੱਟਣ ਦੀ ਲੋੜ ਹੈ। ਆਪਣੀ ਇਸ ਪਦਵੀ ਲਈ ਸਿੱਖ ਨੂੰ ਸ਼ੰਕਾ ਨਿਰਵਿਤ ਹੋ ਕੇ ਆਪਣੇ ਆਪ ਨੂੰ ਇਸ ਯੋਗ ਸਥਾਪਿਤ ਕਰਨ ਲਈ ਸੰਘਰਸ਼ ਵਿੱਢਣਾ ਪੈਣਾ ਹੈ। ਅਕਾਲ ਦਾ ਇਹੋ ਗੁਰੂ ਹੁਕਮ ਹੈ ।

# 19

# ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ

## ਕਿਰਤ ਕਰਨੀ

**"ਅੰਡਜ ਜੇਰਜ ਸੇਤਜ ਉਤਭੁਜ ਪ੍ਰਭ ਕੀ ਇਹ ਕਿਰਤਿ॥ "[816]**

### ਗੁਰਮਤਿ ਅਰਥ

**ਕਿਰਤ ਕਰਨੀ**-ਕੰਮ, ਕਰਨੀ, ਕੰਮ-ਕਾਜ, ਕਰਤੂਤ, ਮਿਹਨਤ, ਘਾਲ, ਕਿਰਤ/ਕੰਮਾਂ ਅਨੁਸਾਰ ਬਣੀ ਜ਼ਿੰਦਗੀ । ਗੁਰਬਾਣੀ ਵਿਚ ਬਹੁਤਾਤ ਵਿਚ "ਕਿਰਤਿ" ਅਤੇ "ਕਰਮ" ਨੂੰ ਪੂਰਵਲੇ ਜਨਮਾਂ ਦੇ ਲੇਖਾਂ ਨਾਲ ਜੋੜ ਕੇ ਵਿਆਖਿਆ ਕਾਰਾ ਨੇ ਵਿਆਖਿਆ ਦੀ ਰੀਤ ਚਲਾਈ ਹੈ।

ਅਸੀਂ ਇੱਥੇ ਇਸ ਦੇ ਉਹ ਅਰਥ ਲੈ ਰਹੇ ਹਾਂ ਜਿਹੜੇ ਸਮਾਜਿਕ ਆਰਥਿਕਤਾ ਨਾਲ ਜੁੜੇ ਹਨ ਅਰਥਾਤ 'ਮਜ਼ਦੂਰੀ"। ਉਹ ਮਿਹਨਤ ਜਿਸ ਨਾਲ ਰੋਜ਼ੀ, ਉਪਜੀਵਕਾ ਕਮਾਈ ਜਾਂਦੀ ਹੈ।

### ਗੁਰਬਾਣੀ ਵਿਸਥਾਰ

"ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥ ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ॥ ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ॥"[317] ਗੁਰਬਾਣੀ ਇਹ ਨਿਸ਼ਚਿਤ ਕਰਦੀ ਹੈ ਕਿ ਗੁਰਸਿੱਖਾਂ ਦਾ ਆਚਰਨ, ਅਤੇ ਉਪਜੀਵਕਾ ਲਈ ਉਨ੍ਹਾਂ ਦੀ ਕਿਰਤ ਨਿਮਿਤ ਕੰਮ ਕਾਜ ਦਾ ਢੰਗ ਤੇ ਤਰੀਕਾ ਅਜਿਹਾ ਹੁੰਦਾ ਹੈ ਕਿ ਜੇ ਉਨ੍ਹਾਂ ਤੋਂ ਕੋਈ ਵੀ ਹੋਰ ਮਨੁੱਖ "ਸਬਦ ਗੁਰੂ" ਦੇ ਸੰਕਲਪ ਅਤੇ ਸਿਧਾਂਤ-ਵਿਧਾਨ ਤੋਂ ਉਲਟ ਕੰਮ ਕਰਾਉਣਾ ਚਾਹੇ ਤਾਂ ਫਿਰ ਸਿੱਖ ਅਜਿਹੇ ਮਨੁੱਖ ਦੇ ਨੇੜੇ ਨਹੀਂ ਢੁੱਕਦਾ। ਜਿਸ ਦੀ ਮਨੋਬਿਰਤੀ ਹੀ ਠੱਗੀ ਮਾਰਨ ਦੀ ਹੋਵੇ ਗੁਰਸਿੱਖ ਉਸ ਨਾਲ ਤਾਂ ਉੱਕਾ ਹੀ ਕਿਸੇ ਤਰ੍ਹਾਂ ਦਾ ਸਬੰਧ ਨਹੀਂ ਬਣਾਉਂਦਾ। ਗੁਰੂ ਕਾ ਸਿੱਖ ਤਾਂ ਅਕਾਲ ਦੀ ਕੁਦਰਤ ਦੀ ਸੱਤਿਆ ਸਤਾ ਵਿਚ ਚਿੱਤ ਜੋੜ ਕੇ "ਸ਼ਬਦ ਗੁਰੂ" ਦੀ ਸਿੱਖਿਆ ਅਤੇ ਵਿਸ਼ਵਾਸ ਵਿਚ ਆਪਣੀ ਸਿਰੜੀ ਘਾਲ ਕਮਾਉਂਦਾ ਹੈ। ਨਿਰਧਾਰਿਤ ਇਹ ਕੀਤਾ ਗਿਆ ਹੈ ਕਿ "ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥ ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ॥"[397] ਅਕਾਲ ਪੁਰਖ ਦੀ ਬਖ਼ਸ਼ਿਸ਼ ਦੀ ਦਾਤ

ਮੰਗਦੇ ਹੋਏ ਜੀਵਨ ਅਜਿਹਾ ਘੜ ਲੈ ਕਿ ਸ਼ਬਦ ਗੁਰੂ ਦੇ ਤਖ਼ਤ ਦੀ ਸਤਾ ਨੂੰ ਮਨ, ਬਚਨ, ਕਰਮ ਤੇ ਬਿਰਾਜਮਾਨ ਕਰ ਕੇ; ਜੀਵਨ ਅਤੇ ਆਤਮਿਕ ਉਪਜੀਵਕਾ ਲਈ ਅਜਿਹੀ ਕਾਰ ਕੰਮਾਂ ਜਿਸ ਨਾਲ ਤੇਰਾ ਅਕਸ ਸਮਾਜ ਵਿਚ ਰੌਸ਼ਨ ਤੇ ਉਦਾਹਰਨ ਬਣ ਜਾਵੇ।

ਗੁਰੂ ਆਪਣੇ ਸਿੱਖ ਲਈ ਇਹ ਨਿਰਧਾਰਿਤ ਕਰਦਾ ਹੈ ਕਿ "ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ॥ ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ॥"[474] ਅਰਥਾਤ ਸਿੱਖ ਜਿਸ ਕੰਮ ਨੂੰ ਵੀ ਕਰੇ ਉਹ ਉਸ ਦੀ ਸੰਪੂਰਨ ਹੁਨਰਮੰਦੀ ਦੀ ਪਰਪੱਕਤਾ ਲੈ ਕੇ ਕਰੇ। ਅਣਜਾਣ ਪੁਣੇ ਵਿਚ ਕਿਸੇ ਵੀ ਕਿਸਮ ਦੀ ਕੋਈ ਵੀ ਕਾਰ ਨਾਂਹ ਕਰੇ ਕਿਉਂਕਿ ਅਜਿਹੀ ਕਾਰ ਉਸ ਦੇ ਕੀਤੇ ਚੰਗੇ ਤੇ ਹੁਨਰਮੰਦੀ ਵਾਲੇ ਕੰਮ ਨੂੰ ਵੀ ਮੁਕਾ ਸਕਦੀ ਹੈ। "ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ॥"[334] ਜਿਤਨੇ ਵੀ ਸਰੀਰ ਰੂਪੀ ਜੀਵ ਹੁਣ ਉਹ ਸਾਰੇ ਹ ਉਪਜੀਵਕਾ ਦੀ ਕਿਰਤ ਵਿਚ ਕੰਮ ਕਾਜ ਕਰ ਰਹੇ ਹਨ। ਇਹੋ ਨੇਮ ਨਿਰਧਾਰਿਤ ਹੈ।

ਇੰਜ ਗੁਰਬਾਣੀ ਦਾ ਸੰਕਲਪ ਬੜਾ ਸਪਸ਼ਟ ਹੈ ਕਿ ਮਨੁੱਖ "ਸੁਕ੍ਰਿਤ" ਚੰਗੀ ਕਿਰਤ, ਅਰਥਾਤ ਸੁੱਚੀ ਤੇ ਸੱਚੀ ਕਿਰਤ ਕਰੇ। ਜਿਹੜੀ ਵੀ ਉਹ ਆਪਣੀ ਉਪਜੀਵਕਾ ਚੁਣੇ ਉਸ ਵਿਚ ਉਹ ਸਿੱਖਿਅਤ ਵੀ ਹੋਵੇ ਤੇ ਪੂਰੀ 100% ਨਿਪੁੰਨਤਾ ਹਾਸਲ ਕਰ ਕੇ ਆਪਣੀ ਕਿਰਤ ਵਿਚ ਲੱਗੇ।

## ਨਾਨਕਸ਼ਾਹੀ ਨਜ਼ਰੀਆ

ਗੁਰੂ ਨਾਨਕ ਸਰਕਾਰ ਦਾ ਦੁਨੀਆਦਾਰੀ ਵਿਚਲਾ ਪ੍ਰਣਾਲੀ ਗਤ ਪ੍ਰਗਟਾਵਾ ਇਹ ਹੈ ਕਿ "ਕਰਮ ਕਰਤੂਤਿ ਬੇਲਿ ਬਿਸਥਾਰੀ"[351] ਮਨੁੱਖ ਦੀ ਰੋਜ਼ੀ ਕਮਾਉਣ ਦੀ 'ਕਰਮ' ਵਿਧੀ ਹੀ ਉਸ ਦੇ ਕਿਰਦਾਰ ਅਤੇ ਵਿਹਾਰ ਦੀ ਅਰਥਾਤ ਉਸ ਦੀ ਪਹਿਚਾਣ ਦੀ ਵੇਲ ਨੂੰ ਅੱਗੇ ਵਧਾਉਂਦੀ ਹੈ। ਰੁਜ਼ਗਾਰ, ਰੰਕ ਹੈ ਭਾਵੇਂ ਰਾਜਾ; ਸਭ ਲਈ ਕਰਨਾ ਆਵੱਸ਼ਕ ਹੈ। ਜੇ ਰਾਜਾ ਲਾਲਚੀ ਹੋ ਕੇ ਰੁਜ਼ਗਾਰ ਦੀ ਥਾਏਂ ਲਾਲਚੀ ਬਣ ਜਾਵੇ ਤਾਂ ਭਾਈ ਗੁਰਦਾਸ ਜੀ ਕਹਿੰਦੇ ਹਨ "ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ॥" ਉਸ ਦੀ ਰਾਜ ਰਾਹੀਂ ਕੀਤੀ ਜਾ ਰਹੀ ਕਿਰਤ ਵੀ ਫਿਰ ਅਜਾਈਂ ਜਾਂਦੀ ਹੈ। ਹੋਰ ਜੇ ਕਿਸੇ ਮਨੁੱਖ ਨੇ ਇਹ ਜਾਣ ਲਿਆ ਹੈ ਕਿ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥"[1245] ਸਖ਼ਤ ਮਿਹਨਤ ਨਾਲ ਆਪਣੀ ਕਿਰਤ ਕਰ ਕੇ ਉਸ ਵਿਚੋਂ ਹੋਰ ਗੁਰਮੁਖਾਂ ਨੂੰ ਵੀ ਆਪਣੇ ਬਰਾਬਰ ਲਿਆਉਣ ਵਾਸਤੇ ਆਪਣੇ ਹੱਥੀ ਆਪਣੀ ਕਿਰਤ ਵਿਚੋਂ ਕੁੱਝ ਹਿੱਸਾ ਦੇ ਕੇ ਸਮਾਜਿਕ ਕਲਿਆਣਕਾਰੀ ਭਾਵਨਾ ਨਾਲ ਵਿਚਰਦਾ ਹੈ ਉਹੀ ਮਨੁੱਖ ਅਸਲੋਂ ਗੁਰੂ ਨਾਨਕ ਦੇ ਰਾਹ ਨੂੰ ਪਹਿਚਾਣਦਾ ਹੈ। ਭਾਈ ਗੁਰਦਾਸ ਜੀ ਸ਼ਾਹਦੀ ਭਰਦੇ ਹਨ "ਗੁਰਸਿਖਾਂ ਨੋ ਦਇ ਕਰਿ ਪਿਛੋਂ ਬਚਿਆ ਆਪੁ

ਖਵੰਦਾ' ਪਉੜੀ40 ਅਜਿਹਾ ਹੀ ਗੁਰਮੁਖ ਅਕਾਲ ਪੁਰਖ ਦੇ ਦੱਸੇ ਮਾਰਗ ਤੇ ਚਲਦਾ ਹੈ 'ਗੁਰਮੁਖ ਗਾਡੀ ਰਾਹੁ ਚਲੰਦਾ॥ ' ਪਉੜੀ40

"ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ " 653 ਦੇ ਨਿਯਮ ਅਨੁਸਾਰ ਉਪਜੀਵਕਾ ਲਈ ਜੀਵ ਭਟਕਦਾ ਹੈ।

ਸਿਰੜੀ ਮਿਹਨਤ ਦਾ ਸਿੱਖੀ ਵਿਚ ਵਿਸ਼ੇਸ਼ ਸਥਾਨ ਨੀਅਤ ਹੈ "ਜਿਨੀ ਨਾਮੁ ਧਿਆਇਆ ਗਏ ਮਾਨਤਿ ਘਾਲਿ॥" ਦਾ ਸੰਕਲਪ ਇਹੋ ਵਿਧੀ ਵਿਧਾਨ ਨੀਅਤ ਕਰਦਾ ਹੈ ਕਿ ਜਿਨ੍ਹਾਂ ਮਨੁੱਖਾਂ ਨੇ ਸਿਰਜਣਹਾਰ ਦੀ ਪ੍ਰੇਮਾ ਭਗਤੀ ਮਿਹਨਤ ਨਾਲ ਕੀਤੀ ਹੈ ਉਨ੍ਹਾਂ ਨੂੰ ਉਸ ਦੀ ਕਿਰਪਾ ਦ੍ਰਿਸ਼ਟੀ ਮਿਲਦੀ ਹੈ। ਇਹੋ ਹੀ ਵਿਧਾਨ ਗੁਰੂ ਨਾਨਕ ਸਰਕਾਰ ਦਾ ਹੁਨਰਮੰਦ ਸਿੱਖ ਕਿਰਦਾਰ ਲਈ ਵੀ ਨੀਅਤ ਹੈ। ਬਾਣੀ ਸਪਸ਼ਟ ਸੰਦੇਸ਼ ਦੇ ਕੇ ਆਪਣੇ ਵਿਧਾਨ ਦਾ ਨਿਰਨਾ ਦਿੰਦੀ ਹੈ "ਨਾਮਾ ਕਹੈ ਤਿਲੋਚਨਾ ਮੁੱਖ ਤੇ ਰਾਮੁ ਸੰਮ੍ਹਾਲਿ ॥ ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥" 1376-7 ਕਿਰਤ ਦੇ ਸਿੱਖੀ ਸੰਕਲਪ ਵਿਚ ਹੱਥ ਅਤੇ ਪੈਰ ਬਰਾਬਰ ਇੱਕ ਸਾਰ ਕੰਮ ਵਿਚ ਰੁੱਝੇ ਹੋਣੇ ਚਾਹੀਦੇ ਹਨ ਤੇ ਚਿੱਤ ਵਿਚ ਸ਼ਬਦ ਗੁਰੂ ਨਾਲ ਜੁੜਿਆ ਹੋਣਾ ਚਾਹੀਦਾ ਹੈ।

"ਸੋਰਠਿ ਮਹਲਾ 1 ਘਰੁ 1 ॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥1॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥2॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥3॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥" 595

ਇਸ ਸ਼ਬਦ ਵਿਚ ਗੁਰੂ ਨਾਨਕ ਸਰਕਾਰ ਜੀ ਰੁਜ਼ਗਾਰ ਕਮਾਉਣ ਦੇ ਵਰਗੀਕਰਨ ਵਿਚ ਮਨੁੱਖ ਨੂੰ ਕਰਤੇ ਦੀ ਕਾਰ ਰਾਹੀਂ ਅਕਾਲ ਦੇ ਮਾਇਆ ਸੰਕਲਪ ਦਾ ਅਰਥ-ਸ਼ਾਸਤਰ ਦਾ ਵਿਗਿਆਨ ਸਮਝਾਉਂਦੇ ਹਨ। ਸਮੁੱਚਾ ਸੌਰ ਮੰਡਲ ਹੀ ਮਾਇਆ ਹੈ। ਇਹ ਇੱਥੇ ਹੀ ਰਹਿਣਾ ਹੈ। ਇਸ ਵਿਚੋਂ ਜੀਵ ਆਪਣੇ ਗੁਜ਼ਰਾਨ ਲਈ ਪਦਾਰਥਾਂ ਨੂੰ ਖਾਂਦੇ ਅਤੇ ਉਪਜੀਵਕਾ ਕਰਦੇ ਹੋਏ ਦੇਵਨ ਹਾਰ ਅਕਾਲ ਪੁਰਖ ਨਿਮਿਤ ਉਵੇਂ ਹੀ ਇੱਕ ਮਨ ਇੱਕ ਚਿੱਤ ਖੁੱਭ ਕੇ ਸਮਰਪਿਤ ਰਹੇ ਜੀਵੇਂ ਉਹ ਸਖ਼ਤ ਘਾਲ ਕਰ ਕੇ ਆਪਣਾ ਰੁਜ਼ਗਾਰ ਕਰਦਾ ਹੈ। ਜਦੋਂ ਦੋਵੇਂ ਕੰਮ ਇੱਕ ਮਨ ਇੱਕ ਚਿੱਤ ਲਗਨ ਦੀ ਸੱਚੀ ਤੇ ਸੁੱਚੀ ਇਮਾਨਦਾਰੀ ਨਾਲ ਕੀਤੇ ਜਾਂਦੇ ਹਨ ਤਾਂ ਫਿਰ ਉਹ ਸਦਾ ਕਾਇਮ

ਰਹਿਣ ਵਾਲੀ ਅਵਸਥਾ ਵਿਚ ਚਿਰੰਜੀਵੀ ਕੁਦਰਤ ਦਾ ਹਿੱਸਾ ਬਣ ਜਾਂਦਾ ਹੈ। ਇਹੋ ਹੀ ਮਨੁੱਖ ਦਾ ਜੀਵਨ ਸੰਕਲਪ ਹੈ "ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ॥"[97]
ਜਗਤ ਪਸਾਰੇ ਦੀ ਮਾਇਆ ਵਿਚੋਂ ਮਨੁੱਖ ਨੂੰ ਸਦਾ ਕਾਇਮ ਰਹਿਣ ਵਾਲੇ ਵਿਕਾਸ ਦੇ ਢਾਂਚੇ ਵਿਚ ਕੁਦਰਤ ਨੂੰ ਅਤੇ ਉਸ ਦੀ "ਮਾਇਆ" ਕੁਦਰਤੀ ਪਸਾਰੇ ਨੂੰ ਬਿਨਾ ਨੁਕਸਾਨ ਪਹੁੰਚਾਏ; ਦੀ ਘਾਲ ਕਮਾਈ ਦੀ ਕਿਰਤ ਕਰਨ ਅਤੇ ਵਿਰਤ (ਜੁਗਤ ਜਾਂ ਤਰੀਕਾਂ) ਹੀ ਤਰੱਕੀ ਲਈ ਅਪਣਾਉਣ ਦਾ ਸੰਕਲਪ ਹੈ -"ਕਿਰਤ ਕਰਨਾ"। ਸੌਰ ਮੰਡਲੀ ਪਸਾਰੇ ਨੂੰ ਉਸ ਦੇ ਆਪਣੇ ਮੂਲ ਵਿਚ ਹੀ ਸਦਾ ਕਾਇਮ ਰਹਿਣ ਦੇਣ ਲਈ, ਨਵੀਆਂ ਕਾਢਾਂ ਨਿਮਿਤ ਮਰਿਆਦਤ ਤਾਂਘਾਂ ਰੱਖਣ ਅਤੇ ਜੀਵਨ ਵਿਚ ਅਪਣਾਉਣ ਦਾ ਸੰਕਲਪ ਹੈ ਨਾਨਕਸ਼ਾਹੀ "ਕਿਰਤ ਕਰਨਾ" ਦਾ ਸੰਦੇਸ਼।

## ਜੀਵਨ ਅਮਲ ਵਿਚ ਅਪਣਾਉਣਾ

"ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥[1245] ਦਾ ਸੰਕਲਪ "ਕਿਰਤ ਕਰਨਾ" ਦਾ ਜੀਵਨ ਅਮਲ ਇਉਂ ਦਰਸਾਉਂਦਾ ਹੈ ਕਿ ਜੀਵ ਨੇ ਆਪਣੇ ਰੁਜ਼ਗਾਰ ਵਿਚ "ਕਿਰਤ ਵਿਰਤ ਕਰ ਧਰਮ ਦੀ ਹਥਹੁੰ ਦੇਕੇ ਭਲਾ ਮਨਾਵੈ॥"[ਪਉੜੀ6] ਹੱਕ ਦੀ ਕਮਾਈ ਵਿਚੋਂ ਵੀ ਆਪਣੇ ਸਮਾਜ ਦੇ ਬਾਕੀ ਉਸ ਤਬਕੇ ਨੂੰ ਵੀ ਆਪਣੇ ਬਰਾਬਰ ਖੜ੍ਹਾ ਕਰਨ ਲਈ ਸਹਾਇਤਾ ਕਰਨੀ ਹੈ ਜੋ ਉਸ ਤੋਂ ਹਾਲੇ ਤੰਗੀ ਪੇਸ਼ੀ ਵਾਲਾ ਜੀਵਨ ਬਿਤਾ ਰਿਹਾ ਹੈ। ਆਦਰਸ਼ ਇਹ ਨੀਅਤ ਹੈ ਕਿ "ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ॥"[ਪਉੜੀ40] ਗੁਰੂ ਨਾਨਕ ਸਰਕਾਰ ਨੇ ਕਿਰਤ ਕਰਨਾ ਦੇ ਆਪਣੇ ਸੰਕਲਪ ਵਿਚ ਬੀਜ ਗੁਣ ਇਹ ਪਾਇਆ ਹੈ ਕਿ ਰੁਜ਼ਗਾਰ ਤੋਂ ਕਮਾਈ ਸੱਚੀ ਤੇ ਸੁੱਚੀ ਕਰਦੇ ਹੋਏ ਉਸ ਨੂੰ "ਸੁਕ੍ਰਿਤ" ਬਣਾਉਣਾ ਹੈ। ਇੰਜ ਆਪਣੀ ਸੁਕ੍ਰਿਤ ਵਿਚੋਂ ਵਾਧੂ ਗੁਰਮੁਖਾਂ ਨੂੰ ਵੰਡ ਕੇ ਆਪਣੇ ਬਰਾਬਰ ਖੜ੍ਹਾ ਕਰਨਾ ਹੈ ਕਿਉਂਕਿ ਇਹੋ ਸੁਕ੍ਰਿਤ ਹੀ ਸਮਾਜ ਨੂੰ ਸੁਤੰਤਰਤਾ ਦੇ ਅਸਲ ਪੈਂਡੇ ਪ੍ਰਭੁਤਾ ਵੱਲ ਲੈ ਜਾ ਕੇ ਆਜ਼ਾਦੀ ਦਿਵਾਉਂਦੀ ਹੈ- "ਕਿਰਤ ਵਿਰਤ ਜਗ ਵਰਤਮਾਨ ਸਭਨਾਂ ਬੰਧਨ ਮੁਕਤ ਕਰਾਏ॥"[ਪਉੜੀ15]
ਭਾਈ ਨੰਦ ਲਾਲ ਜੀ ਆਪਣੇ ਰਹਿਤਨਾਮੇ ਦੇ ਪ੍ਰਸ਼ਨ ਉੱਤਰ ਅਧਿਆਇ ਵਿਚ ਵੀ ਨਾਨਕਸ਼ਾਹੀ ਦ੍ਰਿਸ਼ਟੀਕੋਣ ਸਪਸ਼ਟ ਕਰਦੇ ਹਨ "ਦਸ ਨਖ ਕਰ ਜੋ ਕਮਾਵੈ। ਤਾਂ ਕਰ ਜੋ ਧਨ ਘਰ ਮੈ ਆਵੈ। ਤਿਸ ਤੇ ਗੁਰੁ ਦਸੌਂਧ ਜੋ ਦਏ। ਸਿੰਘ ਸੁਯਮ ਬਹੁ ਜਗ ਮਹਿ ਲੇਈ।" ਅਰਥਾਤ ਦਸਾਂ ਨਹੁੰਆਂ ਦੀ ਸਿਰੜੀ ਮਿਹਨਤ ਦੀ ਕਮਾਈ ਹੀ ਘਰ ਵਿਚ ਆਉਣੀ ਚਾਹੀਦੀ ਹੈ ਤੇ ਉਸ ਵਿਚੋਂ ਗੁਰ ਸਿੱਖ ਨੂੰ ਦਸਵੰਧ ਵੀ ਕੱਢਣਾ ਚਾਹੀਦਾ ਹੈ। ਇਸੇ ਨੂੰ ਹੀ ਸਿੱਖੀ ਵਿਚ ਧਰਮ ਦੀ ਕਿਰਤ ਮੰਨਿਆਂ ਗਿਆ ਹੈ।
ਜੀਵਨ ਵਿਚ ਅਪਣਾਉਣ ਲਈ ਨਾਨਕਸ਼ਾਹੀ ਸਿੱਖਿਆ ਇਹ ਹੈ ਕਿ "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥"[918] ਗੁਰੂ ਨਾਨਕ ਸਰਕਾਰ ਵੱਲੋਂ ਸਿੱਖ ਲਈ

ਕਰਮ ਸਿਧਾਂਤ ਹੀ ਇਹ ਨੀਅਤ ਕੀਤਾ ਗਿਆ ਹੈ "ਆਪਣ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ॥"

ਜੀਵਨ ਵਿਚ ਸੁੱਖ ਦੁੱਖ ਅਤੇ ਜੀਵਨ ਨਿਰਬਾਹ ਦੇ ਅਮਲ ਦਾ ਸੱਚ ਇਹੋ ਹੈ ਕਿ "ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥"[468] ਜਿਹੋ ਜਿਹੇ ਮਨੁੱਖ ਕੰਮ ਕਰਦਾ ਹੈ ਤੇ ਜਿਤਨੀ ਉਸ ਕੰਮ ਕਰਨ ਵਿਚ ਮਿਹਨਤ ਕਰਦਾ ਹੈ; ਉਸੇ ਦੇ ਪ੍ਰਤਿਰੂਪ ਵਿਚ ਉਸ ਨੂੰ ਉਸ ਦਾ ਉਤਨਾ ਹੀ ਫਲ ਜਾਂ ਨਤੀਜਾ ਹਾਸਲ ਹੁੰਦਾ ਹੈ। ਚੰਗੇ ਜਾਂ ਮੰਦੇ ਦੀ ਪ੍ਰਾਪਤੀ ਦਾ ਅਮਲੀ ਪ੍ਰਗਟਾਵਾ ਅਤੇ ਵਿਹਾਰਕ ਅਮਲ ਗੁਰੂ ਨਾਨਕ ਸਰਕਾਰ ਨੇ "ਕਿਰਤ ਕਰੋ" ਸਿਧਾਂਤ ਦੇ ਇਸੇ ਸੰਕਲਪ ਵਿਚ ਇੰਜ ਨੀਅਤ ਕਰ ਦਿੱਤਾ ਹੈ "ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥"[433] ਕਿਸੇ ਦੂਜੇ ਦੇ ਸਿਰ ਤੇ ਆਪਣੇ ਕੀਤੇ ਕੰਮਾਂ ਦਾ ਦੋਸ਼ ਨਹੀਂ ਧਰਨਾ ਚਾਹੀਦਾ ਕਿਉਂਕਿ ਜੋ ਮੈਂ ਕੀਤਾ ਹੈ ਉਸ ਦੀ ਫ਼ਸਲ ਦੀ ਪ੍ਰਾਪਤੀ ਵੀ ਮੈਨੂੰ ਹੀ ਹੋਵੇਗੀ।

"ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥"[1243] ਆਪਣੀ ਘਾਲ ਰਾਹੀਂ ਜੋ ਆਪਣੇ ਜੀਵਨ ਵਿਚ ਆਪਣੀ ਕਰਨੀ ਰਾਹੀਂ ਬੀਜੋਗੇ ਉਹੀ ਪਾਉਗੇ। ਕੁਦਰਤ ਦੇ ਸਤਿ ਨੇਮ ਵਿਚ "ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥"[134] ਦਾ ਗੁਰੂ ਨਾਨਕ ਸਰਕਾਰ ਨੇ ਵਿਧਾਨ ਨਿਰਧਾਰਿਤ ਕਰ ਕੇ ਸਿੱਖ ਨੂੰ ਸਮਝਾਇਆ ਹੈ। ਇਸ ਨਾਲ ਇਹ ਵੀ ਨਿਰਧਾਰਿਤ ਕਰ ਕੇ ਨੇਮ ਬਣਾਇਆ ਹੈ ਕਿ "ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ ॥"[1314] ਹਿਰਦੇ ਵਿਚ ਨਾਮ ਜਪੇ ਬਿਨਾ ਜਿਹੜੇ ਕਰਮ ਕਮਾਏ ਜਾਂਦੇ ਹਨ ਉਸ ਨਾਲ ਹਉਮੈ ਵਧਦੀ ਹੈ ਤੇ ਬਰਬਾਦੀ ਪੱਲੇ ਪੈਂਦੀ ਹੈ। ਇਸੇ ਲਈ ਹੀ ਨਾਨਕਸ਼ਾਹੀ ਅਮਲ ਦਾ ਵਿਵਹਾਰਿਕ ਪੱਖ ਇਹੋ ਹੈ ਕਿ 'ਚਿੱਤ ਕਰਤਾਰ ਵੱਲ, ਹੱਥ ਕਾਰ ਵੱਲ'।

# 20

## ਨਾਮ ਜਪਣਾ

"ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥"[284]

### ਗੁਰਮਤਿ ਅਰਥ

**ਨਾਮ ਜਪਣਾ-** ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਨਾਮ ਹੈ। ਗੁਰਬਾਣੀ ਵਿਚ ਨਾਮ, ਨਾਮੁ ਜਾਂ ਨਾਮਿ, ਨਾਮੇ, ਨਾਮੈ, ਨਾਉਂ ਆਦਿ ਮੂਲ ਰੂਪ ਵਿਚ ਪ੍ਰਭੂ ਬੋਧਕ ਸ਼ਬਦ, ਪ੍ਰਭੂ ਦੇ ਨਾਮ ਵਜੋਂ ਇਸਤੇਮਾਲ ਕੀਤਾ ਗਿਆ ਹੈ ਜਿਵੇਂ "ਸਾਚੇ ਨਾਮ ਕੀ ਲਾਗੈ ਭੂਖ॥"[9] ਅਤੇ "ਨਿਹਫਲ ਮਾਨੁਖੁ ਜਪੈ ਨਹੀ ਨਾਮ॥"[190] ਇਹ ਸ਼ਬਦ ਓ ਅਕਾਲ ਪੁਰਖ ਲਈ ਹੀ ਵਰਤਿਆ ਗਿਆ ਹੈ "ਤਿਤੁ ਘਟਿ ਨਾਮੈ ਨਾਮਿ ਨਿਵਾਸੁ॥"[1277] ਇਸ ਤੇ ਅਸੀਂ ਇਸੇ ਪੁਸਤਕ ਵਿਚ ਪਹਿਲਾਂ ਹੀ ਅਧਿਐਨ ਕਰ ਲਿਆ ਹੈ।

### ਗੁਰਬਾਣੀ ਵਿਸਥਾਰ

'ਗੁਰਬਾਣੀ ਸ਼ਬਦ' ਹੀ ਗੁਰਮਤਿ ਵਿਚ ਨਾਮ ਹੈ। ਇਸੇ ਵਿਚ ਹੀ ਚਿੱਤ ਲਾ ਕੇ ਇਸੇ ਦੇ ਹੀ ਨੇਮ, ਵਿਧਾਨ (ਮਰਿਆਦਾ ਜਾਂ ਰਹਿਤ) ਅਨੁਸਾਰ ਜੀਵਨ ਬਤੀਤ ਕਰਨਾ ਹੈ। ਜਿਸ ਦਾ ਬੋਧ ਮਨੁੱਖ ਨੂੰ ਗੁਰਮਤਿ ਤੋਂ ਹੁੰਦਾ ਹੈ। ਇਸ ਲਈ ਹਮੇਸ਼ਾ ਉਸ ਅਕਾਲ ਪੁਰਖ ਦੇ ਭਉ ਦੇ ਧਿਆਨ ਵਿਚ ਨੇਮ ਬੱਧ ਰਹਿ ਕੇ ਜੀਵਨ ਜਿਊਣ ਦੀਆਂ ਸਾਰੀਆਂ ਰਸਮਾਂ ਤੇ ਕੰਮ ਕਰਨੇ ਹਨ।

### ਨਾਨਕਸ਼ਾਹੀ ਨਜ਼ਰੀਆ

ਗੁਰੂ ਨਾਨਕ ਸਰਕਾਰ ਦਾ ਮੂਲ ਜੀਵਨ ਅਮਲ ਦਾ ਨਾਨਕਸ਼ਾਹੀ ਨਜ਼ਰੀਆ ਬੜਾ ਸਪਸ਼ਟ ਹੈ ਕਿ ਜਿਸ ਵਿਚ ਜੀਵਨ ਹੈ ਉਸ ਲਈ ਕਿਰਤ ਕਰਨੀ ਜੀਵਨ ਦਾ ਸਤਿ-ਵਿਹਾਰ ਕਰਮ ਹੈ "ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ॥"[334] ਜਿਸ ਜੀਵ ਨੇ ਕਿਰਤ ਵੀ ਧਰਮ ਦੀ ਕਰਦੇ ਹੋਏ ਆਪਣਾ ਜੀਵਨ ਗੁਜ਼ਰਾਨ ਕਰਨਾ ਹੈ ਤਾਂ ਉਸ ਮਨੁੱਖ ਨੇ ਸ੍ਰਿਸ਼ਟੀ ਦੀ ਮਾਇਆ ਤੋਂ ਨਿਰਲੇਪ ਰਹਿਣ ਲਈ ਨਾਲੋਂ ਨਾਲ ਨਾਮ ਜਪਣਾ ਹੈ "ਭਰੀਐ ਮਤਿ ਪਾਪਾ ਕੈ ਸੰਗਿ॥ ਉਹ ਧੋਪੈ ਨਾਵੈ ਕੈ ਰੰਗਿ॥[20]

ਨਾਨਕਸ਼ਾਹੀ ਸੰਕਲਪ ਸਪਸ਼ਟ ਹੈ "ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ॥ ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ॥"[37]

## ਜੀਵਨ ਅਮਲ ਵਿਚ ਅਪਣਾਉਣਾ

"ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥"[746] ਆਪਣੇ ਨਿੱਤ ਦੇ ਜੀਵਨ ਅਮਲ ਵਿਚ ਹਰ ਤਰ੍ਹਾਂ ਦੀ ਦੁਬਿਧਾ ਨੂੰ ਛੱਡ ਕੇ ਇੱਕ ਅਕਾਲ ਪੁਰਖ ਨੂੰ ਹੀ ਆਪਣਾ ਸਵਾਮੀ ਮੰਨ ਕੇ ਤੁਰ। ਪਗਡੰਡੀਆਂ (ਕੁਰੀਆ) ਨੂੰ ਛੱਡ ਕੇ ਨਾਨਕਸ਼ਾਹੀ ਸ਼ਾਹ ਰਾਹ ਤੇ ਤੁਰ ਪੈ । ਜੋ ਮਨੁੱਖ ਨੂੰ ਗੁਰੂ ਨਾਨਕ ਸਰਕਾਰ ਦਾ ਇਹ ਸੰਕਲਪ ਦਿੰਦਾ ਹੈ "ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥"[670] ਜੋ ਸਦਾ ਥਿਰ ਰਹਿਣ ਵਾਲਾ ਸਤਿਨਾਮ ਹੈ ਉਸ ਨੂੰ ਸਮਰਪਿਤ ਹੋ ਕੇ "ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥"[521] ਸਾਰੇ ਸੰਸਾਰੀ ਬੰਦਨਾ ਤੋਂ ਮੁਕਤ ਹੋ ਕੇ ਤੂੰ ਵੀ ਅਮਰ ਹੋ ਜਾ। "ਨਾਨਕ ਨਾਮੁ ਜਪੈ ਸੋ ਜੀਵੈ॥"[200] ਅਸਲ ਸੱਚ ਹੀ ਇਹ ਹੈ ਕਿ ਸਿਰਫ਼ ਨਾਮ ਜਪਣ ਵਾਲੀਆਂ ਰੂਹਾਂ ਹੀ ਜਿਊਂਦੀਆਂ ਹਨ, ਬਾਕੀ ਤਾਂ ਸਭ ਜੀਵ ਹੁੰਦੇ ਹੋਏ ਵੀ ਸੰਸਾਰੀ ਅਮਲਾਂ ਵਿਚ ਖਪਤ ਨਿਰਜੀਵ ਹਨ। ਗੁਰੂ ਨਾਨਕ ਸਰਕਾਰ ਦਾ ਹੁਕਮ ਹੀ ਇਹ ਹੈ ਕਿ ਚੰਗਾ ਵਪਾਰੀ ਹੀ ਉਹ ਹੈ ਜੋ ਚਿੱਤ ਕਰਤਾਰ ਵਿਚ ਤੇ ਹੱਥ ਕਾਰ ਵਿਚ ਰੱਖਦੇ ਹੋਏ ਹਰ ਮੌਕੇ ਦੀ ਸੰਭਾਲ ਕਰਨ ਦੀ ਹੁਨਰਮੰਦੀ ਵਾਲਾ ਗੁਣ ਰੱਖਦਾ ਹੋਵੇ "ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥"[22] ਇਸੇ ਹੀ ਨਾਨਕਸ਼ਾਹੀ ਅਮਲੀ ਵਿਵਹਾਰ ਦੇ ਜੀਵਨ ਧਾਰੀ ਗੁਰਸਿੱਖ ਨੂੰ "ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ॥"[810] ਉਸ ਦੀ ਪੂੰਜੀ ਦਾ ਪੂਰਾ ਮੁੱਲ ਮਿਲਦਾ ਹੈ ਤੇ ਘਰ ਬਾਹਰ ਸੋਭਾ ਹੁੰਦੀ ਹੈ ਤੇ ਲਾਭ ਵੀ ਬਹੁਤ ਮਿਲਦਾ ਹੈ।

ਇਹ "ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥"[1220] ਜਿੰਨਾ ਨੇ ਵਪਾਰ ਕਰਦੇ ਹੋਏ ਸੱਚ ਨਾਮ ਦੀ ਸੁੱਚੀ ਸੰਭਾਲ ਦੀ ਕਿਰਤ ਕਰ ਵਿਖਾਈ ਹੈ ਉਨ੍ਹਾਂ ਨੂੰ ਕਦੇ ਵੀ ਹਾਰਨਾਂ ਨਹੀਂ ਪਿਆ ਹੈ । ਨਾਮ ਜਪਦੇ ਹੋਏ ਕਿਰਤ ਕਰਨ ਦਾ ਇਹੋ ਮੁੱਖ ਲੱਛਣ ਹੈ ।

## 21

## ਵੰਡ ਛਕਣਾ

### ਗੁਰਮਤਿ ਅਰਥ

**ਵੰਡ ਛਕਣਾ-** ਹਿੱਸਾ ਤਕਸੀਮ ਕਰ ਕੇ ਇਉਂ ਵੰਡਣਾ ਕਿ; ਕਿ ਲੈਣ ਵਾਲਾ ਤ੍ਰਿਪਤ ਹੋ ਜਾਵੇ।

### ਗੁਰਬਾਣੀ ਵਿਸਥਾਰ

ਗੁਰਮਤਿ ਪ੍ਰਣਾਲੀ ਵਿਚ ਵੰਡ ਤੋਂ ਅਰਥ ਹੈ ਹਿੱਸਾ "ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸ ਨੋ ਕਰਤੈ ਧੁਰਿ ਲਿਖਿ ਪਾਇਆ॥"[853] ਅਰਥਾਤ ਰੱਬ ਨੇ ਜਿਸ ਨੂੰ ਚਾਹਿਆ ਹੈ ਉਸੇ ਨੂੰ ਹੀ ਆਪਣੇ ਨਾਮ ਧਨ ਦਾ ਹਿੱਸਾ ਉਸ ਨੂੰ ਬਖ਼ਸ਼ਦਾ ਹੈ । ਇਹ ਹਿੱਸਾ ਹਾਸਿਲ ਕਰਨ ਲਈ ਗੁਰੂ ਨਾਲ ਸ਼ਰਧਾ ਪੈਦਾ ਕਰਨੀ ਤੇ ਆਪਣੇ ਧੁਰ ਅੰਦਰ ਹਿੱਸਾ ਲੈਣ ਵਾਲੇ ਪ੍ਰਤਿ ਅਟੁੱਟ ਨਿਸ਼ਠਾ ਸੰਭਾਲਣੀ ਆਵੱਸ਼ਕ ਹੈ।
ਤਕਸੀਮ ਕਰ ਦਿੱਤਾ ਵਜੋਂ ਵੀ 'ਵੰਡ' ਦਾ ਅਰਥ ਹੈ "ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥"[351] ਅਕਾਲ ਪੁਰਖ ਅਦਿੱਖ ਹੋ ਕੇ ਵੀ ਆਪਣੀ ਕੁਦਰਤ ਰਾਹੀਂ ਦਿਸ ਰਿਹਾ ਹੈ ਤੇ ਸਭ ਨੂੰ ਕੁਦਰਤੀ ਨਿਆਮਤਾਂ ਦੀ ਦੌਲਤ ਬਰਾਬਰ ਵੰਡ ਕੇ ਸਭ ਦੇ ਇੱਕ ਸਾਰ ਹਿੱਸਿਆ ਵਿਚ ਤਕਸੀਮ ਕਰ ਰਿਹਾ ਹੈ ।
ਛਕਣਾ- 'ਛਕਿ' ਤ੍ਰਿਪ ਹੋ ਕੇ ਭਾਵ ਪ੍ਰਸੰਨ ਹੋ ਕੇ "ਛਕਿ ਕਿ ਨ ਰਹਹੁ ਛਾਡਿ ਕਿ ਨ ਆਸਾ॥"[340] ਘੜਨ ਹਾਰ ਪ੍ਰਭੂ ਹੀ ਦੇਵਨ ਹਾਰ ਅਸਲ ਪਾਤਸ਼ਾਹ ਹੈ। ਉਸ ਨੂੰ ਵਿਸਾਰ ਕੇ ਦੁਨਿਆਵੀ ਰਾਜ ਸੱਤਾ ਨੂੰ ਤੂੰ ਪਾਲਣਹਾਰ ਮੰਨ ਕੇ ਉਸ ਦੀ ਕੈਦ ਵਿਚ ਆਪਣੇ ਆਪ ਨੂੰ ਜਕੜ ਰਿਹਾ ਹੈ ? ਆਪ ਬੰਧਨ ਮੁਕਤ ਹੋ ਕੇ ਅਕਾਲ ਪੁਰਖ ਹੀ ਪਾਤਸ਼ਾਹ ਹੈ ਤੇ ਉਹ ਸਭ ਨੂੰ ਪ੍ਰਸੰਨ ਚਿੱਤ ਹੋ ਕੇ ਆਪਣੇ ਹਿੱਸੇ ਦਾ ਛਕਣ ਲਈ ਦੇ ਰਿਹਾ ਹੈ । ਇੰਜ ਜਿਹੜੇ ਮਨੁੱਖਾਂ ਨੂੰ ਇਹ ਸਮਝ ਪੈ ਜਾਂਦੀ ਹੈ ਉਹ ਮਨੁੱਖ ਗੁਰਬਾਣੀ ਰਾਹੀਂ ਜੀਵਨ ਲੈਣ ਵਾਲੇ ਗੁਰਮਤਿ ਨਾਮ ਤੇ ਜਲ ਨੂੰ ਖਾ ਕੇ "ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥"[449] ਆਪ ਪਾਤਸ਼ਾਹ ਬਣ ਜਾਂਦੇ ਹਨ; ਅਰਥਾਤ ਅਕਾਲ ਪੁਰਖ ਤੇ ਉਸ ਦਾ ਮਨੁੱਖ ਜੀਵ ਇੱਕ ਰੂਪ ਹੋ ਜਾਂਦੇ ਹਨ।
ਗੁਰਬਾਣੀ ਵਿਸਥਾਰ ਤੋਂ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਲੰਗਰ ਦੀ ਸੰਸਥਾ ਸਿੱਖ ਲਈ "ਵੰਡ ਛਕਣ" ਦਾ ਅਮਲ ਨਹੀਂ ਹੈ । ਲੰਗਰ ਦਾ ਸੰਕਲਪ ਅਤੇ ਸਿਧਾਂਤ

ਬਿਲਕੁਲ ਹੀ ਵੱਖਰਾ ਅਤੇ ਸੁਤੰਤਰ ਹੈ । **"ਵੰਡ ਛਕਣ"** ਛਕਣ ਦੇ ਸੰਕਲਪ ਦਾ ਸਿਧਾਂਤ ਬਿਲਕੁਲ ਵੱਖਰਾ ਅਤੇ ਸੁਤੰਤਰ ਹੋਂਦ ਰੱਖਣ ਵਾਲਾ ਨਿਆਰਾ ਵਰਤਾਰਾ ਹੈ।

**ਨਾਨਕਸ਼ਾਹੀ ਨਜ਼ਰੀਆ**

ਗੁਰਮਤਿ ਪ੍ਰਣਾਲੀ ਵਿਚੋਂ ਨਿਕਲਦਾ "ਵੰਡ ਛਕਣ" ਦਾ ਵਿਹਾਰਕ ਪੱਖ ਅਧਿਆਤਮਿਕਤਾ ਤੋਂ ਜੇ ਮਨੁੱਖੀ ਜੀਵਨ ਉਪਿਯੋਗਿਤਾ ਦੀ ਜੀਵਨ ਰੇਖਾਂ ਦੀਆਂ ਲੋੜਾਂ ਨਾਲ ਜੋੜ ਕੇ ਅਸੀਂ ਵੇਖਾਂਗੇ ਤਾਂ ਸਾਨੂੰ ਗੁਰਬਾਣੀ ਇਹੁ ਗੁਰਮਤਿ ਸਮਝਾਉਂਦੀ ਪ੍ਰਤੀਤ ਹੁੰਦੀ ਹੈ ਕਿ ਸਮਾਜ ਵਿਚ ਸਿੱਖ ਨੇ ਆਪਣੀ ਸਿੱਖੀ ਦਾ ਨਿਰਬਾਹ ਤੇ ਨਿਰਬਾਹ ਇਉਂ ਕਰਨਾ ਹੈ ਕਿ ਉਹ ਹਰ ਮਨੁੱਖ ਨੂੰ ਆਪਣੇ ਵਰਗਾ, ਆਪਣੇ ਸਮਾਨ ਆਰਥਿਕਤਾ ਵਾਲੀ ਬਰਾਬਰਤਾ ਤੇ ਲਿਆ ਕੇ ਖੜ੍ਹਾ ਕਰੇ। ਸਮਾਜ ਵਿਚਲੇ ਸਭ ਮਨੁੱਖਾਂ ਨੂੰ ਕਿਸੇ ਪਾਸੋਂ ਵੀ ਕਮਤਰੀ ਦਾ ਸ਼ਿਕਾਰ ਨਾਂਹ ਹੋਣ ਦੇਵੇ। ਕਮਤਰੀ ਦੇ ਸ਼ਿਕਾਰ ਲੋਕਾਂ ਨੂੰ ਸਿੱਖ ਸਮਾਜ ਵਿਚ ਆਪਣੀ ਛਾਤੀ ਨਾਲ ਲਾ ਕੇ ਸਾਧਨਾਂ ਦੀ ਸਮਾਨਤਾ ਪੈਦਾ ਕਰ ਬਤੌਰ ਸਿੱਖ, ਵਿਤਕਰੇ ਛੱਡ ਕੇ ਰੋਟੀ ਬੇਟੀ ਦੀ ਸਾਂਝ ਰੱਖਦਾ ਹੋਇਆ; ਸਿੱਖ ਸਮਾਜ ਵਿਚ ਆਉਣ ਵਾਲੇ ਹਰ ਮਨੁੱਖ ਨਾਲ ਬਰਾਬਰਤਾ ਦਾ ਇੱਕ ਸਮਾਨ ਵਿਵਹਾਰ ਦਾ ਗਰੰਟੀ ਬਣੇ। ਇਹੋ ਹੀ "ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥"[1092] ਇਹੋ ਹੀ ਗੁਰੂ ਦੇ ਸ਼ਬਦ ਦਾ ਭੋਜਨ ਇੰਜ ਹੀ ਕਰ ਕੇ ਸਦਾ ਲਈ ਤ੍ਰਿਪਤੀ ਅਕਾਲ ਪੁਰਖ ਬਖ਼ਸ਼ਦਾ ਹੈ ।

**ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਨੂੰ ਜੀਵਨ ਅਮਲ ਵਿਚ ਅਪਣਾਉਣਾ**

ਹਰ ਸਿੱਖ ਨੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰ ਕੇ ਆਪਣੇ ਜੀਵਨ ਦਾ ਨਿਰਬਾਹ ਕਰਨਾ ਹੈ। ਇਸ ਸੁੱਚੀ ਕਿਰਤ ਵਿਚੋਂ ਆਪਣੀ ਲੋੜ ਤੋਂ ਵੱਧ ਹਾਸਲ ਕੀਤੀ ਪੂੰਜੀ ਨੂੰ ਆਪਣੇ ਹੀ ਸਿੱਖ ਸਮਾਜ ਵਿਚਲੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨੂੰ ਵੀ ਆਪਣੇ ਬਰਾਬਰ ਆਰਥਿਕਤਾ ਤੱਕ ਲਿਆਉਣ ਲਈ ਵਰਤਣਾ ਹੈ । ਗੁਰਬਾਣੀ ਸ਼ਬਦ ਦੇ ਨੇਮ ਜਾਂ ਵਿਧਾਨ ਜਾਂ ਮਰਿਆਦਾ ਵਿਚ ਹੀ ਰਹਿੰਦੇ ਹੋਏ ਇਹ ਵਰਤਾਰਾ ਕਰਨਾ ਤੇ ਬਾਕੀਆਂ ਨੂੰ ਵੀ ਇਸੇ ਹੀ ਗੁਰਬਾਣੀ ਨੇਮ ਦੇ ਬੰਧੇਜ ਵਿਚ ਆਉਣ ਲਈ ਆਪਣੇ ਜੀਵਨ ਤੋਂ ਪ੍ਰੇਰਨਾ ਹੈ । ਅਜਿਹੇ ਹੀ ਵਿਵਹਾਰਿਕ ਅਮਲੀ ਜੀਵਨ ਅਮਲ ਨੂੰ ਹੀ ਬਾਕੀ ਸਾਰੇ ਸੰਸਾਰੀ ਸਮਾਜ ਵਿਚ ਵੰਡਣਾ ਹੈ ਤਾਂ ਜੋ ਉਹ ਸਿੱਖ ਦੇ ਜੀਵਨ ਅਮਲ ਦੀ ਸੁੱਚੀ ਕਿਰਤ ਦੇ ਸੱਚੇ ਸਭਿਆਚਾਰਕ ਗੁਣਾਂ ਤੋਂ ਪ੍ਰੇਰਿਤ ਹੋ ਕੇ ਸਵੈ ਇੱਛਾ ਨਾਲ ਸਿੱਖ ਸਭਿਅਤਾ ਵਿਚ ਆਉਣ । ਜਿਹੜੇ ਇੰਜ ਗੁਰਮਤਿ ਪ੍ਰਣਾਲੀ ਦੀ ਗੁਰ ਮਰਿਆਦਾ ਨੂੰ ਸਵੀਕਾਰਦੇ ਹਨ ਉਨ੍ਹਾਂ ਨਾਲ ਫਿਰ ਸਿੱਖ ਨੇ ਹਰ ਵਸਤੂ, ਰਿਸ਼ਤੇ ਅਤੇ ਸਾਧਨਾਂ ਦੀ ਅਜਿਹੀ ਬਰਾਬਰਤਾ ਨਾਲ ਵਰਤੋਂ ਕਰਨੀ ਹੈ ਕਿ ਉਨ੍ਹਾਂ ਦਾ ਤੇ ਸਿੱਖ ਦਾ ਅਕਾਲ

ਪੁਰਖ ਨਾਲ ਵਿਭੇਦ ਖ਼ਤਮ ਹੋ ਕੇ ਇੱਕ ਸਮਾਨਤਾ ਵਾਲੀ ਬਰਾਬਰਤਾ ਵਾਲੀ ਮਨੁੱਖਤਾ ਪ੍ਰਗਟ ਹੋਵੇ। ਜਿਸ ਵਿੱਚ ਕੋਈ ਵੀ ਲਿੰਗ ਭੇਦ, ਜਾਤੀ ਭੇਦ, ਵਰਨ ਭੇਦ, ਨਸਲ ਭੇਦ, ਰੰਗ ਭੇਦ, ਧਰਮ ਭੇਦ, ਵਿਸ਼ਵਾਸ ਭੇਦ, ਭਰਮ ਭੁਲੇਖਾ ਤੇ ਥਿੱਤ ਵਾਰਾਂ ਨਾਂਹ ਹੋਣ। ਉਹ ਇੰਜ ਅਕਾਲ ਪੁਰਖ ਵਿਚ ਵਿਭੇਦ ਹੋ ਕੇ ਅਕਾਲ ਦਾ ਬਣ ਕੇ ਅਕਾਲ ਵਰਗਾ ਇੱਕ ਸਰੂਪ, ਰੂਪ ਅਕਾਲ ਵੰਸੀ ੧ੳ ਬਣ ਕੇ ਸੰਸਾਰ ਵਿਚ ਪ੍ਰਗਟੇ। ਜੀਵਨ ਜੀਵੇ। ਜਦੋਂ ਸਿੱਖ ਸਮਾਜ ਵਿਚ ਹਕੀਕਤ ਵਿਚ ਇੱਕ ਸਮਾਨ ਬਰਾਬਰਤਾ "ਕਿਰਤ ਕਰੋ, ਨਾਮ ਜਪੋ, ਵੰਡ ਛਕੋ" ਦੇ ਸੰਕਲਪ ਅਤੇ ਸਿਧਾਂਤ ਦੀ ਵਿਹਾਰਿਕਤਾ ਵਾਲਾ ਵਾਤਾਵਰਨ ਬਣ ਜਾਵੇਗਾ ਓਦੋਂ ਹੀ ਸਿੱਖ ਸਮਾਜ ਵਿਚਲਾ "ਸਿੱਖ" ਗੁਰੂ ਵਰਗਾ ਬਣ ਕੇ "ਖ਼ਾਲਸਾ" ਪਰਗਟ ਹੋਵੇਗਾ । ਅਜਿਹਾ ਹੀ ਨਿਰਮਾਣ ਕਰਨਾ ਸਾਹਿਬੇ ਸਰਕਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਸ਼ਚਾ ਤੇ ਮੰਜ਼ਿਲ ਹੈ । ਵਿਅਕਤੀ ਗਤ ਅਤੇ ਸਮੂਹਿਕ ਪੱਧਰ ਤੇ ਜੋ ਸਿੱਖ ਨੇ ਪੂਰੀ ਕਰਨੀ ਹੈ ।

# 22

## ਖੰਡਾ

**ਖੰਡੇ ਧਾਰ ਗਲੀ ਅਤਿ ਭੀੜੀ॥** 1028



**ਅਰਥ**

-ਦੋ ਧਾਰਾ ਖੜਗ । ਅਜਿਹਾ ਸ਼ਸਤਰ ਜਿਸ ਦੀ ਦੋਵੇਂ ਪਾਸੇ ਤਿੱਖੀ ਧਾਰ ਹੁੰਦੀ ਹੈ ਤੇ ਜੋ ਦੋਵਾਂ ਪਾਸਿਆਂ ਤੋਂ ਵੱਢ-ਟੁੱਕ ਕਰਦਾ ਹੈ।

-ਸੰਸਾਰ ਦੇ ਸਭ ਦ੍ਵੰਦ ਪਦਾਰਥ ਪੈਦਾ ਕਰ ਕੇ ਅਨੇਕ ਭੇਦ ਕਰਨ ਵਾਲੀ ਹੋਣ ਕਰ ਕੇ ਕੁਦਰਤ ਦਾ ਨਾਉਂ"ਖੰਡ" ਹੈ। (ਪੰਨਾ 47,ਗੁਰਮਤਿ ਸੁਧਾਕਰ -ਭਾਈ ਕ੍ਹਾਨ ਸਿੰਘ ਜੀ ਨਾਭਾ।)

-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਦੀ ਵੈਸਾਖੀ ਵਾਲੇ ਦਿਨ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਵਰਤਿਆ ਗਿਆ "ਖੰਡਾ"। ਇਹ ਦੋ ਧਾਰਾ ਹੈ। ਇਸ ਦੀ ਲੰਬਾਈ 3 ਫੁੱਟ ਸਾਢੇ 3 ਇੰਚ ਹੈ। ਇਸ ਦਾ ਫਲ ਅਗਲੇ ਸਿਰੇ ਤੋਂ ਸਵਾ ਦੋ ਇੰਚ ਤੇ ਵਿਚਕਾਰੋਂ ਡੇਢ ਇੰਚ ਹੈ। (ਫ਼ੋਟੋ ਮਹਾਨ ਕੋਸ਼ ਵਿਚੋਂ)

### ਗੁਰਬਾਣੀ ਵਿਸਥਾਰ



ਖੰਡੇ ਵਿਚੋਂ ਖ਼ਾਲਸੇ ਦਾ ਜਨਮ ਹੋਇਆ ਹੈ। ਖੰਡਾ ਦੋ ਧਾਰਾ ਖੜਗ ਹੈ ਜੋ ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਤੇਜ਼ ਧਾਰੀ ਸ਼ਸਤਰ ਹੈ। ਜੋ ਮੀਰੀ ਦੇ ਵੀ ਤੇ ਪੀਰੀ ਦੇ ਵੀ, ਪਦਾਰਥਕ ਦ੍ਵੰਦ ਤੇ ਭਰਮ ਆਦਿ ਦਾ ਨਾਸ ਕਰ ਦਿੰਦਾ ਹੈ। (ਖੱਬੇ ਪਾਸੇ 1699 ਦੀ ਵੈਸਾਖ ਨੂੰ ਜਿਸ ਖੰਡੇ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤਪਾਨ ਕਰਵਾਇਆ ਸੀ ਉਸ ਦੀ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਰਸ਼ਨ ਦੌਰਾਨ ਖਿੱਚੀ ਫ਼ੋਟੋ ਹੈ )

ਇਸ ਦਾ ਗੁਣ ਹੈ "ਖੰਡਲ ਮੰਡਲ ਮੰਡਲ ਮੰਡਾ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ॥ "[1161] ਅਰਥਾਤ ਓ ਪੁਰਖ ਜੋ ਸਾਰੇ ਖੰਡਾਂ ਵਾਲਾ ਮੰਡਲ, ਬ੍ਰਹਿਮੰਡ ਜਿਸ ਵਿਚ ਅਨੇਕਾਂ ਖੰਡ ਹਨ, ਦਾ ਸਾਜਣ ਵਾਲਾ ਹੈ । ਇਨ੍ਹਾਂ ਖੰਡਾਂ ਵਿਚ ਵੀ ਅਨੇਕ ਮੰਡਲ ਭਾਵ ਦੇਸ਼ ਜਿਸ ਨੇ ਸਜਾਏ ਹਨ । "ਤਿਥੈ ਖੰਡ ਮੰਡਲ ਵਰਭੰਡ" ਉਸ ਖਗੋਲ (ਭੂਗੋਲ) ਵਿਚ ਜਿੱਥੇ ਕਈ ਬ੍ਰਹਿਮੰਡ ਅਤੇ ਉਨ੍ਹਾਂ ਦੇ ਭਾਗ ਹਨ ਉਸ ਵਿਚ "ਭਵਰ ਵਸੈ ਭੈ ਖੰਡਿ" ਦੀ ਸੋਝੀ ਦੇ ਕਿਰਦਾਰ ਦਾ ਬੰਸ ਤੇ ਅੰਸ; ਨਾਦੀ ਜੀਵਨ ਰਾਹੀਂ ਅਰੰਭਦਾ ਹੈ। ਅਜਿਹੀ ਕਿਰਪਾ ਨਾਲ ਸਰੀਰ ਵਿਚ "ਜੋ ਬ੍ਰਹਮੰਡਿ ਖੰਡਿ ਸੋ ਜਾਣਹੁ" ਦੀ "ਜਪੁ" ਦੇ "ਗਾਵਹਿ ਖੰਡ ਮੰਡਲ ਵਰਭੰਡਾ"

ਕਰਿ ਕਰਿ ਸਖੇ ਧਾਰੇ" ਦੀ ਜੀਵਨ ਅਮਲ ਦੀ ਦਾਤ ਰਾਹੀਂ "ਧਰਮ ਖੰਡ ਕਾ ਇਹੋ ਧਰਮੁ" ਨਿਰਧਾਰਿਤ ਕਰਦਾ ਹੈ। ਫਿਰ "ਗਿਆਨ ਖੰਡ" ਇੰਜ "ਕਰਮੁ" ਵੀ ਨਿਸ਼ਚਿਤ ਹੁੰਦਾ ਹੈ "ਗਿਆਨ ਖੰਡ ਕਾ ਆਖਹੁ ਕਰਮੁ॥" ਇੰਜ ਜਦੋਂ ਦੋ ਧਾਰੀ ਭਗਤੀ ਤੇ ਸ਼ਕਤੀ ਦੇ ਇੱਕ ਰੂਪ ਤੇ ਸਰੂਪ ਮੇਲ ਵਿਚ "ਗਿਆਨ ਖੰਡ ਮਹਿ ਗਿਆਨੁ ਪਰਚੰਡੁ॥" ਹੁੰਦਾ ਹੈ ਤਾਂ ਇਸ ਖੰਡੇ ਦੀ ਬਦੌਲਤ ਸਿੱਖ 'ਮੀਰੀ-ਪੀਰੀ' ਦੀ ਵੱਟਤ ਵਟਾ ਕੇ 'ਸੰਤ-ਸਿਪਾਹੀ' ਬਣ ਜਿਉਂ ਉੱਠਦਾ ਹੈ। ਇੱਥੇ ਉਸ ਦਾ ਰੂਪਮਾਨ ਪਰਕਾਸ਼ "ਸਰਮ ਖੰਡ ਕੀ ਬਾਣੀ ਰੂਪੁ॥" ਬਣ ਕੇ "ਕਰਮ ਖੰਡ ਕੀ ਬਾਣੀ ਜੋਰੁ॥" ਨਾਲ ਚਲਾਇਮਾਨ ਹੁੰਦਾ ਹੈ।

ਜੋ ਗੁਰਬਾਣੀ ਦੀ "ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ॥"[1023] ਦੇ ਸੰਕਲਪ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਸੰਕਲਪ ਦਾ ਸਿਧਾਂਤ ਹੈ "ਜੋ ਬ੍ਰਹਮੰਡਿ ਖੰਡਿ ਸੋ ਜਾਣਹੁ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ॥"[1041] ਵਿਚ ਹੈ। ਇੰਜ ਖੰਡੇ ਦੀ ਪਹੁਲ਼ ਧਾਰੀ ਮਨੁੱਖ "ਸਹਜਿ ਵਣਸਪਤਿ ਫੁਲੁ ਫਲੁ ਭਵਰੁ ਵਸੈ ਭੈ ਖੰਡਿ॥ ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਭਿਰੰਗੁ॥"[1089] ੧ਓ ਵਿਚ ਜਾ ਟਿਕਦਾ ਹੈ। ਇਹ ਮਨੁੱਖ ਇੰਜ ਖ਼ਾਲਸਾ ਹੋ ਕੇ ਇੱਕ ਇੱਕ ਫੁਲ ਤੇ ਨਹੀਂ ਮੰਡਰਾਉਂਦਾ ਸਗੋਂ "ਅਕਾਲ ਪੁਰਖ" ਦੀ ਸਿਫ਼ਤ-ਸਲਾਹ ਤੇ ਸਤਾ ਦੀ ਸੁਗੰਧੀ ਤੇ ਜਾ ਟਿਕਦਾ ਹੈ ਤੇ ਅਕਾਲ ਦੀ ਆਤਮਿਕ ਅਡੋਲਤਾ ਵਿਚ ਆਪਾ ਗਵਾ ਮਿਟਦਾ ਹੈ।

## ਜੀਵਨ ਅਮਲ ਵਿਚ ਅਪਣਾਉਣਾ

ਗੁਰੂ ਨਾਨਕ ਦੀ ਅਰੰਭੀ ਸਿੱਖੀ ਦੇ ਕ੍ਰਮਗਤ ਵਿਕਾਸ ਦੀ ਇਹ ਸਿਖਰ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਨੇ 1699 ਦੀ ਵੈਸਾਖੀ ਨੂੰ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਵਿਖੇ ਖੰਡੇ-ਬਾਟੇ ਦੀ ਪਹੁਲ਼ ਤਿਆਰ ਕਰ ਖੰਡੇ ਦੀ ਅੰਮ੍ਰਿਤਧਾਰ ਵਿਚੋਂ ਖ਼ਾਲਸਾ ਪੰਥ ਨੂੰ ਜਨਮ ਦੇ ਕੇ ਮੁਕੰਮਲ ਹੁੰਦੀ ਹੈ। ਭਾਈ ਗੁਰਦਾਸ ਜੀ (ਦੂਜਾ) ਲਿਖਦੇ ਹਨ- *ਪੀਵਹੁ ਪਾਹੁਲ ਖੰਡਧਾਰ ਹੋਵਹਿ ਜਨਮ ਸੁਹੇਲਾ।* ਇਸੇ ਦਾ ਸਿੱਖੀ ਵਿਚ ਸੰਕਲਪ ਹੈ।

ਪੁਰਾਤਨ ਰਹਿਤਨਾਮਿਆਂ ਤੋਂ ਪ੍ਰਚਲਤ ਬੋਲਿਆਂ ਅਨੁਸਾਰ '*ਪ੍ਰਥਮ ਰਹਿਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ*' ਦੀ ਸਿੱਖੀ ਮਰਿਆਦਾ ਦੀ ਪਹਿਲੀ ਪਉੜੀ ਹੈ।

ਗੁਰਬਾਣੀ ਬਣੀਏ ਦੇ ਸੰਕਲਪ ਵਿਚ ਹੀ ਇਸ ਦਾ ਮਾਰਗ ਤੈਅ ਕੀਤਾ ਗਿਆ ਹੈ "ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇ ਧਾਰ॥"[534] ਮਨੁੱਖੀ ਗਰਭ ਤੋਂ ਇਸ ਅਕਾਲ ਪੁਰਖ ਦੇ ਸੁਤ ਦਾ ਫੁਟਾਰਾ "*ਅਜਾਤ ਹੈਂ॥ ਅਜਾਦ ਹੈਂ॥*" ਅਤੇ "*ਨਮਸਤੰ ਅਜਾਤੇ ॥ ਅਮਸਤੰ ਅਪਾਤੇ॥*" ਦੇ ਵਿਚੋਂ ਹੁੰਦਾ ਹੈ।

ਇਸ ਨੂੰ ਹੀ ਵਿਆਖਿਆਤ ਕਰਦਾ ਹੈ *'ਖੰਡਾ ਪ੍ਰਿਥਮੈ ਸਾਜਕੈ ਜਿਨ ਸਭ ਸੰਸਾਰ ਉਪਾਯਾ॥'* ਮਾਇਆ ਤੇ ਦਵੰਦ ਦਾ ਨਾਸ ਕਰਨ ਵਾਲੇ ਖੰਡੇ ਦੀ ਉਵੇਂ ਹੀ ਪੈਦਾਇਸ਼ ਹੈ ਮਨੁੱਖ ਖ਼ਾਲਸਾ ਜਿਵੇਂ ਕੁਦਰਤ ਖੰਡ ਹੈ। (ਪੰਨਾ 47,ਗੁਰਮਤਿ ਸੁਧਾਕਰ -ਭਾਈ ਕ੍ਹਾਨ ਸਿੰਘ ਜੀ ਨਾਭਾ।)

'ਦੋ ਤਲਵਾਰਾਂ ਬੱਧੀਆ ਇੱਕ ਮੀਰੀ ਦੀ ਇਕ ਪੀਰੀ ਦੀ' ਖੰਡਾ; ਮੀਰੀ ਅਤੇ ਪੀਰੀ ਦਾ ਸੁਮੇਲ ਹੈ, ਸੰਤ-ਸਿਪਾਹੀ ਦਾ ਅਮਲ ਵਿਚ ਆਉਂਦਾ ਤੇ ਲਿਆਉਂਦਾ ਮਨੁੱਖੀ ਸਰੂਪ। ਭਗਤੀ ਦੀ ਸ਼ਕਤੀ ਦਾ ਦਾ ਨਿਆਂ ਕਾਰੀ ਵਰਤਾਰਾ ਹੈ; ਜੋ ਮਨੁੱਖ ਮਾਤਰ ਨੂੰ 'ਬੇਗਮਪੁਰਾ' ਵਿਵਸਥਾ ਤੇ ਰਾਜ ਦੀ ਗਰੰਟੀ ਦਿੰਦਾ ਹੈ।

ਖੰਡਾ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਪੰਥ ਨੂੰ ਹੋਂਦ ਵਿਚ ਪ੍ਰਗਟਾਉਣ ਵਾਲਾ 'ਭਗਤੀ ਤੋਂ ਸ਼ਕਤੀ', 'ਪੀਰੀ ਤੋਂ ਮੀਰੀ', 'ਦੇਗ-ਤੇਗ਼' ਦਾ ਖ਼ਾਲਸਾਈ ਅਮਲ ਹੈ। ਸੰਗਤ ਤੋਂ ਪੰਗਤ ਰਾਹੀਂ ਲੰਗਰ ਦੀ ਬਰਾਬਰਤਾ ਦੇ ਇੱਕ ਭਾਂਡੇ ਵਾਲੀ ਸਾਂਝ ਦਾ ਰਾਜਸੀ, ਧਾਰਮਿਕ, ਸਮਾਜੀ, ਆਰਥਿਕ ਤੇ ਸਭਿਅਤਾ ਦਾ ਹਕੀਕੀ ਵਰਤਾਰਾ ਹੈ।

## 23

# ਨਿਸ਼ਾਨ ਖੰਡਾ

### ਵਿਸਥਾਰ

ਅੰਦਾਜ਼ੇ ਅਨੁਸਾਰ ਸਿੱਖ ਮਿਸਲ ਕਾਲ ਵਿਚ ਸਿੰਘਾਂ ਵੱਲੋਂ ਸ਼ਸਤਰ ਆਪਣੇ ਪਹਿਰਾਵੇ ਤੇ ਸਜਾਉਣ ਦੇ ਚੱਲੇ ਅਮਲ ਦੌਰਾਨ, ਸਿੰਘਾਂ ਦੀ ਦਸਤਾਰ ਵਿਚ ਇਹ ਚੰਦ-ਤੋੜੇ ਦੇ ਰੂਪ ਤੋਂ ਕ੍ਰਮਗਤ ਵਿਕਸਤ ਹੋ ਕੇ ਵਰਤਮਾਨ ਵਿਚ ਅਪਣਾਏ ਜਾ ਚੁੱਕੇ ਸਿੱਖ ਚਿੰਨ੍ਹ ਵਜੋਂ ਸਥਾਪਿਤ ਹੋ ਗਿਆ ਹੈ।

ਇਸ ਚਿੰਨ੍ਹ ਵਿਚ ਅਸਲ ਵਿਚ ਵਿਚਕਾਰ ਖੰਡਾ ਹੁੰਦਾ ਹੈ, ਜਿਸ ਕਰ ਕੇ ਇਸ ਦਾ ਨਾਮਕਰਨ ਖੰਡਾ ਪੈ ਗਿਆ ਹੈ। ਇਸ ਦੇ ਚਾਰੋ ਪਾਸੇ ਇੱਕ ਚੱਕਰ ਤੇ ਚੱਕਰ ਦੇ ਸੱਜੇ ਖੱਬੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਹੁੰਦੀਆਂ ਹਨ। ਇਸ ਚਿੰਨ੍ਹ ਦੀ ਪ੍ਰਚਲਿਤ ਤਸਵੀਰ ਇੰਜ ਹੈ :



ਖੰਡੇ ਦੇ ਅੱਡੋ ਅੱਡ ਚਾਰ ਭਾਗ ਇੰਜ ਹਨ:

ਕਿਰਪਾਨ ਮੀਰੀ ਦੀ ਕਿਰਪਾਨ ਪੀਰੀ ਦੀ ਚੱਕਰ ਖੰਡਾ



**ਇਨ੍ਹਾਂ ਦੇ ਅਰਥ ਹਨ:**



**ਕਿਰਪਾਨ ਮੀਰੀ ਦੀ -** ਫ਼ਾਰਸੀ ਦੇ ਸ਼ਬਦ ਮੀਰੀ ਤੋਂ ਅਰਥ ਅਮੀਰੀ, ਸਰਦਾਰੀ ਅਤੇ ਬਾਦਸ਼ਾਹਤ ਦੀ ਨਿਸ਼ਾਨੀ ਹੈ।



**ਕਿਰਪਾਨ ਪੀਰੀ ਦੀ -** ਪੀਰੀ ਤੋਂ ਅਰਥ ਹੈ ਫ਼ਾਰਸੀ ਦੇ ਇਸ ਸ਼ਬਦ ਉਸਤਾਦ ਜਾਂ ਮੁਰਸ਼ਦ ਵੱਡੇ ਜਾਂ ਬੁੱਢੇ ਲਈ ਵਰਤਿਆਂ ਜਾਂਦਾ ਹੈ। ਇਸੇ ਤੋਂ ਪੰਜਾਬੀ ਵਿਚ ਪੀਰੀ ਬਣਿਆ ਹੈ । ਜਿਸ ਦਾ ਭਾਵਾਰਥ ਸਿੱਧੀਆਂ ਵਾਲੇ ਫ਼ਕੀਰ ਲਈ ਇਸਤੇਮਾਲ ਹੁੰਦਾ ਹੈ।



**ਚੱਕਰ-** ਦੇਸ਼ ਮੰਡਲ। ਜਗਤ। ਇੱਕ ਅਸਤਰ ਜੋ ਘੁਮਾ ਕੇ ਸੁੱਟਿਆ ਜਾਂਦਾ ਹੈ ਤੇ ਵੈਰੀ ਦੀ ਗਰਦਨ ਵੱਢ ਦਿੰਦਾ ਹੈ।

**ਖੰਡਾ-**  ਦੋਧਾਰਾ ਖੜਗ । ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਸ਼ਸਤਰ। ਹਿੱਸਿਆਂ ਵਿਚ ਵੰਡਣਾ। ਖੰਡ ਖੰਡ ਕਰਨਾ। ਚੀਰਨਾ।

**ਗੁਰਮਤਿ ਅਰਥ ਅਤੇ ਵਿਸਥਾਰ**



ਨਾਨਕਸ਼ਾਹੀ ਸਿੱਖ ਸਭਿਅਤਾ ਦੀ ਅਰਥਾਵਲੀ ਵਿਚ ਮੀਰੀ-ਪੀਰੀ ਗੁਰਿਆਈ ਦੀ ਗੁਰਤਾ ਅਭੇਦਤਾ ਦੀ ਪਛਾਣ ਹੈ। ("ਮੀਰੀ ਪੀਰੀ ਧਾਰਨ ਕਰਨ" ਗੁਰ ਪ੍ਰਸਾਦਿ ਸੂਰਜ ਗ੍ਰੰਥ) ਅਕਾਲ ਦੀ ਖ਼ਾਲਸਾਈ ਸਭਿਅਤਾ ਵਿਚ ਮੀਰੀ ਅਤੇ ਪੀਰੀ ਦਾ ਉਤਭੁਜ ਸਮੂਹ ਜੀਵੀ ਪਾਤਸ਼ਾਹੀ ਦੀ ਸਮਾਜਿਕ ਸੱਤਾ ਦੇ ਨਾਲੋਂ ਨਾਲ ਆਤਮਿਕ ਸੱਤਾ ਦੇ ਰਾਜ ਦਾ ਖ਼ਾਲਸਤਾਈ ਵਰਤਾਰਾ ਧਰਤੀ ਤੇ ਪ੍ਰਗਟਾਉਣ ਵਾਲੀ, ਪਰਾਸਰੀਰਕ ਸੱਤਾ ਦੀ ਪੰਥ-ਸਰੀਰਕ ਹਕੀਕੀ ਹੋਂਦ ਹੈ।



**ਚੱਕਰ** ਇੱਕ ਅਕਾਲ ਪੁਰਖ ਦੇ ਬ੍ਰਹਿਮੰਡੀ ਵਿਸਥਾਰ ਦੀ ਇਕਸਾਰ ਬਰਾਬਰਤਾ ਲਾਗੂ ਕਰਨ ਵਾਲੇ ਅਨੁਸ਼ਾਸਨੀ ਏਕਤਾ ਦਾ ਨਿਸ਼ਾਨ "ਪੰਥ ਖ਼ਾਲਸਾ" ਜੀ ਦਾ ਸੌਰ ਮੰਡਲੀ ਨਿਸ਼ਾਨ ਹੈ।



**ਖੰਡਾ** ਇਹ ਦੋ ਧਾਰਾ ਸ਼ਸਤਰ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਦੇ ਸੁਮੇਲ ਨਾਲ ਮਿਲੀ ਤਾਕਤ ਦੇ ਤਵਾਜ਼ਨ ਵਿਚੋਂ ਨਿਕਲਦੇ ਸਮਤੋਲ ਨਿਰਨਿਆਂ ਦੀ ਇੱਕ ਸਾਰ ਤੇ ਬਰਾਬਰਤਾ ਵਾਲੀ ਸਤਾ ਦੀ ਗਰੰਟੀ ਦਾ ਖ਼ਾਲਸਤਾਈ "ਪੰਥ-ਖ਼ਾਲਸਾ" ਜੀ ਦਾ

ਸਮੂਹ ਜੀਵੀ ਸੌਰ ਮੰਡਲ ਨੂੰ ਗੁਰਤਾ ਅਵਤਰਨ ਦੀ ਅਭੇਦਤਾ ਵਾਲੀ ਸਤਾ ਦੀ ਜ਼ਾਮਨੀ ਦਿੰਦਾ ਹੈ ।

## ਨਾਨਕਸ਼ਾਹੀ ਨਜ਼ਰੀਆ

ਪੰਥ ਖ਼ਾਲਸਾ ਜੀ ਦਾ ਮੀਰੀ ਦੀ ਸਤਾ ਦਾ ਪਾਤਸ਼ਾਹੀ ਨਿਸ਼ਾਨ ਹੈ। ਜੋ ਪਾਤਸ਼ਾਹੀ ਅਜਿਹੇ ਸਮਾਜ ਦੀ ਜਨਮ ਦਾਤਾ ਬਣਦੀ ਹੈ ਜਿਸ ਦੇ ਸਮਾਜ ਦੀ ਸਭਿਅਤਾ ਦੀ ਬੁਨਿਆਦ "ਬਰਾਬਰਤਾ" ਵਾਲੇ ਸਮਾਨ ਅਧਿਕਾਰਾਂ ਤੇ ਜਨਮ ਲੈਂਦੀ ਹੈ। ਇਸ ਪਾਤਸ਼ਾਹੀ ਦਾ ਸੰਕਲਪ ਸਭ ਲੋਕਾਈ ਨੂੰ ਇੱਕੋ ਜਿਹੇ ਪੱਧਰ ਤੇ ਜਾਤੀ ਰਹਿਤ ਅਤੇ ਅਮੀਰੀ ਗ਼ਰੀਬੀ ਦੀ ਵਿਭੇਦਤਾ ਵਿਚੋਂ ਕੱਢ ਕੇ ਇੱਕ ਦੂਜੇ ਪ੍ਰਤਿ "ਸੇਵਾ" ਭਾਵ ਤੇ ਆਦਰ, ਅਤੇ ਗੁਰਮਤਿ ਨਿਆਂ ਦੀ ਹਕੀਕੀ ਜਿੰਦ ਗੁਜ਼ਰਾਨ ਦੀ ਵਿਵਸਥਾ ਦੀ ਸੰਸਕ੍ਰਿਤੀ ਨਿਰਮਿਤ ਕਰ ਕੇ ਦੇਣ ਦੀ ਜ਼ਾਮਨੀ ਭਰਦੀ ਹੈ ।

ਪੰਥ ਖ਼ਾਲਸਾ ਜੀ ਦੀ ਪੀਰੀ ਗੁਰਮਤਿ ਪ੍ਰਣਾਲੀ ਦੀ ਗੁਰਮੁਖੀ ਸਿੱਖਿਆ ਦੀ ਦ੍ਰਿਸ਼ਟੀ ਤੋਂ ਸਮੂਹ ਜੀਵੀ ਗੁਰਮੁਖ ਪ੍ਰਣਾਲੀ ਦੀ ਅਕਾਲ ਹੋਂਦ ਵਿਚ ਸਦੀਵ ਕਾਇਮ ਰਹਿਣ ਵਾਲੇ ਇੱਕ ਸਾਰ ਸੰਜਮੀ ਵਿਕਾਸ ਦੀ ਅਜਿਹੀ ਵਿਵਸਥਾ ਦੀ ਸਿਮਰਨ ਪ੍ਰਣਾਲੀ ਹੈ ਜੋ ਆਉਣ ਵਾਲੀਆਂ ਨਸਲਾਂ ਲਈ ਬ੍ਰਹਿਮੰਡੀ ਖ਼ਜ਼ਾਨੇ ਨੂੰ ਭਰਪੂਰ ਤੇ ਮੂਲ ਹੋਂਦ ਵਿਚ ਛੱਡ ਕੇ ਜਾਣ ਦੀ ਮਰਿਆਦਾ ਦਾ ਅਨੁਸ਼ਾਸਨ ਰੱਖਦੀ ਹੈ। ਜਿਸ ਵਿਚੋਂ ਨਾਨਕਸ਼ਾਹੀ ਅਧਿਆਤਮਿਕ ਪਰ੍ਹਾ ਸਰੀਰਕ ਸਤਾ ਪੰਥਕ ਸਰੀਰਕ ਹੋਂਦ ਵਿਚ ਉਤਭੁਜ ਹੋ ਕੇ "ਏਕ ਨੂਰ ਤੇ ਸਭੁ ਜਗੁ ਉਪਜਿਆ"[1349] ਦੇ ਵਰਤਾਰੇ ਨੂੰ ਸੱਚ ਕਰਦੀ ਹੈ। ਜਿਸ ਵਿਚ ਕੋਈ ਕਰਮ ਕਾਂਡ, ਪਾਖੰਡ, ਨਸਲ, ਵਰਨ ਦਾ ਭੇਦ ਨਹੀਂ ਹੈ।

ਪੰਥ ਖ਼ਾਲਸਾ ਦਾ ਚੱਕਰ; ੧ਓ ਦੀ ਬ੍ਰਹਿਮੰਡੀ ਹੋਂਦ ਦੀ ਇੱਕ ਸਾਰ (ਕਾਰ) ਸਿਰਜਣਾ ਦੀ ਜ਼ਿੰਦਗੀ ਨੂੰ ਖ਼ਾਲਸਤਾਈ ਨਾਨਕਸ਼ਾਹੀ ਸਤਾ ਦਾ ਵਰਤਾਰਾ ਅਕਾਲ ਦੇ ਸ਼ਬਦ ਸਰੂਪ ਨੇਮ ਵਿਚ ਸੰਜੀਦਾ ਹੋ ਕੇ ਤੇ ਰਹਿਣ ਦੀ ਗਾਰੰਟੀ ਦਿੰਦਾ ਹੈ । ਤਾਂ ਜੋ ਸਰਬ ਸਾਂਝੀ ਸ੍ਰਿਸ਼ਟੀ ਵਿਚਲੀ ਭੌ-ਮੰਡਲ ਜੀਵ ਆਤਮਾ ਆਪਣੀ ਜੀਵਨ ਲੋੜ ਦੀ ਉਪਭੋਗਤਾ ਵਾਲੀ ਨਾਮ ਦੀ ਧਾਰੀ ਬਣ ਕੇ; ਕੁਦਰਤੀ ਪਸਾਰੇ ਵਿਚ ਅਕਾਲ ਪੁਰਖ ਲਈ ਅਕਾਲ ਪੁਰਖ ਵਾਂਗ "ਅਕਾਲ ਮੂਰਤਿ" ਹਸਤੀ ਹੋਂਦ ਵਿਚ ਰਹਿ ਸਕੇ।

"ਖੰਡੇਧਾਰ ਗਲੀ ਅਤਿ ਭੀੜੀ"[1028] ਤੋਂ ਮਰਿਆਦਾ ਦੀ 100% ਸ਼ੁੱਧਤਾ ਅਤੇ ਤਾਬੇਦਾਰੀ ਕਰਨ ਨਾਲ ਜੀਵਨ ਯਾਪਣ ਦਾ ਸਬੰਧ ਹੈ। "ਮੀਰੀ-ਪੀਰੀ" ਦੀ ਖ਼ਾਲਸ ਜੀਵਨ ਕਿਰਦਾਰ ਦੀ ਅਮਲੀ ਗਾਰੰਟੀ ਨਾਲ ਹਰ ਤਰ੍ਹਾਂ ਦੇ ਦਵੈਤ ਭਾਵ ਦਾ ਨਾਸ਼ ਕਰ ਕੇ, ਇੱਕ ਅਕਾਲ ਦੀ ਇੱਖ ਸ੍ਰਿਸ਼ਟੀ ਵਿਚਲੀ, ਇੱਕੋ ਨਸਲ ਦੀ, ਇੱਕੋ ਜੋਤਿ ਲਈ, "ਅਜਾਤਿ ਹੈ ਆਜ਼ਾਦ ਹੈ" ਦੇ ਸੰਕਲਪ ਨਾਲ ਜਿਊਣ ਵਾਲਿਆਂ ਦੇ

ਸਮਾਜਿਕ ਸਮੂਹਾਂ ਦੀ ਪ੍ਰਤੀਨਿਧਤਾ ਕਰਦਾ ਹੈ। ਜਿਸ ਦੀ ਸੱਤਾ ਦੀ ਪ੍ਰਭੁਤਾ ਦਵੈਤਵਾਦ ਦਾ ਨਾਸ਼ ਤੇ ਕੁਦਰਤ ਤੋ ਵਿਪਰੀਤਤਾ ਨੂੰ ਠੱਲ੍ਹਦੀ ਹੈ।

"ਦੋ ਧਾਰੀ ਖੰਡਾ" ਸੰਸਾਰ ਵਿਚ "ਖ਼ਾਲਸੇ ਦੀ ਗੁਰਿਆਈ" ਦੀ ਮੀਰੀ-ਪੀਰੀ ਦੀ ਜੁਗਤ ਦੀ ਅਖੰਡ ਸਤਾ ਦਾ ਤਖ਼ਤ ਹੈ। ਜੋ ਕਾਇਨਾਤ ਵਿਚ ਇੱਕ ਸਮਾਨ ਬਰਾਬਰਤਾ ਦੇ ਹੁਕਮ, ਨਿਆਂ, ਵਰਤਾਰੇ, ਸੰਸਕ੍ਰਿਤੀ ਵਾਲੇ ਸਮਾਜ ਦੀ ਖ਼ਾਲਸਤਾਈ ਸਿੱਕੇਬੰਦ ਸਿਰਜਨਾ ਕਰਦਾ ਹੈ। ਜਿਸ ਵਿਚੋਂ ਨਿਆਂ, ਸਮਾਜਿਕ ਵਰਤਾਰਾ, ਰਾਜਸੀ ਵਿਵਸਥਾ ਅਤੇ ਸਤਾ ਪ੍ਰਣਾਲੀ ਦੇ ਹੁਕਮ ਦਾ ਸੰਤੁਲਨ ਅਕਾਲ ਪੁਰਖ ਦੇ ਗੁਣਵਾਦੀ ਮੂਲ ਤੱਤਾਂ,"ਸਤਿ, ਨਿਰਭਉ, ਨਿਰਵੈਰ" ਵਿਚੋਂ ਖ਼ੁਦਾਈ ਖਿਦਮਤਗ਼ਾਰੀ ਦੀ "ਗੁਰਪ੍ਰਸਾਦਿ" ਅਮਲੀਜਾਮੇ ਵਿਚੋਂ ਉਤਭੁਜ ਹੁੰਦਾ ਹੈ। ਜਿਸ ਦਾ ਅੰਕੁਰ ਇੱਕ ਅਕਾਲ ਦੀ ਸਿਰਜਨਾ ਵਿਚੋਂ ਮਨੁੱਖ ਵੱਲੋਂ ਮਨੁੱਖਤਾ ਦੇ ਖ਼ਿਲਾਫ਼ ਪੈਦਾ ਕੀਤੇ ਦਵੈਤ ਨੂੰ ਖ਼ਤਮ ਕਰ, ਕਰਮਕਾਂਡੀ ਤੇ ਪਾਖੰਡ ਵਾਦੀ; ਮਨੁੱਖਤਾ ਵਿਰੋਧੀ ਕੁਚੱਜੇ ਲਿਬੇੜੇ ਨੂੰ ਮੁਕਾਉਣਾ ਹੈ। ਅਜਿਹੀ ਸਮਾਜਿਕ, ਅਧਿਆਤਮਿਕ, ਰਾਜਸੀ, ਆਰਥਿਕ, ਬੋਧਿਕ, ਪਰਿਵਾਰਕ ਅਤੇ ਭਾਈਚਾਰਕ ਵਿਵਸਥਾ ਦੀ ਸਤਾ ਬਹਾਲ ਕਰਨਾ ਹੈ ਜਿੱਥੇ ਇੱਕ ਸਮਾਨ ਨਿਆਂਕਾਰੀ ਪ੍ਰਣਾਲੀ ਵਿਚ "ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ॥ ਦੇ ਕੰਨੁ ਸੁਣਹੁ ਅਰਦਾਸਿ ਜੀਉ॥ ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਾਇਨੁ ਛਡਾਇ ਜੀਉ ॥12॥ ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥"[74] ਇੰਜ ਅਕਾਲ ਦੀ ਉਸ ਪ੍ਰਭੁ ਸਤਾ ਸੰਪੰਨ ਪਾਤਸ਼ਾਹੀ ਦੀ ਮਿਹਰ ਕਰਨ ਵਾਲੀ ਮੁਹਰ ਵਿਚ ਰਾਜ ਦਾ ਹੁਕਮ ਕਲਿਆਣਕਾਰੀ ਤੇ ਸਦੀਵ ਕਾਇਮ ਰਹਿਣ ਵਾਲੀ ਕੁਦਰਤ ਪੱਖੀ ਸਮਤੋਲ ਦੇ ਸੰਤੁਲਨ ਵਿਚੋਂ ਨਿਕਲਦਾ ਹੈ। ਪ੍ਰਭੁ ਸਤਾ ਸੰਪੰਨ ਖ਼ਾਲਸਾ ਰਾਜ ਦੇ ਇਸ ਹੁਕਮ ਦਾ ਸੰਤੁਲਨ ਦਾ ਅੰਕੁਰ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥" ਦੇ ਸਿਧਾਂਤਕ ਸੰਕਲਪ ਵਿਚੋਂ ਪੁੰਗਾਰਾ ਲੈ ਕੇ "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥" ਦੇ ਫਲ ਦਾਈ ਕਿਰਪਾਲੂ ਤੇ ਮਿਹਰ ਵਾਣ ਕਲਿਆਣਕਾਰੀ ਸ੍ਰਿਸ਼ਟੀ ਦੀ "ਹੁਕਮੀ ਹੋਵਨਿ ਆਕਾਰ" ਸਿਰਜਨਾ ਨੂੰ ਸਮਰਪਿਤ ਰਹਿੰਦਾ ਹੈ।

### ਜੀਵਨ ਅਮਲ ਵਿਚ ਅਪਣਾਉਣਾ

☬ ਇਹੁ ਉਸ ੧ਓ ਦੀ ਹਸਤੀ "ਖੰਡਲ ਖੰਡਾ ਹੇ" ਤੋਂ "ਮੰਡਲ ਮੰਡਾ ਹੇ"[13] ਦਾ ਵਿਵਹਾਰਿਕ ਅਮਲ ਦਾ ਸੱਤਿਆ ਸਤਾ ਦਾ ਵਰਤਾਰਾ ਸਥਾਪਿਤ ਕਰਨ ਦਾ ਚਿੰਨ੍ਹ ਹੈ; ਜੋ ਖ਼ਾਲਸੇ ਦੀ ਖ਼ਾਲਸਤਾਈ ਸਿੱਕੇਬੰਦ ਪ੍ਰਣਾਲੀ ਦੀ ਮੂਲ ਪਹਿਚਾਣ ਦਾ ਆਦਰਸ਼ ਵਰਤਾਰਾ ਹੈ। ਜੋ "ਜਿਨਿ ਧਰ ਚਕ੍ਰ ਧਰੇ ਵੀਚਾਰੇ॥"[1032] ਦੇ ਕੁਦਰਤੀ

ਪ੍ਰਸਾਰ ਦੇ ਜੀਵਨ ਚੱਕਰ ਵਿਚ ਇੱਕ ਸਾਰ ਰਹਿੰਦਾ ਹੈ । "ਮੀਰੀ-ਪੀਰੀ" ਦੇ "ਜਪ ਤਪ ਸੰਜਮ ਤਮ ਖੰਡੇ"[815] ਦੀ ਸੰਪੂਰਨਤਾ ਦਿੰਦਾ ਹੈ ।

## 24

# ਦੇਗ-ਤੇਗ਼ ਫ਼ਤਹ

### ਗੁਰਮਤਿ ਅਰਥ



ਦੇਗ- ਫ਼ਾਰਸੀ ਦਾ ਸ਼ਬਦ ਹੈ। ਚੌੜੇ ਮੂੰਹ ਵਾਲਾ ਭਾਂਡਾ ਵੀ ਦੇਗ ਹੁੰਦਾ ਹੈ। ਖ਼ਾਲਸੇ ਦੇ ਬੋਲਾਂ ਵਿਚ ਇਹ ਲੰਗਰ ਲਈ ਵਰਤਿਆਂ ਜਾਂਦਾ ਹੈ।



ਤੇਗ਼- ਫ਼ਾਰਸੀ ਦਾ ਸ਼ਬਦ ਹੈ ਅਰਥ ਤਲਵਾਰ ਹੈ। ਫ਼ੌਲਾਦ ਦਾ ਜੌਹਰ ਦਿਖਾਉਣਾ ਅਰਥਾਤ ਤੇਗ਼ ਵਰਤਾਉਣੀ ਲਈ ਕਿਹਾ ਜਾਂਦਾ ਹੈ। ਖ਼ਾਲਸੇ ਦੇ ਬੋਲਾਂ ਵਿਚ ਇਹ ਦੁਸ਼ਟਾਂ ਦਾ ਸੰਘਾਰ ਕਰਨ ਵਾਲੇ ਤਲਵਾਰ ਤੋਂ ਚੌੜੇ ਫਲ ਵਾਲੇ ਸ਼ਸਤਰ ਲਈ ਵਰਤਿਆ ਜਾਂਦਾ ਹੈ ।
ਫ਼ਤਹ- ਜੀਤ । ਮੱਲ ਮਾਰਨੀ ਜਾਂ ਕਾਮਯਾਬੀ।

### ਗੁਰਬਾਣੀ ਵਿਸਥਾਰ

ਦੇਗ ਤੇਗ਼ ਜਗ ਮੈ ਦੋਊ ਚਲੈ (ਚੋਪਈ) ਇਹ ਵੀ ਪੰਥ ਖ਼ਾਲਸਾ ਦੀ ਪ੍ਰਭੂ ਸੱਤਾ ਦੀ ਵਿਲੱਖਣ ਪਹਿਚਾਣ ਹੈ।
ਦੇਗ ਅਤੇ ਤਲਵਾਰ ਅਰਥਾਤ ਅਨਾਥਾਂ ਦਾ ਪਾਲਨ ਅਤੇ ਦੁਸ਼ਟਾਂ ਦਾ ਸੰਘਾਰ ਖ਼ਾਲਸਾ ਪੰਥ ਦੇ ਨਗਾਰੇ ਦੀ ਗੂੰਜ ਅਤੇ ਝੰਡੇ ਦੀ ਪਹਿਚਾਣ ਹੈ।
"ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥"[1190] ਗੁਰਬਾਣੀ ਵਿਚ ਧਰਤੀ ਨੂੰ ਦੇਗ ਕਿਹਾ ਗਿਆ ਹੈ ਤੇ ਇਹ ਉਪਮਾ ਦਿੱਤੀ ਗਈ ਹੇ ਕਿ ਅਕਾਲ ਪੁਰਖ ਦਾ ਇਸ ਰਾਹੀਂ ਹਰੇਕ ਜੀਵ ਵਿਚ ਭੰਡਾਰਾ ਵਰਤ ਰਿਹਾ ਹੈ। "ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਆਵਹਿ॥"[145] ਦੁਸ਼ਟਾਂ ਦਾ ਨਾਸ ਕਰਦਾ ਚਲਾ ਆ ਰਿਹਾ ਹੈ। ਇਹੋ ਹੀ ਉਪਮਾ ਪੰਥ ਖ਼ਾਲਸਾ ਜੀ ਦੀ ਨਿਸ਼ਚਿਤ ਕੀਤੀ ਗਈ ਹੈ । ਅਤੇ "ਰਣ ਮਹਿ ਤੇਗ ਵਗਾਈ"[418] ਜੰਗ ਵਿਚੋਂ ਇੰਜ ਫ਼ਤਹਿ ਹਾਸਲ ਕਰ ਕੇ ਖ਼ਾਲਸਾ "ਦੇਗ ਤੇਗ਼ ਫ਼ਤਹ॥" ਖ਼ਾਲਸੇ ਦਾ ਆਸ਼ੀਰਵਾਦ ਲੈ ਕੇ ਵਿਚਰਦਾ ਅਤੇ ਨਿੱਤਰਦਾ ਹੈ ।

### ਨਾਨਕਸ਼ਾਹੀ ਨਜ਼ਰੀਆ

ਜਿਸ ਦੀ ਅਸੀਸ ਇਹ ਹੈ ਕਿ "ਲੰਗਰ ਚੱਲਦਾ ਰਹੇ ਅਤੇ ਤਲਵਾਰ ਦੀ ਸ਼ਕਤੀ ਨਾਲ ਫ਼ਤਹਿ ਪ੍ਰਾਪਤ ਹੁੰਦੀ ਰਹੇ। ਜੋ ਦੇਗ ਤੇਗ਼ ਦੇ ਇਸ ਸੰਕਲਪ ਤੋਂ ਹੀ ਹਾਸਿਲ ਹੋਇਆ ਹੈ ਕਿ "ਅਨਾਥਾਂ ਦਾ ਪਾਲਨ ਪੋਸ਼ਣ ਹੋਵੇ ਤੇ ਦੁਸ਼ਟਾਂ ਦਾ ਨਾਸ਼ ਹੋਵੇ"।
"ਦੇਗ ਤੇਗ ਜਗ ਮੇ ਦੋਊ ਚਲੈ" ਖ਼ਾਲਸਾ ਪੰਥ ਦਾ ਖ਼ਾਲਸਤਾਈ ਲੋਕ ਕਲਿਆਣਕਾਰੀ ਅਤੇ ਖ਼ਿਦਮਤਗਾਰੀ ਦਾ ਸੇਵਾ ਸੰਕਲਪ ਹੈ। ਇਹ ਸੰਕਲਪ ਖ਼ਾਲਸਾਈ ਜਾਹੋ ਜਲਾਲ ਨਾਲ ਓਦੋਂ ਹੀ ਲਾਗੂ ਹੁੰਦਾ ਹੈ ਜਦੋਂ ਖ਼ਾਲਸੇ ਦੀ ਸਲਤਨਤ ਦਾ ਸਿੱਕਾ ਅਤੇ ਸਤਾ ਦੀ ਮੁਹਰ "ਦੇਗੋ ਤੇਗ਼ੋ ਫ਼ਤਹ ਨੁਸਰਤ ਬੇਦਰੰਗ। ਯਾਫ਼ਤ ਨਾਨਕ ਗੁਰੂ ਗੋਬਿੰਦ ਸਿੰਘ" ਨਾਨਕਸ਼ਾਹੀ ਵਿਵਸਥਾ ਦੀ ਪ੍ਰਣਾਲੀ ਵਿਚ ਰਾਜ ਕਰਦੀ ਹੈ।

## ਜੀਵਨ ਅਮਲ ਵਿਚ ਅਪਣਾਉਣਾ

ਅਜਿਹੀ ਹੀ ਨਾਨਕਸ਼ਾਹੀ ਸਮਾਜਿਕ ਸਭਿਅਤਾ ਲਾਗੂ ਕਰ ਜੀਵਨ ਯਾਪਣ ਦਾ ਧੁਰਾ ਪੈਦਾ ਕਰਨਾ ਤੇਗ਼ ਨਾਲ ਦੇਗ ਦਾ ਕਰਤੱਵ ਹੈ ਤੇ ਦੇਗ ਨਾਲ ਤੇਗ਼ ਦੀ ਮੰਜ਼ਿਲ ਹੈ। ਧਰਤੀ ਤੇ ਇਸੇ ਦੀ ਸਥਾਪਨਾ ਹੀ ਖ਼ਾਲਸਾ ਜੀ ਦਾ ਮਨੋਰਥ ਹੈ। ਸਿੱਖ ਦਾ ਇਹ ਹੀ ਜੌਹਰ ਹੈ ਜੋ ਦੇਗ ਤੇਗ਼ ਦੇ ਇਸੇ ਜੌਹਰ ਵਿਚੋਂ ਪ੍ਰਗਟ ਦਾ ਹੈ। "ਦੇਗ-ਤੇਗ਼ ਫ਼ਤਹ" ਦਾ ਇਹੋ ਜੌਹਰ ਹੈ।
"ਦੇਗ ਤੇਗ ਜਗ ਮੇ ਦੋਊ ਚਲੈ" -ਇਹੈ ਨਿਸ਼ਾਨੀ ਜੀਤ ਕੀ !

## 25

# ਲੰਗਰ

"ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਕੈਰਿ ਦਬਟੀਐ ॥"[967]

### ਅਰਥ

**ਲਗੰਰ-** ਫ਼ਾਰਸੀ ਵਿਚ ਰਸੋਈ ਅਸਥਾਨ। ਰਸੋਈ ਵਿਚ ਪਕੇ ਪਦਾਰਥ। ਰਸੋਈ ਘਰ। ਭੋਜਨ ਸ਼ਾਲਾ।

### ਗੁਰਮਤਿ ਅਰਥ

**ਲੰਗਰ-** ਸਿੱਖ ਗੁਰੂ ਸਾਹਿਬਾਨ ਦੀ ਰੱਬੀ ਸ਼ਬਦ ਧੁੰਨ ਵਰਤਾਉਣ ਦੀ ਤੇ ਆਤਮਿਕ ਮੁੱਖ ਮਿਟਾਉਣ ਦੀ ਜਗ੍ਹਾ। ਸਿੱਖੀ ਵਿਚ ਆਤਮਿਕ ਅਤੇ ਸਰੀਰਕ ਭੁੱਖ ਦੀ ਤ੍ਰਿਪਤੀ ਲਈ ਤਿਆਰ ਮਿਲਦੀ ਗੁਰੂ ਸ਼ਬਦ ਅਤੇ ਗੁਰੂ ਪਦਾਰਥ ਭੋਜਨ ਨੂੰ ਇੱਕ ਸਾਰ ਬਰਾਬਰਤਾ ਨਾਲ ਵਰਤਾਉਂਦੀ ਰਸੋਈ। ਜਿੱਥੇ ਵਰਨ, ਜਾਤੀ, ਨਸਲ, ਵਰਗ, ਰੰਗ, ਲਿੰਗ, ਧਰਮ, ਗ਼ਰੀਬ-ਅਮੀਰ, ਰਾਜਾ-ਪ੍ਰਜਾ, ਮਾਲਕ-ਨੌਕਰ ਆਦਿ ਹਰ ਤਰ੍ਹਾਂ ਦੇ ਦਵੈਤ ਨੂੰ ਤੇ ਵਿਤਕਰੇ ਨੂੰ ਮੁਕਾ ਦਿੱਤਾ ਜਾਂਦਾ ਹੈ; ਤੇ ਉਸ ਤੋਂ ਬਾਅਦ ਹੀ "ਸ਼ਬਦ ਗੁਰੂ ਦੀ ਸੰਗਤ" ਵਿਚ ਜੁੜਨ ਦੀ ਆਗਿਆ ਹੁੰਦੀ ਹੈ।

### ਗੁਰਬਾਣੀ ਵਿਸਥਾਰ

ਦਵੈਤ ਅਤੇ ਭੇਦ ਭਾਵ, ਵਿਤਕਰਿਆਂ ਅਤੇ ਕਰਮ-ਕਾਂਡੀ ਪਾਖੰਡ ਤੋਂ ਮਨੁੱਖਤਾ ਨੂੰ ਆਜ਼ਾਦ ਕਰਵਾ ਕੇ; ਸ਼ਬਦ ਗੁਰੂ "ਲੰਗਰ" ਨੂੰ ਸਤਸੰਗ ਸਰੂਪ ਆਤਮਿਕ ਭੋਜਨ ਨਾਲ ਜੋੜ ਕੇ ਸਰੀਰਕ ਭੁੱਖ ਦੀ ਤ੍ਰਿਪਤੀ ਵੱਲ ਲਿਜਾਉਂਦਾ ਹੈ। ਸਿੱਖ ਗੁਰੂ "ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥" ਤੇ ਗੁਰੂ ਪਤਨੀ "ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥"[967] ਆਪਣੀ ਸਿੱਖੀ ਕਿਰਦਾਰ ਦੀ ਨਿੱਘੀ ਤੇ ਘਣੀ ਪਿਆਰ ਭਰੀ ਖਿੱਚ ਨਾਲ ਘਿਉ ਵਾਲੀ ਖੀਰ ਵਰਤਾਉਂਦੇ ਹੋਏ ਆਤਮਿਕ ਜੀਵਨ ਦੇਣ ਵਾਲਾ ਨਾਮ ਰੂਪੀ ਸ਼ਬਦ ਲੰਗਰ ਦੀ ਦੌਲਤ ਤਾਂ ਭੰਡਾਰਾ ੧ਓ ਦੀ ਕਿਰਪਾ ਨਾਲ ਇੱਕ ਰਸ ਵਰਤ ਰਿਹਾ ਹੈ।

ਜਿਸ ਤੋਂ ਸਪਸ਼ਟ ਹੈ ਕਿ ਗੁਰੂ ਕਾ ਲੰਗਰ ਉਹੀ ਰਸੋਈ ਅਤੇ ਪੰਗਤ ਹੋ ਸਕਦੀ ਹੈ ਜਿੱਥੇ ਦਵੈਤ, ਵਿਤਕਰੇ, ਭੇਦ-ਭਾਵ ਨੂੰ ਮੁਕਾ ਕੇ ਬਰਾਬਰਤਾ ਵਿਚ ਮਨੁੱਖ ਨੂੰ ਗੁਰੂ ਦੇ ਸ਼ਬਦ ਪਦਾਰਥ ਨਾਮ ਨਾਲ ਉਸ ਦੀ ਸਰੀਰਕ ਲੋੜ ਦਾ ਭੋਜਨ ਅਤੇ ਦੌਲਤ ਪਦਾਰਥ ਦੀ ਕਿਰਪਾ ਵੀ ਹੋਵੇ। ਤੇ ਇਹ ਗੁਰੂ ਦੀ ਸ਼ਰਨੀਂ ਆ ਚਰਨੀ ਲੱਗਣ ਵਾਲਿਆਂ ਲਈ ਇੱਕ ਸਾਰ ਰਜਾਉਣ ਵਾਲਾ ਨਿਰੰਤਰ ਚੱਲਦਾ ਅਮਲ ਬਣਾਇਆ ਜਾਵੇ।
ਇੰਜ "**ਲੰਗਰ**" ਗੁਰੂ ਕੀ ਗੋਲਕ ਤੋਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਇਹ ਸੰਸਥਾਗਤ ਹੁਨਰ ਮੰਦ ਮੁਹਾਰਤ ਦਾ ਅਮਲੀ ਕਰਨ ਹੈ।

## ਨਾਨਕਸ਼ਾਹੀ ਨਜ਼ਰੀਆ

ਸਮਾਜਿਕਤਾ, ਸਭਿਆਚਾਰਕ ਅਤੇ ਸਭਿਅਕ ਸਮਾਜਿਕਤਾ ਵਿਚ 'ਸਰਬ ਪੱਖੀ ਮਾਨਵੀ ਬਰਾਬਰਤਾ' ਸ਼੍ਰੋਮਣੀ ਸਦਗੁਣ ਲਾਜ਼ਮੀ ਕਰਾਰ ਦਿੰਦੇ ਹੋਏ ਗੁਰੂ ਦੇ ਦਰਸ਼ਨਾਂ ਤੋਂ ਪਹਿਲਾਂ "ਲੰਗਰ ਦੀ ਸੰਸਥਾ" ਵਿਚੋਂ ਕਿਰਦਾਰ ਦੇ ਅਮਲ ਦਾ ਪਾਸ ਹੋਣਾ ਲਾਜ਼ਮੀ ਕਰਾਰ ਦਿੱਤਾ ਗਿਆ। ਇੰਜ ਲੰਗਰ ਦੀ ਸੰਸਥਾ ਸਿੱਖੀ ਦਾ ਉਹ ਭਰਤੀ ਸਕੂਲ ਬਣੀ ਜਿਸ ਨੇ ਸਿੱਖ ਸਭਿਅਤਾ ਦੇ ਵਿਹੜੇ ਵਿਚ ਮਾਨਵੀ ਵਿਕਾਸ ਦੀ ਰਾਹਦਾਰੀ ਅਤੇ "ਸੰਗਤ" ਵਿਚ ਇਸ ਰਾਹਦਾਰੀ ਤੋਂ ਹੋ ਕੇ ਆਏ ਮਨੁੱਖ ਦਾ ਗੁਰਮਤਿ ਮਨੋਬਿਰਤਕ ਇੰਤਕਾਲ ਦਾ ਨਿਸ਼ਾਨ ਪ੍ਰਗਟ ਕਰ ਦਿੱਤਾ।
"ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥ ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ॥ ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ॥"[968] ਅਕਾਲ ਪੁਰਖ ਦੀ ਬਖ਼ਸ਼ਿਸ਼ ਨਾਲ ਸਿੱਖੀ ਦੀ ਰਸੋਈ ਵਿਚ ਧੁਰ ਕੀ ਬਾਣੀ ਦਾ ਪਰਵਾਨਾ ਵਰਤਦਾ ਹੈ, ਜਿਸ ਦੀ ਮਿਹਰ ਦੀ ਨਦਰ ਕਰ ਕੇ ਸ਼ਬਦ ਰੂਪ ਰਾਹਦਾਰੀ ਲੈ ਕੇ ਮਨੁੱਖ ਜੰਮਣ ਮਰਨ ਅਤੇ ਦੁੱਖ ਸੁੱਖ ਦੇ ਮਨ ਭਾਵਾਂ ਤੋਂ ਮੁਕਤ ਹੋ ਕੇ ਰੱਬ ਨਾਲ ਜੁੜ ਜਾਂਦਾ ਹੈ; ਉਸ ਦਾ ੧ਓ ਨਾਲ ਇੰਤਕਾਲ ਸਿੱਖੀ ਦੀ ਰਾਹ ਦਾਰੀ ਤੇ ਤੁਰਦੇ "ਲੰਗਰਿ ਚਲੈ ਗੁਰਸਬਦਿ" ਰਾਹੀਂ ਹੋ ਜਾਂਦਾ ਹੈ; ਉਹ ਅਭੇਦ ਬਣ ਜਾਂਦਾ ਹੈ।
ਇਸ ਲਈ ਸਿੱਖਾਂ ਨੂੰ ਇਹ ਸਮਝਣਾ ਬੜਾ ਜ਼ਰੂਰੀ ਹੈ ਕਿ ਗੁਰੂ ਕਾ ਲੰਗਰ ਕੇਵਲ ਭੋਜਨ ਪਦਾਰਥਾਂ ਦਾ ਲੰਗਰ ਨਹੀਂ ਹੈ। ਇਹ "ਸ਼ਬਦ", "ਖਾਦ ਪਦਾਰਥ', "ਰੂਹਾਨੀਅਤ ਦੀ ਭੁੱਖ ਦੀ ਤ੍ਰਿਪਤੀ ਦੀ ਖ਼ੁਰਾਕ", ਦੇ ਨਾਲੋਂ ਨਾਲ "ਜੀਵਨ ਰੇਖਾਂ ਲਈ ਲਾਜ਼ਮੀ ਲੋੜਾਂ ਦੀ ਪੂਰਤੀ ਦਾ "ਗੁਰੂ ਦੀ ਰਸੋਈ" ਦਾ ਸੰਕਲਪ ਹੈ । ਜਿੱਥੇ "ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥" ਦਾ ਸਿਧਾਂਤ ਅਤੇ ਸੰਕਲਪ ਪੂਰਾ ਹੁੰਦਾ ਹੈ ਤੇ ਇੰਜ ਇਹ ਸੰਸਥਾ ਸਿੱਖੀ ਦੇ ਪ੍ਰਚਾਰ ਪ੍ਰਸਾਰ ਤੇ ਵਾਅਦੇ ਲਈ ਅਜਿਹੀ "ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥" ਦੇ ਘਣੇ ਨਿੱਘੇ ਆਸਰੇ ਹੇਠਾਂ "ਬੀਬੀ ਖੀਵੀ" ਦੀ ਬੁੱਕਲ ਵਿਚ ਸਿੱਖ ਸਜਦੇ ਜਾਣ। ਇਸ

ਨਾਲ ਹੀ "ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣੱਤਾ।" ਪਉੜੀ 20 ਵਾਲੀ ਵੱਟਤ ਦੀ ਬਣਤਰ ਭਾਈ ਗੁਰਦਾਸ ਜੀ ਅਨੁਸਾਰ ਗੁਰੂ ਘਰ ਦੇ ਵਿਹੜੇ ਵਿਚ ਉੱਤਰਦੀ ਹੈ।

**ਜੀਵਨ ਅਮਲ ਵਿਚ ਅਪਣਾਉਣਾ**

ਆਮ ਕਰ ਕੇ ਸਿੱਖ ਸਮਾਜ ਨਾਲ ਜੁੜੇ ਸ਼ਬਦ "ਲੰਗਰ" ਤੋਂ ਇਹ ਸਮਝ ਵਿਕਸਿਤ ਹੁੰਦੀ ਹੈ ਕਿ ਉੱਥੇ ਵਿਅਕਤੀ ਨੂੰ ਮੁਫ਼ਤ ਵਿਚ ਭੋਜਨ ਮਿਲੇਗਾ।
ਗੁਰਮਤਿ ਅਰਥਾਵਲੀ ਵਿਚ ਇਸ "ਲੰਗਰ" ਦਾ ਸੰਕਲਪ ਗੁਰੂ ਕੀ ਗੋਲਕ ਵਿਚੋਂ "ਸੰਗਤ" ਲਈ ਚੱਲ ਰਹੀ ਰਸੋਈ ਤੋਂ ਲਿਆ ਗਿਆ ਹੈ । ਜਿਸ ਸੰਗਤ ਵਿਚ ਹਰ "ਨਵੇਂ" ਆਉਣ ਵਾਲੇ ਜਗਿਆਸੂ ਲਈ ਪਹਿਲਾਂ ਜੀਵਨ ਅਮਲ ਵਿਚ ਮਨੋਬਿਰਤਕ, ਵਿਹਾਰਕ, ਮਿਲਵਰਤਨ ਅਤੇ ਰੋਟੀ ਬੇਟੀ ਦ ਸਾਂਝ ਲਈ ਸਮਾਨਤਾ ਅਤੇ ਬਰਾਬਰਤਾ, ਜਾਤ-ਪਾਤ ਦੀ ਵਿਭੇਦਤਾ ਅਤੇ ਮਾਨਵੀ ਇਕਸਾਰਤਾ ਨੂੰ ਅਪਨਾਉਣ ਦੀ "ਟਕਸਾਲ" ਹੈ। ਜਿਸ ਵਿਚੋਂ ਘੜੇ ਜਾਣ ਤੋਂ ਬਾਅਦ ਹੀ "ਗੁਰੂ ਦਰਸ਼ਨ ਦੇ ਕੇ ਸ਼ਬਦ ਗੁਰੂ ਦੀ ਸੰਗਤ" ਯੋਗ ਮਨੁੱਖ ਬਣਦਾ ਹੈ ਤੇ ਇੰਜ "ਸ਼ਬਦ ਗੁਰੂ ਟਕਸਾਲ" ਵਿਚ ਆਪਣੀ ਸੁਰ ਅਤੇ ਸੀਰਤ ਨੂੰ ਘੜਦਾ ਹੈ । ਇਹ ੧ਓ ਦੀ ਕਿਰਪਾ ਹਾਸਲ ਕਰਨ ਲਈ ਗੁਰਦੁਆਰੇ ਦੀ ਦਹਿਲੀਜ਼ ਹੈ। ਜਿਸ ਨੂੰ ਗੁਰੂ ਕਾਲ ਤੋਂ ਸਿੱਖੀ ਦੇ ਵਿਸਥਾਰ ਦੀ ਨਿੱਘੀ ਬੁੱਕਲ ਬਣਾਇਆ ਤੇ ਮੰਨਿਆਂ ਗਿਆ ਹੈ । ਜਿਸ ਨੂੰ ਉਸੇ ਹੀ ਸਰੂਪ ਵਿਚ ਚਲਾਇਮਾਨ ਕਰਨ, ਵਿਉਂਤਣ ਅਤੇ ਆਧੁਨਿਕ ਲੋੜਾਂ ਦੀ ਪੂਰਤੀ ਨਿਮਿਤ ਉੱਨਤ ਕਰਨ ਦੀ ਉਵੇਂ ਹੀ ਲੋੜ ਹੈ ਜਿਵੇਂ ਗੁਰੂ ਨਾਨਕ ਦੀ ਵਣਜ ਦੀ ਕਮਾਈ ਤੋਂ 13 - 13 ਤੇ ਅੱਪੜ ਕੇ ਇਹ ਗੁਰੂ ਅੰਗਦ ਸੀ ਸ਼ਬਦ ਰਸੋਈ ਤੋਂ ਪਦਾਰਥਕ ਰਸੋਈ ਵਿਚ ਗੁਰੂ ਅਮਰਦਾਸ ਜੀ ਦੀ "ਨਿਤ ਰਸੋਈ" ਤੋਂ ਹੁੰਦੀ ਹੋਈ ਗੁਰੂ ਗੋਬਿੰਦ ਸਿੰਘ ਜੀ ਦੀ "ਅਨੰਦਪੁਰ ਸਾਹਿਬ ਦੀ ਇੱਕ ਰਸੋਈ" ਤੇ ਅੱਪੜ ਕੇ; ਖ਼ਾਲਸੇ ਦੀ ਜੰਗਲਾਂ ਅਤੇ ਮਾਰੂਥਲ ਵਿਚਲੀ ਜਲਾਵਤਨੀ ਦੀ "ਦੇਗ-ਤੇਗ਼" ਤੇ ਪਹੁੰਚ ਕੇ ਆਪਣੀ ਵਿਕਾਸਾਤਮਕ ਸੰਪੂਰਨਤਾ ਗ੍ਰਹਿਣ ਕਰਦੀ ਹੈ। ਗੁਰਮਤਿ ਸਿਧਾਂਤ ਅਤੇ ਗੁਰੂ ਵਿਰਸੇ ਅਨੁਕੂਲ ਜਿਸ ਨੂੰ ਵਰਤਮਾਨ ਅਨੁਕੂਲ ਵਿਕਸਿਤ ਕਰਨ ਦੀ ਲੋੜ ਸਾਹਮਣੇ ਹੈ। "ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨਾ ਆਵੀ ਖਟੀਐ॥" ਨੂੰ ਸਿੱਖੀ ਲਈ ਸਰ ਕਰ ਸਕੀਏ।
ਡਾ. ਤਾਰਨ ਸਿੰਘ ਜੀ ਸਿੱਖ, ਸਿੱਖੀ ਅਤੇ ਸਿਧਾਂਤ ਵਿਚ ਪੰਨਾ 19 ਤੇ ਲਿਖਦੇ ਹਨ ਕਿ 'ਇਹੋ ਤੇਗ਼ ਨਾਲ ਦੇਗ ਦਾ ਕਰਤਵ ਹੈ ਤੇ ਇਹੋ ਹੀ ਰਾਜ ਦਾ ਜੋਗ ਨਾਲ ਰਾਜ ਦਾ ਕਰਤਵ ਹੈ।'
ਕਿਰਤ ਕਰਨੀ ਅਰਥਾਤ ਆਰਥਿਕ ਲੋੜਾਂ ਦੀ ਪੂਰਤੀ ਲਈ ਕਮਾਈ ਕਰਨੀ, ਨਾਮ ਜਪਣਾ ਅਰਥਾਤ ਕਮਾਈ ਲਈ ਕਿਰਤੀ ਬਣ ਕੇ ਅਕਾਲ ਪੁਰਖ ਦੇ ਹੁਕਮੀ ਨਿਆਂ

ਵਿਚ ਬੱਝਣਾ, ਤੇ ਇੰਜ ਹਾਸਲ ਖ਼ੁਸ਼ਹਾਲੀ ਦੀ ਸਾਧਨ ਸੰਪੰਨਤਾ ਨੂੰ ਵੰਡ ਛਕਣਾ ਦੀ ਟਕਸਾਲ ਦਾ ਵਰਤਾਰਾ ਹੈ ਹੈ ਅਸਲੋਂ ਗੁਰੂ ਕੀ ਰਸੋਈ -ਲੰਗਰ।

## ਲੰਗਰ ਦਾ ਸਿਧਾਂਤ ਤੇ ਸੰਕਲਪ ਕੀ ਹੈ ?

ਗੁਰੂ ਨਾਨਕ ਸਰਕਾਰ ਤੋਂ ਆਰੰਭ ਹੋਏ ਲੰਗਰ ਨੂੰ ਗੁਰੂ ਅੰਗਦ ਸਾਹਿਬ ਜੀ ਨੇ ਨਾਨਕ ਸਰਕਾਰ ਦੀ ਸੰਸਥਾ ਬਣਾ ਦਿੱਤਾ ਤੇ ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ "ਪਹਿਲੇ ਪੰਗਤ ਪਾਛੇ ਸੰਗਤ" ਦਾ ਹੁਕਮ ਕਰ ਕੇ ਸਿੱਖੀ ਦਾ ਸੰਕਲਪ ਬਣਾ ਦਿੱਤਾ। ਖ਼ਾਲਸਾ ਪੰਥ ਦਾ ਅਟੁੱਟ ਵਿਸ਼ਵਾਸ ਹੈ ਕਿ "ਗੁਰੂ ਕਾ ਲੰਗਰ" ਗੁਰੂ ਆਪ ਚਲਾਉਂਦਾ ਹੈ "ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥ ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥"[257] ਇਹ ਸੰਕਲਪ ਨਿਆਸਰਿਆਂ, ਭੁੱਖਿਆ, ਸਾਧਨ ਹੀਣ ਮਨੁੱਖਾਂ ਨੂੰ ਉੱਪਰ ਚੁੱਕ ਕੇ ਅਕਾਲ ਪੁਰਖ ਦੇ ਗੁਰਮਤਿ ਮਾਰਗ ਦੇ ਸਵੈ ਮਾਣੀ ਜੀਵਨ ਜਿਊਣ ਦੇ ਰਾਹੇ ਪਾਉਣ ਲਈ ਬਤੌਰ ਸੰਸਥਾ ਸਥਾਪਿਤ ਕਰ ਦਿੱਤੀ ਗਈ। ਲੰਗਰ ਵਿਚ ਸੇਵਾ ਦਾ ਸੰਕਲਪ ਹੈ। ਸਿੱਖ ਨੇ ਲੰਗਰ ਆਪ ਬਣਾਉਣਾ ਆਪ ਵਰਤਾਉਣਾ ਅਤੇ ਆਪ ਹੀ ਭਾਂਡੇ ਮਾਂਜਣ ਆਦਿ ਦੀ ਸੇਵਾ ਸੰਭਾਲ ਕਰਨੀ ਹੈ। ਜਿਹੜਾ ਲੰਗਰ ਤਨਖ਼ਾਹ ਦਾਰ ਹਲਵਾਈਆਂ ਤੋਂ ਪਕਵਾਇਆ ਜਾਂਦਾ ਹੈ ਜਾਂ ਠੇਕੇ ਤੇ ਪਕਵਾਇਆ ਜਾਂਦਾ ਹੈ ਉਹ ਗੁਰਮਤਿ ਮਰਿਆਦਾ ਵਿਚ ਲੰਗਰ ਦੀ ਮਰਿਆਦਾ ਵਿਚ ਨਹੀਂ ਆਉਂਦਾ। ਉਹ ਹਉਮੈਂ ਹੀ ਹੈ। ਜਦ ਕਿ ਲੰਗਰ ਦੀ ਮਰਿਆਦਾ ਅਤੇ ਸੰਸਥਾ ਸਿੱਖ ਵਿਚੋਂ ਹਉਮੈ ਖ਼ਤਮ ਕਰਦੀ ਹੈ, ਅਭਿਮਾਨ ਅਤੇ ਚੌਧਰ ਨੂੰ ਮੁਕਾ ਕੇ ਨਿਮਰਤਾ ਅਤੇ ਵਿਚਾਰਾਂ ਵਿਚ ਇਕਾਗਰਤਾ, ਮਨੁੱਖੀ ਕਰਨ ਵਿਚ ਸਮਾਨਤਾ ਤੇ ਬਰਾਬਰਤਾ ਦੀ ਸੂਝ ਵਿਕਸਿਤ ਕਰਦਾ ਹੈ।

ਲੰਗਰ ਜਾਤੀਵਾਦ, ਨਸਲਵਾਦ, ਭੇਦਭਾਵ ਅਤੇ ਭਿੱਟਣਾ ਨੂੰ ਖ਼ਤਮ ਕਰਦਾ ਹੈ। ਸਮਾਜ ਦਾ ਕੋਈ ਵੀ ਵਿਅਕਤੀ ਆਪਣੇ ਘਰੋਂ ਰਸਦ ਜਾਂ ਪੱਕੀ ਪਕਾਈ ਸਮਗਰੀ ਲੰਗਰ ਵਿਚ ਲਿਆ ਕੇ ਪਾ ਸਕਦਾ ਹੈ। ਇਹੋ ਇਸ ਨੂੰ ਸਰਬ ਸਾਂਝੀਵਾਲਤਾ ਦੀ ਸ਼੍ਰੋਮਣੀ ਸੰਸਥਾ ਦੇ ਤੌਰ ਤੇ ਸਥਾਪਿਤ ਕਰਦਾ ਹੈ। ਜਿੱਥੇ ਰਸੋਈ ਸਾਂਝੀ ਹੈ। ਪੰਗਤ ਸਾਂਝੀ ਹੈ। ਰੋਟੀ ਕੱਪੜਾ ਮੰਗ ਕੇ ਖਾਣ ਵਾਲੇ ਲੋਕਾਂ ਬਾਰੇ ਗੁਰੂ ਨਾਨਕ ਸਾਹਿਬ ਜੀ ਸਿਧਾਂਤ ਦਿੰਦੇ ਹਨ "ਛਾਦਨੁ ਭੋਜਨੁ ਮਾਂਗਤੁ ਭਾਗੈ ॥ ਖੁਧਿਆ ਦੁਸ਼ਟ ਜਲੈ ਦੁਖੁ ਆਗੈ ॥ ਖੁਧਿਆ ਦੁਸ਼ਟ ਜਲੈ ਦੁਖੁ ਆਗੈ॥ ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ॥"[879] ਰੋਟੀ ਤੇ ਗੁਜ਼ਰਾਨ ਮੰਗਣ ਵਾਲੇ ਲੋਕ ਦੁਨੀਆ ਦੀ ਸਭ ਤੋਂ ਵੱਡੀ ਕਮੀਨਗੀ ਵਾਲੀ ਸ਼ਰਮਿੰਦਗੀ ਦੀ ਅੱਗ ਵਿਚ ਸੜਦੇ ਹਨ । ਆਪੇ ਹੀ 'ਦਾਨ' ਦੇ ਕੇ ਫੇਰ ਆਪੇ ਹੀ ਧੱਕਾ ਮੁੱਕੀ ਕਰ ਕੇ ਆਪਣੇ ਹੀ 'ਦਾਨ' ਨੂੰ ਛਕਣ ਵਾਲੇ ਲੋਕਾਂ ਅਤੇ ਸਮਾਜ ਬਾਰੇ ਕੀ ਕਿਹਾ ਜਾਵੇ ? ਆਪਣੇ ਘਰਾਂ ਨੂੰ ਲੰਗਰ ਢੋਣ ਵਾਲੇ ਸਿੱਖਾਂ ਨੂੰ ਇਹ ਚੇਤੇ ਰੱਖਣਾ

ਚਾਹੀਦਾ ਹੈ ਕਿ ਮੰਗਤਾ ਵਿਅਕਤੀ ਤੇ ਮੰਗਤੀ ਬਣਾਈ ਜਾ ਚੁੱਕੀ ਕੌਮ ਕਦੇ ਵੀ ਆਪਣੀ ਆਜ਼ਾਦੀ ਕਾਇਮ ਨਹੀਂ ਰੱਖ ਸਕਦੀ ਤੇ ਨਾਂਹ ਹੀ ਕਦੇ ਆਜ਼ਾਦ ਹੋ ਸਕਦੀ ਹੈ।

ਲੰਗਰ ਦੀ ਮਰਿਆਦਾ ਦਾ ਸੰਕਲਪ ਹੀ ਇਹ ਹੈ ਕਿ ਗੁਰੂ ਘਰ ਵਿਚ ਬੈਠ ਕੇ ਜਾਂ ਜਿੱਥੇ ਲੰਗਰ ਲਾਇਆ ਗਿਆ ਹੈ ਉੱਥੇ ਪੰਗਤ ਵਿਚ ਜ਼ਮੀਨ ਤੇ ਬੈਠ ਕੇ ਪਰਸ਼ਾਦਾ ਛਕਿਆ ਜਾਵੇ। ਜਿੱਥੇ ਜਿੱਥੇ ਤੇ ਜਦੋਂ ਜਦੋਂ ਇਹ ਮਰਿਆਦਾ ਤੋੜੀ ਜਾਂਦੀ ਹੈ ਓਦੋਂ ਓਦੋਂ ਹੀ ਸਿੱਖ ਆਪ ਆਪਣੀ ਲੰਗਰ ਦੀ ਗੁਰੂ ਵਰੋਸਾਈ ਅਤੇ ਬ-ਹੁਕਮ ਸਥਾਪਿਤ ਕੀਤੀ ਸੰਸਥਾ ਅਤੇ ਗੁਰੂ ਹੁਕਮ ਨੂੰ ਤੋੜਦੇ ਹਾਂ।

ਲੰਗਰ ਛਕਾਉਣ ਲਈ ਕਿਸੇ ਨੂੰ ਵੀ ਵਿਸ਼ੇਸ਼ਤਾ ਦੇਣੀ ਜਾਂ ਜੋ ਸੰਗਤ ਲਈ ਪੱਕਿਆ ਹੈ ਉਸ ਤੋਂ ਵਾਧੂ ਵਰਤਾਉਣਾ ਗੁਰਮਤਿ ਸਿਧਾਂਤ ਅਤੇ ਸੰਕਲਪ ਦੇ ਉਲਟ ਅਤੇ ਲੰਗਰ ਮਰਿਆਦਾ ਨੂੰ ਤੋੜਨ ਤੁੱਲ ਹੀ ਮੰਨੀ ਜਾਂਦੀ ਹੈ।

# 26

## ਪੰਗਤ

"ਪਹਿਲੇ ਪੰਗਤ ਪਾਛੇ ਸੰਗਤ"

ਗੁਰੂ ਅਮਰਦਾਸ ਜੀ

**ਅਰਥ-** ਜ਼ਮੀਨ ਤੇ ਕਤਾਰ ਬੱਧ ਹੋ ਕੇ ਬੈਠਣਾ। ਸਿੱਖ ਸਭਿਅਤਾ ਵਿਚ "ਲੰਗਰ" ਛਕਣ ਲਈ ਇੱਕ ਕਤਾਰ ਵਿਚ ਬੈਠਣ ਦੀ ਵਿਧੀ ਨੂੰ ਪੰਗਤ ਕਹਿੰਦੇ ਹਨ।

### ਨਾਨਕਸ਼ਾਹੀ ਨਜ਼ਰੀਆ

'ਪੰਗਤ' ਸ਼ਬਦ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਵਰਤਿਆ ਗਿਆ। ਗੁਰਮਤਿ ਸਿੱਖ ਸਭਿਅਤਾ ਦਾ ਇਹ ਇੱਕ ਸੰਸਥਾਗਤ ਟਕਸਾਲੀ ਸਿਧਾਂਤ ਹੈ। ਜਿਸ ਦਾ ਅਰਥ ਹੈ ਕਿ ਹਰ ਤਰ੍ਹਾਂ ਦੇ ਦਵੈਤ , ਵਿਤਕਰੇ, ਨਾ ਬਰਾਬਰਤਾ ਤੇ ਵਰਨ ਆਸ਼ਰਮ ਵੰਡ ਨੂੰ ਮੁਕਾ ਕੇ, ਖ਼ਤਮ ਕਰ ਕੇ ਸਭ ਮਨੁੱਖਾਂ ਨੂੰ ਇੱਕ ਕਤਾਰ ਵਿਚ ਇੱਕ ਸਮਾਨ ਲਿਆਉਣਾ। ਜਿਸ ਲਈ ਹੀ ਸਿੱਖੀ ਸਭਿਅਤਾ ਦੀ ਸਭਿਆਚਾਰਕ ਸਮਾਜੀ ਬਣਤਰ ਵਿਚ ਇਸ ਸੰਸਕ੍ਰਿਤੀ ਬਣ ਕੇ "ਪਹਿਲੇ ਪੰਗਤ" "ਪਾਛੇ ਸੰਗਤ" ਦਾ ਸੰਕਲਪ ਸਾਹਮਣੇ ਆਇਆ। ਸੰਸਾਰਿਕ ਜੀਵਨ ਵਿਚ ਸਭ ਮਨੁੱਖਾਂ ਵਿਚ ਇੱਕ ਸਮਾਨ ਬਰਾਬਰਤਾ ਤੇ ਸਰਲਤਾ ਵਾਲਾ ਪਾਤਸ਼ਾਹੀ ਵਿਚ ਗ਼ਰੀਬੀ ਤੇ ਗ਼ਰੀਬੀ ਵਿਚ ਪਾਤਸ਼ਾਹੀ ਵਾਲੀ ਮਨੋਬਿਰਤੀ ਅਤੇ ਅਣਖੀਲੀ ਜ਼ਿੰਦਗੀ ਦਾ ਅਹਿਸਾਸੀ ਬਣਾਉਣਾ; ਪੰਗਤ ਦਾ ਨਿਸ਼ਾਨਾਂ ਹੈ। ਇਹ ਹਉਮੈ ਨੂੰ ਮਾਰਨ ਦਾ ਦਾਰੂ ਹੈ ਤੇ ਰੱਬੀ ਦਰਗਾਹ ਵਿਚ ਪਰਵਾਨਗੀ ਦੀ ਪਉੜੀ।

# 27

# ਸੰਗਤ

"ਸਤ ਸੰਗਤਿ ਮਿਲੇ ਸੁ ਤਰਿਆ॥" 10

## ਗੁਰਮਤਿ ਅਰਥ

ਹਰ ਜੱਸ ਲਈ ਜੁੜਿਆ ਜਨ ਸਮੂਹ। ਜਾਂ ਸਾਧਾਰਨ ਤੌਰ ਤੇ ਮੰਡਲੀ, ਇਕੱਠ, ਮਜਲਸ, ਸਾਥ, ਸੰਗ।

## ਗੁਰਬਾਣੀ ਵਿਸਥਾਰ

"ਸੰਗਤਿ ਕਾ ਗੁਨ ਬਹੁ ਅਧਿਕਾਈ" ਇੱਕ ਸਮਾਨ ਨਿਸ਼ਚੈ ਅਤੇ ਵਿਚਾਰਾ ਨੂੰ ਗ੍ਰਹਿਣ ਕਰਨ ਦੀ ਦ੍ਰਿੜ੍ਹਤਾ ਰੱਖਣ ਵਾਲੇ ਸੱਜਣਾਂ ਨਾਲ ਗਿਆਨ ਗੁਣ ਬਹੁਤ ਵਧਦੇ ਹਨ। ਤੇ ਹਰਿ ਨਾਮ ੧ੴ ਦੀ ਜੁੜੀ ਸੰਗਤ ਨਾਲ ਤਾਂ ਸੂਰਜੀ ਪਰਕਾਸ਼ ਦਾ ਤੇਜ਼ ਮਿਲਦਾ ਹੈ ਤੇ ਬ੍ਰਹਿਮੰਡੀ ਤ੍ਰਿਪਤੀ ਹੋ ਜਾਂਦੀ ਹੈ। ਇਹ "ਸੰਗਤ" ਦਾ ਗੁਣ ਹੈ। "ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ॥" 10

## ਨਾਨਕਸ਼ਾਹੀ ਨਜ਼ਰੀਆ

ਸਿੱਖ ਸਭਿਅਤਾ ਦੀ ਸਭਿਆਚਾਰਕ ਸੰਸਕ੍ਰਿਤੀ ਵਿਚ ਸੰਗਤ ਤੋਂ ਅਰਥ; ਗੁਰੂ ਦੀ ਸਿੱਖਿਆ ਨੂੰ ਸਵੈ ਇੱਛਾ ਨਾਲ ਗ੍ਰਹਿਣ ਕਰਨ ਤੇ ਜੀਵਨ ਵਿਚ ਢਾਲਣ ਵਾਲੇ ਜਿਗਿਆਸੂਆਂ ਦੇ ਉਸ ਸਮੂਹ ਨੂੰ ਕਿਹਾ ਜਾਂਦਾ ਹੈ ਜੋ ਸ਼ਬਦ ਗੁਰੂ ਦੇ ਦਰਬਾਰ ਵਿਚ ਇਕੱਠ ਕਰ ਕੇ ਆਪਣੇ ਆਪ ਨੂੰ ਤਨ-ਮਨ-ਧਨ ਤੋਂ "ਸ਼ਬਦ ਗੁਰੂ" ਨੂੰ ਸਮਰਪਿਤ ਕਰਦੇ ਹਨ।

ਸੰਗਤ ਸਿੱਖਾਂ ਦੇ ਧਾਰਮਿਕ ਇਕੱਠ ਨਾਲ ਇੰਨਾ ਜੁੜਿਆ ਹੈ ਕਿ ਬਿਹਾਰ ਅਤੇ ਬੰਗਾਲ ਆਦਿ ਵਿਚ ਸੰਗਤ ਪਦ ਸਿੱਖਾਂ ਦੇ ਗੁਰਦੁਆਰੇ ਵਾਸਤੇ ਵਰਤਦੇ ਹਨ।

ਸਿੱਖਿਆ ਇਹ ਹੈ ਕਿ "ਊਤਮ ਸੰਗਤਿ ਊਤਮੁ ਹੋਵੈ ॥" 414

ਸਿਧਾਂਤ ਇਹੁ ਹੈ "ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥" 1042

ਸਿੱਖੀ ਵਿਚ ਸੰਗਤ ਦੀ ਸੰਕਲਪ ਦੀ ਪੁਸ਼ਟੀ ਇਹ ਹੈ ਕਿ "ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ ॥" 1295 ਜਿਹੜੇ ਮਨੁੱਖ ਔਗੁਣਾਂ ਕਰ ਕੇ ਪੱਥਰ

ਦੀ ਪੰਡ ਬਣੇ ਹੁੰਦੇ ਹਨ ਅਜਿਹੇ ਮਨੁੱਖ ਵੀ ਸ਼ਬਦ ਗੁਰੂ ਦੀ ਸੰਗਤ ਵਿਚ ਆ ਕੇ ਤਰ ਜਾਂਦੇ ਹਨ। ਇਹ ਸ਼ਬਦ ਗੁਰੂ ਦੀ ਸਤ ਸੰਗਤ ਦੀ ਵਡਿਆਈ ਹੈ।

## ਜੀਵਨ ਅਮਲ ਵਿਚ ਅਪਣਾਉਣਾ

ਸਿੱਖ ਨੇ ਆਪਣੇ ਜੀਵਨ ਨੂੰ "ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ॥"[1030] ਦੇ ਮਿਸ਼ਨ ਤੇ ਤੋਰਦੇ ਹੋਏ "ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥"[607] ਅਰਥਾਤ ਅਕਾਲ ਪੁਰਖ ਦੀ ਸ਼ਰਨ ਵਿਚ ਸ਼ਬਦ ਗੁਰੂ ਰਾਹੀਂ ਆਉਣ ਵਾਲੇ ਮਨੁੱਖ ਆਪਣੇ ਅੰਦਰੋਂ ਦੁਰਮਤ ਦੂਰ ਕਰ ਲੈਂਦੇ ਹਨ ਤੇ ਪਰਮਾਤਮ ਦਾ ਆਤਮ ਰਸ ਆਪਣੀ ਆਤਮਾ ਰਾਹੀਂ ਛਕਣ ਲੱਗ ਜਾਂਦੇ ਹਨ ਤੇ ਅਨੰਦ ਪ੍ਰਾਪਤ ਕਰਦੇ ਰਹਿੰਦੇ ਹਨ। ਸਾਧ ਸੰਗਤ ਤੋਂ ਬਿਨਾ ਸਾਰੇ ਮਨੁੱਖ ਪਸ਼ੂਆਂ ਵਾਂਗ ਤੁਰੇ ਫਿਰਦੇ ਹਨ। ਜਿਸ ਰੱਬ ਨੇ ਉਨ੍ਹਾਂ ਨੂੰ ਪੈਦਾ ਕੀਤਾ ਹੈ ਉਸ ਨਾਲ ਸਾਂਝ ਨਹੀਂ ਪਾਂਦੇ। ਉਸ ਦੇ ਸ਼ਬਦ ਦੇ ਹੁਕਮ ਨੂੰ ਨਾ ਮੰਨਣ ਵਾਲੇ ਸਾਰੇ ੧ਓ ਸਤਾ ਦੇ ਚੋਰ ਹਨ। ਹੁਣ ਸਿੱਖਾਂ ਨੇ ਆਪ ਫ਼ੈਸਲਾ ਲੈਣਾ ਹੈ ਕਿ ਉਨ੍ਹਾਂ ਗੁਰਦੁਆਰੇ ਆ ਕੇ ਇੱਕ ਮਨ ਇੱਕ ਚਿੱਤ ਹੋ ਸ਼ਬਦ ਗੁਰੂ ਦੀ ਸੰਗਤ ਕਰਨੀ ਹੈ ਜਾਂ ਗੁਰਦੁਆਰੇ ਬੈਠ ਕੇ ਸੰਗਤ ਵਿਚ ਵੀ ਗੱਲਾਂ ਤੇ ਚੁਗ਼ਲੀਆਂ ਕਰ ਕੇ ਗੁਰੂ ਦਾ ਚੋਰ ਤੇ ਅਪਰਾਧੀ ਬਣ ਕੇ "ਪਸ਼ੂ ਢੋਰ" ਦੀ ਤਰ੍ਹਾਂ "ਅਵਗਨੀਆਰੇ ਪਾਥਰ ਭਾਰੇ" ਹੀ ਬਣੇ ਰਹਿਣਾ ਹੈ ?

# ਗੁਰਮਤਿ ਕੀ ਹੈ ?

"ਅਕੁਲ ਨਿਰੰਜਨ ਸਿਉ ਸਚਿ ਸਾਚੀ ਗੁਰਮਤਿ ਨਾਮੁ ਆਧਾਰੋ" 1255

## ਗੁਰਮਤਿ ਅਰਥ

ਗੁਰੁਸੰਮਤਿ ਅਰਥਾਤ ਸਤਿਗੁਰੂ ਦੀ ਇੱਛਾ। ਗੁਰੂ ਦੀ ਰਾਇ। ਗੁਰੂ ਦੀ ਨਸੀਹਤ

## ਗੁਰਬਾਣੀ ਵਿਚਾਰ

ਗੁਰੂ ਦਾ ਉਪਦੇਸ਼ ਹੀ ਗੁਰਮਤਿ ਹੈ। ਸ਼ਬਦ ਗੁਰੂ ਫ਼ਲਸਫ਼ੇ ਜਾ ਗੁਰ ਵਿਚਾਰ ਨੂੰ ਹੀ ਗੁਰਦਰਸ਼ਨ "ਸਾਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ॥" 19 ਸਵੀਕਾਰਿਆ ਜਾਂਦਾ ਹੈ। "ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥" 10 ਸਿੱਖ ਦੇ ਪ੍ਰਾਣ ਹੀ ਗੁਰਮਤਿ ਦੀ ਕਿਰਤ ਕਮਾਉਂਦੇ ਹੋਏ ਸ਼ਬਦ ਗੁਰੂ ਦੀ ਕੀਰਤ ਅਤੇ ਅਰਦਾਸ ਵਿਚ ਰਹਿਣਾ ਹੈ। ਜਿਸ ਦਾ ਮੰਤਵ ਹੀ ਇਹ ਹੈ ਕਿ ਸਿੱਖ ਨੇ ਆਪਣੀ ਮਤਿ ਨੂੰ ਗੁਰੂ ਦੀ ਮਤਿ ਗੁਰਮਤਿ ਦੇ ਅਧੀਨ ਕਰ ਕੇ ਗੁਰੂ ਦੀ ਅਕਲ ਤੇ ਸੋਝੀ ਨਾਲ ਵਿਚਰਨਾ ਤੇ ਜਿਊਣਾ ਹੈ "ਭਗਤਿ ਵਛਲ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ॥" 353

## ਨਾਨਕਸ਼ਾਹੀ ਨਜ਼ਰੀਆ

"ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ॥ ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ॥" 789 ਦੇ ਸੰਕਲਪ ਵਿਚ ਗੁਰਮਤਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦਾ ਬਤੌਰ "ਸ਼ਬਦ ਗੁਰੂ" ਅਤੇ ਦਸ ਗੁਰੂ ਸਾਹਿਬਾਨ ਵੱਲੋਂ ਆਪਣੇ ਜੀਵਨ ਕਾਲ ਵਿਚ ਜਿਊਂ ਕੇ ਆਰੰਭ ਕੀਤੀ ਸਿੱਖ ਸਭਿਅਤਾ ਦੇ ਅਨੁਸ਼ਾਸਨ ਦਾ ਤੱਤ, ਸਾਰ ਅਤੇ ਭਾਵਾਰਥ ਹੈ। ਇਸ ਤੇ ਕਿਸੇ ਨੂੰ ਵੀ ਕਿੰਤੂ, ਸ਼ੰਕਾ ਕਰਨ ਦਾ ਹੱਕ ਨਹੀਂ ਹੈ। ਸਿੱਖ ਦਾ ਜੀਵਨ ਆਦਰਸ਼ ਦੀ ਬਣਤਰ ਹੀ ਸ਼ਬਦ ਗੁਰੂ ਨੇ ਅਜਿਹੀ ਬਣਾਈ ਹੈ ਕਿ ਉਹ ਸ਼ਬਦ ਗੁਰੂ ਰਾਹੀਂ ਨਾਮ ਸਿਮਰਨ ਦੀ ਬਣਤਰ ਵਿਚ ਆਇਆ ਮਨੁੱਖ ਨੂੰ ਪ੍ਰਭੂ ਦੀ ਸੂਝ ਪੈ ਜਾਂਦੀ ਹੈ। ਬਸ਼ਰਤੇ ਇਸ ਜੀਵਨ ਆਦਰਸ਼ ਵਿਚ ਸਿੱਖ ਗੁਰੂ ਦੇ ਸਨਮੁੱਖ ਹੋ ਕੇ ਜੀਵੇ।

ਮਨੁੱਖ ਆਤਮਾ, ਸੋਚ, ਬੁੱਧ ਅਤੇ ਬਿਬੇਕ ਵਿਚ ਗੁਰਬਾਣੀ ਸਿੱਖਿਆ ਦੇ ਜੀਵਾਣੂ ਕਰਨ ਦੇ ਬਿਜਾਈ ਕਰਨ ਦੀ ਰੀਤ, ਪੱਧਤੀ (ਕੁਦਰਤੀ-ਵਿਗਿਆਨਿਕ ਤਰੀਕਾ ਕਾਰ) ਅਤੇ ਮਾਰਗ "ਗੁਰਮਤਿ" ਹੈ।

ਜਿਸ ਨੇ ਮਨੁੱਖ ਦੀ ਆਤਮਾ ਵਿਚਲੇ ਅੰਤਹਿਕਰਨ ਦੀ ਮਨੋਬਿਰਤੀ ਨੂੰ "ਗੁਰੂ ਪ੍ਰਣਾਲੀ ਸ਼ਬਦ ਗੁਰੂ" ਦੀ ਆਤਮਿਕਤਾ ਨਾਲ ਇੱਕ ਮਿੱਕ ਕਰ ਕੇ; ਮਨੁੱਖ ਦੀ ਮਨੋਬਿਰਤੀ ਨੂੰ ਸ਼ਬਦ ਗੁਰੂ ਦੇ "ਮੱਤ" ਜਾਂ "ਨਿਰਨੇ" ਨਾਲ ਪਰਾਗਣ ਕਰਵਾ ਕੇ "ਸਿੱਖੀ" ਪ੍ਰਗਟ ਕਰਨੀ ਹੈ। ਜਿਸ ਦੀ

ਸਭਿਅਤਾ ਦਾ ਨਾਨਕਸ਼ਾਹੀ ਆਰੰਭ ਹੈ "ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ" ॥ "[943]
ਇਸੇ ਵਿਚੋਂ ਜੰਮਿਆਂ ਮਨੁੱਖ "ਗੁਰਮੁਖ" ਹੁੰਦਾ ਹੈ ।

## ਜੀਵਨ ਅਮਲ ਵਿਚ ਅਪਣਾਉਣਾ

"ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ॥ ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥[789] ਜੀਵ ਨੌਕਰ ਮਾਲਕ ਦੇ ਸਾਹਮਣੇ ਆਪਣੀ ਕਮਾਈ ਦੀ ਥੈਲੀ ਲਿਆ ਧਰਦਾ ਹੈ ਤੇ ਮਾਲਕ ਖੋਟੇ ਖਰੇ ਦੀ ਪਛਾਣ ਕਰ ਕੇ ਉਸ ਦੀ ਵਣਜ ਦਾ ਨਿਤਾਰਾ ਕਰ ਉਸ ਦੀ ਕਮਾਈ ਸੰਸਕਾਰਾਂ ਦੀ ਪੂੰਜੀ ਦਾ ਮੁੱਲ ਪਾਉਂਦਾ ਹੈ। ਇਸ ਲਈ "ਪਵਿਤ੍ਰ ਪਾਵਨ ਸਦਾ ਹੈ ਬਾਣੀ ਗੁਰਮਤਿ ਅੰਤਰੁ ਭੀਜੈ ਹੇ॥" 1049 ਵਿਚ ਵੱਸਣ ਵਾਲਾ ਸਿੱਖ ਸਦਾ ਹੀ "ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥ ਲਿਵ ਲਾਗੀ ਨਾਮਿ ਤਜਿ ਦੂਜਾ ਬਾਉ ॥ ਜਨ ਨਾਨਕ ਹਰਿ ਗੁਰੁ ਗੁਰ ਮਿਲਾਉ॥[1169] ਦੇ ਗੁਣਾ ਨੂੰ ਹੀ ਕਮਾਉਂਦਾ ਹੈ । ਸਿੱਖ ਦਾ ਆਦਰਸ਼ਕ ਜੀਵਨ ਆਚਰਨ ਹੀ ਇਹ ਹੈ ਕਿ ਉਹ ਗੁਰੂ ਦੀ ਮਤਿ ਤੇ ਚੱਲਦਾ ਹੋਇਆ ਆਪਣੇ ਅੰਦਰ ਪ੍ਰਭੂ ਦੇ ਗੁਣ ਵਸਾਉਂਦਾ ਹੈ ਤੇ ਆਪਣੀ ਆਤਮਿਕ ਅਵਸਥਾ ਨੂੰ ਉਚੇਰਾ ਕਰ ਕੇ ਪ੍ਰਭੂ ਨਾਲ ਜੋੜਦਾ ਹੈ। ਉਹ ਦੁਨਿਆਵੀ ਦਵੈਤ ਨੂੰ ਛੱਡ ਦਿੰਦਾ ਹੈ ਤੇ ਇੱਕ ਪ੍ਰਭੂ ਦੀ ਇੱਕ ਮਤਿ ਸੁਰਤ ਵਿਚ ਆਪਣੀ ਸੁਰਤੀ ਸਾਧ ਕੇ ਗੁਰਮਤਿ ਬਣ ਕੇ ਵਿਵਹਾਰ ਵਿਚ ਜਿਊਂਦਾ ਹੈ । ਇੰਜ ਉਹ ਅਕਾਲ ਪੁਰਖ ਨੂੰ ਅਰਦਾਸ ਕਰਦਾ ਹੈ ਕਿ ਮੈਨੂੰ ੧ਓ ਦਾ ਮਿਲਾਪ ਕਰਾ ਦੇ। ਇਸੇ ਨੂੰ ਹੀ ਗੁਰਮਤਿ ਵਿਚ ਜਿਊਣਾ ਕਹਿੰਦੇ ਹਨ।

# 29

## ਲਿੰਗੀ ਬਰਾਬਰਤਾ ਅਤੇ ਸਮਾਨਤਾ ਵਾਲੇ ਸਮਾਜ ਦਾ ਨਿਰਮਾਣ

ਲਿੰਗੀ ਵਿਭੇਦਤਾ ਤੇ ਵਿਤਕਰੇ ਦਾ ਅੰਤ

### ਗੁਰਬਾਣੀ ਵਿਸਥਾਰ

ਨਾਨਕਸ਼ਾਹੀ ਸਿੱਖ ਸਿਧਾਂਤ "ਠਾਕੁਰੁ ਏਕੁ ਸਬਾਈ ਨਾਰਿ"[933] ਦਾ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਜਾਤੀ ਨੂੰ "ਇਸਤ੍ਰੀ" ਅਤੇ ਅਕਾਲ ਪੁਰਖ ਨੂੰ "ਪੁਰਖ" ਸਵੀਕਾਰਦੇ ਹਨ । ਜਿਵੇਂ "ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ"[591]। ਇਸ ਦਾ ਸਧਾਰਨ ਨਿਯਮ ਇਹ ਨਿਰਧਾਰਿਤ ਕੀਤਾ ਗਿਆ ਹੈ ਕਿ ਨਾਨਕਸ਼ਾਹੀ ਸਿੱਖੀ ਸਭਿਅਤਾ ਦੇ ਮਾਨਵੀ ਸਿੱਖ ਸਭਿਆਚਾਰ ਵਿੱਚ ਲਿੰਗ ਭੇਦ ਰਹਿਤ ਸਮਾਜ ਦੀ ਰਚਨਾ ਕੀਤੀ ਗਈ ਹੈ। ਜਿਸ ਵਿੱਚ ਮਰਦ ਜਾਂ ਔਰਤ, ਕਿੰਨਰ ਜਾਂ ਸਮਲਿੰਗੀ ਵਿੱਚ ਕੋਈ ਵੀ ਲਿੰਗੀ ਭੇਦਭਾਵ ਅਤੇ ਅਤਿਆਚਾਰ ਜਾਂ ਪ੍ਰਧਾਨਤਾ ਨਹੀਂ ਹੈ। ਸਭਨਾਂ ਦੇ ਹੱਕ, ਫ਼ਰਜ਼, ਧਰਮ, ਨਿਆਂ ਅਤੇ ਇਨ੍ਹਾਂ ਨਿਮਿਤ ਮੋਕੇ ਤੇ ਸਹੂਲਤਾਂ ਇੱਕ ਸਮਾਨ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀਆਂ ਸਮੁੱਚੀਆਂ ਸਿਖਿਆਵਾਂ ਮਨੁੱਖ ਜਾਤੀ ਨੂੰ "ਇਸਤ੍ਰੀ ਰੂਪ ਵਿੱਚ ਹੀ ਸਵੀਕਾਰਦੇ" ਹੋਏ ਦਿੰਦੇ ਹਨ । ਗੁਰੂ ਸਾਹਿਬ ਇਹ ਵੀ ਸਪਸ਼ਟ ਕਰਦੇ ਹਨ "ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ"[879] ਦੇ ਇਸ ਗੁਰਮਤਿ ਸੰਕਲਪ "ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ"[983] ਵਿੱਚ ਹੀ ਗ੍ਰਿਹਿਸਤ ਆਸ਼ਰਮ (ਸੰਗਤੀ ਜੀਊਣ) ਦੇ ਗੁਰਮਤਿ ਸੰਕਲਪ ਨੂੰ ਦ੍ਰਿੜ ਕਰਵਾਉਂਦੇ ਹਨ।

### ਨਾਨਕਸ਼ਾਹੀ ਨਜ਼ਰੀਆ

ਨਾਨਕਸ਼ਾਹੀ ਸਿੱਖੀ ਦੀ ਇਹੋ ਵਿਲੱਖਣਤਾ, ਅੱਡਰਾ ਪਣ ਇਸ ਨੂੰ ਅਲੌਕਿਕ ਸੁਤੰਤਰਤਾ ਵਿੱਚ ਸਥਾਪਿਤ ਕਰਦਾ ਹੈ ਕਿ 'ਸਿੱਖ' ਦਾ ਸਮਾਜ ਲਿੰਗ ਵਿਭੇਦਤਾ, ਵਿਤਕਰੇਂ, ਨਫ਼ਰਤ, ਵਿਰੋਧ ਅਤੇ ਘਿਰਣਾ ਰਹਿਤ ਹੈ।

ਜਦੋਂ ਅਸੀਂ ਨਾਨਕਸ਼ਾਹੀ ਨਜ਼ਰੀਏ ਤੋਂ "ਠਾਕੁਰੁ ਏਕੁ ਸਬਾਈ ਨਾਰਿ"[933] ਦੇ ਸੰਕਲਪ ਅਤੇ ਸਿਧਾਂਤ ਤੇ ਵਿਚਾਰਦੇ ਹਾਂ ਤਾਂ 'ਗੇ' ਰਿਸ਼ਤਿਆਂ ਅਤੇ ਵਿਆਹ ਬਾਰੇ ਸਪਸ਼ਟ ਸਮਾਜਿਕਤਾ ਸਾਹਮਣੇ ਆਉਂਦੀ ਹੈ । ਆਪਸੀ ਨਿੱਜਤਵ ਦੇ ਪਰਿਵਾਰਕ ਸਬੰਧ ਵਿਚ ਬੱਚੇ ਜਨਮਣ ਨਾਲ ਹੀ ਪਰਿਵਾਰ ਬਣਦਾ ਹੈ ਦਾ ਸੰਕਲਪ ਨਹੀਂ ਹੈ। ਵਿਆਹ ਦਾ

ਸਬੰਧ ਸੰਗਤੀ ਜੀਵਨ ਨਾਲ ਨਸਲ ਵਧਾਉਣ ਨਿਮਿਤ ਲਿਆ ਜਾਂਦਾ ਹੈ। ਪਰ ਦੋ ਜੀਆਂ ਦੇ ਆਪਸੀ ਸਰਸ਼ਤੇ ਦਾ ਸਬੰਧ ਸੰਗਤੀ ਜੀਵਨ ਜੀਊਣ ਨਾਲ ਵੀ ਹੁੰਦਾ ਹੈ। ਇੱਥੇ ਗੱਲ ਸਮਲਿੰਗੀ ਸੈਕਸ ਦੀ ਨਾਂਹ ਹੋ ਕੇ ਸਮਲਿੰਗੀ ਆਪਸੀ ਰਿਸ਼ਤੇ ਤੇ ਦੋਸਤੀ ਦੀ ਸੰਗਤ ਮਾਨਣ ਦੀ ਹੈ, ਜਿਸ ਨੂੰ ਗੈਰ ਕੁਦਰਤੀ ਨਹੀਂ ਐਲਾਨਿਆ ਜਾ ਸੱਕਦਾ। ਕਿੰਨਰ ਅਤੇ ਗੇ ਵੀ ਸੰਗਤੀ ਜੀਵਨ ਮਾਣਦੇ ਹੋਏ ਗੁਰੂ ਦੀਆਂ ਖ਼ੁਸ਼ੀਆਂ ਹਾਸਲ ਕਰਨ ਦੇ ਹੱਕਦਾਰ ਹਨ। ਨਾਨਕਸ਼ਾਹੀ ਦਰਬਾਰ ਅਤੇ ਸਮਾਜਿਕ ਵਿਹਾਰ ਇਸ ਤੋਂ ਨਹੀਂ ਰੋਕਦਾ। ਸਿੱਖ ਰਹਿਤ ਮਰਿਆਦਾ ਅਨੁਸਾਰ ਮਰਿਆਦਾ ਦੀ ਕਿਸੇ ਵੀ ਧਾਰਾ ਅਧੀਨ ਇਨ੍ਹਾਂ ਨੂੰ ਸਿੱਖ ਧਰਮ ਵਿਚ ਆਉਣ ਤੋਂ ਰੋਕਿਆ ਨਹੀਂ ਜਾ ਸਕਦਾ। ਗੁਰਮਤਿ ਕੁਦਰਤੀ ਵਰਤਾਰੇ ਵਿਚ ਕਿਰਦਾਰ ਦੀ ਸੁੱਚਤਾ ਤੇ ਮਰਿਆਦਾ ਦੀ ਪਾਲਨਾ ਅਧੀਨ ਸਭ ਨੂੰ ਗਲਵੱਕੜੀ ਵਿਚ ਲੈਂਦੀ ਹੈ। ਕਿਉਂ ਕਿ ਗੁਰਮਤਿ ਮਨੁੱਖਤਾ ਵਿਚ ਵਿਤਕਰੇ ਅਤੇ ਭੇਦ ਭਾਵ ਨੂੰ ਸਵੀਕਾਰ ਨਹੀਂ ਕਰਦੀ।
"ਬਿੰਦੁ ਰਾਖਿ ਜੌ ਤਰੀਐ ਭਾਈ॥ ਖੁਸਰੈ ਕਿਉ ਨ ਪਰਮ ਗਤਿ ਪਾਈ॥"[324] ਜੇ ਅੰਡ ਕੋਸ਼ ਦਾ ਜਣਨ ਬੀਜ ਰੱਖਣ ਵਾਲਾ ਮਨੁੱਖ ਜਤੀ ਬਣ ਭਵਸਾਗਰ ਤਰਦਾ ਹੈ ਤਾਂ ਜੋ ਇਹ ਨਹੀਂ ਰੱਖਦੇ ਉਹ ਕਿਉਂ ਨਹੀਂ ਰੱਬ ਨੂੰ ਮਿਲ ਸਕਦੇ ?

## ਜੀਵਨ ਅਮਲ ਵਿਚ ਅਪਣਾਉਣਾ

ਬਹੁਤ ਹੀ ਸਪਸ਼ਟ ਸਮਝਾਇਆ ਗਿਆ ਹੈ ਕਿ "ਪਤਿ ਅਪਤਿ ਤਾ ਕੀ ਨਹੀ ਲਾਜ ॥ ਤਬ ਜਾਨਹੁਗੇ ਜਬ ਉਘਰੈਗੋ ਪਾਜ॥" ਪ੍ਰੋ. ਸਾਹਿਬ ਸਿੰਘ ਜੀ ਦਰਪਣ ਵਿਚ ਇਸ ਦੇ ਅਰਥ ਕਰਦੇ ਲਿਖਦੇ ਹਨ 'ਕੋਈ ਮੇਰੀ ਇੱਜ਼ਤ ਕਰੇ ਜਾਂ ਨਿਰਾਦਰੀ ਕਰੇ, ਮੈਂ ਇਸ ਵਿਚ ਕੋਈ ਹਾਣਤ ਨਹੀਂ ਸਮਝਦਾ; ਕਿਉਂਕਿ ਤੁਹਾਨੂੰ ਬੀ ਤਦੋਂ ਹੀ ਸਮਝ ਆਵੇਗੀ ਜਦੋਂ ਤੁਹਾਡਾ ਇਹ ਜਗਤ ਵਿਖਾਵਾ ਉੱਘੜ ਜਾਇਗਾ।'
ਗੁਰਮਤਿ 'ਮਰਦ ਪ੍ਰਧਾਨ ਸਮਾਜ' ਅਤੇ ਬਾਲਾ ਦਸਤੀ ਦਾ ਨਿਸ਼ੇਧ ਕਰਦੀ ਹੈ ਤੇ ਪਰਿਵਾਰ, ਸਮਾਜ ਅਤੇ ਧਰਮ ਵਿਚ ਮਰਦ ਦੀ ਚੌਧਰ ਅਤੇ ਪ੍ਰਧਾਨਤਾ ਵਾਲੀ ਧੌਂਸ ਵਾਲੀ ਪ੍ਰਵਿਰਤੀ ਦਾ ਨਿਸ਼ੇਧ ਕਰਦੀ ਹੈ। ਜਿਸ ਸਿੱਖ ਟੱਬਰ ਵਿਚ ਵੀ ਔਰਤ ਜਾਂ ਲੜਕੀ ਨਾਲ ਵਿਤਕਰਾ ਹੈ ਉਹ ਟੱਬਰ ਨਾਨਕਸ਼ਾਹੀ ਦਰਬਾਰ ਦਾ ਹਿੱਸਾ ਇਸ ਲਈ ਨਹੀਂ ਹੋ ਸਕਦਾ ਕਿਉਂਕਿ ਉਹ ਆਪਣੇ ਪਰਿਵਾਰ ਵਿਚ ਹੀ "ਗ਼ੁਲਾਮੀ ਦੀ ਪ੍ਰਥਾ" ਦਾ ਅਮਲੀ ਵਿਵਹਾਰਿਕ ਪ੍ਰਚਲਣ ਚਲਾ ਰਿਹਾ ਹੈ। ਗੁਰੂ ਨਾਨਕ ਦਾ ਆਦੇਸ਼ ਆਜ਼ਾਦੀ ਦੀ ਆਵਾਜ਼ ਨੂੰ ਉੱਥੋਂ ਹੀ ਬੁਲੰਦ ਕਰਨ ਦਾ ਹੈ। ਜਿਸ ਦੇ ਘਰ ਵਿਚ ਹੀ ਗ਼ੁਲਾਮੀ ਦੇ ਬੀਜ ਬੀਜੇ ਹੋਏ ਹਨ; ਅਜਿਹੀ ਮਨੋਬਿਰਤੀ ਵਾਲਾ ਸਿੱਖ ਸਮਾਜ ਫਿਰ ਸੁਤੰਤਰ ਕਿਵੇਂ ਹੋ ਸਕਦਾ ਹੈ।

ਇੰਜ ਗੁਰੂ ਨਾਨਕ ਦੀ ਨਾਨਕਸ਼ਾਹੀ ਸਿੱਖੀ ਵਿੱਚ ਲਿੰਗ ਭੇਦ (ਜੈਂਡਰ) ਦੀ ਕੋਈ ਗੁੰਝਲ ਹੈ ਹੀ ਨਹੀਂ। ਕੋਈ ਧਰਮ ਸੰਕਟ ਨਹੀਂ ਹੈ। ਜਦ ਮਨੁੱਖੀ ਸਰੀਰ ਵਿੱਚ ਸਭ ਇਸਤ੍ਰੀਆਂ ਹੀ ਹਨ ਤਾਂ ਸਪਸ਼ਟ ਹੈ ਕਿ ਇਨ੍ਹਾਂ ਸਭਨਾਂ ਦੇ ਹੱਕ ਵੀ ਇੱਕ ਸਮਾਨ ਹੀ ਹਨ। ਇੰਜ ਨਾਨਕਸ਼ਾਹੀ ਸਿੱਖੀ ਮਨੁੱਖਤਾ ਨੂੰ ਮਰਦ ਪ੍ਰਧਾਨ ਸਮਾਜ ਤੋਂ ਮੁਕਤ ਕਰਦੀ ਹੈ। ਉਹ ਸਮਾਜ ਵਿਚੋਂ ਲਿੰਗ ਭੇਦ ਨੂੰ ਮੁਕਾ ਦਿੰਦੀ ਹੈ। ਸਾਰੀ ਮਨੁੱਖਤਾ ਨੂੰ ਇੱਕ ਸਮਾਨ ਅਧਿਕਾਰ ਸੰਪੰਨ ਬਣਾ ਕੇ ਸਮਾਜ ਦਾ ਸਿੱਖ ਸਭਿਅਤਾ ਵਿੱਚ ਨਵ ਨਿਰਮਾਣ ਕਰਨ ਦਾ ਹੰਭਲਾ ਮਾਰਦੀ ਹੈ। ਜਿਸ ਵਿਚੋਂ ਮਨੁੱਖੀ ਜੂਨ ਲਈ ਸਿੱਖ ਸਭਿਅਤਾ ਅਤੇ ਉਸ ਦਾ ਸਿੱਖੀ ਸਭਿਆਚਾਰ ਪ੍ਰਫੁੱਲਿਤ ਹੁੰਦਾ ਹੈ। ਅਜਿਹੀ ਨਾਨਕਸ਼ਾਹੀ ਸਿੱਖੀ ਸਭਿਅਤਾ ਵਿੱਚ ਸ਼ਾਮਲ ਖ਼ਾਸ ਤੌਰ ਤੇ 'ਸਿੱਖ ਮਨੁੱਖ' ਲਈ ਅਤੇ ਆਮ ਤੌਰ ਤੇ ਸੰਸਾਰ ਭਰ ਮਨੁੱਖਤਾ ਲਈ ਸਭ ਤੋਂ ਸੁਖਾਲੀ, ਬੰਧਨ ਰਹਿਤ ਅਰਥਾਤ ਪੂਰਨ ਸੁਤੰਤਰ ਜ਼ਿੰਦਗੀ ਬਸਰ ਕਰਨ ਦੀ ਜੀਵਨ ਜਾਂਚ ਦੀ ਖੁੱਲ ਦਿੱਤੀ ਹੋਈ ਹੈ।

## 30

# ਮਨੁੱਖਤਾ ਦਾ ਸਿੱਖ ਸਿਧਾਂਤ

### ਗੁਰਬਾਣੀ ਵਿਸਥਾਰ

ਭਾਈ ਗੁਰਦਾਸ ਜੀ ਅਨੁਸਾਰ 'ਚਾਰਿ ਵਰਨਿ ਇਕ ਵਰਨ ਕਰਿ' ਕੇ ਅਕਾਲ ਪੁਰਖ ਨੇ ਆਪ ਮਾਨਵੀ ਏਕਾ ਸਥਾਪਿਤ ਕੀਤਾ ਹੈ। ਮਨੁੱਖਤਾ ਨੂੰ ਇੱਕੋ ਮੰਨਣ ਦਾ ਹੁਕਮ ਹੈ; ਅਕਾਲ ਉਸਤਤਿ ਵਿਚ ਵਰਣਨ ਹੈ 'ਮਾਨਸ ਕੀ ਜਾਤ ਸਭੈ ਏਕੈ ਪਹਚਾਨਬੋ॥' ਭਾਈ ਗੁਰਦਾਸ ਜੀ ਆਖਦੇ ਹਨ 'ਚਾਰਿ ਵਰਨਿ ਚਾਰਿ ਮਜ਼ਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ। ਖੁਦੀ (ਅਭਿਮਾਨ,ਖ਼ੁਦ ਪਸੰਦਗੀ) ਬਖੀਲਿ (ਈਰਖਾ, ਤੇ ਸਾਧਨਾਂ ਨੂੰ ਵੰਡ ਕੇ ਨਾਂਹ ਵਰਤਣਾ) ਤਕਬਰੀ (ਆਪਣੇ ਆਪ ਨੂੰ ਤਾਨਾਸ਼ਾਹ ਮੰਨਣਾ) ਖਿੰਚੋਤਾਣਿ (ਬਿਨਾਂ ਸੱਤਿਆ ਜਾਣੇ ਆਪਣੀ ਗੱਲ ਮਨਾਉਣੀ) ਕਰੇਨਿ ਧਿਙਾਣੇ (ਸੀਨਾ-ਜ਼ੋਰੀ ਅਤੇ ਦਰ ਧਮਕਾ ਕੇ ਆਪਣੀ ਗ਼ਲਤ ਗੱਲ ਮਨਵਾਉਣੀ)।....ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਮ੍ਹਣਿ ਮਉਲਾਣੇ।21॥' ਇਸ ਲਈ 'ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨਿ ਕਰਾਇਆ ।......ਕਲਿ ਤਾਰਣਿ ਗੁਰੁ ਨਾਨਕ ਆਇਆ।23॥'

ਉਨ੍ਹਾਂ ਸਾਰੇ ਹੀ ਧਰਮ-ਖ਼ਿਆਲਾਂ ਨੂੰ ਗੁਰੂ ਨਾਨਕ ਨੇ ਇੱਕ ਪਾਸੇ ਕਰ ਕੇ "ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥ ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥ ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥ ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥"[1349-50] ਇਸ ਗੁਰ-ਸ਼ਬਦ ਦਾ ਸੰਕਲਪ ਇਹ ਹੈ ਕਿ ਸਾਰੀ ਸ੍ਰਿਸ਼ਟੀ ਵਿਚ ਹਰ ਜੀਵ ਇੱਕੋ ਸ਼ਕਤੀ ਦੇ ਨੂਰ ਤੋਂ ਪੈਦਾ ਹੋਇਆ ਹੈ । ਤੇ ਸਾਰੀ ਸ੍ਰਿਸ਼ਟੀ ੧ਓ ਤੋਂ ਉਪਜੀ ਤੇ ੧ਓ ਸਾਰੀ ਸ੍ਰਿਸ਼ਟੀ ਵਿਚ ਪਸਰਿਆ ਅਰਥਾਤ ਇੱਕ ਦੂਜੇ ਵਿਚ ਓਤ-ਪੋਤ ਹੈ। ਫੇਰ ਮਨੁੱਖਾਂ ਵਿਚ ਦਵੈਤ ਭਰਮ ਕਾਹਦੇ ਲਈ ?

ਇਸ ਲਈ ਅਕਾਲ ਪੁਰਖ ੧ਓ ਦਾ ਹੁਕਮ ਇਹ ਹੈ ਕਿ "ਪ੍ਰਭ ਜੀ ਤਉ ਪ੍ਰਸਾਦਿ ਭ੍ਰਮੁ ਡਾਰਿਓ॥ ਤੁਮਰੀ ਕ੍ਰਿਪਾ ਤੇ ਸਭੁ ਕੋ ਅਪਨਾ ਮਨ ਮਹਿ ਇਹੈ ਬੀਚਾਰਿਓ॥"[529] ਦਾ ਸੰਕਲਪ ਅਤੇ ਸਮਾਜ ਸੰਰਚਨਾ ਦਾ ਸਿਧਾਂਤਕ ਵਰਤਾਰਾ ਸਿੱਖੀ ਨੂੰ ਨਾਨਕਸ਼ਾਹੀ ਕਿਰਪਾ ਨਾਲ ਮਿਲਿਆ ਹੈ। ਜਿਸ ਦਾ ਮੁੱਢ ਹੀ ਇਹ ਹੈ 'ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ'।[ਭਾਈ ਗੁਰਦਾਸ ਜੀ] ੧ਓ ਰੂਪ ਨਿਰੰਕਾਰ ਨੇ ੧ਓ ਆਕਾਰ ਰੂਪ ਸਾਕਾਰ ਕਰ ਕੇ ਇਹ ਭਾਂਤ-ਭਾਂਤ ਸਰੂਪ ਸ੍ਰਿਸ਼ਟੀ ਨੂੰ ਪ੍ਰਗਟ ਕਰ ਦ੍ਰਿਸ਼ਮਾਨ

ਕੀਤਾ ਹੈ । ਇੰਜ ਸ੍ਰਿਸ਼ਟੀ ਰਚਨਾ ਦੀ ਉਸ ਕਲਪਨਾਂ ਨੂੰ ਸਦਾ ਲਈ ਮੇਟ ਦਿੱਤਾ ਗਿਆ ਜਿਸ ਵਿਚ ਇਹ ਮਨੋਂ ਕਲਪਿਤ ਕਲਪਨਾ ਕੀਤੀ ਗਈ ਸੀ ਕਿ 'ਦੁਹੁ ਮਿਲ ਜੰਮੇ ਦਇ ਜਣੇ ਦੁਹੁ ਜਣਿਆਂ ਦੁਇ ਰਾਹ ਚਲਾਏ।....ਵੇਦ ਕਤੇਬਾਂ ਚਾਰਿ ਚਾਰਿ ਚਾਰ ਵਰਨ ਚਾਰਿ ਮਜ਼ਹਬ ਚਲਾਏ'।[ਭ.ਗੁ.ਵਾਰ33] ਸਪਸ਼ਟ ਕੀਤਾ ਹੈ ਕਿ ਔਰਤ ਅਤੇ ਮਰਦ ਨੇ ਆਰੰਭ ਕਰ ਕੇ ਹਿੰਦੂ ਅਤੇ ਮੁਸਲਮਾਨ ਵੱਖੋ ਵੱਖ ਪੈਦਾ ਨਹੀਂ ਕੀਤੇ ਹਨ। ਤੇ ਨਾਂ ਹੀ ਇਨ੍ਹਾਂ ਤੋਂ ਅੱਗੇ ਤੁਰਦੇ ਨਸਲ ਸਿਧਾਂਤ ਨੇ ਰਿਗ, ਯਜੁਰ, ਸ਼ਾਮ, ਅਤੇ ਅਥਰਵ ਵੇਦ ਅਥਵਾ ਤੌਰੇਤ, ਜ਼ਬੂਰ, ਇੰਜੀਲ ਅਤੇ ਕੁਰਾਨ ਨੂੰ ਮੰਨਣ ਵਾਲੇ ਵਾਰ ਮਜ਼ਹਬ ਹੀ ਅੱਡੋ ਅੱਡ ਪੈਦਾ ਕੀਤੇ ਹਨ। ਇਹ ਅੱਡੋ ਅੱਡ ਸਥਾਪਿਤ ਕੀਤੇ ਗਏ ਸਭ ਮਨੁੱਖ ਇੱਕ ਨੂਰ ਤੋਂ ਹੀ ਹੋਏ ਹਨ। ਇਸ ਲਈ ਅੱਡੋ ਅੱਡ ਨਹੀਂ ਹਨ ।

**ਨਾਨਕਸ਼ਾਹੀ ਨਜ਼ਰੀਆ**

ਮਨੁੱਖਤਾ ਦਾ ਨਾਨਕਸ਼ਾਹੀ ਨਜ਼ਰੀਆ ਬੜਾ ਸਪਸ਼ਟ ਅਤੇ "ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥ ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥ ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥"[350] ਬ੍ਰਹਿਮੰਡ ਵਿਚ ਜਿਤਨੀ ਭੀ ਜੀਵ ਆਤਮਾ, ਜੀਵ ਬਨਸਪਤੀ, ਜਲ-ਥਲ, ਆਕਾਸ਼-ਪਾਤਾਲ ਜੋ ਕੁੱਝ ਵੀ ਮਨੁੱਖ ਨੂੰ ਦਿੱਖ ਜਾਂ ਅਦਿੱਖ ਹੈ, ਉਸ ਸਭ ਵਿਚ ਤੂੰ ਹੀ ਹੈ ਤੇ ਤੇਰੇ ਤੋਂ ਹੀ ਸਭ ਕੁੱਝ ਹੈ। ਇਨ੍ਹਾਂ ਵਿਚ ਤੇਰੀ ਹੀ ਹੋਂਦ ਹੈ ਤੇ ਤੇਰੀ ਹੋਂਦ ਤੋਂ ਬਗੈਰ ਕੁੱਝ ਵੀ ਨਹੀਂ ਹੈ । ਇਸ ਲਈ ਸਿਰਫ਼ ਤੇ ਸਿਰਫ਼ ਇੱਕੋ ਤੂੰ ਹੀ ਪਸਰ ਰਿਹਾ ਹੈ। ਇਸ ਕਰ ਕੇ ਨਾਨਕਸ਼ਾਹੀ ਸਮਾਜ ਵਿਚ ਦੂਜਾ ਕੋਈ; ਦਵੈਤ ਧਾਰੀ ਕਿਵੇਂ ਸਵੀਕਾਰ ਹੋ ਸਕਦਾ ਹੈ ? ਸਿੱਖ ਸੰਕਲਪ ਦੀ ਖ਼ਾਲਸਤਾਈ ਪ੍ਰਣਾਲੀ ਦੀ ਹਕੀਕੀ ਜੀਵਨ ਧਾਰਾ ਵਿਚ ਅਪਣਾਇਆ ਜਾਂਦਾ ਵਰਤਾਰਾ ਹੀ ਇਹੋ ਹੈ ਕਿ ਮਨੁੱਖਤਾ ਇੱਕੋ ਹੈ। ਇਸ ਨੂੰ ੧ਓ ਤੋਂ ਅੱਡ ਕਰ ਕੇ ਵੰਡਿਆਂ ਨਹੀਂ ਜਾ ਸਕਦਾ । "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ?" ਨਾਨਕਸ਼ਾਹੀ ਖ਼ਾਲਸਤਾਈਤਾ ਪ੍ਰਗਟਾਉਣ ਵਾਲੇ ਇਸ ਪ੍ਰਸ਼ਨ ਦਾ ਗੁਰਮਤਿ ਰਾਜ ਦੀ ਸੱਤਿਆ ਦਾ ਪ੍ਰਭੂ ਸਤਾ ਸੰਪੰਨ ਵਰਤਾਰੇ ਦਾ ਪ੍ਰਗਟ ਸੱਚ ਹੀ ਇਹੋ ਹੈ: "ਹੁਕਮ ਰਜਾਈ ਚਲਣਾ" ; ਇਹ ਉਹ ਆਤਮ ਸੂਝ ਦੀ "ਏਕੋ ਹੈ ਭਾਈ ਏਕੋ ਹੈ॥" ਦੀ ਬ੍ਰਹਿਮੰਡੀ ਰਚਨਾ ਵਿਚ "ਸਾਹਿਬੁ ਮੇਰਾ ਏਕੋ ਹੈ॥" ਦੀ ਮਨੁੱਖ ਦੇ ਅੰਦਰੋਂ ਅੰਕੁਰਿਤ ਹੋਣ ਵਾਲੀ ਉਹ ਬਿਧ ਦੀ ਪ੍ਰਫੁੱਲਤਾ ਦਾ ਗਿਆਨ ਹੈ ਜੋ ਗੁਰੂ ਦੁਆਰਾ "ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥"[1107] ਪ੍ਰਾਪਤ ਹੁੰਦੀ ਹੈ । ਇੰਜ ਮਨੁੱਖ ਆਪਣੇ ਸਹੀ ਪੈਂਡੇ ਸ਼ਾਹ ਰਾਹ ਤੇ ਪੈ ਜਾਂਦਾ ਹੈ ਤੇ ਬਾਹਰ ਮੁੱਖਤਾ ਤੋਂ ਅੰਦਰ ਵੱਲ (ਆਤਮਾ, ਅੰਤਾਂ ਕਰਨ) ਤੁਰਿਆ ਆਂਵਦਾ ਹੈ । ਪ੍ਰਕ੍ਰਿਤੀ ਤੋਂ ਪ੍ਰਮਾਤਮਾ ਵੱਲ ਦਾ ਸਫ਼ਰ ਅਰੰਭਦਾ ਹੈ। ਪਦਾਰਥਾਂ ਤੋਂ ਪਰਮਾਰਥ ਵੱਲ ਮੁੜਦਾ ਹੈ ਤੇ ਸਭ ਕੁੱਝ ਏਕੋ ਹੈ

ਭਾਈ ਏਕੋ ਹੈ ਦਾ ਨਾਅਰਾ ਬੁਲੰਦ ਕਰ ਉੱਠਦਾ ਹੈ । ਨਾਨਕਸ਼ਾਹੀ ਸਭਿਅਤਾ ਮਨੁੱਖ ਨੂੰ ਇਹੋ ਦੀਰਘ ਦ੍ਰਿਸ਼ਟੀ ਦੀ ਅਨੁਆਈ ਬਣਾ ਕੇ ਖ਼ਾਲਸਤਾਈਤਾ ਵਿਚ ਪਰੋ ਲੈਂਦੀ ਹੈ "ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥ ....ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥"[1107] ਦੀ ਆਪਣੀ ਮੰਜ਼ਿਲ ਮਨੁੱਖ ਸਰ ਕਰ ਲੈਂਦਾ ਹੈ ।

## ਜੀਵਨ ਅਮਲ ਵਿਚ ਅਪਣਾਉਣਾ

ਨਾਨਕਸ਼ਾਹੀ ਸੰਕਲਪ ਵਿਚ ਧਰਮ, ਮਜ਼ਹਬ, ਊਚ-ਨੀਚ, ਜਾਤੀ ਪਾਤੀ, ਵਰਨ ਅਦਾਰਤ ਸੰਸਾਰ ਵਿਚ ਮਨੁੱਖਤਾ ਵਿਚ ਕੋਈ ਵੀ ਵੰਡੀ ਜਾਂ ਵਰਗੀਕਰਨ ਨਹੀਂ ਹੈ । ਸੰਕਲਪ ਅਤੇ ਸਿਧਾਂਤ ਬੜਾ ਸਪਸ਼ਟ ਹੈ ਕਿ "ਖਾਕ ਨੂਰ ਕਰਦੰ ਆਲਮ ਦੁਨੀਆਇ॥ ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥"[723] ਜਦ ਹਰ ਕਣ ਕਣ ਦ੍ਰਿਸ਼ ਅਦ੍ਰਿਸ਼ ਸਭ ਇੱਕ ਨੂਰ ਤੋਂ ਹੋਈ ਕੁਦਰਤ ਦੀ ਰਚਨਾਂ ਹੈ ਤਾਂ ਫਿਰ ਵੰਡੀ ਕਿਵੇਂ ਸੰਭਵ ਹੈ ? ਗੁਰਮਤਿ ਸੈਕੂਲਰਿਜ਼ਮ ਦੀ ਇਹੋ ਸਿਖਰ ਹੈ ।
ਸਿੱਖ ਸਭਿਅਤਾ ਦਾ ਸਮਾਜਿਕ ਸੰਕਲਪ "ਵਰਨਾ ਚਿਹਨਾ ਬਾਹਰਾ ਓਹੁ ਅਗਮੁ ਅਜਿਤਾ॥"[965] ਵਿਚ ਹੈ। ਇਸ ਸਮਾਜਿਕ ਸੰਕਲਪ ਵਿਚੋਂ ਖ਼ਾਲਸਾਈ ਨਾਨਕਸ਼ਾਹੀ ਦਿੱਬ ਦ੍ਰਿਸ਼ਟੀ ਦੀ ਚੇਤਨਾ ਜਨਮ ਲੈਂਦੀ ਹੈ । ਜਿਸ ਨਾਲ ਮਨੁੱਖ ਦਾ ਸੁਭਾ ਬਦਲਦਾ ਹੈ ।ਉਸ ਦੀ ਕਿਰਤ ਅਤੇ ਕਿਰਤੀ ਦਾ ਢੰਗ ਤੇ ਸੰਕਲਪ ਬਦਲਦਾ ਹੈ। ਇਹ ਕਿਰਤ ਉਸ ਦੇ ਗਿਆਨ ਕਰਮ ਰਾਹੀਂ ਉਸ ਦੀ ਹੋਣੀ ਨੂੰ ਬਦਲਦੀ ਹੈ । ਉਹ ਆਤਮ ਜੋਤਿ ਤੋਂ ਪ੍ਰਮਾਤਮਾ ਨਾਲ "ਸੋਹਾਗਿਆ" ਜਾਂਦਾ ਹੈ; ਰੱਬੀ ਮੇਲ ਦੇ ਖੇੜੇ ਵਿਚ ਨਿਰਭਉ, ਨਿਰਵੈਰ ਤੇ ਸਭੈ ਸਾਂਝੀਵਾਲ ਦੇ ਵਿਚ ਜਿਊਣਾ ਆਰੰਭ ਦਿੰਦਾ ਹੈ। ਇਹੋ ਨਾਨਕਵਾਦ ਦੀ ਸਿਖਰ ਹੈ :
"ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ ਨਉ ਨਿਧਿ ਤੇਰੈ ਅਖੁਟ ਭੰਡਾਰਾ ॥ ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥੨॥ ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰਹੈ ਵੁਠਾ ॥ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥ ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥ ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥ ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥"[97]
ਇੰਜ ਸਿੱਖ ਸਭਿਅਤਾ ਵਿਚ ਮਨੁੱਖਤਾ ਨੂੰ ਸਿਰਫ਼ ਦੋ ਆਧਾਰਾਂ ਤੇ ਹੀ ਪਰਖਿਆ ਜਾਂਦਾ ਹੈ; "ਗੁਰਮੁਖ" ਅਤੇ "ਮਨਮੁਖ"। ਸਿੱਖ ਕੌਮੀਅਤਾ ਦੀ ਬਣਤਰ ਵਿਚ ਮਨੁੱਖਤਾ ਵਿਚਲੀ ਰੰਗ, ਨਸਲ, ਧਰਮ, ਵਿਸ਼ਵਾਸ, ਲਿੰਗ, ਜਾਤੀ, ਵਰਨ, ਆਰਥਿਕ ਅਤੇ ਹੋਰ ਕੋਈ ਵੀ ਵਰਗ ਆਧਾਰਿਤ ਵੰਡ ਸਵੀਕਾਰ ਨਹੀਂ ਹੈ ।

ਇੱਕ ਹੀ ਮਨੁੱਖ ਵਿਚ ਗੁਰਮੁਖ ਅਤੇ ਮਨਮੁਖ ਮਨੁੱਖਤਾ ਦੇ ਦੋ ਪੱਖ ਕੀ ਹਨ ? ਇਨ੍ਹਾਂ ਨੂੰ ਅਸੀਂ ਅੱਗੇ ਵਿਚਾਰ ਰਹੇ ਹਾਂ।

# 31

## ਗੁਰਮੁਖ

"ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ॥
ਦੂਜਾ ਭਰਮੁ ਗੁਰ ਸਬਦਿ ਜਲਾਏ॥"[115]

### ਗੁਰਮਤਿ ਅਰਥ

ਸਤਿਗੁਰੂ ਦਾ ਮੁੱਖ, ਗੁਰੂ ਦਾ ਚਿਹਰਾ। ਉਹ ਪੁਰਖ ਜੋ ਗੁਰੂ ਦੇ ਸਨਮੁੱਖ ਹੈ। ਜੋ ਗੁਰੂ ਦੀ ਸਿੱਖਿਆ ਅਨੁਸਾਰ ਚੱਲਦਾ ਹੈ। ਗੁਰੂ ਦੀ ਗੱਲ ਮੰਨ ਕੇ ਚੱਲਣ ਵਾਲਾ ਮਨੁੱਖ। ਅਕਾਲ ਸਭਿਅਤਾ ਦਾ ਇਨਸਾਨ। ਕੁਦਰਤ ਦਾ ਨਾਗਰਿਕ। ਗੁਰਮਤਿ ਵਿਚ ਸਿੱਖ ਸਭਿਅਤਾ ਅਤੇ ਸਭਿਆਚਾਰ ਦਾ ਪਾਲਨ ਕਰਤਾ ਨਾਗਰਿਕ।

### ਗੁਰਬਾਣੀ ਵਿਸਥਾਰ

ਇੱਕ ਅਕਾਲ ਪੁਰਖ ਨਾਲ ਮਨ, ਮੱਤ, ਵਚਨ, ਕਰਮ, ਕਿਰਦਾਰ ਅਤੇ ਆਚਰਨ ਤੋਂ ਜੁੜਿਆ ਉਹ ਮਨੁੱਖ ਜੋ ਆਪਣੇ ਵਿਚੋਂ ਦਵੈਤ ਅਤੇ ਭਰਮ ਮੁਕਾ ਕੇ 'ਸ਼ਬਦ' ਗੁਰੂ ਦੀ ੧ੳ ਪ੍ਰਭੁਤਾ ਨਾਲ ਹੁਕਮ ਵਿਚ ਆਤਮਾ ਤੋਂ ਜੁੜ ਕੇ ਜਿਊਣ ਜੀਵ ਦਾ ਹੈ; ਗੁਰਮੁਖ ਹੁੰਦਾ ਹੈ। "ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ॥"[42] ਅਜਿਹੇ ਗੁਰਮੁਖਾ ਲਈ ਫਿਰ ਸੰਸਾਰ ਵਿਚਲਾ ਮਾਰਗ ਸਪਸ਼ਟ ਤੇ ਮੰਜ਼ਿਲ ਵੱਲ ਸੇਧਤ ਹੁੰਦਾ ਹੈ ਜਿੰਨਾ ਨੂੰ ਕੋਈ ਵੀ ਵਰਗ਼ਲਾ ਤੇ ਭਰਮਾਂ ਨਹੀਂ ਸਕਦਾ। ਉਨ੍ਹਾਂ ਨੂੰ ਆਪਣੀ ਮਿਥੀ ਮੰਜ਼ਿਲ ਤਕ ਪਹੁੰਚਣ ਤੋਂ ਕੋਈ ਰੋਕ ਨਹੀਂ ਸਕਦਾ।
"ਜਿਨੀ ਗੁਰਮਖਿ ਨਾਮੁ ਸਲਾਹਿਆ ਤਿਨਾ ਸਭੁ ਕੋ ਕਹੈ ਸਾਬਾਸਿ॥ ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਕਿ ਕੀ ਅਰਦਾਸਿ॥ ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ॥"[42] ਹਰ ਇਨਸਾਨ ਅਜਿਹੇ ਗੁਰਮੁਖਾ ਦੀ ਸੰਗਤ ਨੂੰ ਤਰਸਦਾ ਹੈ ਜਿੰਨਾ ਅਕਾਲ ਦੇ ਸਤਿ ਨਾਮੁ ਨੂੰ ਆਪਣੀ ਜ਼ਿੰਦਗੀ ਦਾ ਕਿਰਦਾਰ ਬਣਾ ਲਿਆ ਹੈ। ਅਜਿਹੀ ਮਨੁੱਖਤਾ ਦੀ ਗੁਰਮੁਖਤਾ ਓਦੋਂ ਹੀ ਪਰਗਟ ਹੁੰਦੀ ਹੈ ਜਦੋਂ ਮਨੁੱਖ ਆਪਣੇ ਧੁਰ ਅੰਦਰ ਤੋਂ ਸੰਸਾਰੀ ਬਾਹਰ ਤੱਕ ਨੂੰ "ਅਕਾਲ ਦੇ ਸ਼ਬਦ" ਨਾਲ "ਗੁਰ ਪ੍ਰਸਾਦਿ" ਸਦਕਾ ਪਰਕਾਸ਼ ਮਈ ਤੇ ਉਤਭੁਜ ਕਰ "ਸੈਭੰ" ਦੇ ਨਵ ਜੀਵਨ ਦੇ ਅੰਕੁਰ ਵਿਚ ਮੌਲਦਾ ਹੈ। ਅਜਿਹੀ ਚੁੰਬਕੀ ਸ਼ਕਤੀ ਦਾ ਉਸ ਦੇ ਇਰਦ ਗਿਰਦ ਵਾਤਾਵਰਨ ਬਣ ਜਾਂਦਾ ਹੈ ਕਿ ਹਰ ਕੋਈ ਉਸ ਵੱਲ ਖਿੱਚਿਆ ਚਲਾ ਆਉਂਦਾ ਹੈ। ਕੁਦਰਤ ਅਜਿਹੇ ਗੁਰਮੁਖ ਬਣੇ ਮਨੁੱਖ ਨੂੰ ਆਪਣੇ ਸੁਹੱਪਣ ਦੀ ਪ੍ਰਭਾਵਸ਼ਾਲੀ ਬੁੱਕਲ ਦਿੰਦੀ ਹੈ

ਕਿ ਉਸ ਦਾ ਅਹਿਸਾਸ ਅਤੇ ਪ੍ਰਭਾਵ ਉਸ ਦੀ ਸੰਗਤ ਮਾਣਨ ਵਾਲੇ ਹਰ ਜੀਵ ਨੂੰ ਮਹਿਸੂਸ ਹੁੰਦਾ ਹੈ ।

## ਨਾਨਕਸ਼ਾਹੀ ਨਜ਼ਰੀਆ

"ਗੁਰਮੁਖਿ ਸਰ ਅਪਸਰ ਬਿਧਿ ਜਾਣੈ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥ ਗੁਰਮਖਿ ਤਾਰੇ ਪਾਰਿ ਉਤਾਰੇ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ॥ "[941] ਗੁਰਮੁਖ ਮਨੁੱਖ ਨੂੰ ਗੁਰੂ ਦੀ ਮੱਤ ਆ ਜਾਣ ਕਾਰਨ ਚੰਗੇ, ਮੰਦੇ ਸਮੇਂ ਦੇ ਹਾਲਾਤ ਜਾਣ ਲੈਣ ਦੀ ਅਤੇ ਕੀ ਅਪਣਾਉਣਾ ਹੈ ਤੇ ਕੀ ਤਿਆਗਣਾ ਹੈ, ਕੀ ਗ੍ਰਹਿਣ ਕਰਨਾ ਤੇ ਕੀ ਛੱਡਣਾ ਹੈ ਦੀ ਸੰਸਾਰਿਕਤਾ ਦਾ "ਗੁਰਮਤਿ" ਗਿਆਨ ਹੁੰਦਾ ਹੈ । ਅਜਿਹਾ ਗੁਰਮੁਖ ਆਪਣੇ ਨਾਲ ਸਮਾਜ ਨੂੰ ਵੀ ਤਾਰ ਦਿੰਦਾ ਅਰਥਾਤ ਮੰਜ਼ਿਲ ਤੇ ਪਹੁੰਚਾ ਦਿੰਦਾ ਹੈ। ਸੰਸਾਰਿਕਤਾ ਦੀ ਦੇਹ ਧਾਰੀ ਗੁਰੂ ਡੰਮ੍ਹ ਦੀ ਅਸੂਝ ਧਾਰੀ ਸੂਝਵਾਨ ਹੋਏ ਲੋਕ ਦਿਨ ਰਾਤ ਮਾਲਾ ਫੇਰਨ ਵਾਲੇ ਅਤੇ ਸੰਸਾਰ ਤੋਂ ਉਪਰਾਮ ਜ਼ਿੰਦਗੀ ਜਿਉਣ ਵਾਲੇ ਅਜਿਹੇ ਫ਼ਰੇਬੀ ਲੋਕਾਂ ਨੂੰ ਗੁਰਮੁਖ ਦੀ ਸੰਗਿਆਂ ਦਿੰਦੇ ਹਨ ਜੋ ਹੋਰਾਂ ਦੇ ਦਾਨ ਤੇ ਮੁਫ਼ਤ ਵਿਚ ਬਿਨਾ ਕਿਰਤ ਕੀਤੇ ਪਲਦੇ ਹਨ। ਅਜਿਹੇ ਮਨੁੱਖ ਨਾਨਕ ਸਰਕਾਰ ਨੇ ਆਪਣੀ ਨਾਨਕਸ਼ਾਹੀ ਗੁਰਮਤਿ ਵਿਆਖਿਆ ਵਿਚ ਫ਼ਰੇਬੀ ਤੇ ਬਨਾਰਸ ਦੇ ਠੱਗ ਮੰਨੇ ਹਨ। ਨਾਨਕਸ਼ਾਹੀ ਗੁਰਮਤਿ ਪ੍ਰਣਾਲੀ ਦੀ ਸਭਿਅਤਾ ਧਾਰੀ ਸਮਾਜ ਵਿਚ ਗੁਰਮੁਖ ਉਸ ਨੂੰ ਸਵੀਕਾਰਿਆ ਗਿਆ ਹੈ ਜੋ "ਮੇਰੇ ਠਾਕੁਰ ਪੂਰੇ ਤਖਤਿ ਅਡੋਲੁ ॥ ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ॥ "[17] ੧ੳ ਅਕਾਲ ਪੁਰਖ ਦਾ ਟਿਕਾਣਾ ਅਜਿਹੇ ਅਡੋਲ ਅਕਾਲ ਦੇ ਆਪਣੀ ਹਸਤੀ ਵਰਗੇ ਤਖ਼ਤ ਤੇ ਹੈ ਜੋ ਸੰਪੂਰਨ ਹੈ। ਅਜਿਹੇ ਤਖ਼ਤ ਦਾ ਤੋਲ; ਹਸਤੀ ਦੀ ਸੌਰ-ਮੰਡਲੀ ਆਭਾ ਦੀ ਦੀਦਾਰੀ ਦਾ ਵਜ਼ਨ "ਗਜੀ ਨ ਮਿਨੀਐ ਤੋਲਿ ਨ ਤੁਲੀਐ"[335] ਅਤੇ ਉਸ ਦੀ ਗੁਰਮਤਿ ਸਦਾਚਾਰੀ ਵਿਚਲੀ ਸਭਿਅਤਾ ਦੇ ਭਾਵ-ਵਿਚਾਰ ਉਸ ਵਿਚ ਆਪਣੀ ਹਸਤੀ ਨੂੰ ਮੁਕਾ ਦਿੱਤੇ ਬਗੈਰ "ਵਿਣੁ ਤੋਲੇ ਪਾਇਓ ਨ ਜਾਇ"[1282] ਦੱਸਿਆ ਹੀ ਨਹੀਂ ਜਾ ਸਕਦਾ। ਇਹ ਗੁਰਮੁਖਾਂ ਤੇ "ਗੁਰ ਪ੍ਰਸਾਦਿ" ਮਿਹਰ ਕਰਦਾ ਹੈ ਤੇ ਉਹ ਹੀ ਅਜਿਹੇ ਤਖ਼ਤ ਧਾਰੀ ਦੇ "ਤਖ਼ਤ" ਤੇ ਪਹੁੰਚਾ ਸਕਦਾ ਹੈ। ਸਿੱਖੀ ਵਿਚ ਗੁਰਮੁਖ ਦੀ ਇਹ "ਖੰਡੇਧਾਰ", "ਸਿਰੁ ਧਰਿ ਤਲੀ ਗਲੀ ਮੇਰੀ ਆਉ" ਵਾਲੀ ਪਦਵੀ ਤੇ ਹਸਤੀ ਹੈ । ਯਥਾ; "ਜਉ ਤਉ ਪ੍ਰਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥" ਤੋਂ ਪਹਿਲਾਂ ਸ਼ਬਦ ਗੁਰੂ ਇਨ੍ਹਾਂ ਪੰਕਤੀਆਂ ਤੋਂ ਪਹਿਲੀਆਂ ਪੰਕਤੀਆਂ ਵਿਚ ਇਹ ਨਿਰਧਾਰਿਤ ਕਰਦਾ ਹੈ "ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ॥ ਨਾਨਕ ਤੇ ਸੋਹਾਗਣੀ ਜਿਨਾ ਗੁਰਮੁਖਿ ਪਰਗਟੁ ਹੋਇ ॥ "[1412] ਰੱਬ ਤਾਂ ਹਰ ਜੀਵ ਵਿਚ ਤੇ ਮਨੁੱਖ ਵਿਚ ਵੱਸਦਾ ਹੈ । ਉਸ ਨੂੰ ਗੁਰਮੁਖ ਹੀ ਪਰਗਟ

ਕਰਦਾ ਹੈ ਅਰਥਾਤ ਉਸ ਨਾਲ ਮਿਲਾਪ ਕਰਦਾ ਹੈ । ਤੇ ਇਹ ਮਿਲਾਪ ਤਾਂ ਹੀ ਸੰਭਵ ਹੁੰਦਾ ਹੈ ਜੇ ਅਕਾਲ ਦੇ ਤਖ਼ਤ ਦੀ ਪਿਆਰ ਦੀ ਸੈਭੰ ਸਤਾ ਦਾ ਅਨੰਦ ਉਸੇ ਨਾਲ ਤਖ਼ਤ ਤੇ ਬੈਠ ਕੇ ਅੰਗ ਨਾਲ ਅੰਗ ਮਿਲਾ ਕੇ ਲੈਣਾ ਹੈ ਤਾਂ ਸਿਰ ਧੜ ਦੀ ਬਾਜ਼ੀ ਲਾਉਣੀ ਪੈਂਦੀ ਹੈ । ਇਹੋ ਬਾਜ਼ੀ ਗੁਰਮੁਖ ਦੀ ਪਦਵੀ ਤੇ ਮਨੁੱਖ ਨੂੰ ਪਹੁੰਚਾਉਂਦੀ ਹੈ। ਬਿਨਾ ਗੁਰਮੁਖ ਬਣੇ ਬ੍ਰਹਿਮਗਿਆਨੀ ਕੋਈ ਬਣ ਹੀ ਨਹੀਂ ਸਕਦਾ ।

**ਜੀਵਨ ਅਮਲ ਵਿਚ ਅਪਣਾਉਣਾ**

ਉਪਰੋਕਤ ਜੀਵਨ ਅਮਲ ਨੂੰ ਆਪਣੇ ਸੁਭਾ, ਕਿਰਦਾਰ ਦਾ ਆਚਰਨ ਬਣਾਉਣ ਵਾਲਾ ਵਿਅਕਤੀ ਹੀ ਗੁਰਮੁਖ ਹੁੰਦਾ ਹੈ । ਸੰਸਾਰਿਕ ਦੇਹ ਧਾਰੀ ਸਾਧ ਲਾਣੇ ਨਾਲ ਜੁੜੇ ਲੋਕ ਜਿਨ੍ਹਾਂ ਨੂੰ ਗੁਰਮੁਖ ਜਾਂ ਬ੍ਰਹਿਮਗਿਆਨੀ ਆਖਦੇ ਹਨ ਉਹ ਉਪਰੋਕਤ ਗੁਰਮਤਿ ਦੀ ਘਸਵੱਟੀ ਤੇ ਹੀ ਪਰਖੇ ਜਾਣੇ ਚਾਹੀਦੇ ਹਨ। ਜੋ ਪਰਖ ਵਿਚ ੧ਓ ਦੀ ਤਖ਼ਤ ਦੀ ਗੁਰਮਤਿ ਪਰਿਭਾਸ਼ਾ ਦੇ ਤੋਲ ਤੇ ਨਹੀਂ ਤੁਲਦੇ ਉਨ੍ਹਾਂ ਨਿਮਿਤ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ "ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥ ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਰਾ ਭਾਉ ਦੂਜਾ॥"[1421] ਹਰ ਵੇਲੇ ਦੁਨਿਆਵੀ ਮਨੁੱਖਤਾ ਨੂੰ ਭੰਡਦੇ ਹੋਏ ਆਪ ਸੰਸਾਰਿਕ ਸਾਧਨ ਸੰਪੰਨਤਾ ਅਰਥਾਤ ਮਾਇਆ ਵਿਚ ਲਿਪਤ ਰਹਿਣ ਵਾਲੇ ਹਮੇਸ਼ਾ "ਸੱਚ ਮੌਤ" ਤੋਂ ਭੱਜਦੇ ਪਾਖੰਡੀ ਹੁੰਦੇ ਹਨ । ਅਜਿਹੇ ਪਾਖੰਡੀ ਆਤਮਿਕ ਸੂਝ ਤੋਂ ਸੱਖਣੇ ਜੀਵਨ ਵੱਲੋਂ ਬੇ-ਸਮਝ ਅੰਨ੍ਹੀ ਸ਼ਰਧਾ ਦੇ ਪਾਖੰਡੀ ਜੀਵਨ ਅਮਲ ਦੀ ਮਾਇਆ ਨਾਲ ਲਿਪਤ ਰਹਿੰਦੇ ਹਨ। ਮਨੁੱਖਤਾ ਦਾ ੧ਓ ਅਕਾਲ ਸਤਿ ਸਰੂਪ ਦਾ ਵਿਵਹਾਰਿਕ ਜੀਵਨ ਅਮਲ ਬਥੇਰ ਇਨਸਾਨ ਗੁਰਮੁਖ ਵਿਚ ਹੈ:

"ਗੁਰਮੁਖਿ ਧਰਤੀ ਗੁਰਮੁਖਿ ਪਾਣੀ॥ ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ॥"[117]

ਅੱਗ, ਹਵਾ ਪਾਣੀ ਨਾਲ ਉਨ੍ਹਾਂ ਦੀ ਤਾਸੀਰ ਵਾਂਗ ਹੀ ਤਾਸੀਰ ਬਣਾ ਖੇਡਣ ਵਾਲਾ ਪਰ ਧਰਤੀ ਸਮਾਨ ਜਿਗਰੇ ਦਾ ਮਾਲਕ ਹੀ ਗੁਰਮੁਖ ਹੁੰਦਾ ਹੈ । ਇਹੋ ਇਨਸਾਨੀਅਤ ਦੀ ਪਹਿਚਾਨ ਹੈ।

ਗੁਰਮੁਖ ਦੀ ਕੀ ਪਰਿਭਾਸ਼ਾ ਹੈ, ਕੀ ਲੱਛਣ, ਕਿਰਦਾਰ ਅਤੇ ਆਚਰਨ ਹੁੰਦਾ ਹੈ ?

**ਗੁਰਮੁਖ ਦੀ ਪਰਿਭਾਸ਼ਾ**

"ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਿ ਸਾਚੇ ਲਗੈ ਧਿਆਨੁ ॥"[559]

**ਗੁਰਮੁਖ ਦੇ ਲੱਛਨ**

"ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥ ਸਦਾ ਨਿਬਹੈ ਚਲੈ ਤੇਰੈ ਨਾਲਿ ॥.....
ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ ਗੁਰਮੁਖਿ ਨਾਨਕ ਪਰਵਾਰੈ ਸਾਧਾਰੁ॥....
ਗੁਰਮੁਖਿ ਜਾਤਿ ਪਤਿ ਸਚੁ ਸੋਇ ॥ ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥"[559-60]

## ਗੁਰਮੁਖ ਦਾ ਕਿਰਦਾਰ ਅਤੇ ਆਚਰਨ

"ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥1॥ਰਹਾਉ॥ ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥ ਹਰਿ ਕਾ ਨਾਮੁ ਧਿਆਈਐ ਸਤਿ ਸੰਗਤਿ ਮੇਲਿ ਮਿਲਾਇ ॥2॥
"ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥ ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥"[1058-59]
ਸੱਚ ਨੂੰ ਸੁਭਾ ਬਣ ਕੇ ਸੱਤਿਆ ਦੀ ਕਰਨੀ ਤੇ ਚੱਲਦਾ ਹੋਇਆ; ਅਕਾਲ ਦੀ ਕੁਦਰਤ ਵਿਚ ਆਉਣ ਵਾਲੀਆਂ ਨਸਲਾਂ ਨਿਮਿਤ ਨਿਰਮਾਣ ਕਾਰੀ ਵਰਤਮਾਨ ਸਿਰਜਣ ਦਾ 'ਸੰਜਮੀ' ਕਿਰਤ ਧਾਰੀ ਮਨੁੱਖ ਗ੍ਰਹਿਸਤ ਵਿਚ ਵੀ ਨਿਵਿਰਤ ਜੀਵਨ ਜਿਊਂਦਾ ਹੈ। ਤੇ ਇੰਜ ਹਰ ਸੁੱਖ ਮਾਣਦੇ ਹੋਏ ਰੱਬੀ ਨੇਮ ਦੀ ਰਜਾ ਵਿਚ ਵਿਚਰਦਾ ਹੈ। ਆਪਾ ਆਪ ਅਰਥਾਤ 'ਮੈਂ' ਦੀ ਹੋਂਦ ਨੂੰ ਮੁਕਾ ਕੇ 'ਕਰਤੇ' ਨਾਲ ਹੀ ਇੱਕ ਮਿੱਕ ਹੋ ਉਸੇ ਵਿਚ ਹੀ 'ਜਲ ਵਿਚ ਜਲ ਸਮਾਉਣ' ਵਾਂਗ ਸਮਾ ਜਾਂਦਾ ਹੈ।

## ਗੁਰਮੁਖ ਬਣਨ ਦਾ ਕੀ ਫ਼ਾਇਦਾ ?

"ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥ ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥ ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ ॥"[41]
ਅਜਿਹੇ ਨਿਹਾਲ ਕਰਨ ਵਾਲੀ ਤੋਰ ਤੇ ਤੁਰਨ ਵਾਲੇ ਅੱਡਰੇ ਵਿਲੱਖਣ ਅਤੇ ਸਰਨ ਆਏ ਗੁਰਮੁਖਾਂ ਨੂੰ ਤਾਂ ਰੱਬ ਆਪਣੇ ਗਲ਼ ਲਾ ਕੇ ਆਪਣੇ ਵਜੂਦ ਵਿਚ ਹੀ ਸਮਾ ਲੈਂਦਾ ਹੈ।

## 'ਗੁਰਮੁਖ' ਵਿਸ਼ਵ ਵਿਆਪੀ ਨਾਗਰਿਕਤਾ ਹੈ

ਸਿੱਖ ਧਰਮ ਦੇ ਅਕਾਲ ਹੁਕਮ "ਸਰਬ ਸਾਂਝੀਵਾਲਤਾ" ਦਾ ਇਹ ਗੁਰਮੁਖ ਹੀ, ਵਿਸ਼ਵੀਕਰਨ ਦੀ ਕਲਪਨਾ ਵਿਚਲਾ ਉਹ ਧਰਮੀ ਨਾਗਰਿਕ ਹੈ ਜੋ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ॥"[97] ਵਾਲੀ ਅਨੇਕਤਾ ਵਿਚ ਏਕਤਾ ਦੇ

ਸਭਿਆਚਾਰ ਅਤੇ ਸਰਬ ਕਲਿਆਣਕਾਰੀ ਆਰਥਿਕਤਾ ਦੀ ਸਰਬ ਵਿਆਪਕਤਾ ਵਾਲੀ ਸੰਸਾਰੀ ਨਾਗਰਿਕਤਾ ਦਾ ਮੁੱਢ ਹੈ।

"ਘਟ ਘਟ ਅੰਤਰਿ ਤੂੰਹੈ ਵੁਠਾ"[97] ਦਾ ਇਹੋ ਸੰਕਲਪ ਹੈ । ਤੇ ਸੰਸਾਰ "ਸਭੁ ਕੋ ਆਸੈ ਤੇਰੀ ਬੈਠਾ"[97] ਦੀ ਉਡੀਕ ਵਿਚ ਹੀ ਹੈ।

ਅਜਿਹੇ ਗੁਰਮੁਖ ਸੰਸਾਰੀ ਨਾਗਰਿਕਾਂ ਨੇ ਹੀ ਸੰਸਾਰ ਨੂੰ ਸਰਬ ਕਲਿਆਣਕਾਰੀ ਵਿਵਸਥਾ ਅਤੇ ਪ੍ਰਣਾਲੀ ਦਾ ਨਾਨਕਸ਼ਾਹੀ ਸੰਕਲਪ ਸਮਝਾਉਣਾ ਤੇ ਲਾਗੂ ਕਰਨਾ ਹੈ। ਸੰਸਾਰ ਵਿਚ ਸਦੀਵੀ ਸ਼ਾਂਤੀ, ਏਕਤਾ, ਭਰਾਤਰੀ ਭਾਵ ਅਤੇ ਹਰ ਤਰ੍ਹਾਂ ਦੇ ਦਵੈਤ ਤੋਂ ਮੁਕਤੀ ਦਾ ਇਹੋ ਹੀ "ਪੰਥ" ਹੈ ਜਿਸ ਨੂੰ ਸੰਸਾਰ ਨਾਗਰਿਕਤਾ ਦੇ ਸੰਦਰਭ ਵਿਚ "ਗੁਰਮੁਖਾ" ਨੇ ਪ੍ਰਗਟ ਕਰ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਨੂੰ ਸੰਪੂਰਨ ਕਰਨਾ ਹੈ। ਉਨ੍ਹਾਂ ਦੇ ਇਸ ਸੱਤਿਆ ਮਾਰਗ ਦੇ ਸੱਤਿਆ ਨਿਰਮਾਣ ਨੂੰ ਰਾਹ ਵਿਚ ਕੋਈ ਵੀ ਨਹੀਂ ਰੋਕ ਸਕੇਗਾ। ਇਹ ੧ੳ ਦਾ ਜਿਹੜਾ ਅਟੱਲ ਅਸੂਲ ਜਾਂ ਨੇਮ " ⁀ " ਦਾ ਹੁਕਮੀ ਪਸਾਰਾ ਹੈ ਉਸ ਨੂੰ ਕੋਈ ਵੀ ਰੋਕ ਨਹੀਂ ਸਕਦਾ ਹੈ । ਇਹੋ ਵਿਸ਼ਵਾਸ ਅਤੇ ਸੰਕਲਪ ਦੀ ਅਰਦਾਸ ਨਾਲ ਉਹ ਜਨ "ਪਰਗਾਸੇ" ਗਏ ਹਨ, ਅਰਥਾਤ ਉਨ੍ਹਾਂ ਦੀ ਝੋਲੀ ਵਿਚ ਅਕਾਲ ਵੱਲੋਂ ਫ਼ਤਹਿ ਨਸੀਬ ਕੀਤੀ ਗਈ ਹੈ।

"ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥ ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥ ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥ ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥ ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥ ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ ॥"[41-42]

# 32

## ਮਨਮੁਖ

"ਸੇ ਮਨਮੁਖੁ ਜੋ ਸਬਦੁ ਨ ਪਛਾਣਹਿ ॥ ਗੁਰ ਕੇ ਭੈ ਕੀ ਸਾਰ ਨ ਜਾਣਹਿ॥"[1054]

### ਗੁਰਮਤਿ ਅਰਥ

**ਮਨਮੁਖ-** ਆਪਣੀ ਮਨ ਮਰਜੀ ਨਾਲ ਤੁਰਨ ਵਾਲਾ, ਜਿਸ ਨੇ ਆਪਣੇ ਮਨ ਨੂੰ ਹੀ ਮੁੱਖ ਜਾਣਿਆ ਹੈ। ਮਨਮਤ ਧਾਰਨ ਵਾਲਾ।ਗੁਰਮਤ ਤੋਂ ਉਲਟ ਚੱਲਣ ਵਾਲਾ।

### ਗੁਰਬਾਣੀ ਵਿਸਥਾਰ

ਸ਼ਬਦ ਗੁਰੂ ਵਿਚ "ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥ ਅੰਤਰਿ ਕ੍ਰੋਧੁ ਜੂਐ ਮਤਿ ਹਾਰੀ। ਕੂੜੁ ਕੁਸਤੁ ਓਹੁ ਪਾਪ ਕਮਾਵੈ॥ ਕਿਆ ਓਹ ਸੁਣੈ ਕਿਆ ਆਖਿ ਸੁਣਾਵੈ॥"[314] ਮੰਨੇ ਗਏ ਹਨ। ਅਜਿਹੇ ਲੋਕਾਂ ਦੀ ਬਿਰਤੀ "ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਸੁਖੁ ਲਾਗੈ ਭਾਰਾ॥ ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥[116] ਅਤੇ "ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ॥"[30] ਆਪਣੀ ਮਤ ਦੇ ਆਪਹੁਦਰੇ ਪਨ ਦੀ ਅਗਵਾਈ ਲੈਣ ਵਾਲੇ ਇਨਸਾਨ ਦੀ ਰਾਸ ਹੀ ਖੋਟੀ ਹੁੰਦੀ ਹੈ ਤੇ ਖੋਟ ਨਾਲ ਹੀ ਤੁਰਦਾ ਹੈ। ਅਜਿਹੀ ਅੰਧਤਾ ਵਿਚ ਮਨਮੁਖ ਆਪਣੀ ਸੀਰਤ ਅਤੇ ਸੂਰਤ ਦੀ ਆਪਣੀ ਮੈਂ ਦੀ ਹਉਮੈਂ ਅਗਵਾਈ ਵਿਚ ਸ਼੍ਰੋਮਣੀ ਸਮਝਦਾ ਹੈ, ਬਾਕੀ ਸਭ ਨੂੰ ਤੁੱਛ ਕਰ ਕੇ ਜਾਣਦਾ ਹੈ। ਇੰਜ ਅਜਿਹੇ ਹੰਕਾਰੀ ਲੋਕ ਨਾਸਵੰਤ ਕਮਾਈ ਨੂੰ ਹੀ ਆਪਣੀ ਪੂੰਜੀ ਸਮਝ ਕੇ ਇਸੇ ਦਾ ਹੀ ਖਲਾਰਾ ਪਾਉਂਦੇ ਹਨ।

### ਨਾਨਕਸ਼ਾਹੀ ਨਜ਼ਰੀਆ

"ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥"[316] ਅਜਿਹੇ ਅਨਸਰਾਂ ਨਾਲੋਂ ਗੁਰੂ ਨਾਨਕ ਸਰਕਾਰ ਦਾ ਫ਼ੁਰਮਾਨ ਹੈ ਕਿ "ਟੁੱਟੀ" ਹੀ ਭਲੀ ਹੈ। ਇਹ ਅੰਤਮ ਨਿਰਣਾ ਇਸ ਖਿਆਲ ਵਿਚੋਂ ਦਿੱਤਾ ਗਿਆ ਹੈ ਕਿ ਜਦ ਤਕ ਅਜਿਹੇ ਲੋਕ ਆਪਣੀ ਮੈਂ ਦੀ ਅਗਵਾਈ ਵਿਚ ਤੁਰਦੇ ਹਨ ਓਦੋਂ ਤੱਕ ਉਨ੍ਹਾਂ ਨੂੰ ਕਦੇ ਵੀ ਸੋਝੀ ਨਹੀਂ ਪੈ ਸਕਦੀ। "ਮਨਮਖਿ ਸੋਝੀ ਨਾ ਪਵੈ"[60] ਇਸੇ ਤੁਕ ਦੇ ਅਗਲੇ ਸ਼ਬਦ ਹਨ "ਗੁਰਮੁਖਿ ਸਦਾ ਹਜੂਰਿ" ਅਕਾਲ ਪੁਰਖ ਦੀ ਅਗਵਾਈ ਲੈਣ ਵਾਸਤੇ ਹਮੇਸ਼ਾਂ ਉਸ ਦੀ ਰਜਾ ਵਿਚ ਉਸ ਦੇ ਹੁਕਮ ਓਨੁਸਾਰ ਹੀ ਵਲਨਾ ਮਨੁੱਖਤਾ ਦਾ ਧਰਮ ਹੈ।

ਇਸੇ ਲਈ ਸੰਕਲਪ ਹੈ "ਗੁਰਮਖਿ ਲਾਧਾ ਮਨਮੁਖਿ ਗਵਾਇਆ॥"

## ਜੀਵਨ ਅਮਲ ਵਿਚ ਅਪਣਾਉਣਾ

ਗੁਰਮਤਿ ਸਿੱਖਿਆ ਜੀਵਨ ਅਮਲ ਵਿਚ ਅਪਣਾਉਣ ਦੀ ਇਹੁ ਮਿਲਦੀ ਹੈ ਕਿ "ਗੁਰਮੁਖਿ ਸਨਮੁਖੁ ਮਨਮੁਖਿ ਵੇ ਮੁਖੀਆ"[131] ਗੁਰਮੁਖ ਸਦਾ ਹੀ ਅਕਾਲ ਦੀ ਸਤਾ ਦੇ ਹੁਕਮ ਵਿਚ ਰਹਿੰਦੇ ਹਨ ਤੇ ਉਸ ਦਾ ਸਨਮੁਖ ਹੋ ਬਹਾਲੀ ਕਰ ਕੇ ਪ੍ਰਸਾਰ ਪ੍ਰਚਾਰ ਕਰਦੇ ਹਨ। ਜਿਹੜੇ ਮਨਮੁਖ ਹਨ ਉਹ ਸਦਾ ਹੀ ੧ਓ ਅਕਾਲ ਦੀ ਸਤਾ ਦੇ ਵਿਪਰੀਤ ਤੁਰਦੇ ਤੇ ਰਹਿੰਦੇ ਹਨ ਤੇ ਅਜਿਹੀਆਂ ਗੋਂਦਾ ਗੁੰਦਦੇ ਰਹਿੰਦੇ ਹਨ ਕਿ ਲੋਕਾਈ ਭਰਮ ਭੁਲੇਖਿਆਂ ਵਿਚ ਉਲਝੀ ਤੇ ਫਸੀ ਰਹੇ। ਮਨੁੱਖੀ ਸਮਾਜ ਨੂੰ ਨਰੋਆ ਅਤੇ ਨਿਰਮਾਣਕਾਰੀ ਬਣਾਈ ਰੱਖਣ ਲਈ ਅਜਿਹੀਆਂ ਦੀ ਪਛਾਣ ਕਰ ਕੇ ਅਜਿਹੇ ਅਨਸਰਾਂ ਨੂਮ ਸਮਾਜ ਦੇ ਹਾਸ਼ੀਏ ਤੋਂ ਬਾਹਰ ਕਰਨਾ ਹਰ ਮਨੁੱਖ ਦਾ ਜੀਵਨ ਓਮਲ ਹੋਣਾ ਚਾਹੀਦਾ ਹੈ।

# ਜਾਤੀ-ਪਾਤੀ, ਗੋਤ ਆਦਿ ਵੰਡੀਆਂ ਪ੍ਰਤੀ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਕੀ ਹੈ ?

"ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥"469

## ਗੁਰਬਾਣੀ ਵਿਸਥਾਰ

"ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ॥" ਦਾ ਸੰਕਲਪ ਧਾਰੀ ਸਿੱਖ ਮਾਰਗ ਹੈ। ਸਿੱਖੀ ਵਿਚ ਕੁਲ ੧ਓਂ ਦੀ ਨਸਲ ਹੈ । ਨਿੱਜ ਪਰਿਵਾਰ ਦੀ ਕੁਲ ਦਾ ਕੋਈ ਆਧਾਰ ਸਿੱਖੀ ਵਿਚ ਨਹੀਂ ਹੈ। ਇਸੇ ਲਈ ਹੀ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕੁੱਲ ਨੂੰ ਗੁਰਿਆਈ ਦਾ ਧਾਰਨੀ ਅਤੇ ਸਿੱਖੀ ਦਾ ਪੈਰੋਕਾਰ ਨਹੀਂ ਸੀ ਬਣਾਇਆ। ਗੁਰੂ ਨਾਨਕ ਦੀ ਕੁਲ ਨੂੰ ਅਕਾਲ ਸਭਿਅਤਾ ਦੀ ਕੁਲ ਸਿੱਖੀ ਤੋਂ ਮੁਨਕਰ ਹੀ ਨਹੀਂ ਸਗੋਂ ਵਿਰੁੱਧ ਕਾਰਜ ਕਰਦੇ ਵੇਖ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਨਿੱਜ ਕੁਲ ਨਾਸ਼ ਦਾ ਸੰਕਲਪ ਦੁਹਰਾ ਕੇ, ਖ਼ਾਲਸਾ ਕੁਲ "ਨਾਨਕਸ਼ਾਹੀ ਸਿੱਖੀ" ਤੋਂ ਸਰਬੰਸ ਵਾਰ ਕੇ; ਨਾਨਕਸ਼ਾਹੀ ਖ਼ਾਲਸਾਈ ਸਿੱਖ ਕੌਮ ਦੇ ਪਾਤਸ਼ਾਹੀ ਭਵਿੱਖ ਨਿਮਿਤ ਅਕਾਲ ਨਸਲ ਦਾ ਸੰਕਲਪ ਆਪ "ਅੰਮ੍ਰਿਤ" ਨਾਲ ਸਿੰਜ ਕੇ ਸਦੀਵੀ ਕਾਲੀ ਹਰਿਆ ਕਰ ਦਿੱਤਾ। ਇਸ ਦੀ ਸੋਚ ਅਤੇ ਚੇਤਨਾ ਦਾ ਆਧਾਰ ਹੀ ਇਹੋ ਨੀਅਤ ਕਰ ਦਿੱਤਾ ਗਿਆ "ਅਗੇ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ॥"1094 ਇਹੋ ਸਿੱਖ ਮਨੁੱਖ ਦੀ ਗੁਰਮੁਖ ਹੋਣੀ ਹੈ। ਜੋ ਸਿੱਖ ਦਾ ਜਨਮ ਸਿੱਧ ਅਧਿਕਾਰ ਹੈ। ਪਰਮਾਤਾਮਾਂ ਦੀ ਇੱਛਾ ਦਾ ਮਨੁੱਖੀ ਹੱਕ ਹੈ। ਜਿਸ ਨੂੰ ਜਾਪ ਬਾਣੀ ਵਿਚ ਇੰਜ ਦ੍ਰਿੜ੍ਹ ਕਰਾਉਂਦੇ ਹੋਏ ਭਵਿੱਖਤ ਨਿਰਮਾਣ ਦਾ ਬੀਜ ਸਿਧਾਂਤ ਦਿੱਤਾ ਹੈ "ਅਜਾਤ ਹੈਂ ॥ ਅਜਾਦ ਹੈਂ ॥141॥"ਜਾਪ 'ਜਾਤੀ ਰਹਿਤ' ਸਮਾਜਿਕ ਰਚਨਾ ਦੇ ਇਸੇ ਹੀ ਵਿਵਹਾਰਿਕ ਸੰਕਲਪ ਵਿਚ "ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥ ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ॥"150 ਜਿਹਾ ਵੱਡਾ ਸਵਾਲ ਗੁਰਮਤਿ ਮਨਮੁਖ ਮਨੁੱਖਾਂ ਅੱਗੇ ਕਰਦੀ ਤੇ ਧਰਤੀ ਹੈ । ਸ਼ਬਦ ਗੁਰੂ ਸਪਸ਼ਟ ਰੂਪ ਵਿਚ ਉਨ੍ਹਾਂ ਲੋਕਾਂ ਨੂੰ ਵੰਗਾਰ ਪਾਉਂਦੇ ਹਨ ਜਿਹੜੇ ਮਨੁੱਖ ਸ਼ਬਦ ਗੁਰੂ ਦੀ ਇਸ ਅਟੱਲ ਸਚਾਈ ਤੋਂ ਮੁਨਕਰ ਹੁੰਦੇ ਹਨ ਕਿ ਚੰਨ ਸੂਰਜ ਹਵਾ ਪਾਣੀ ਤੇ ਧਰਤੀ ਵਿਚਾਰੀ ਫਿਰ ਕੀ ਕਰੇ ਜਿਸ ਦੀ ਨਾਂਹ ਕੋਈ ਵਰਨ ਹੈ ਨਾ ਜਾਤੀ ਨਾ ਹੀ ਪਾਤੀ ?! ਜਦ ਕਿ ਇਨ੍ਹਾਂ ਤੋਂ ਬਗੈਰ ਕੁੱਝ ਵੀ ਸੰਭਵ ਨਹੀਂ । "ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥ ਜਿਨ ਕੀ ਲੇਖੈ ਪਤਿ ਪਵੈ ਚੰਗੇ

ਸੋਈ ਕੇਇ॥"[469] ਜੋ ੴ ਅਕਾਲ ਪੁਰਖ ਨੇ ਫ਼ੈਸਲਾ ਅਟੁੱਟ ਵਰਤਾਇਆ ਹੋਇਆ ਹੈ, ਉਹੀ ਹੋਣੀ ਅਟੱਲ ਹੈ ਤੇ ਉਹੀ ਹੋ ਕੇ ਰਹਿੰਦੀ ਹੈ। ਅਕਾਲ ਪੁਰਖ ਨੇ ਕੋਈ ਜਾਤੀ, ਪਾਤੀ ਵਰਨ ਵਿਚ ਮਨੁੱਖਤਾ ਦੀ ਵੰਡ ਨਹੀਂ ਕੀਤੀ ਇਸ ਲਈ ਅਜਿਹੀ ਵੰਡ ਵਾਦੀ ਜਮਾਤ ਨੂੰ ਉਸ ਦੇ ਦਰ ਤੇ ਢੋਈ ਨਸੀਬ ਨਹੀਂ ਹੁੰਦੀ। ਇਨ੍ਹਾਂ ਵੰਡ ਵਾਦੀ ਵਿਚਾਰ ਧਾਰੀ ਧਰਮੀ ਮੰਨੇ ਜਾਂਦੇ ਲੋਕਾਂ ਦੀ ਉੱਥੇ ਅਕਾਲ ਪੁਰਖ ਅੱਗੇ ਉਸ ਦੀ ਕੁਦਰਤ ਵਿਚ ਇੱਕ ਵੀ ਨਹੀਂ ਸੁਣੀ ਜਾਂਦੀ। ਜੋ ਆਪਣੀ ਕਿਰਤ, ਅਤੇ ਜੀਵਨ ਦੀ ਘਾਲ ਕਮਾਈ ਵਿਚ ਗੁਰਮੁਖ ਬਣ ਕੇ ਨਿੱਤਰਦੇ ਤੇ ਵਿਚਰਦੇ ਹਨ ੴ ਅਕਾਲ ਪੁਰਖ ਉਨ੍ਹਾਂ ਦੀ ਹੀ "ਪਤਿ ਕੱਜਦਾ ਹੈ" ਅਰਥਾਤ ਕਿਰਪਾਲੂ ਹੁੰਦਾ ਹੈ । ਇਹੋ ਹੀ ਮਨੁੱਖਾਂ ਧਰਮ ਪਰਵਾਨ ਹੈ ਤੇ ਇਸੇ ਦੇ ਹੀ ਤੁਰਿਆ ਚੇਤਨ ਇਨਸਾਨ "ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ॥"[1094] ਆਪਣੇ ਮਨੁੱਖੀ ਕੁਲ ਦਾ ਉਧਾਰ ਕਰਦਾ ਹੈ।

## ਨਾਨਕਸ਼ਾਹੀ ਨਜ਼ਰੀਆ

ਸਿੱਖ ਸਮਾਜ ਜਾਤੀ, ਪਾਤਿ (ਜਾਤਿ ਦੀ ਸ਼ਾਖ), ਗੋਤ ਮੁਕਤ ਹੈ। ਅਕਾਲ ਪੁਰਖ ਦੀ ਮਨੁੱਖਤਾ ਦੀ ਅਸਲ ਮੂਲ ਸਰੂਪ ਨੂੰ ਸਮਝਣ ਲਈ ਇਹ ਸੰਕਲਪ ਧਾਰਨਾ ਜ਼ਰੂਰੀ ਨੀਅਤ ਕੀਤਾ ਗਿਆ ਹੈ -"ਏਕ ਨੂਰ ਤੇ ਸਭੁ ਜਗੁ ਉਪਜਿਆ"[1349]। ਇਸ ਦਾ ਸੰਕਲਪ ਇਹ ਹੈ ਕਿ ਮਨੁੱਖੀ ਨਸਲ ਅਕਾਲ ਪੁਰਖ ਦੀ ਅੰਸ ਅਤੇ ਬੰਸ ਹੈ। ਗੁਰੂ ਹੁਕਮ ਹੈ "ਏਕਮ ਏਕੈ ਆਪੁ ਉਪਾਇਆ॥ ਦੁਬਿਧਾ ਦੂਜਾ ਤ੍ਰਿਬਿਧਿ ਮਾਇਆ॥ ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥"[113] ਜਦ ਸਮੁੱਚੀ ਮਨੁੱਖੀ ਜਾਤਿ ਰੱਬੀ ਅੰਸ ਅਤੇ ਬੰਸ ਹੈ ਤਾਂ ਫਿਰ ਇਸ ਵਿੱਚ ਕਬੀਲਿਆਂ ਦੀ ਅਰਥਾਤ ਮਨੁੱਖ ਦੀ ਆਪਣੀ ਵਰਗ ਵੰਡ "ਜਾਤਿ" ਅਤੇ "ਬੰਸ" ਕਿੱਥੋਂ ਆ ਗਈ ? ਸਤਿਗੁਰੂ ਨੂੰ ਸਿੱਖ ਨੂੰ ਇਹ ਦ੍ਰਿਸ਼ਟਾਂਤ ਦੇ ਕੇ "ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥ ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ॥"[150] ਸਿੱਖ ਨੂੰ ਸਮਝਾਇਆ ਇਹੁ ਹੈ ਕਿ ਗੁਰੂ ਨਾਨਕ ਦਾ ਸਿੱਖ ਇਸ ਤੋਂ ਸੁਤੰਤਰ ਹੈ। ਜਿਸ ਦਾ ਅਰਥ ਬਿਲਕੁਲ ਸਪਸ਼ਟ ਹੈ ਕਿ ਜਿਹੜਾ ਮਨੁੱਖ ਜਾਤੀ, ਗੋਤ, ਵਰਗ ਵੰਡ ਤੋਂ ਮੁਕਤ ਅਤੇ ਸੁਤੰਤਰ ਹੈ 'ਅਜਾਤ ਹੈ ਅਜਾਦ ਹੈ"ਜਾਪ ਉਹੀ ਸਿੱਖ ਹੈ। ਗੁਰਮਤਿ ਹੁਕਮ ਸਪਸ਼ਟ ਹੈ "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ"[349] ਦੀ ਗੁਰਮਤਿ ਸਿੱਖਿਆ ਨੂੰ ਗ੍ਰਹਿਣ ਕਰਨ ਵਾਲਾ ਵਿਅਕਤੀ ਹੀ ਸਿੱਖ ਮਨੁੱਖ ਹੋ ਸਕਦਾ ਹੈ। ਸਤਿਗੁਰੂ ਸ੍ਰੀ ਗੁਰੂ ਨਾਨਕ ਪਾਤਸ਼ਾਹ ਵੱਲੋਂ ਇਸ ਦਾ ਸਾਧਾਰਨ ਨਿਯਮ ਇਹ ਨਿਰਧਾਰਿਤ ਕਰ ਦਿੱਤਾ ਗਿਆ ਕਿ ਨਾਨਕਸ਼ਾਹੀ ਸਿੱਖੀ ਦੀ ਸਭਿਅਤਾ ਅਤੇ ਸਮਾਜ, ਸਮਾਜਿਕ ਰਹੁ ਰੀਤ ਸਭ "ਜਾਤਿ ਰਹਿਤ" ਸਮਾਜ ਦੀ ਰਚਨਾ ਕਰਦੇ ਹਨ। ਜਿਸ ਵਿੱਚ ਕੋਈ ਵੀ ਜਾਤੀ ਭੇਦ ਸਵੀਕਾਰ ਨਹੀਂ ਹੈ। ਨਾਨਕਸ਼ਾਹੀ ਸਿੱਖ ਸਮਾਜ ਜਾਤਿ, ਪਾਤਿ, ਗੋਤ, ਵਰਨ ਤੋਂ ਮੁਕਤ ਹੈ ਤੇ

ਜਿਹੜਾ ਅਜਿਹਾ ਸਮਾਜ ਹੈ ਉਹੀ ਆਪਣੇ ਆਪ ਨੂੰ ਸਿੱਖ ਸਭਿਅਤਾ ਅਤੇ ਸਭਿਆਚਾਰ ਦਾ ਹਿੱਸਾ ਮੰਨ ਤੇ ਦਸ ਸਕਦਾ ਹੈ।

# ਧਰਮ ਵਿਚ ਵਰਨ ਵੰਡ ਨੂੰ ਕੀ ਗੁਰਮਤਿ ਸਵੀਕਾਰਦੀ ਹੈ ?

## "ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ"

ਵਰਨ ਵੰਡ ਸਬੰਧੀ ਗੁਰੂ ਨਾਨਕ ਦਾ ਸੰਕਲਪ ਬਹੁਤ ਸਪਸ਼ਟ ਅਤੇ ਅਟੁੱਟ ਹੈ "ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥"[7] ਅਕਾਲ ਪੁਰਖ ਅੱਗੇ ਕੋਈ ਵੀ ਵੱਡਾ ਜਾਂ ਛੋਟਾ, ਸਵਰਨ ਜਾਂ ਨੀਚ ਨਹੀਂ ਹੈ ਤੇ ਨਾ ਹੀ ਇਸ ਨੂੰ ਰੱਬ ਸਵੀਕਾਰਦਾ ਹੈ । ਅਗਰ ਕਿਸੇ ਜ਼ੋਰ ਅਜ਼ਮਾਇਸ਼ ਕਰਨੀ ਹੈ ਤਾਂ ਉਹ ਮਨਮੁਖ ਰੱਬ ਨਾਲ ਟੱਕਰ ਲੈ ਕਰ ਸਕਦਾ ਹੈ ।

### ਗੁਰਬਾਣੀ ਵਿਸਥਾਰ

"ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥ ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥3॥ ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥ ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ ॥4॥"[861] ਅਤੇ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥4॥"[15] ਜਿਸ ਸਿੱਖ ਸਭਿਅਤਾ ਦੀ ਮਰਿਆਦਾ ਦਾ ਪੰਗਤ ਹਿੱਸਾ ਬਣਾ ਦਿੱਤੀ ਗਈ ਹੈ ਉਸ ਵਿਚ ਸੰਗਤ ਵਿਚ ਉੱਚ ਨੀਚ ਦਾ ਵਿਚਾਰ ਓ ਹੀ ਕਿਵੇਂ ਸਕਦਾ ਹੈ ? ਸਗੋਂ ਜਿਹੜੇ ਅਜਿਹੀ ਵਿਚਾਰਧਾਰਾ ਰੱਖਣ ਵਾਲੇ ਪਤਿਤ ਲੋਕ ਹਨ ਉਹ ਵੀ ਸਿੱਖ ਸੰਗਤ ਵਿਚ ਆ ਕੇ ਆਪਣੀ ਦਵੈਤ ਛੱਡ ਕੇ ਰੱਬੀ ਮਾਰਗ ਤੇ ਪਰਵਾਨ ਹੋ ਜਾਂਦੇ ਹਨ। ਸਤਿਗੁਰੂ ਨਾਨਕ ਜੀ ਤਾਂ ਉਸ ਗੁਰਮੁਖ ਮਨੁੱਖ ਦੇ ਚਰਨ ਧੋਂਦੇ ਹਨ ਜੋ ਨੀਚ ਕਹੇ ਜਾਂਦੇ ਲੋਕਾਂ ਦੀ ਸੇਵਾ ਕਰਦਾ ਹੈ। ਅਜਿਹਾ ਹੀ ਮਨੁੱਖ ਸਭ ਤੋਂ ਉੱਚਾ ਤੇ ਸੁੱਚਾ ਹੈ।

### ਨਾਨਕਸ਼ਾਹੀ ਨਜ਼ਰੀਆ

"ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ ॥"[319] ਦੀ ਪਾਲਨਾ ਕਰਨ ਵਾਲੇ ਸਿੱਖ ਸਮਾਜ ਦੇ ਸਿੱਖ ਅਖਵਾਉਂਦੇ ਹਨ। ਅਜਿਹਾ ਹੀ ਗੁਰੂ ਨਾਨਕ ਜੀ ਨੇ ਚਿਤਰਿਆ ਤੇ ਸਿਰਜਿਆ ਹੈ। ਯਥਾ "ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ

ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥10॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥11॥"[1036] ਅਕਾਲ ਪੁਰਖ ਨੇ ਜਦੋਂ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਓਦੋਂ ਬ੍ਰਾਹਮਣ, ਖੱਤਰੀ, ਜੋਗੀ, ਜੰਗਮ, ਦੇਵੀ, ਦੇਵਤਾ, ਮੰਦਰ, ਗਊ, ਗਾਇਤ੍ਰੀ, ਹਵਨ, ਜੱਗ, ਤੀਰਥ ਇਸ਼ਨਾਨ, ਮੌਲਵੀ, ਸ਼ੇਖ਼ ਆਦਿ ਕੋਈ ਵੀ ਨਹੀਂ ਸਨ। ਨਾ ਹੀ ਕੋਈ ਪਰਜਾ ਤੇ ਰਾਜਾ ਸੀ। ਨਾ ਹੀ ਕੋਈ ਦੁਨੀਆ ਵਾਲੀ ਹਉਮੈ ਸੀ। ਅਰਥਾਤ ਕੋਈ ਪਾਖੰਡ ਨਹੀਂ ਸੀ । "ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥3॥ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥4॥"[747-8] ਹਿੰਦੂ ਤੇ ਮੁਸਲਿਮ ਧਰਮ ਪੁਸਤਕਾਂ ਪੜ੍ਹਨ ਨਾਲ ਵਿਕਾਰਾਂ ਤੋਂ ਖ਼ਲਾਸੀ ਨਹੀਂ ਹੁੰਦੀ। ਗੁਰੂ ਨਾਨਕ ਸਭ ਨੂੰ ਇੱਕ ਸਮਾਨ ਉਪਦੇਸ਼ ਦੇ ਰਹੇ ਹਨ ਕਿ "ਸ਼ਬਦ ਗੁਰੂ" ਦੀ ਮਰਿਆਦਾ ਦੇ ਖ਼ਾਲਸਾਈ "ਨੇਮ" ਵਿਧਾਨ ਵਿਚ ਆਓ ਤਾਂ ਹੀ ਸਮਾਜਿਕ ਕਲਿਆਣ ਸੰਭਵ ਹੈ।

"ਵਡੇ ਵਡੇ ਜੋ ਦੁਨੀਆਦਾਰ ॥ ਕਾਹੂ ਕਾਜਿ ਨਾਹੀ ਗਾਵਾਰ ॥ ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥ ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥2॥"[238] ਰਾਜੇ ਅਤੇ ਪੂੰਜੀਪਤੀ ਧਨਾਢ ਜਾਇਦਾਦਾਂ ਦੇ ਮਾਲਕ ਲੋਕਾਂ ਦੀਆਂ ਇਹ ਪ੍ਰਾਪਤੀਆਂ ਆਤਮਿਕ ਜੀਵਨ ਜਿਊਣ ਦੇ ਰਸਤੇ ਵਿਚ ਕੰਮ ਨਹੀਂ ਆਉਂਦੀਆਂ। ਪ੍ਰਮਾਤਮਾ ਦੀ ਭਗਤੀ ਵਾਲਾ ਹੁਕਮ ਦੇ ਨੇਮ ਵਿਚ ਤੁਰਨ ਵਾਲਾ ਮਨੁੱਖ ਚਾਹੇ ਨੀਵੀਂ ਸਮਾਜਿਕ ਅਵਸਥਾ ਵਿਚ ਲੋਕਾਂ ਵੱਲੋਂ ਕਿਹਾ ਜਾਵੇ ਪਰ ਉਹੀ ਸਭ ਦਾ ਪਾਰ ਉਤਾਰਾ ਕਰਦਾ ਹੈ। ਉਸੇ ਦੀ ਸੰਗਤ ਸਦਕਾ ਸਦਾਚਾਰੀ ਸਮਾਜਿਕਤਾ ਬਹਾਲ ਰਹਿੰਦੀ ਹੈ।

## ਜੀਵਨ ਅਮਲ ਵਿਚ ਅਪਣਾਉਣਾ

"ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥"[15] ਮੰਦੇ ਕਰਮ ਅਰਥਾਤ ਗੁਰਮਤਿ ਦੇ ਵਿਰੁੱਧ ਮਨਮਤ ਅਨੁਸਾਰ ਚੱਲਣ ਵਾਲੇ ਮੰਦੇ ਭਾਗਾਂ ਵਾਲੇ ਹਨ। ਜੋ ਗੁਰਮਤਿ ਦੇ ਨੇਮ ਵਿਚ ਬੱਝੇ ਚੱਲਦੇ ਹਨ ਉਹੀ ਜਨ ਸਤਿਗੁਰੂ ਦੀ ਹਜ਼ੂਰੀ ਪਰਵਾਨ ਹੁੰਦੇ ਹਨ। "ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥6॥"[62] ਗੁਰਮੁਖ ਦੀ ਰਹਿਣੀ ਵਾਲੇ ਮਨੁੱਖਾਂ ਨੂੰ ਸੰਸਾਰ ਵਿਚ ਕੋਈ ਵੀ ਨੀਚ ਨਹੀਂ ਦਿੱਖ ਦਾ ਕਿਉਂਕਿ ਸਭਨਾਂ ਵਿਚ ਉਹ ਇੱਕੋ ਅਕਾਲ ਪੁਰਖ ਨੂੰ ਹੀ ਵੇਖਦੇ ਹਨ। ਗੁਰਮਤਿ ਦਾ ਇਹੋ ਮਾਰਗ ਹੈ। ਜੋ ਮਨੁੱਖ ਜਾਤੀ

ਵੰਡ ਜਾਂ ਵਰਨ ਵੰਡ ਜਾ ਗੋਤ ਵੰਡ ਵਿਚ ਵਿਚਰਦਾ ਹੈ ਨਾਨਕਸ਼ਾਹੀ ਗੁਰਮਤਿ ਪ੍ਰਣਾਲੀ ਉਸ ਨੂੰ ਸਿੱਖ ਹੀ ਨਹੀਂ ਮੰਨਦੀ। ਇਹ ਗੁਰਮਤਿ ਦਾ ਅੰਤਿਮ ਅਤੇ ਅਟੁੱਟ ਨਿਰਨੇ ਹੈ।

# ਨਿੱਤਨੇਮ ਦੀਆਂ ਬਾਣੀਆਂ ਕਿਹੜੀਆਂ ਹਨ ?

ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ, ਪੁਰਾਤਨ ਰਹਿਤਨਾਮਿਆਂ, ਵਿਰਾਸਤ ਵਿਚੋਂ ਮਿਲਦੀਆਂ ਮਿਸਾਲਾਂ ਅਤੇ ਬਹੁਤ ਸਾਰੀਆਂ ਹੱਥ ਲਿਖਤ ਲਿਖਤਾਂ; ਗੁਰੂ ਸਾਹਿਬਾਨ ਦੇ ਸਮਕਾਲੀ ਸਿੰਘਾਂ ਦੇ ਨਿੱਤਨੇਮ ਸਾਹਿਬ ਦੀਆਂ ਮਿਲਦੀਆਂ ਪੋਥੀਆਂ ਤੋਂ ਮਿਲਦੇ ਤੱਥਾਂ ਤੋਂ ਖ਼ਾਲਸਾ ਪੰਥ ਦੇ ਸਰਬ ਸੰਮਤੀ ਨਾਲ ਤਿਆਰ ਕੀਤੀ ਅਤੇ ਆਪਣੇ ਉੱਪਰ ਲਾਗੂ ਕੀਤੀ ਜਾ ਚੁੱਕੀ ਪੰਥਕ "ਸਿੱਖ ਰਹਿਤ ਮਰਿਆਦਾ" ਅਨੁਸਾਰ ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, - ਸ਼ਖ਼ਸੀ ਤੇ ਪੰਥਕ।

**ਸ਼ਖ਼ਸੀ ਰਹਿਣੀ-**"ਸ਼ਖ਼ਸੀ (ਅਰਥਾਤ ਵਿਅਕਤੀਗਤ ਅਨੁਭਵ ਗਿਆਨ ਦੇ ਤੌਰ ਤੇ ਗੁਰੂ ਨਾਲ ਮਿਲਾਪ ਦੀ ਸੰਗਤੀ) ਰਹਿਣੀ

ਸ਼ਖ਼ਸੀ ਰਹਿਣੀ ਨੂੰ ਅੱਗੋਂ ਤਿੰਨ ਭਾਗਾਂ ਵਿਚ ਵੰਡਿਆਂ ਗਿਆ ਹੈ:

1. ਨਾਮ ਬਾਣੀ ਦਾ ਅਭਿਆਸ। 2. ਗੁਰਮਤਿ ਦੀ ਰਹਿਣੀ। 3. ਸੇਵਾ।

1. ਨਾਮ ਬਾਣੀ ਦਾ ਅਭਿਆਸ ਸਿਰਲੇਖ ਹੇਠਾਂ "ਸਿੱਖ ਰਹਿਤ ਮਰਿਆਦਾ" ਵਿਚ ਰੋਜ਼ਾਨਾ ਘੱਟ ਤੋਂ ਘੱਟ ਜਿਹੜੀਆਂ ਪੰਜ ਬਾਣੀਆਂ ਪੜ੍ਹਨ ਦਾ ਪੰਥਕ ਹੁਕਮ ਹੈ; ਉਨ੍ਹਾਂ ਦਾ ਵੇਰਵਾ ਇੰਜ ਹੈ:

1. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇੱਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ।

2. ਨਿੱਤਨੇਮ ਦਾ ਪਾਠ ਕਰੇ, ਨਿੱਤਨੇਮ ਦੀਆਂ ਬਾਣੀਆਂ ਇਹ ਹਨ :-

**ਜਪੁ, ਜਾਪੁ** ਅਤੇ **10 ਸਵੱਯੇ ('ਸ੍ਰਾਵਗ ਸੁਧ' ਵਾਲੇ)** - ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

**ਸੋ ਦਰੁ ਰਹਿਰਾਸ** - ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋ ਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ), **ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ'**) ਤਕ **ਸ੍ਵੈਯਾ ('ਪਾਇ ਗਹੇ ਜਬ ਤੇ ਤੁਮਰੇ'**) ਅਤੇ **ਦੋਹਰਾ ('ਸਗਲ ਦੁਆਰ ਕਉ ਛਾਡਿ ਕੈ') ਅਨੰਦ** ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, **ਮੁੰਦਾਵਣੀ ਤੇ ਸਲੋਕ ਮਹਲਾ 4 'ਤੇਰਾ ਕੀਤਾ ਜਾਤੋ ਨਾਹੀ।'**

**ਸੋਹਿਲਾ** - ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।

ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।"

ਸਿੱਖ ਲਈ ਇਹ ਘੱਟੋ ਘੱਟ ਬਾਣੀ ਦਾ ਨਿੱਤ ਕ੍ਰਮ ਵਿੱਚ ਅਭਿਆਸ ਕਰਨ ਦਾ ਨੀਅਤ ਕੀਤਾ ਗਿਆ ਅਨੁਸ਼ਾਸਨ ਹੈ। ਇਸ ਤੋਂ ਵੱਧ ਜਿਤਨੀ ਮਰਜ਼ੀ ਬਾਣੀ ਸਿੱਖ ਪੜ੍ਹੇ ਉਸ ਤੇ ਕੋਈ ਪਾਬੰਦੀ ਨਹੀਂ ਹੈ।

ਨਿੱਤਨੇਮ ਦੀ ਸਭਿਅਤਾ ਦਾ ਗੁਰਮਤਿ ਪ੍ਰਤੀਬਿੰਬ ਇੰਜ ਵਿਆਖਿਅਤ ਕੀਤਾ ਗਿਆ ਹੈ: "ਕੁਰਬਾਣੀ ਤਿਨਾਂ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨ੍ਾਵੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਇਕ ਮਨ ਹੋਇ ਗੁਰ ਜਾਪ ਜਪੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਸਾਧ ਸੰਗਤਿ ਚਲ ਜਾਇ ਜੁੜੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਮਨ ਮੇਲੀ ਕਰ ਮੇਲ ਮਿਲੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥ ਗੁਰ ਸੇਵਾ ਫਲ ਸੁਫਲ ਫਲੰਦੇ ॥੨॥" ਭਾਈ ਗੁਰਦਾਸ ਵਾਰ 12ਵੀ

ਨਿੱਤਨੇਮ ਦੀਆਂ ਬਾਣੀਆਂ ਦੇ ਲਿਖੇ ਜਾਨ ਦੇ ਸਮੇਂ ਕਾਲ ਸਬੰਧੀ ਕੋਈ ਪੱਕੀ ਅਤੇ ਰਚਨਾ ਦੇ ਉੱਪਰ ਲਿਖੀ ਮਿਤੀ ਤੇ ਰਚਨਾਕਾਰ ਦਾ ਨਾਮ ਇਤਿਹਾਸ ਵਿਚੋਂ ਹਾਲੇ ਤੱਕ ਕਿਸੇ ਨੂੰ ਵੀ ਲੱਭਿਆ ਨਹੀਂ ਹੈ । ਜਾਂ ਕਹਿ ਲਵੋ ਇਸ ਪਾਸੇ ਸਿੱਖਾਂ ਨੇ ਖ਼ਾਸ ਉਚੇਚ ਨਾਲ ਖੋਜ ਕਾਰਜ ਨਿਮਿਤ ਧਿਆਨ ਹੀ ਨਹੀਂ ਦਿੱਤਾ ਹੈ। ਜੋ ਉਪਲਬਧ ਹੈ ਉਸ ਅਨੁਸਾਰ :

**ਜਪੁ**, -ਇਹ ਬਾਣੀਆਂ ਸਾਂਝੇ ਵਰ੍ਹੇ 1532 ਤੋਂ 1534 ਦੇ ਲਗਭਗ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਉਚਾਰੀ ਗਈ ਇਤਿਹਾਸਕਾਰ ਮੰਨਦੇ ਹਨ।

**ਸੋ ਦਰੁ ਰਾਗੁ; ਬਾਣੀ ਸਿਰਲੇਖ ਹੇਠ ਆਸਾ ਮਹਲਾ 1, ਰਾਗੁ ਆਸਾ ਮਹਲਾ 4 ਸੋ ਪੁਰਖੁ, ਰਾਮਕਲੀ ਮਹਲਾ 3 ਅਨੰਦੁ, ਅਤੇ ਸੋਹਿਲਾ** ਆਦਿ ਬਾਣੀਆਂ ਦੇ ਰਚਨਹਾਰ ਇੱਕ ਤੋਂ ਜ਼ਿਆਦਾ ਗੁਰੂ ਸਾਹਿਬ ਜੀ ਹਨ। ਬਾਣੀ ਲਿਖਣ ਦੇ ਸਮੇਂ ਕਾਲ ਵੀ ਵੱਖੋ ਵੱਖਰੇ ਹੀ ਹਨ ਪਰ ਪੱਕੀ ਮਿਤੀ ਕਿਸੇ ਇਤਿਹਾਸਕਾਰ ਨੇ ਹਾਲੇ ਤਕ ਲੱਭੀ ਨਹੀਂ।

**ਜਾਪੁ , ਪਾ: 10 ਕਬਿਯੋਬਾਚ ਬੇਨਤੀ ਚੌਪਾਈ, ਤ੍ਵ ਪ੍ਰਸਾਦਿ ਸਵੱਯੇ**

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਕਥਿਤ ਦਸਮ ਗ੍ਰੰਥ ਦਾ ਇੱਕ ਖਰੜਾ ਸਾਂਝੇ ਵਰ੍ਹੇ 14 ਜੂਨ 1698, (ਸੰਮਤ 1755 ਹਾੜ) ਦਾ ਆਪ ਵੇਖਿਆ ਅਤੇ ਉਸ ਦਾ ਅਧਿਐਨ-ਪੜਚੋਲ ਮਾਰਚ 1937 ਵਿਚ ਕੀਤਾ ਸੀ। ਜਿਸ ਦਾ ਜ਼ਿਕਰ ਉਹ ਆਪਣੀ ਪੁਸਤਕ ਦਸਮ ਪਾਤਸ਼ਾਹ ਦੇ ਗ੍ਰੰਥ ਦਾ ਇਤਿਹਾਸ "ਸ਼ਬਦਿ ਮੂਰਤਿ" ਦੇ ਪੰਨਾ ਨੰਬਰ 13 ਦੇ ਫੁੱਟ ਨੋਟ ਵਿਚ ਕਰਦੇ ਹਨ। ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ 1965 ਵਿਚ ਛਾਪੀ ਸੀ।

ਭਾਈ ਸਾਹਿਬ ਸ਼ਹੀਦ ਜੀਵਨ ਸਿੰਘ ਜੀ (ਜਿਨ੍ਹਾਂ ਦਾ ਖ਼ਿਤਾਬ ਰੰਘਰੇਟੇ ਗੁਰੂ ਕੇ ਬੇਟੇ ਹੈ) ਨੇ 13 ਵੈਸਾਖ 1699 ਨੂੰ ਹੀ ਅੰਮ੍ਰਿਤਪਾਨ ਕੀਤਾ ਸੀ ਤੇ ਜੋ ਚਮਕੌਰ ਦੀ ਜੰਗ

ਵਿਚ ਸਾਹਿਬਜ਼ਾਦਿਆਂ ਤੋਂ ਬਾਅਦ ਸ਼ਹੀਦੀ ਹਾਸਲ ਕਰ ਗਏ ਸਨ। ਉਨ੍ਹਾਂ ਦਾ ਉਸ ਵਕਤ ਦਾ ਇੱਕ ਹੱਥ ਲਿਖਤ ਕਬਿੱਤ "ਭਾਸ਼ਾ ਵਿਭਾਗ ਪੰਜਾਬ, ਪਟਿਆਲਾ" ਵਿਖੇ ਆਰਕਾਈਵਜ਼ ਵਿਚ ਹੈ। ਇਹ ਵੀ ਸਾਂਝੇ ਵਰ੍ਹੇ 1699 ਦਾ ਹੀ ਹੈ। ਜੋ ਇੰਜ ਹੈ ਸਿਰਲੇਖ "ਸ੍ਰੀ ਗੁਰੂ ਕਥਾ",

"ਪਾਂਚਪ ਮੈਂ ਚਾਰ ਸੁ ਹੂ ਅਵਰ ਜੋਇ, ਪਾਤਰ ਊਪਰ ਹਾਥ ਰਖੀਜੈ॥
ਆਪਨ ਆਪ ਬਾਰ ਧੇ ਪਾਂਚੋਂ, ਪਾਂਚ ਹੀ ਬਾਣੀ ਸੋ ਪਾਠ ਪੜ੍ਹੀਜੈ॥
ਜਪ ਜਾਪੁ ਸਵੀਐ ਚੌਪਾਈ ਆਨੰਦ ਕੈ, ਪਾਠ ਸੌਂ ਪਾਹੁਲ ਤਿਆਰ ਕਰੀਜੈ॥
ਪਾਂਚ ਚਲ਼ੇ ਮੁਖ ਪਾਵੈ ਸੋ ਜਾਚਕ, ਏਤ ਹੀ ਨੇਤਰ ਕੇਸ ਪਰੀਜੈ॥"



ਦਾਸ ਨੇ ਪੁਰਾਤਨ ਹੱਥ ਲਿਖਤਾਂ ਦੀ ਸੰਭਾਲ ਦੇ ਆਪਣੇ ਪ੍ਰੋਜੈਕਟ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਿਆਂ ਦੇ ਘਰੋਂ "ਜਾਪੁ" ਅਤੇ "ਸਵੱਯੇ" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੱਥ ਲਿਖਤ ਵਿਚ ਡਿਜ਼ੀਟਲਾਈਜ਼ ਕੀਤੇ ਸਨ, ਵੇਖੋ ਉੱਪਰਲੀ ਫ਼ੋਟੋ। ਇਸ ਦੀ ਡਿਜੀਟਲ ਕਾਪੀ ਦਾਸ ਦੇ ਨਿੱਜੀ "ਜਪੁ-ਘਰ" ਹੱਥ ਲਿਖਤ ਆਰਕਾਈਵਜ਼ ਵਿਚ ਸੁਰੱਖਿਅਤ ਹੈ। ਇਨ੍ਹਾਂ ਦੀ ਕਾਪੀ ਉਸ ਵਕਤ ਦੇ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਪ੍ਰੋ. ਮਨਜੀਤ ਸਿੰਘ ਜੀ ਪਾਸ ਵੀ ਹੈ; ਉਹ ਇਸ ਦੀ ਪੁਸ਼ਟੀ ਕਰ ਸਕਦੇ ਹਨ। ਇਹ ਤੱਥ ਪ੍ਰਮਾਣਿਤ ਕਰਦੇ ਹਨ ਕਿ ਇਹ ਬਾਣੀਆਂ 1699 ਸਾਂਝੇ ਵਰ੍ਹੇ ਤੋਂ ਪਹਿਲਾਂ ਲਿਖੀਆਂ ਅਤੇ ਸਿੱਖਾਂ ਵਿਚ ਕੰਠ ਕੀਤੀਆਂ ਜਾ ਚੁੱਕੀਆਂ ਸਨ।

ਇਸ ਲਈ ਇਨ੍ਹਾਂ ਬਾਣੀਆਂ ਨਿਮਿਤ ਕੋਈ ਵੀ ਸ਼ੰਕਾ ਨਹੀਂ ਰਹਿਣੀ ਚਾਹੀਦੀ।

## 36

# ਸਰਲ ਸ਼ਬਦਾਂ ਵਿੱਚ ਸਿੱਖ ਬਣਨ ਲਈ ਕੀ ਕਰਨਾ ਹੈ ?

## ਗੁਰਬਾਣੀ ਵਿਸਥਾਰ

ਹਰ ਮਨੁੱਖ ਲਈ ਗੁਰਮਤਿ ਅਸੂਲ ਇਹ ਹੈ ਕਿ "ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥" ਇਹ ਸਰੀਰ ਜੀਵਨ ਰੂਪ ਵਿਚ ਮਨੁੱਖ ਦੀ ਆਪਣੀ ਜੀਵਨ ਖੇਤੀ ਹੈ। ਇਸ ਵਿਚ ਜੋ ਮਨੁੱਖ ਖ਼ੁਦ ਬੀਜਦਾ ਹੈ ਉਹੀ ਉਸ ਨੂੰ ਫਲ ਪ੍ਰਗਟ ਹੋ ਕੇ ਪ੍ਰਤੱਖ ਉਸ ਮੂਹਰੇ ਖੜ ਜਾਂਦਾ ਹੈ। ਸਿੱਖ ਲਈ ਸਿੱਖ ਗੁਰੂ ਸਾਹਿਬਾਨ ਦਾ ਇਹੋ ਹੁਕਮ ਹੈ ਕਿ ਉਹ ਆਪਣੇ ਗੁਰੂ ਸਾਹਿਬਾਨ ਵੱਲੋਂ ਦਿੱਤੀ ਸਿੱਖਿਆ ਉੱਪਰ ਵਿਵਹਾਰ ਵਿਚ ਅਮਲ ਰੱਖੇ "ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥"[465] ਸਿੱਖ ਦੀ ਸਿੱਖੀ ਦਾ ਨਿਰਬਾਹ "ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥"[522] ਦਾ ਰਾਹ ਹੈ। ਆਦਰਸ਼ ਇਹੋ ਹੈ ਕਿ ਸਿੱਖ ਨੇ ਆਪਣੇ ਪਿਤਾ ਗੁਰੂ ਸਮਾਨ ਬਣਨਾ ਹੈ "ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ॥"[82] ਇਸ ਗੱਲ ਨੂੰ ਸਿੱਖ ਪ੍ਰਚਾਰਕਾਂ ਅਤੇ ਡੇਰੇਦਾਰ ਸੰਤ ਆਦਿ ਨੇ ਬਹੁਤ ਮੁਸ਼ਕਿਲ ਬਣਾ ਕੇ ਪੇਸ਼ ਕੀਤਾ ਹੈ। ਜਿਸ ਕਰ ਕੇ ਸਿੱਖ ਸਮਾਜ ਦਾ ਬਹੁਤਾਤ ਤਬਕਾ ਧਰਮ ਨੂੰ ਨਿਭਾ ਨਹੀਂ ਸਕਾਂਗੇ ਦੇ "ਡਰ" ਅਤੇ "ਭੈ" ਵਿਚ ਪਾ ਕੇ ਅਜਿਹੇ ਲੋਕਾਂ ਨੇ ਪੁਜਾਰੀ ਵਾਦੀ, ਪੰਡਤਾਈ ਵਾਲੀ ਕਰਮ ਕਾਂਡੀ ਸਿੱਖੀ ਪ੍ਰਚਾਰ ਕੇ 'ਭਿੱਟ' ਜਾਣ ਦੇ ਵਹਿਮ ਡਰ ਦਿਲਾਂ ਵਿਚ ਭਰ ਕੇ ਆਪੋ ਆਪਣੀ ਨਿੱਜੀ ਡੇਰੇ ਵਾਦੀ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰ ਕੇ ਅਸਲ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖੀ ਦਾ ਤਾਂ ਭੋਗ ਪਾ ਦੇਣ ਦਾ ਜਤਨ ਅਰੰਭਿਆ ਹੋਇਆ ਹੈ।

ਦਰਅਸਲ ਸਿੱਖੀ ਜੀਵਨ ਜਿਉਣ ਦਾ ਆਦਰਸ਼ ਹੈ ਜਿਸ ਵਿਚ ਆਚਰਨ ਅਤੇ ਕਿਰਦਾਰ ਦੀ ਸੁੱਚਤਾ ਦੀ ਰਹਿਤ ਹੈ "ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ" ਅਤੇ "ਰਹਿਣੀ ਰਹੇ ਸੋਈ ਸਿੱਖ ਮੇਰਾ ਉਹ ਸਾਹਿਬ ਮੈਂ ਉਸ ਕਾ ਚੇਰਾ"। ਇਹੋ ਸੁੱਚਤਾ ਇਨਸਾਨ ਨੂੰ ਹਮੇਸ਼ਾ ਜਵਾਨ ਅਤੇ ਨਰੋਆ ਬਣਾ ਕੇ ਰੱਖਦੀ ਹੈ। ਨਰੋਏ ਅਤੇ ਬਲਵਾਨ ਸਰੀਰ ਦੀ ਸੰਭਾਲ ਦਾ ਮਾਰਗ ਹੈ ਸਿੱਖੀ ਕਿਉਂਕਿ ਇਹ "ਸੰਤ-ਸਿਪਾਹੀ" ਦਾ ਸਰੂਪ ਹੈ।

## ਨਾਨਕਸ਼ਾਹੀ ਨਜ਼ਰੀਆ

ਅਸਲੋਂ ਸਿੱਖੀ ਜੀਵਨ ਨੂੰ ਸਰਲ, ਆਧੁਨਿਕ, ਸੁਤੰਤਰ, ਨਿਰਛਲ ਤੇ ਕਿਸ਼ੋਰ ਅਵਸਥਾ ਵਾਲੀ ਨਿਰਛਲ, ਅੱਲ੍ਹੜ ਤੇ ਲੜਕਪਨ ਵਾਲੀ ਮਟਕ ਵਿਚ ਰੱਖਣ ਦਾ ਆਦਰਸ਼ ਤੇ

ਵਿਵਹਾਰਿਕ ਪ੍ਰਣ ਹੈ । ਸਿੱਖੀ ਜੀਵਨ ਅਮਲ ਨੂੰ ਹਰ ਤਰ੍ਹਾਂ ਦੇ ਭਰਮਾਂ, ਵਹਿਮਾਂ, ਇਹ ਕਰਨਾ ਇਹ ਨਹੀਂ ਕਰਨਾ ਵਰਗੀਆਂ ਪਾਬੰਦੀਆਂ ਅਤੇ ਵਿਤਕਰਿਆਂ ਤੋਂ ਮੁਕਤ ਕਰਦੀ ਹੈ।

ਸਿੱਖੀ ਨੂੰ ਜੀਵਨ ਵਿਚ ਜਿਊਣਾ ਤੇ ਅਪਣਾਉਣਾ ਬਹੁਤ ਹੀ ਆਸਾਨ ਤੇ ਸਰਲ ਹੈ। ਸਭ ਤੋਂ ਪਹਿਲਾਂ ਕੁਦਰਤੀ ਵਿਧਾਨ ਇਹ ਧਿਆਨ ਵਿਚ ਰੱਖਣਾ ਹੈ ਕਿ ਮਨੁੱਖ ਨੇ ਕੁਦਰਤ ਦੇ ਨਿਜ਼ਾਮ ਵਿਚ ਕੋਈ ਦਖ਼ਲ ਨਹੀਂ ਦੇਣੀ ਤੇ ਉਸ ਦੇ ਉਲਟ ਕੋਈ ਨਿਯਮ ਨਹੀਂ ਘੜਨਾ। ਇਸੇ ਲਈ ਸਰੀਰ ਦੀ ਜਿਵੇਂ ਦੀ ਬਣਤਰ ਬਣਾਈ ਹੈ ਉਵੇਂ ਦੀ ਹੀ ਇਸ ਨੂੰ ਤੰਦਰੁਸਤ ਤੇ ਨਰੋਇਆ ਸੰਭਾਲ਼ਨਾ ਹੈ। ਨੱਕ ਕੰਨ ਛੇਦ ਨੇ ਤੇ ਕੇਸਾਂ ਨੂੰ ਮੁੰਨਣਾ ਕੁਦਰਤ ਦੇ ਖ਼ਿਲਾਫ਼ ਅਪਰਾਧ ਹੈ।

### ਜੀਵਨ ਅਮਲ ਵਿਚ ਅਪਣਾਉਣਾ

ਪੰਜ ਰਹਿਤਾਂ, ਅਰਥਾਤ ਜੀਵਨ ਅਨੁਸ਼ਾਸਨ ਵਿੱਚ ਪੰਜ ਨਿਯਮਾਂ ਦਾ ਪਾਲਨ ਕਰਨਾ ਅਤੇ ਪੰਜ ਕੁਰਹਿਤਾਂ ਅਰਥਾਤ ਜੀਵਨ ਵਿਚ ਪੰਜ ਕੰਮ ਨਹੀਂ ਕਰਨੇ ਦੇ ਅਨੁਸ਼ਾਸਨ ਨੂੰ ਅਪਣਾਉਣਾ ਹੀ ਸਿੱਖੀ ਹੈ । ਜੋ ਇੰਜ ਹਨ:

### ਸਿੱਖੀ ਜਿਊਣ ਲਈ ਸਿੱਖ ਨੇ ਇਹ ਕਰਨਾ ਹੈ

1. ਅੰਮ੍ਰਿਤ ਵੇਲੇ ਉੱਠਣਾ।
2. ਗੁਰਬਾਣੀ ਦਾ ( ਦਿਨ ਵਿੱਚ ਘਟੋਂ ਘੱਟ ਪੰਜ ਬਾਣੀਆਂ ਦਾ) ਨਿੱਤਨੇਮ ਕਰਨਾ
3. ਗੁਰਦੁਆਰੇ ਜਾਂ ਜਿੱਥੇ ਵੀ ਗੁਰੂ ਗ੍ਰੰਥ ਸਾਹਿਬ ਜੀ ਸਨਮੁੱਖ ਸਿੱਖ ਸੰਗਤਾਂ ਦਾ ਦੀਵਾਨ ਹੈ ਉੱਥੇ 'ਗੁਰਸ਼ਬਦ ਦੀ ਸੰਗਤ' ਕਰਨੀ ਅਰਥਾਤ ਕੀਰਤਨ ਸੁਣਨਾ।
4. ਖ਼ਲਕਤ ਦੀ ਸੇਵਾ ਕਰਨੀ। ਇਸ ਵਿੱਚ ਪਹਿਲ ਗੁਰੂ ਪੰਥ ਖ਼ਾਲਸੇ ਦੀ ਸੇਵਾ ਸੰਭਾਲ ਦੀ ਹੈ ਜਾਂ ਜਿਹੜੀ ਸੇਵਾ ਪੰਥ ਕਹੇ ਉਹ ਨਿਭਾਉਣੀ। ਪਹਿਲਾਂ ਗੁਰੂ ਸਿੱਖਾਂ ਨੂੰ ਹਰ ਪੱਧਰ ਤੇ ਉੱਚਾ ਚੁੱਕਣਾ ਤੇ ਫਿਰ ਗੁਰੂ ਸਿੱਖਾਂ ਰਾਹੀਂ ਸਮਾਜ ਨੂੰ ਉੱਚਾ ਚੁੱਕਣਾ।
5. ਦਸਵੰਧ ਕੱਢਣਾ। ਦਸਵੰਧ ਸਿਰਫ਼ ਮਾਇਆ ਦਾ ਹੀ ਨਹੀਂ ਹੁੰਦਾ। ਮਾਇਆ ਦਾ ਦਸਵੰਧ ਕੱਢਣਾ ਤਾਂ ਸਭ ਤੋਂ ਸੌਖਾ ਕਰਮ ਹੈ। ਦਸਵੰਧ ਦਾ ਅਰਥ ਸਵਾਸਾਂ ਦਾ, ਸਮੇਂ ਦਾ, ਕਰਮ ਦਾ ਅਤੇ ਕਿਰਤ ਦਾ ਅਤੇ ਵੰਡ ਛਕਣ ਤੋਂ ਹੈ। ਸਿੱਖੀ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ ਦਾ ਸੰਕਲਪ ਜੋ ਹੈ।

### ਸਿੱਖ ਨੇ ਕੀ ਨਹੀਂ ਕਰਨਾ ਹੈ ?
### ਜੀਵਨ ਜਿਊਣ ਵਿੱਚ ਪੰਜ ਕੁਰਹਿਤਾਂ, ਅਰਥਾਤ ਜੀਵਨ ਆਚਰਨ ਤੋਂ ਡਿੱਗਣ ਵਾਲੇ ਇਹ ਕੁਕਰਮ ਨਹੀਂ ਕਰਨੇ

1. ਕੇਸਾਂ ਦੀ ਬੇ-ਅਦਬੀ ਤੋਂ ਅਰਥ ਹੈ ਕਿ ਜਮਾਂਦਰੂ ਕੇਸ ਨਹੀਂ ਕਟਾਉਣੇ।

2. ਜੂਠਾ ਨਹੀਂ ਖਾਣਾ।
3. ਪਰ ਇਸਤਰੀ ਜਾਂ ਪਰ ਪੁਰਸ਼ ਦਾ ਗਮਨ (ਭੋਗਣਾ)। ਅਰਥਾਤ ਚਰਿੱਤਰਹੀਣ ਨਹੀਂ ਹੋਣਾ।
4. ਤਮਾਕੂ ਨਹੀਂ ਵਰਤਣਾ ਅਤੇ ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੋਕੀਨ ਆਦਿ) ਨਹੀਂ ਕਰਨਾ।
5. ਸਿਰਗੁੰਮ, ਨੜੀ ਮਾਰ ਤੋਂ ਅਰਥ ਹੈ ਹੁੱਕਾ ਪੀਣ ਵਾਲਾ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ।
ਨਿੱਜੀ ਜੀਵਨ ਵਿਚ ਇਹੋ ਹੀ ਉਪਰੋਕਤ ਰਹਿਤ ਅਤੇ ਵਿਵਹਾਰ ਵਿਚ ਅਪਣਾਉਣ ਵਾਲੀ ਮਰਿਆਦਾ "ਅੰਮ੍ਰਿਤ ਛਕ ਕੇ ਖ਼ਾਲਸਾ ਸਜਣ ਵਾਲੇ ਗੁਰ ਸਿੰਘਾਂ" ਦੀ ਵੀ ਹੈ। ਅਗਰ ਇਸ ਵਿਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਭੁੱਲ ਬਖ਼ਸ਼ਾਉਣੀ ਚਾਹੀਦੀ ਹੈ। ਆਪਣੀ ਗ਼ਲਤੀ ਦਾ ਆਪ ਹੀ ਅਹਿਸਾਸ ਕਰਨਾ ਤੇ ਭੁੱਲ ਮੰਨ ਲੈਣੀ ਜੀਵਨ ਦੇ ਸੁਧਾਰ ਦਾ ਅਨਮੋਲ ਪੱਖ ਮੰਨਿਆਂ ਜਾਂਦਾ ਹੈ । ਅੱਗੇ ਲਈ ਸਾਵਧਾਨ ਰਹਿਣਾ।
ਸਮਾਜਿਕ ਤੋਰ ਤੇ ਵਿਵਹਾਰ ਵਿਚ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਲਾਜ਼ਮੀ ਹੈ ਕਿ :
1. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਨਹੀਂ ਵਰਤਣਾ ਹੈ। ਹੁਣ ਇਸ ਵਿਚ ਨਕਲੀ ਨਿਰੰਕਾਰੀ ਅਤੇ ਰਾਮ ਰਹੀਮ ਦੇ ਇੰਸਾਂ ਵਾਲੇ ਲੋਕ ਵੀ ਸ਼ਾਮਲ ਕਰ ਦਿੱਤੇ ਗਏ ਹਨ। ਇਨ੍ਹਾਂ ਵਿਚੋਂ ਜਿਹੜੇ ਆਪਣੇ ਪਹਿਲਾਂ ਦੇ ਉਸ ਵਿਸ਼ਵਾਸ ਨੂੰ ਛੱਡ ਚੁੱਕੇ ਹਨ ਜੋ ਵਿਵਰਜਿਤ ਕੀਤਾ ਗਿਆ ਹੈ; ਤਾਂ ਉਨ੍ਹਾਂ ਨਾਲ ਸਮਾਜਿਕ ਮੇਲ-ਜੋਲ ਹੋ ਸਕਦਾ ਹੈ।
2. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।
3. ਦਾਹੜਾ ਜਾਂ ਕੇਸ ਨਹੀਂ ਰੰਗਣੇ।
4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਦੀ ਮਨਾਹੀ ਹੈ।
5. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਨਹੀਂ ਕਰਨਾ । ਗੁਰਮਤਿ ਤੋਂ ਅਰਥ ਗੁਰੂ ਸ਼ਬਦ ਦੀ ਸਿੱਖਿਆ ਹੈ। ਇੱਕ ਅਕਾਲ ਪੁਰਖ ਨੂੰ ਮੰਨਣਾ।
6. ਜਾਤ-ਪਾਤ, ਛੂਤ-ਛਾਤ, ਜੰਤਰ-ਮੰਤਰ, ਸ਼ਗਨ-ਅੱਪ ਸ਼ਗਨ, ਤਿੱਥ-ਵਾਰ, ਮਹੂਰਤ, ਰਾਸ਼ੀ, ਪਿੱਤਰ-ਸ਼ਰਾਧ, ਪਿੰਡ ਪੱਤਲ, ਦੀਵਾ, ਹੋਮ, ਜੱਗ, ਤਰਪਨ, ਜੰਞੂ, ਤੁਲਸੀ, ਮਾਲਾ, ਮੱਠ, ਮੂਰਤੀ ਆਦਿ ਦੀ ਪੂਜਾ ਜਾਂ ਨੂੰ ਮੰਨਣਾ; ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ ਸੁੱਖਣੀ, ਸੌਂਹਾਂ ਖਾਣੀਆਂ, ਸ਼ੀਰਨੀ, ਵੇਦ ਸ਼ਾਸਤਰ, ਗਾਇਤਰੀ, ਗੀਤਾ, ਕੁਰਾਨ, ਅੰਜੀਲ ਆਦਿ ਨੂੰ ਆਪਣਾ ਗੁਰੂ ਜਾਂ ਤਾਰਨ ਹਾਰ ਨਹੀਂ ਮੰਨਣਾ ਇਹ ਸਭ ਸਿੱਖੀ ਦੇ ਵਿਰੁੱਧ ਹੈ। ਹੋਰ ਧਰਮਾਂ ਦੇ ਗ੍ਰੰਥਾਂ ਨੂੰ ਗਿਆਨ ਲਈ ਪੜ੍ਹਨਾ ਮਨ੍ਹਾ ਨਹੀਂ ਹੈ। ਇੰਜ ਹਰ ਤਰ੍ਹਾਂ ਦੇ ਭਰਮ ਭੁਲੇਖਿਆਂ ਤੇ ਵਹਿਮਾਂ ਤੋਂ ਜ਼ਿੰਦਗੀ ਨੂੰ ਸਿੱਖੀ ਆਜ਼ਾਦ ਤੇ ਸੁਤੰਤਰ ਕਰਾ ਦਿੰਦੀ ਹੈ ।

ਸਭ ਤੋਂ ਉਚੇਰੀ ਗੱਲ ਅਤੇ ਵਿਧਾਨ ਇਹੋ ਹੈ ਕਿ ਸ਼ਬਦ ਗੁਰੂ ਗੁਰਬਾਣੀ ਨੂੰ ਆਪਣੀ ਚੇਤਨ ਚੇਤਨਾ ਨਾਲ ਪੜ੍ਹਨਾ, ਪੜ੍ਹਦੇ ਹੋਏ ਆਪ ਹੀ ਸੁਣਨਾ, ਆਪ ਹੀ ਸੁਣਨ ਵਿਚ ਸਾਰਾ ਧਿਆਨ ਲਗਾ ਦੇਣਾ ਤੇ ਫਿਰ ਇਸ ਦੇ ਆਦਰਸ਼ ਨੂੰ ਸਮਝਣ ਲਈ ਇਸ ਦੇ ਅਰਥਾਂ ਦਾ ਆਪ ਹੀ ਪਠਨ ਪਾਠਣ ਕਰਨਾ ਬਹੁਤ ਜ਼ਰੂਰੀ ਅਮਲ ਹੈ। ਕਿਉਂਕਿ ਸਿੱਖੀ ਦੀ ਸਾਰੀ ਸੂਝ ਉੱਥੋਂ ਹੀ ਆਉਂਦੀ ਹੈ।

# ਸਿੱਖਾਂ ਦੇ ਸੰਸਕਾਰ ਕਿਹੜੇ ਹਨ ? ਤੇ ਕਿਵੇਂ ਪੂਰੇ ਕਰਨੇ ਹਨ ?

**1. ਜਨਮ ਤੇ ਨਾਮ ਸੰਸਕਾਰ**
**2. ਦਸਤਾਰ ਬੰਦੀ**
**3. ਅਨੰਦ ਸੰਸਕਾਰ**
**4. ਮਿਰਤਕ ਸੰਸਕਾਰ**
**5. ਤੇ ਹੋਰ ਖ਼ੁਸ਼ੀ ਦੇ ਮੌਕੇ ਜਿਵੇਂ ਨਵਾਂ ਵਪਾਰ ਦਾ ਆਰੰਭ, ਗ੍ਰਿਹ ਪ੍ਰਵੇਸ਼, ਬੱਚੇ ਨੂੰ ਪੜ੍ਹਨ ਪਾਉਣਾ ਜਾਂ ਕੋਈ ਵੀ ਹੋਰ ਖ਼ੁਸ਼ੀ ਜਾਂ ਗ਼ਮੀ ਦੇ ਮੌਕੇ ਕੀ ਕਰਨਾ ?**

## ਜਨਮ ਤੇ ਨਾਮ ਸੰਸਕਾਰ

### ਗੁਰਬਾਣੀ ਵਿਸਥਾਰ

"ਆਸਾ ਮਹਲਾ ੫ ॥ ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥ ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ ਮਿਟਿਆ ਸੋਗੁ ਮਹਾ ਅਨੰਦੁ ਥੀਆ ॥ ਗੁਰਬਾਣੀ ਸਖੀ ਅਨੰਦੁ ਗਾਵੈ ॥ ਸਾਚੇ ਸਾਹਿਬ ਕੈ ਮਨਿ ਭਾਵੈ ॥੨॥ ਵਧੀ ਵੇਲਿ ਬਹੁ ਪੀੜੀ ਚਾਲੀ ॥ ਧਰਮ ਕਲਾ ਹਰਿ ਬੰਧਿ ਬਹਾਲੀ ॥ ਮਨ ਚਿੰਦਿਆ ਸਤਿਗੁਰੂ ਦਿਵਾਇਆ ॥ ਭਏ ਅਚਿੰਤ ਏਕ ਲਿਵ ਲਾਇਆ ॥੩॥ ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ ਬੁਲਾਇਆ ਬੋਲੈ ਗੁਰ ਕੈ ਭਾਣਿ ॥ ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥"[396]
ਇਸ ਉਪਰੋਕਤ ਸ਼ਬਦ ਤੋਂ ਕੋਈ ਵੀ ਸੰਸਾ ਬਾਕੀ ਨਹੀਂ ਰਹਿ ਜਾਂਦਾ ਕਿ ਗੁਰੂ ਕੇ ਸਿੱਖਾਂ ਦੇ ਘਰੇ ਅਕਾਲ ਪੁਰਖ ਆਪਣੀ ਹੀ ਨਸਲ ਵਧਾਉਣ ਲਈ ਬੱਚੇ ਜਾਂ ਬੱਚਿਆਂ ਦੀ ਕਿਰਪਾ ਕਰਦਾ ਹੈ। "ਜੰਮਿਆ ਪੂਤੁ ਭਗਤੁ ਗੋਵਿੰਦ ਕਾ...ਤੋਂ ਬਾਅਦ ...ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥" ਅਕਾਲ ਦੇ ਸੁਤ ਦਾ ਹੀ ਸਿੱਖ ਦੇ ਘਰੇ ਜਨਮ ਲੈਣਾ ਹੈ । ਮਾਂ ਦੇ ਪੇਟ ਵਿਚ ਜਦੋਂ ਇਹ ਗਰਭ ਰੂਪ ਵਿਚ ਬੱਚਾ ਆਉਂਦਾ ਹੈ ਤਾਂ ਮਾਂ ਦੇ ਚਿਹਰੇ ਦੀ ਰੌਣਕ ਓਦੋਂ ਤੋਂ ਹੀ ਆਭਾ ਭਰੀ ਖ਼ੁਸ਼ੀ ਖੇੜੇ ਵਾਲੀ ਹੋ ਉੱਠਦੀ ਹੈ। ਮਾਂ ਨੂੰ ਓਦੋਂ ਤੋਂ ਹੀ ਸਿੱਖ ਬੀਰਤਾ ਭਰਪੂਰ ਇਤਿਹਾਸ ਅਤੇ ਗੁਰੂ ਇਤਿਹਾਸ ਰੋਜ਼ਾਨਾ ਪੜ੍ਹਨਾ ਚਾਹੀਦਾ ਹੈ। ਜਿਤਨਾ ਵੀ ਸਮਾਂ ਮਿਲੇ ਉਸ ਵਿਚ ਹਮੇਸ਼ਾ ਚਿੱਤ ਅਕਾਲ ਪੁਰਖ ਦੇ ਵਿਚ ਗੁਰ ਸ਼ਬਦ ਜਾਂ ਗੁਰੂ ਜੀਵਨ ਰਾਹੀਂ ਜੋੜੀ ਰੱਖਣ ਦੀ

ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਕੋਈ ਰਹੱਸ ਰੱਖਣ ਵਾਲੀ ਗੱਲ ਨਹੀਂ ਹੈ। ਗੁਰੂ ਨਾਨਕ ਨੇ ਆਪਣੀ ਦਾਤ ਬਖ਼ਸ਼ੀ ਹੈ । ਖੇੜਾ ਖਿੜਿਆ ਪਿਆ ਹੈ ਤੇ ਸਾਰੇ ਗੁਰਬਾਣੀ ਗਾਵਹੁ ਤੇ ਅਨੰਦ ਮਾਣੋ। ਇਹੋ ਵਿਚਾਰ ਬਾਲਕ ਦੇ ਜਨਮ ਦਾ ਸਿੱਖ ਸਭਿਅਤਾ ਵਿਚ ਖ਼ੁਸ਼ੀਆਂ ਮਾਣਨ ਹਿਤ ਹੈ ਕਿਉਂਕਿ ਇਹ ਨਸਲ ਅਕਾਲ ਪੁਰਖ ਦੀ ਵਧਦੀ ਵੇਲ ਹੈ। ਇਸ ਲਈ ਬੱਚੇ ਦੀ ਸੰਭਾਲ ਵੀ ਉਵੇਂ ਹੀ ਕਰਨੀ ਮਾਂ ਬਾਪ ਦਾ ਫ਼ਰਜ਼ ਬਣਦਾ ਹੈ ਜਿਵੇਂ ਉਹ ਅਕਾਲ ਪੁਰਖ ਦੀ ਸੰਤਾਨ ਨੂੰ ਪਾਲਦੇ ਹੋਣ। ਅਗਰ ਇਹ ਭਾਵ ਮਾਂ ਅਤੇ ਬਾਪ ਤੇ ਸੰਬੰਧੀਆਂ ਦੇ ਮਨ ਵਿਚ ਆ ਜਾਣ ਤੇ ਉਹ ਇਨ੍ਹਾਂ ਨੂੰ ਗ੍ਰਹਿਣ ਕਰ ਆਚਰਨ ਵਿਚ ਅਪਣਾ ਲੈਣ ਤਾਂ ਸਿੱਖੀ ਫ਼ਰਜ਼ ਪੂਰਾ ਹੋ ਜਾਂਦਾ ਹੈ ।

### ਨਾਨਕਸ਼ਾਹੀ ਨਜ਼ਰੀਆ

ਜਦੋਂ ਮਾਤਾ ਦੇ ਗਰਭ ਵਿਚ ਬੱਚਾ ਠ ਜਾਂਦਾ ਹੈ ਤਾਂ ਓਦੋਂ ਤੋਂ ਜਨਮ ਤੱਕ ਤੇ ਜਨਮ ਤੋਂ ਬਾਅਦ ਵੀ ਕਿਸੇ ਕਿਸਮ ਵਿਚ ਵੀ ਕੋਈ ਗੁਰਮਤਿ ਵਿਰੁੱਧ ਸੂਤਕ ਆਦਿ ਨਹੀਂ ਜਾਣਨਾ ਤੇ ਨਾਂਹ ਹੀ ਮੰਨਣਾ ਹੈ। ਮਾਤਾ ਨੂੰ ਕਿਸੇ ਵੀ ਕਿਸਮ ਤੋਂ ਚਿੰਤਾਤੁਰ ਨਹੀਂ ਕਰਨਾ ਚਾਹੀਦਾ । ਇਹ ਪਵਿੱਤਰਤਾ ਦਾ ਜਨਮ ਹੈ। ਗੁਰਬਾਣੀ ਦਾ ਇਹ ਹੁਕਮ ਹੈ "ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕ ਓਪਤਿ ਹੋਈ ॥ ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥੧॥ ਕਹੁ ਰੇ ਪੰਡੀਆ ਕਉਨ ਪਵੀਤਾ ॥ ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥ ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥ ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥੨॥ ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥ ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ ॥"[331] ਸ਼ਬਦ ਦੀ ਸਿੱਖਿਆ ਦਾ ਭਾਵ ਅਤੇ ਅਰਥ ਇਹ ਹੈ ਕਿ ਧਰਤੀ ਅਤੇ ਜਲ ਵਿਚ ਹਰ ਥਾਂ ਜਨਮ ਅਤੇ ਮਰਨ ਚੱਲ ਰਿਹਾ ਹੈ ਤਾਂ ਫਿਰ ਹਰ ਥਾਂ ਹੀ ਸੂਤਕ ਵਹਿਮ ਤੇ ਭਿੱਟ ਛਿੜੀ ਰਹਿੰਦੀ ਹੈ; ਫਿਰ ਜੀਵ ਕਿੱਥੇ ਰਹੇ ਤੇ ਕਿਉਂ ਜੰਮੇ ? ਇਸ ਲਈ ਸੂਤਕ ਦਾ ਵਹਿਮ ਤੇ ਭਰਮ ਗੁਰਮਤਿ ਵਿਚ ਬਿਬਰਜਤ ਹੈ; ਬਿਲਕੁਲ ਨਹੀਂ ਮੰਨਣਾ।

### ਜੀਵਨ ਅਮਲ ਵਿਚ ਅਪਣਾਉਣਾ

ਬੱਚੇ ਦੀ ਮਾਤਾ ਜਾਂ ਪਿਤਾ ਇੱਕ ਛੋਟੇ ਸਟੀਲ ਦੇ ਭਾਂਡੇ ਵਿਚ ਥੋੜ੍ਹਾ ਜਿਹਾ ਜਲ ਲੈ ਕੇ ਉਸ ਵਿਚ ਕੁੱਝ ਬੂੰਦਾਂ ਸ਼ਹਿਦ ਦੀਆਂ ਪਾ ਕੇ ਕਿਰਪਾਨ ਫੇਰਦੇ ਹੋਏ ਜਪੁ ਬਾਣੀ ਦਾ ਪਾਠ ਕਰਨ । ਸੰਪੂਰਨ ਹੋਣ ਤੇ 'ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ॥' ਬੁਲਾਉਣ ਤੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡ ਕੇ ਬੱਚੇ ਦੇ ਮੂੰਹ ਵਿਚ ਇੱਕ ਦੋ ਬੂੰਦਾਂ ਪਾਉਣ। ਇੰਜ ਗੁੜ੍ਹਤੀ ਦੇਣ।

ਬੱਚੇ ਦੇ ਜਨਮ ਤੋਂ ਬਾਅਦ ਮਾਤਾ ਨਾਲ ਬੱਚੇ ਨੂੰ ਗੁਰਦੁਆਰੇ ਭੇਜਣਾ ਤੇ ਸਤਿਗੁਰੂ ਦਾ ਸ਼ੁਕਰਾਨਾ ਕਰ ਕੇ ਦੇਗ ਜਾਂ ਤਾਂ ਘਰੋਂ ਬਣਾ ਕੇ ਲੈ ਜਾਣੀ ਜਾਂ ਕਰਵਾਉਣੀ, ਅਨੰਦ ਸਾਹਿਬ ਦਾ ਪਾਠ ਕਰ ਕੇ ਅਰਦਾਸ ਖ਼ੁਦ ਕਰਨੀ। ਆਪ ਹੀ ਵਾਕ ਲੈਣਾ। ਜੇ ਨਹੀਂ ਲੈ ਸਕਦੇ ਤਾਂ ਕੋਈ ਵੀ ਸਬੰਧੀ ਵਾਕ ਲਵੇ। ਸ਼ਬਦ ਦੇ ਪਹਿਲੇ ਅੱਖਰ ਤੋਂ ਬੱਚੇ ਦਾ ਨਾਮ ਰੱਖਿਆ ਜਾਵੇ। ਇੰਜ ਇਹ ਨਾਮ ਸੰਸਕਾਰ ਹੋ ਜਾਂਦਾ ਹੈ। ਲੜਕੇ ਦੇ ਨਾਮ ਨਾਲ ਸਿੰਘ ਅਤੇ ਲੜਕੀ ਦੇ ਨਾਮ ਨਾਲ ਕੌਰ ਲਾਉਣੀ ਅਕਾਲ ਦਾ ਹੁਕਮ ਹੈ ਤੇ ਜ਼ਰੂਰੀ ਹੈ। ਜਾਤ ਨਾਂਹ ਲਾਉਣ ਦਾ ਤੇ ਨਿੱਜੀ ਜਾਤ ਮਿਟਾ ਦੇਣ ਦਾ ਇਸੇ ਦਿਨ ਤੋਂ ਉਪਰਾਲਾ ਅਰੰਭਣਾ ਚਾਹੀਦਾ ਹੈ ਕਿਉਂਕਿ ਇਹ ਬੱਚਾ "ਭਗਤੁ ਗੋਵਿੰਦ ਕਾ" ਅਰਥਾਤ ਅਕਾਲ ਪੁਰਖ ਦਾ ਸੁਤ ਜੰਮਿਆ ਹੈ ਤੇ ਇਸ ਦੀ ਪਛਾਣ ਬਤੌਰ ਸਿੱਖ ਅਕਾਲ ਪੁਰਖ ਦੇ ਸੁੱਤ ਤੋਂ ਹੀ ਰਹਿਣੀ ਤੇ ਰੱਖਣੀ ਸਿੱਖੀ ਵਿਚ ਫ਼ਰਜ ਹੈ। ਦੇਗ ਗੁਰੂ ਸੰਗਤ ਨੂੰ ਪਰਵਾਨ ਕਰਵਾਉਣੀ ਤੇ ਵਰਤਾਉਣੀ ਚਾਹੀਦੀ ਹੈ।

ਸਮਾਜਿਕ ਤੌਰ ਤੇ ਇਸ ਸਿਵਾ ਹੋਰ ਕੋਈ ਅਡੰਬਰ ਨਹੀਂ ਕਰਨਾ ਚਾਹੀਦਾ ਕਿਉਂਕਿ ਸਾਦਗੀ ਹੀ ਸਦਗੁਣ ਸਿੱਖੀ ਵਿਚ ਮੰਨਿਆਂ ਗਿਆ ਹੈ। ਏਕੋ ਰੀਤ ਦੀ ਏਕਤਾ ਪ੍ਰਬਲ ਤੇ ਦ੍ਰਿੜ੍ਹ ਕਰਨੀ ਤੇ ਕਰਾਉਣੀ ਆਪਣੇ ਆਪ ਤੋਂ ਹੀ ਸ਼ੁਰੂ ਕਰਨੀ ਚਾਹੀਦੀ ਹੈ।

ਬੱਚੇ ਦੀ ਪਰਵਰਿਸ਼ ਦੌਰਾਨ ਗੁਰਮੁਖੀ ਵਿਦਿਆ, ਨਿੱਤਨੇਮੀ ਜੀਵਨ, ਸਿੱਖੀ ਬਿਰਧ, ਇਤਿਹਾਸ, ਅਤੇ ਗੁਰੂ ਇਤਿਹਾਸ ਦੀ ਚੇਤਨਾ ਤੇ ਗੁਰਮਤਿ ਦਾ ਗਿਆਨ ਕਰਵਾਉਣਾ ਮਾਤਾ ਪਿਤਾ ਨੂੰ ਹਮੇਸ਼ਾਂ ਉਵੇਂ ਹੀ ਯਾਦ ਰੱਖਣਾ ਤੇ ਕਰਮ ਕਰਨਾ ਗੁਰੂ ਆਸ਼ੇ ਤੇ ਅਕਾਲ ਪੁਰਖ ਪਰਥਾਏ ਫ਼ਰਜ਼ ਹੈ ਜਿਵੇਂ "ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ॥"[506] ਅਤੇ "ਸਾਬਤ ਸੂਰਤਿ ਦਸਤਾਰ ਸਿਰਾ ॥"[1084] ਦੁਨਿਆਵੀ ਸਿਖਿਆ ਅਤੇ ਸੰਸਕਾਰਾਂ ਤੋਂ ਪਹਿਲਾਂ ਬੱਚੇ ਨੂੰ ਇਸ ਵਿਦਿਆ ਦਾ ਅਧਿਐਨ ਅਤੇ ਨਿਪੁਣ ਬਣਾਉਣਾ ਪਿਤਾ ਅਤੇ ਮਾਤਾ ਦਾ ਆਪਣੀ ਨਸਲ ਪ੍ਰਤੀ ਫ਼ਰਜ਼ ਹੈ, ਜੋ ਅਕਾਲ ਨਿਮਿਤ ਧਰਮ ਹੈ।

# ਦਸਤਾਰ ਬੰਦੀ

"ਸਾਬਤ ਸੂਰਤਿ ਦਸਤਾਰ ਸਿਰਾ ॥" 1084

## ਗੁਰਮਤਿ ਅਰਥ

**ਦਸਤਾਰ ਬੰਦੀ-** ਜਿਵੇਂ ਕਿ ਸਿੱਖ ਨੂੰ ਗੁਰਬਾਣੀ ਵਿਚ "ਪਿਤਾ ਜਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ" 82 ਤੋਂ ਸਪਸ਼ਟ ਹੈ ਕਿ ਜਦੋਂ ਗੁਰੂ ਆਪਣੇ ਸਿੱਖ ਦੀ ਕਰਨੀ ਦੇ ਵਿਵਹਾਰਿਕ ਕਿਰਦਾਰ ਤੋਂ ਖ਼ੁਸ਼ ਹੁੰਦਾ ਹੈ ਤਾਂ ਆਪਣੇ ਸਿੱਖ ਨੂੰ ਸਿੱਖੀ ਸਿਦਕ ਦੀ ਬਖ਼ਸ਼ਿਸ਼ ਕਰਦਾ ਹੈ। ਭਾਈ ਗੁਰਦਾਸ ਜੀ ਵਾਰ 26 ਦੇ ਬੰਦ 29 ਵਿਚ ਲਿਖਦੇ ਹਨ 'ਸਤਿਗੁਰ ਵੰਸੀ ਪਰਮ ਹੰਸੁ ਗੁਰ ਸਿਖ ਹੰਸ ਵੰਸੁ ਨਿਬਹੰਦਾ। ਪਿਅ ਦਾਦੇ ਦੇ ਰਾਹਿ ਚਲੰਦਾ॥'

ਅਜਿਹੀ ਸਭਿਅਤਾ ਦਾ ਧਾਰਨੀ ਜਿਸ ਬਾਰੇ ਭਾਈ ਦੇਸਾ ਸਿੰਘ ਜੀ ਰਹਿਤ ਨਾਮੇ ਵਿਚ ਸਪਸ਼ਟ ਕਰਦੇ ਹਨ 'ਗੁਰੂ ਸਰੂਪ ਖ਼ਾਲਸਾ ਹਈਏ। ਜਾ ਕੀ ਟਹਲ ਪਰਮ ਸੁਖ ਲਈਏ।' ਬੱਚੇ (ਲੜਕੀ ਜਾਂ ਲੜਕੇ) ਦੇ ਸਿਰ ਤੇ ਪੰਥ ਦੀ ਕਿਰਪਾ ਦਸਤਾਰ ਸਜਾਉਣ ਦਾ ਅਰਥ ਬੜਾ ਸਪਸ਼ਟ ਅਤੇ ਗੰਭੀਰ ਬਣ ਜਾਂਦਾ ਹੈ : ਪਿਤਾ ਪੁਰਖੀ ਸਰਦਾਰੀ ਦੀ ਵਿਰਾਸਤ ਦਾ ਉੱਤਰ ਅਧਿਕਾਰੀ ਬਣਨਾ।

ਹੇ ਅਕਾਲ ਪੁਰਖ ਜੀਓ, ਪੰਥ ਖ਼ਾਲਸਾ ਜੀ ਦੀ ਜਥੇਬੰਦ ਜਮਾਤ ਦੀ ਸਭਿਅਤਾ ਵਿਚੋਂ ਹੁਣ ਮੈਂ ਨਿਸ਼ੰਗ ਹੋ ਕੇ ਐਲਾਨ ਕਰਦਾ ਹਾਂ "ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥ ਏਕੈ ਠਾਹਰ ਦੁਹਾ ਬਸੇਰਾ॥" 476 ਮੈਂ ਤੇਰਾ ਬੱਚਾ ਹਾਂ ਤੂੰ ਮੇਰਾ ਬਾਪ ਹੈ ਤੇ ਸਾਡਾ ਦੋਹਾਂ ਦਾ ਇੱਕੋ ਥਾਂ ਤੇ ਨਿਵਾਸ ਹੈ। ਸਾਡੇ ਦੋਹਾਂ ਦੀ ਇੱਕੋ ਸੂਝ ਇੱਕੋ ਮਤ, ਇੱਕੋ ਦ੍ਰਿਸ਼ਟੀ, ਇੱਕੋ ਮੰਜ਼ਿਲ ਤੇ ਇੱਕੋ ਹੀ ਠਾਹਰ ਹੈ। ਸਤਿਗੁਰੂ ਦੀ ਕਿਰਪਾ ਮਾਲ ਮੈਨੂੰ ਜੀਵਨ ਰਸਤੇ ਦੀ ਸਾਰੀ ਸੂਝ ਪੇ ਗਈ ਹੈ।

## ਇਤਿਹਾਸਿਕ ਵਿਸਥਾਰ

ਸਿੱਖ ਸਮਾਜ ਵਿਚ ਗੁਰੂ ਕਾਲ ਤੋਂ ਹੀ ਔਰਤ ਅਤੇ ਮਰਦ ਦੋਹਾਂ ਲਈ ਕੇਸਾਂ ਦੀ ਸੰਭਾਲ ਲਈ ਸਿਰ ਢੱਕਣ ਦੀ ਪਰੰਪਰਾ ਹੈ ਜੋ ਹੋਲੀ ਹੋਲੀ ਵਿਕਸਤ ਹੋ ਕੇ ਸਵੈ ਸਵੀਕਾਰੀ ਮਰਿਆਦਾ ਦਾ ਰੂਪ ਵਟਾ ਚੁੱਕੀ ਹੈ।

ਸਿੱਖਾਂ ਦੇ ਜੰਗੀ ਕਾਲ ਵਿਚ ਔਰਤ ਲਈ ਵੀ ਕੇਸਕੀ ਜ਼ਰੂਰਤ ਦੀ ਕਾਢ ਬਣੀ। ਨਿਯਮ ਇਹ ਬਣਾਇਆ ਗਿਆ ਕਿ ਔਰਤ ਚਾਹੇ ਕੇਸਕੀ ਜਾਂ ਦਸਤਾਰ ਸਜਾਏ ਜਾਂ

ਨਾਂਹ ਇਹ ਉਸ ਦੀ ਇੱਛਾ ਤੇ ਛੱਡ ਦਿੱਤਾ; ਪਰ ਸਿਰ ਢੱਕਣ ਦੀ ਸਵੈ ਅਪਣਾਈ ਮਰਿਆਦਾ ਚੱਲਦੀ ਰਹੀ। ਪਰ, ਮਰਦ ਲਈ ਕੇਸਾਂ ਦੇ ਜੂੜੇ ਦੀ ਸੰਭਾਲ ਤੋਂ ਬਾਅਦ ਦਸਤਾਰ ਸਵੈ ਇੱਛਿਤ ਜ਼ਰੂਰਤ ਪੱਖੋਂ ਲਾਜ਼ਮੀ ਲਿਬਾਸ ਦਾ ਅੰਗ ਬਣਾ ਲਿਆ ਗਿਆ। ਸਮਾਜਿਕ ਸੰਸਕਾਰਾਂ ਵਿਚ ਜਦੋਂ ਇੱਕ ਟੱਬਰ ਦਾ ਮੁਖੀ ਸਵਾਸ ਛੱਡ ਵਿਛੋੜਾ ਦੇ ਜਾਂਦਾ ਸੀ ਤਾਂ ਉਸ ਦੇ ਟੱਬਰ ਦੇ ਵਡੇਰੇ ਪੁੱਤਰ ਨੂੰ ਉਸ ਦੀ ਥਾਂ ਤੇ ਮੁਖੀ ਥਾਪਣ ਲਈ ਦਸਤਾਰ ਦਿੱਤੀ ਜਾਂਦੀ ਸੀ। ਇਹ ਘਰ ਦੇ ਮੁਖੀ ਬਣਨ ਦੀ ਪੁਰਾਤਨ ਰੀਤ ਚੱਲਦੀ ਆ ਰਹੀ ਸੀ।

ਇਸਲਾਮ ਵਿਚ ਜਦੋਂ ਕਿਸੇ ਕਾਨੂੰਨੀ ਜ਼ਿੰਮੇਵਾਰੀ ਤੇ ਕਿਸੇ ਦੀ ਨਿਯੁਕਤੀ ਹੁੰਦੀ ਸੀ ਤਾਂ ਉਸ ਨੂੰ ਦਸਤਾਰ ਦਿੱਤੀ ਤੇ ਬੰਨ੍ਹੀ ਜਾਂਦੀ ਸੀ। ਇਸ ਰੀਤ ਨੂੰ ਵੀ ਸਮਾਜ ਨੇ ਭਾਂਤ ਭਾਂਤ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਤੇ ਬਿਰਾਜਮਾਨ ਕਰਨ ਵਾਲੇ ਵਿਅਕਤੀਆਂ ਦੇ ਸਤਿਕਾਰ ਵਿਚ ਵਰਤਣਾ ਅਰੰਭ ਦਿੱਤਾ ਹੋਇਆ ਹੈ।

## ਨਾਨਕਸ਼ਾਹੀ ਨਜ਼ਰੀਆ

ਸਿੱਖ ਧਰਮ ਵਿਚ ਸਿਰ ਢੱਕਣ ਦੀ ਮਰਿਆਦਾ ਨੂੰ "ਦਸਤਾਰ ਬੰਦੀ" ਵਿਚ ਤਬਦੀਲ ਛੇਵੀਂ ਪਾਤਸ਼ਾਹੀ ਮੀਰੀ-ਪੀਰੀ ਦੀ ਪਾਤਸ਼ਾਹੀ ਦੇ ਮਾਲਕ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਧਾਰਨ ਕਰਨ ਵੇਲੇ ਆਪ ਅਰੰਭੀ ਹੈ। ਅਤੇ ਇਸ ਨੂੰ ਸਮਾਜ ਵਿਚ "ਸਿੱਖ" ਦੀ "ਸਰਦਾਰੀ" ਦੀ ਮਾਨਤਾ ਦਿੱਤੀ ਅਤੇ ਦਿਵਾਈ । "ਸਰਦਾਰੀ" ਅਰਥਾਤ "ਹੁਕਮਰਾਨ ਆਗੂ" ਹੋਣ ਦੇ ਸਾਰੇ ਗੁਣ ਅਤੇ ਪਰਗਟ ਰੀਤਾਂ, ਰਿਵਾਜ਼ਾਂ, ਪੋਸ਼ਾਕ ਅਤੇ ਰਹਿਣ-ਸਹਿਣ ਧਾਰਨ ਕਰਨ ਦੇ ਆਦੇਸ਼ ਦਿੱਤੇ ਗਏ। ਜਿਸ ਦਾ ਆਰੰਭ ਗੁਰੂ ਸਾਹਿਬ ਲਈ ਨਜ਼ਰਾਨਾ ਭੇਟ ਵਿਚ ਚੰਗੇ ਸ਼ਸਤਰ, ਅਰਬੀ ਨਸਲ ਦੇ ਬਿਹਤਰੀਨ ਘੋੜੇ ਅਤੇ ਆਪ ਸ਼ਸਤਰਬੱਧ ਹੋ ਕੇ ਆਉਣ ਦੀ ਪ੍ਰਥਾ ਦਾ ਅਰੰਭਣਾ ਹੈ । ਸਤਿਗੁਰੂ ਨੇ ਮੀਰੀ ਅਤੇ ਪੀਰੀ ਦੀਆਂ ਕਿਰਪਾਨਾਂ ਪਹਿਨ ਕੇ ਦੋਹਾਂ ਦੀ ਦਸਤਾਰ ਸਜਾਈ। ਜਿਸ ਨੂੰ ਖ਼ਾਲਸਾ ਜੀ ਦੇ ਬੋਲਿਆਂ ਵਿਚ ਅੱਗੋਂ ਚੱਲ ਕੇ ਦੁਮਾਲਾ ਕਿਹਾ ਗਿਆ । ਸਿੱਖ ਗੁਰਿਆਈ ਦੇ ਜੀਵਨ ਕਾਲੀ ਇਹ ਸਿੱਖ ਸਭਿਅਤਾ ਅਤੇ ਸਭਿਆਚਾਰ ਦਾ ਕ੍ਰਮਗਤ ਵਿਕਾਸ ਦਾ ਪ੍ਰਤੱਖ ਪ੍ਰਮਾਣ ਹੈ। ਜੋ ਦਸਵੀਂ ਪਾਤਸ਼ਾਹੀ ਦੇ ਸਮੇਂ ਤਕ ਸ਼ਸਤਰ ਤੇ ਦਸਤਾਰ ਧਾਰਨਾ ਸਿੱਖ ਮਨੁੱਖ ਦੀ ਅੰਗ ਨਾਲ ਅੰਗੀਕਾਰੀ ਦੀ ਸਮਾਜਿਕਤਾ ਦਾ ਰੂਪ ਬਣ ਚੁੱਕੀ ਸੀ। ਇੰਜ ਬਿਨਾ ਸ਼ਸਤਰ ਅਤੇ ਦਸਤਾਰ ਤੋਂ ਸਿੱਖ ਦੀ ਕਲਪਨਾ ਕਰਨਾ ਨਾ-ਮੁਮਕਿਨ ਵਰਤਾਰਾ ਬਣ ਗਿਆ।

ਖ਼ਾਲਸੇ ਦੇ ਜਨਮ ਦਾਤਾ ਸਰਕਾਰ ਏ ਖ਼ਾਲਸਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਭਾਈ ਨੰਦ ਲਾਲ ਜੀ ਆਪਣੇ ਤਨਖ਼ਾਹ ਨਾਮਾ ਵਿਚ ਬੰਦ 13 ਵਿਚ ਦਰਜ ਕਰਦੇ ਹਨ "ਕੰਘਾ ਦੋਨਉ ਵਕਤ ਕਰ ਪਾਗ ਚੁਨਹਿ ਕਰ ਬਾਂਧਈ॥" ਅਰਥਾਤ ਦਸਤਾਰ

ਨੂੰ ਹਰ ਵਾਰ ਖੋਲ੍ਹ ਕੇ ਦੁਬਾਰਾ ਚੁਣ ਚੁਣ ਕੇ ਸੁੰਦਰ ਤਰੀਕੇ ਨਾਲ ਬੰਨ੍ਹਣੀ; ਸਿਰ ਤੇ ਬੱਝੀ ਬਝਾਈ ਟੋਪੀ ਵਾਂਗ ਨਹੀਂ ਧਰਨੀ। ਇਹੋ ਸਿੱਖ ਦੀ ਖ਼ਾਲਸਤਾਈ ਸਭਿਅਤਾ ਹੈ।

**ਜੀਵਨ ਅਮਲ ਵਿਚ ਅਪਣਾਉਣਾ**

ਲਗਭਗ 6 ਸਾਲ ਦੀ ਉਮਰ ਤੱਕ ਜਦੋਂ ਬੱਚਾ ਲੜਕੀ ਜਾਂ ਲੜਕਾ ਦੋਹਾਂ ਵਾਸਤੇ; ਆਪਣੀ ਸੰਭਾਲ ਭਾਵ ਕੱਪੜੇ ਆਦਿ ਪਹਿਨਣਾ ਖ਼ੁਦ ਕਰਨ ਲੱਗ ਜਾਵੇ ਤਾਂ ਉਸ ਦੀ ਦਸਤਾਰ ਬੰਦੀ ਕਰ ਦੇਣੀ ਚਾਹੀਦੀ ਹੈ।

ਇਸ ਹਿਤ ਖ਼ਾਸ ਪ੍ਰੋਗਰਾਮ ਰੱਖਣ ਦੀ ਲੋੜ ਨਹੀਂ ਹੁੰਦੀ। ਸਿੱਖੀ ਵਿਧਾਨ ਵਿਚ ਗੁਰੂ ਦੀਆਂ ਬਖਸ਼ਿਸ਼ਾ ਹਿਤ ਖ਼ਾਸ ਇੰਤਜ਼ਾਮ ਦਾ ਕੋਈ ਖ਼ਿਆਲ ਨਹੀਂ ਹੈ। ਪੂਰੇ ਪਰਿਵਾਰ ਨੂੰ ਆਪ ਤੇ ਜੇ ਚਾਹੁਣ ਤਾਂ ਰਿਸ਼ਤੇਦਾਰਾਂ, ਦੋਸਤਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਸਦਨਾਂ ਚਾਹੀਦਾ। ਘਰੋਂ ਦੇਗ ਬਣਾ ਕੇ ਲੈ ਜਾਣੀ ਚਾਹੀਦੀ ਹੈ। ਨਾਲ ਹੀ ਦਸਤਾਰ ਵੀ ਨਵੀਂ ਲੈ ਲੈਣੀ ਚਾਹੀਦੀ ਹੈ। ਗੁਰਦੁਆਰਾ ਸਾਹਿਬ ਜਾ ਕੇ ਸਜੇ ਦੀਵਾਨ ਵਿਚ ਜਾਂ ਦੀਵਾਨ ਸਜਾ ਕੇ ਅਰਦਾਸੀਏ ਸਿੱਖ ਤੋਂ ਦਸਤਾਰਬੰਦੀ ਦੀ ਅਰਦਾਸ ਕਰਵਾ ਕੇ ਕਿਸੇ ਵੀ ਸਿੰਘ ਨੂੰ ਬੱਚੇ ਨੂੰ ਦਸਤਾਰ ਸਜਾਉਣ ਹਿਤ ਕਹਿਣਾ ਚਾਹੀਦਾ ਹੈ।

ਬੱਚੇ ਨੂੰ ਗੁਰੂ ਸਾਹਿਬ ਦੇ ਸਨਮੁੱਖ ਬਿਠਾ ਕੇ ਦਸਤਾਰ ਸਜਾਉਣੀ ਚਾਹੀਦੀ ਹੈ। ਉਪਰੰਤ ਬੋਲੇ ਸੋ ਨਿਹਾਲ ਦਾ ਜੈਕਾਰਾ ਛੱਡ ਕੇ ਸੰਗਤ ਦੀ ਪ੍ਰਵਾਨਗੀ ਲੈਣੀ ਤੇ ਫਿਰ ਬੱਚੇ ਵੱਲੋਂ ਸੰਗਤਾਂ ਨਾਲ 'ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥ ਪਰਵਾਨ ਕਰਾਉਣੀ ਚਾਹੀਦੀ ਹੈ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਦੇਗ ਵਰਤਾਈ ਜਾਵੇ।

ਬੱਚੇ ਨੂੰ ਦਸਤਾਰ ਦਾ ਇਤਿਹਾਸ ਸੰਖੇਪ ਵਿਚ ਸਮਝਾਇਆ ਜਾਵੇ ਤੇ ਇਹ ਗੁਰੂ ਘਰ ਵੱਲੋਂ ਦ੍ਰਿੜ੍ਹ ਕਰਵਾਇਆ ਜਾਵੇ ਕਿ ਹੁਣ ਇਹ ਤੇਰੇ ਸਿਰ ਤੇ ਸਿੱਖੀ ਦੀ ਜ਼ਿੰਮੇਵਾਰੀ ਦੀ ਸਰਦਾਰੀ ਦੀ ਦਸਤਾਰ ਸਤਿਗੁਰਾਂ ਨੇ ਬਖ਼ਸ਼ਿਸ਼ ਕੀਤੀ ਹੈ। ਇਸ ਦੀ ਇੱਜ਼ਤ ਅਣਖ ਅਤੇ ਰੱਖਿਆ ਹੁਣ ਤੋਂ ਤੇਰਾ ਕਰਤੱਵ ਹੈ।

ਇਹ ਦਸਤਾਰ ਗੁਰੂ ਪੰਥ ਖ਼ਾਲਸਾ ਜੀ ਦੀ ਪ੍ਰਭੂ ਸਤਾ ਸੰਪੰਨ ਪਾਤਸ਼ਾਹੀ ਦੀ ਹੈ ਤੇ ਅੱਜ ਤੋਂ ਤੂੰ ਇਸ ਸਾਂਝੀ ਪਾਤਸ਼ਾਹੀ ਦਾ ਇੱਕ ਇਕਾਈ ਹਿੱਸਾ ਹੋ ਗਿਆ ਹੈ। ਰਹਿੰਦੀ ਜ਼ਿੰਦਗੀ ਤਕ ਇਸ ਦੀ ਆਨ, ਬਾਣ, ਸ਼ਾਨ ਦੀ ਸੰਭਾਲ ਕਰਨਾ ਤੇ ਇਸ ਲਈ ਤਤਪਰ ਰਹਿਣਾ ਤੇਰਾ ਕਰਤੱਵ ਹੋ ਗਿਆ ਹੈ। ਜਿਸ ਦੀ ਸਭਿਅਤਾ ਦਾ ਤੂੰ ਮਾਲਕ ਅਤੇ ਸਭਿਆਚਾਰ ਦਾ ਤੂੰ ਕਿਰਦਾਰ ਬਣ ਕੇ ਸੰਸਾਰ ਵਿਚ ਪੰਥ ਖ਼ਾਲਸਾ ਕੌਮ ਦਾ ਬਤੌਰ ਅੰਬੈਸਡਰ ਵਿਚਰਨਾ ਹੈ।

ਸਮਾਜ ਨੂੰ ਵੀ ਗੁਰੂ ਘਰ ਵੱਲੋਂ ਇਸ ਹਿਤ ਸੁਨੇਹਾ ਦੇਣਾ ਲਾਜ਼ਮੀ ਬਣਦਾ ਹੈ ਕਿ ਸਿੱਖ ਸਮਾਜ ਸਮੂਹਿਕ ਜ਼ਿੰਮੇਵਾਰੀ ਵਜੋਂ ਆਪਣੇ ਇਸ ਗੁਰੂ ਸੁਤ ਦੀ ਪਰਵਰਿਸ਼ ਵਿਚ

ਖ਼ਾਲਸਤਾਈਤਾ ਦੀ ਹਰ ਜ਼ਿੰਮੇਵਾਰੀ ਅਤੇ ਬਣਦੀ ਭੂਮਿਕਾ ਆਪ ਅੱਗੇ ਹੋ ਕੇ ਅਦਾ ਕਰੇ। ਇਸ ਬੱਚਾ ਕਿਸੇ ਦਾ ਨਾਂਹ ਸਮਝਿਆ ਜਾਵੇ ਸਗੋਂ ਸਮੁੱਚਾ ਸਿੱਖ ਜਗਤ ਹਰ ਇੱਕ ਸਿੱਖ ਬੱਚੇ ਨੂੰ "ਗੁਰ ਸੁਤ" ਵਜੋਂ ਆਪਣਾ ਜਾਣੇ ਤੇ ਆਪਣੇ ਬੱਚਿਆਂ ਵਾਂਗ ਹੀ ਬਣਦੀ ਜ਼ਿੰਮੇਵਾਰੀ ਤੇ ਫ਼ਰਜ਼ ਨਿਬਾਹੇ।

ਗੁਰਮਤਿ ਦੀ ਸਾਂਝੀਵਾਲਤਾ ਦਾ ਸਿੱਖ ਟੱਬਰ ਵਿਚਲਾ ਆਰੰਭ ਇੱਥੋਂ ਹੀ ਹੁੰਦਾ ਹੈ। ਇੱਥੇ ਹੀ ਪਹੁੰਚ ਕੇ ਪੰਥਕ ਟੱਬਰ ਵਿਚ ਸ਼ਮੂਲੀਅਤ ਨਾਲ ਸਿੱਖ ਪੰਥ ਦਾ ਹਿੱਸਾ ਬਣ ਕੇ ਪੰਥ ਗੁਰੂ ਦੀ ਗੁਰਿਆਈ ਦੇ ਅਮਲ ਵਿਚ ਜੁਗਤੀ ਹੰਢਾਉਣ ਦੇ ਸਮਰੱਥ ਬਣ ਕੇ ਆਪਣੀ ਗੁਰਿਆਈ ਦੇ ਫ਼ਰਜ਼ ਪੂਰੇ ਕਰਨ ਬਾਰੇ ਸੋਚਣਾ ਤੇ ਕਰਮ ਕਰਨ ਵੱਲ ਉਤਾਵਲਾ ਹੋਣ ਦੀ ਵਿਵਹਾਰਿਕਤਾ ਵਿਚ ਪੈਣ ਦੇ ਸਮਰੱਥ ਬਣਦਾ ਹੈ। ਇਹੋ ਅਮਲ ਹੀ ਸਿੱਖ ਨੂੰ "ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ" ਦਾ ਅਮਲ ਸੰਪੂਰਨ ਹੁੰਦਾ ਹੈ ਤੇ "ਹਉ ਪੂਤੁ ਤੇਰਾ, ਤੂੰ ਬਾਪੁ ਮੇਰਾ" ਦਾ ਸੰਕਲਪ ਅਣਖ ਵਿਚ ਜਾਗ ਉੱਠਦਾ ਹੈ।

## ਦਸਤਾਰ, ਦੁਮਾਲਾ ਜਾਂ ਪੱਗ ਅਤੇ ਕੇਸਕੀ

ਇਨ੍ਹਾਂ ਦੀ ਕੱਪੜੇ ਦੀ ਲੰਬਾਈ ਚੌੜਾਈ ਦਾ ਕੋਈ ਵੀ ਤੈਅ ਸ਼ੁਦਾ ਮਾਪ ਨਹੀਂ ਹੈ। ਇਹ ਸਭ ਦੀ ਆਪੋ ਆਪਣੀ ਲੋੜ ਤੇ ਪਸੰਦ ਤੇ ਨਿਰਭਰ ਹੈ। ਪਰ, ਸਿਰ ਤੇ ਬੰਨ੍ਹੇ ਜਾਣ ਵਾਲੇ ਰੁਮਾਲ ਜਾਂ ਪਟਕੇ ਨੂੰ ਇਨ੍ਹਾਂ ਦੀ ਥਾਂ ਤੇ ਕੋਈ ਮਾਨਤਾ ਨਹੀਂ ਹੈ। ਬਿਨਾ ਸ਼ੱਕ ਰੁਮਾਲ ਤੇ ਪਟਕੇ ਤੋਂ ਇਨ੍ਹਾਂ ਦਾ ਮਾਪ ਵੱਧ ਹੀ ਹੁੰਦਾ ਹੈ ਤੇ ਹੋਣਾ ਚਾਹੀਦਾ ਹੈ

# ਅਨੰਦ ਸੰਸਕਾਰ

## ਅਨੰਦ ਕਾਰਜ

### ਗੁਰਮਤਿ ਅਰਥ

ਅਨੰਦ ਸੰਸਕਾਰ ਤੋਂ ਇੱਥੇ ਅਰਥ ਸਿੱਖ ਰੀਤੀ ਅਨੁਸਾਰ ਕਰਵਾਏ ਜਾਂਦੇ ਵਿਆਹ ਦੀ ਰਸਮਾਂ ਅਤੇ ਮਰਿਆਦਾ ਤੋਂ ਹੈ । ਗੁਰਮਤਿ ਅਨੁਸਾਰ ਵਿਆਹ ਸੰਸਕਾਰ ਦੀ ਇਸ ਪੂਰੀ ਵਿਧੀ ਵਿਧਾਨ ਨੂੰ "ਅਨੰਦ ਕਾਰਜ" ਕਿਹਾ ਜਾਂਦਾ ਹੈ ।

### ਗੁਰਬਾਣੀ ਵਿਸਥਾਰ

ਸਿੱਖ ਦਾ ਜੀਵਨ ਸੰਗਤੀ ਜੀਵਨ ਹੈ। ਜਿਸ ਦਾ ਕਰਮ ਖੇਤਰ ਅਕਾਲ ਪੁਰਖ ਨਾਲ 'ਆਤਮਕ ਵਿਆਹ' ਨਿਰਧਾਰਿਤ ਕੀਤਾ ਗਿਆ ਹੈ-"ਕਹਿ ਕਬੀਰ ਮੋਹਿ ਬਿਆਹਿ ਚਲੈ ਹੈ ਪੁਰਖ ਏਕ ਭਗਵਾਨਾ" [482]" ।
ਗੁਰੂ ਨਾਨਕ ਸਾਹਿਬ ਜੀ ਦਾ ਫ਼ਰਮਾਨ ਹੈ "ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥ ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥1॥ ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥" [351] ਸੰਖੇਪ ਭਾਵਾਰਥ ਇਹ ਹੈ ਕਿ ਮਨੁੱਖ ਆਪਣੀਆਂ ਇਸਤ੍ਰੀ ਬਣੀ ਬੈਠੀਆਂ ਇੰਦਰੀਆਂ ਨੂੰ ਕਾਮਨੀ ਕਹਿ ਸੰਬੋਧਨ ਕਰਦਾ ਹੈ ਕਿ ਮੇਰੀ ਅਜਿਹੀ ਗਿਆਨ ਰੂਪੀ ਪਾਰਖੂ ਬਿਰਤੀ (ਬਿਬੇਕ) ਬਣਾਓ ਕਿ ਪ੍ਰਭੂ ਪਤੀ (ਸਹੁ ਵੀਆਹਣ) ਨਾਲ ਡੂੰਘੀ ਸਾਂਝ ਬਣਾਉਣ ਲਈ ਖ਼ਿਆਲ (ਬਿਚਾਰ) ਪੈਦਾ ਕਰਨ ਵਾਲਾ ਹਰਿ ਜਸ (ਸ਼ਬਦ) ਦਾ ਕੀਰਤਨ ਗਾਓ । ਕਿਉਂ ? "ਗੁਰਦੁਆਰੈ ਹਰਿ ਕੀਰਤਨੁ ਸੁਣੀਐ" [1073] ਤਾਂ "ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ" [730] ਮੇਰੇ ੧ਓ ਗੁਰੂ ਪ੍ਰਭੂ ਨੇ ਮੈਨੂੰ ਦੱਸਿਆ ਹੈ। ਇੱਥੇ ਹੀ ਬੁੱਧ ਵਿੱਚ ਕੀਤੇ ਸੁੱਧ ਕਾਰਜ ਰਾਹੀਂ ਸਤ, ਸੰਤੋਖ, ਦਇਆ ਅਤੇ ਧਰਮ ਦਾ ਗੁਰਮੁਖ ਪਿੜ ਮੱਲ ਲੈਂਦਾ ਹੈ ਕਿਉਂਕਿ ਗੁਰੂ ਦੀ ਮਿਹਰ ਸਦਕਾ ਹੀ ਗੁਰਦੁਆਰੇ ਮੈਂ ਆਪਣੇ ਹਿਰਦੇ ਦੇ ਵਾਸ ਸਰੀਰ ਅੰਦਰ ਇੰਜ ਵਿਆਹ ਨਾਲ ਸਾਰੇ ਜਗਤ ਦਾ ਪਾਲਨ ਹਾਰ ਅਕਾਲ ਪੁਰਖ ਮੇਰੇ ਵਿੱਚ ਆਨ ਵੱਸਦਾ ਹੈ। ਇੰਜ ਮੈਂ ਸੁਹਾਗਣ ਬਣ ਗਈ ਹਾਂ ਅਰਥਾਤ ਮਨੁੱਖ ਵਿਆਹਿਆ ਗਿਆ ਹੈ। ਇੰਜ "ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥ ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥ [917]" ਮਨੁੱਖ ਦਾ ਇਹ ਵਿਆਹ 'ਗੁਰੂ' ਬਖ਼ਸ਼ਿਸ਼ ਨਾਲ ਹੀ ਹੋਇਆ ਹੈ। ਸਹਿਜੇ ਹੀ ਮਨੁੱਖ

ਨੂੰ ਅਜਿਹੇ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ ਕਿ ਉਸ ਦੇ ਹਿਰਦੇ ਅੰਦਰ 'ਅਨਹਦ ਨਾਦ' ਦੀ ਧੁੰਨ ਕਾਰ ਰਾਹੀਂ ਮਨ, ਚਿੱਤ ਵਿੱਚ ਵਧਾਈਆਂ ਦਾ ਖੇੜਾ ਅਤੇ ਜਲੌ ਮਚਲ ਉੱਠਦਾ ਹੈ।

## ਨਾਨਕਸ਼ਾਹੀ ਨਜ਼ਰੀਆ

"ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ ਬਲਿਆ ਗੁਰ ਗਿਆਨੁ, ਅੰਧੇਰਾ ਬਿਨਸਿਆ, ਹਰਿ ਰਤਨੁ ਪਦਾਰਥੁ ਲਾਧਾ ॥ ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ, ਨ ਕਦੇ ਮਰੈ ਨ ਜਾਇਆ॥ ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ॥"[78] ਨਾਨਕ ਸਾਹਿਬ ਜੀ ਆਖਦੇ ਹਨ ਕਿ ਸਭ ਜੀਵ ਇਸਤ੍ਰੀਆਂ ਦਾ ਪਤੀ ਇੱਕੋ ਅਕਾਲ ਪੁਰਖ ਹੀ ਹੈ।

ਇੰਜ ਸੁਹਾਗਣ ਬਣ ਚੁੱਕੇ ਮਨੁੱਖ ਲਈ ਗੁਰੂ ਨਾਨਕ ਦੇ ਘਰ ਤੋਂ, ਗੁਰੂ ਨਾਨਕ ਦੀ ਅੰਸ ਅਤੇ ਬੰਸ ਅੱਗੇ ਤੋਰਨ ਲਈ ਇਹ ਸਿੱਖਿਆ ਹੈ ਕਿ "ਮਾਤਾ ਮਤਿ ਪਿਤਾ ਸੰਤੋਖੁ॥ ਸਤੁ ਭਾਈ ਕਰਿ ਏਹੁ ਵਿਸੇਖੁ॥ 1॥ ....ਸਰਮ ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ॥ 2॥ ਸਾਹਾ ਸੰਜੋਗੁ ਵੀਆਹੁ ਵਿਜੋਗੁ॥ ਸਚੁ ਸੰਤਤਿ ਕਹੁ ਨਾਨਕ ਜੋਗੁ॥ 3॥"[151-2] ਪ੍ਰੋ ਸਾਹਿਬ ਸਿੰਘ ਅਨੁਸਾਰ ਜੇ ਕੋਈ ਜੀਵ-ਇਸਤ੍ਰੀ ਉੱਚੀ ਮਤਿ ਨੂੰ ਆਪਣੀ ਮਾਂ ਬਣਾ ਲਏ (ਉੱਚੀ ਮਤਿ ਦੀ ਗੋਦੀ ਵਿਚ ਪਲੇ ਅਤੇ ਅੱਗੋਂ ਪਾਲੇ) ਸੰਤੋਖ ਨੂੰ ਆਪਣਾ ਪਿਉ ਬਣਾਏ (ਪਿਉ ਵੀ ਅੱਗੋਂ "ਸੰਤੋਖ"-ਪਿਤਾ ਦੀ ਨਿਗਰਾਨੀ ਵਿਚ ਰਹੇ ਤੇ ਬੱਚਿਆਂ ਵਿਚ ਇਸੇ "ਸੰਤੋਖ" ਰਾਹੀਂ ਪ੍ਰਵੇਸ਼ ਕਰੇ), ਖ਼ਲਕਤ ਦੀ ਸੇਵਾ ਨੂੰ ਉਚੇਚਾ ਭਰਾ ਬਣਾਏ (ਖ਼ਲਕਤ ਦੀ ਸੇਵਾ-ਰੂਪ ਭਰਾ ਦਾ ਜੀਵਨ ਉੱਤੇ ਵਿਸ਼ੇਸ਼ ਅਸਰ ਪਏ)।1।; ਉੱਦਮ ਅਤੇ ਉੱਚੀ ਸੁਰਤਿ ਇਹ ਦੋਵੇਂ ਉਸ ਜੀਵ-ਇਸਤ੍ਰੀ ਦੇ ਸੱਸ ਸਹੁਰਾ ਬਣਨ; ਤੇ ਹੇ ਮਨ! ਜੇ ਜੀਵ ਸੁਚੱਜੀ ਜ਼ਿੰਦਗੀ ਨੂੰ ਇਸਤ੍ਰੀ ਬਣਾ ਲਏ ।2।; ਜੇ ਸਤ ਸੰਗ (ਵਿਚ ਜਾਣਾ) ਪ੍ਰਭੂ ਨਾਲ ਵਿਆਹ ਦਾ ਸਾਹਾ ਸੋਧਿਆ ਜਾਏ, ਸੁਭਾ ਬਣਾ ਲਏ; ਤਾਂ (ਇਸ ਵਿਆਹ ਵਿਚੋਂ) ਸੱਚ (ਭਾਵ, ਪ੍ਰਭੂ ਦਾ ਸਦਾ ਹਿਰਦੇ ਵਿਚ ਟਿਕੇ ਰਹਿਣਾ, ਉਸ ਜੀਵ-ਇਸਤ੍ਰੀ ਦੀ) ਸੰਤਾਨ ਹੈ । ਹੇ ਨਾਨਕ! ਆਖ-ਇਹ ਹੈ (ਸੱਚਾ) ਪ੍ਰਭੂ-ਮਿਲਾਪ ।3।' ਸਿੱਖ ਸਮਾਜ ਅੰਦਰ ਅਤੇ ਲਈ, ਇਹ ਹੈ ਸਿੱਖੀ ਸੰਕਲਪ ਵਿੱਚ 'ਵਿਆਹ' ਦੀ ਸੰਪੂਰਨਤਾ ਤੇ ਅੱਗੋਂ ਸੰਤਾਨ ਦੀ ਪ੍ਰਾਪਤੀ।

ਫੇਰ ਇੰਜ "ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ"[79] ਹੇ ਮੇਰੇ ਪਿਤਾ! ਹਰੀ ਪਤੀ ਨਾਲ 'ਅਕਾਲ ਪੁਰਖ' ਪਤੀ ਨਾਲ ਮਿਲ ਕੇ ਜੀਵ-ਇਸਤ੍ਰੀ ਦੀ ਪੀੜ੍ਹੀ ਚੱਲ ਪੈਂਦੀ ਹੈ। ਇੰਜ ਬੜਾ ਸਪਸ਼ਟ ਨਿੱਖਰ ਕੇ ਸਾਹਮਣੇ ਆਉਂਦਾ ਹੈ ਕਿ

ਨਾਨਕਸ਼ਾਹੀ ਸਿੱਖੀ ਵਿਆਹ ਦੇ ਗੁਰਮਤਿ ਸੰਕਲਪ ਵਿੱਚ ਮਾਨਵੀ ਸੰਦਰਭ ਇਹ ਹੈ ਕਿ ਗੁਰੂ ਨਾਨਕ ਦੀ ਸਿੱਖੀ ਦੀ ਅੰਸ, ਬੰਸ ਤੁਰ ਪੈਂਦੀ ਹੈ ਤੇ ਪੀੜੀ ਦਰ ਪੀੜੀ ਨਾਨਕਸ਼ਾਹੀ ਸਿੱਖੀ ਅੱਗੇ ਵਧਦੀ ਹੈ।

## ਸਿੱਖਾਂ ਦੇ ਵਿਆਹ "ਅਨੰਦ-ਕਾਰਜ" ਸਬੰਧੀ ਸਿੱਖ ਰਹਿਤ ਮਰਿਆਦਾ ਦਾ ਵਿਧੀ ਵਿਧਾਨ

ਉਪਰੋਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਿੱਤੇ ਸੰਕਲਪ ਅਨੁਸਾਰ ਹੀ ਇੰਨ ਬਿਨ 'ਸਿੱਖ ਰਹਿਤ ਮਰਿਆਦਾ' ਵਿੱਚ ਸਭ ਕੁੱਝ ਨੀਅਤ ਕਰ ਸਿੱਖ ਲਈ ਸੰਖੇਪ, ਸਰਲ ਅਤੇ ਸਿੱਧੀ ਜੀਵਨ ਵਿਧੀ ਦੱਸੀ ਗਈ ਹੈ। ਅਨੰਦ ਕਾਰਜ ਸਬੰਧੀ "ਗੁਰਮਤਿ" ਨੂੰ ਸਿੱਧੀ ਸਰਲ ਅਤੇ ਆਮ ਭਾਸ਼ਾ ਵਿੱਚ ਹੇਠ ਲਿਖੇ ਅਨੁਸਾਰ ਕਰਨਾ ਨੀਅਤ ਕੀਤਾ ਹੈ। ਇਸ ਨੂੰ ਕਿਸੇ ਵੀ ਦਲੀਲ ਜਾਂ ਕਿੰਤੂ ਜਾ ਤਰਕ ਨਾਲ ਇਹ ਨਹੀਂ ਕਿਹਾ ਜਾ ਸਕਦਾ ਕਿ "ਸਿੱਖ ਰਹਿਤ ਮਰਿਆਦਾ ਵਿੱਚ ਦਰਜ ਵਿਆਹ ਸਬੰਧੀ 'ਅਨੰਦ ਸੰਸਕਾਰ' ਦਾ ਨੀਅਤ ਕੀਤਾ ਗਿਆ ਵਿਧਾਨ" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ "ਗੁਰਮਤਿ" ਅਨੁਸਾਰ ਨਹੀਂ ਹੈ।

ਸਿੱਖ ਰਹਿਤ ਮਰਿਆਦਾ ਵਿੱਚ ਅਨੰਦ ਸੰਸਕਾਰ ਦਾ ਵਿਧੀ ਵਿਧਾਨ ਸਿੱਖ ਸੰਸਕਾਰਾਂ ਵਿਚ ਨੰਬਰ ਦੋ ਉੱਪਰ ਇੰਜ ਦਿੱਤਾ ਹੈ-

"2. ਅਨੰਦ ਸੰਸਕਾਰ

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰ ਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ। (ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇੱਕ ਕਿਰਪਾਨ, ਕੜਾ, ਤੇ ਕੁੱਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤ-ਵਾਰ, ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿਸੇ, ਨਿਯਤ ਕਰ ਲੈਣਾ ਚਾਹੀਏ। (ਗ) ਸਿਹਰਾ, ਮੁਕਟ ਜਾਂ ਗਾਨੇ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਝੰਡੀ ਵੱਢਣੀ, ਘੜੋਲੀ ਭਰਨੀ, ਰੁੱਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ

ਹੈ।(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਹਿ' ਗਜਾਈ ਜਾਵੇ।(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ, ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦੱਸੇ ਤੇ ਇਕੁਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕਮਿਕ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾਂ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ-ਵੱਖਰੇ, ਗ੍ਰਿਹਸਤ ਧਰਮ ਦੇ ਫ਼ਰਜ਼ ਦੱਸੇ ਜਾਣ।ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾ ਵਿਚ ਇੱਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। (ਇੱਥੇ ਦਾਸ ਦਾ ਗੁਰਮਤਿ ਅਨੁਕੂਲ ਮੱਤ ਇਹ ਹੈ ਕਿ ਇਹੁ ਲਾਈਨ ਸਿੱਖ ਮਰਿਆਦਾ ਦੇ ਵਿਰੁੱਧ ਹੈ। ਕਿਉਂਕਿ ਲੜਕੀ ਆਪ ਵੀ ਗੁਰੂ ਮਰਿਆਦਾ ਵਿਚ ਸੰਪੂਰਨ ਮਨੁੱਖ ਹੈ ਤੇ ਉਹ ਆਪਣੇ ਸਰੀਰ ਦੀ ਤੇ ਇੱਜ਼ਤ ਦੀ ਰੱਖਿਆ ਆਪ ਖ਼ੁਦ ਕਰਨ ਦੇ ਸਮਰੱਥ "ਖ਼ਾਲਸਾ ਜੀਵਨ ਜਾਂਚ" ਨੇ ਘੜੀ ਹੈ। ਇਹ ਤੁਕ ਲੜਕੀ ਨੂੰ ਮਰਦ ਪ੍ਰਧਾਨ ਸਮਾਜ ਦੇ ਗ਼ੁਲਾਮ ਵਜੋਂ ਹੀ ਲੈਂਦੀ ਤੇ ਵਿਵਹਾਰਦੀ ਹੈ। ਜੋ "ਨਾਨਕਸ਼ਾਹੀ ਸਰਕਾਰ ਦੀ ਗੁਰਮਤਿ ਪ੍ਰਣਾਲੀ" ਦੇ ਵਿਰੁੱਧ ਹੈ। ਅਜਿਹੀ ਮਨੋਬਿਰਤੀ ਦੀ ਗ਼ੁਲਾਮੀ ਕਰ ਕੇ ਹੀ ਇਸਤ੍ਰੀ ਨੂੰ ਵਿਆਹ ਤੋਂ ਬਾਅਦ ਮਰਦ ਦੀ ਪਰਤਾੜਨਾਂ ਤੇ ਤਸ਼ੱਦਦ ਸਹਿਣੇ ਪੈਂਦੇ ਹਨ।) ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨ੍ਹਿਆਂ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ (ਦਰਅਸਲ ਨਿਰਮਲ ਭਉ ਵਿਚ ਰਹਿਣ ਦਾ ਉਪਦੇਸ਼ ਤਾਂ ਚਾਰ ਲਾਵਾ ਵਿਚ ਸ਼ਬਦ ਗੁਰੂ ਅਕਾਲ ਪੁਰਖ ਨਿਮਿਤ ਦੇ ਰਹੇ ਹਨ। ਇਸ ਲਈ ਇੱਥੇ ਇਹੋ ਉਪਦੇਸ਼ ਢੁੱਕਦਾ ਹੈ ਕਿ "ਅਕਾਲ ਪੁਰਖ ਦੇ ਨਿਰਮਲ ਭਉ ਵਿਚ ਵਿਚਰਦੇ ਹੋਏ) ਹੀ ਆਪਣੇ ਜੀਵਨ ਸਾਥੀ ਨੂੰ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ {ਨਹੀਂ ਅਧਿਕਾਰੀ} ਸਮਝਣਾ (ਰੱਖਣਾ), ਦੁੱਖ ਸੁਖ, ਦੇਸ਼ ਪ੍ਰਦੇਸ਼ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ, ਇਨ੍ਹਾਂ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦੇ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ 4 ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾ ਕਰਨ। ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆ ਹਰ ਇੱਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਉਪਰੰਤ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸੱਬਬ ਪਾਇ ਕੈ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਉੱਥੇ ਪ੍ਰਸ਼ਾਦ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖ਼ਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ, ਜੋ ਗੁਰੂ ਨੇ ਦੋਵੇਂ ਸਾਕ ਇੱਕ ਕੀਤੇ ਹੈਨ।(ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।(ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਆਨੰਦ' ਲਈ ਉੱਤੇ ਦੱਸੀ ਹੈ।(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇੱਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ

ਭੀ ਅੰਮ੍ਰਿਤ ਛਕਾ ਲਵੇ (ਇੰਜ ਹੀ ਜੇ ਸਿੰਘ ਅੰਮ੍ਰਿਤਧਾਰੀ ਨਾ ਹੋਵੇ ਤਾਂ ਸਿੰਘਣੀ ਉਸ ਨੂੰ ਵੀ ਅੰਮ੍ਰਿਤ ਛਕਾ ਲਵੇ)।"

## ਜੀਵਨ ਅਮਲ ਵਿਚ ਅਪਣਾਉਣਾ

ਗੁਰਦੁਆਰਾ ਪ੍ਰਬੰਧਕ ਨੂੰ ਜਾਂ ਜਿਸ ਦੀ ਸੇਵਾ ਲਾਈ ਜਾਵੇ ਉਸ ਨੂੰ ਆਏ ਗੁਰਮੁਖਾਂ ਨੂੰ ਇਹ ਪੁੱਛਣਾ ਤੇ ਸਮਝਾਉਣਾ ਫ਼ਰਜ਼ ਹੈ ਕਿ:

ਭਾਈ ਗੁਰਦਾਸ ਜੀ ਆਪਣੇ ਕਬਿੱਤ ਵਿੱਚ ਗੁਰੂ ਆਸ਼ੇ ਦਾ ਨਿਰਨਾ ਇਉਂ ਦਿੰਦੇ ਹਨ- "ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥" ਅਤੇ "ਸਤਿਗੁਰ ਸਿਖਨ ਕਉ ਰਾਖਤ ਗ੍ਰਿਹਸਤੁ ਮੈ॥" ਦੇ ਹੁਕਮ ਅਨੁਸਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਹਾਜ਼ਰ ਹੋਏ ਸਤਸੰਗੀਓ, ਆਪ ਸਭ 'ਲੜਕਾ' ਅਤੇ "ਲੜਕੀ' ਨੂੰ ਲੈ ਕੇ ਸਿੱਖ ਧਰਮ ਦੇ ਮੁੱਢਲੇ ਅਸੂਲ 'ਗ੍ਰਹਿਸਤ ਆਸ਼ਰਮ' ਵਿਚ ਪ੍ਰਵੇਸ਼ ਕਰਵਾਉਣ ਹਿਤ 'ਗੁਰਮਤਿ ਰਹਿਣੀ' ਦੇ ਨਿਯਮ 'ਅਨੰਦ ਸੰਸਕਾਰ' ਰਾਹੀਂ ਅਨੰਦ ਕਾਰਜ ਲਈ ਹਾਜ਼ਰ ਹੋਏ ਹੋ। ਗ੍ਰਹਿਸਤ ਸਿੱਖ, ਆਪੋ ਆਪਣੇ ਬੱਚਿਆਂ ਦਾ ਗ੍ਰਹਿਸਤ ਜੀਵਨ ਆਰੰਭ ਕਰਵਾਉਣ ਆਏ ਹਨ। ਇਸ ਲਈ "ਗੁਰੂ ਨਾਨਕ ਦੀ ਸਿੱਖੀ" ਸਭਨਾਂ ਤੋਂ ਆਸ ਰੱਖਦੀ ਹੈ ਕਿ ਉਹ ਸਭ ਬਿਰਤੀ, ਸੋਚ ਅਤੇ ਵਿਚਾਰ ਦੀ ਉਡਾਣ ਤੋਂ ਗੁਰਮਤਿ ਦੀਆਂ ਇਨ੍ਹਾਂ ਗੱਲਾਂ ਨੂੰ ਚੰਗੀ ਤਰ੍ਹਾਂ ਆਪੋ ਆਪਣੀ ਮਾਨਸਿਕਤਾ ਵਿੱਚ ਬਿਠਾਉਣ ਕਿ ਸਿੱਖ ਜੀਵਨ ਦਾ ਮੂਲ ਸ੍ਰੋਤ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ ਹੈ। ਜਿਸ ਦਾ ਸਿਧਾਂਤ ਗੁਰਬਾਣੀ ਹੈ। ਜਿਸ ਦਾ ਹੁਕਮ ਪੰਥ ਹੈ। ਗ੍ਰਹਿਸਤ ਧਰਮ ਦਾ ਫ਼ਰਜ਼ ਗੁਰਮਤਿ ਪਰਥਾਏ ਮਨੁੱਖ ਰੂਪ ਵਿਚ ਲੜਕੇ ਲੜਕੀ ਦੇ ਬਰਾਬਰਤਾ ਅਤੇ ਸਮਾਨਤਾ ਦੇ ਅਧਿਕਾਰ ਇੱਕ ਦੂਜੇ ਨੂੰ ਦੇਣ ਦੇ ਪ੍ਰਣ ਵਿੱਚ ਆਪਸੀ ਪ੍ਰੇਮ, ਇਕਸੁਰ ਗ੍ਰਹਿਸਤ ਵਿਚ ਰਹਿ ਕੇ ਅਕਾਲ ਪੁਰਖ ਦੀ ਅਕਾਲ ਜੋਤ ਨਾਲ ਇਕਮਿਕ ਹੋਣਾ ਹੈ।

ਪੰਥ ਖ਼ਾਲਸੇ ਦੀ ਸਿੱਖੀ ਸਰੂਪ ਵਿਚ ਵਿਆਹੁਤਾ ਜੀਵਨ ਦਾ ਮੁੱਖ ਫ਼ਰਜ਼ ਅਕਾਲ ਦੀ ਨਸਲ ਨਿਮਿਤ ਵਿਕਾਸ ਦਾ ਪੁੰਗਾਰਾ ਹੈ। ਸਿੱਖੀ ਵਿਚ ਮਨੁੱਖੀ ਨਸਲ ਨਹੀਂ, ਸਗੋਂ ਮਨੁੱਖ ਰੂਪ ਵਿਚ ਅਕਾਲ ਦੀ ਨਸਲ ਦੀ ਪੈਦਾਇਸ਼ ਹੈ। ਇਸੇ ਕਰ ਕੇ ਆਪ ਦਾ ਅਨੰਦ ਕਾਰਜ ਅਕਾਲ ਨਸਲ ਨਿਮਿਤ ਨਾਨਕਸ਼ਾਹੀ ਸਰਕਾਰ ਸਤਿਗੁਰ ਨਾਨਕ ਪਾਤਸ਼ਾਹ ਦੇ ਸ਼ਬਦ ਗੁਰਮਤਿ ਅਤੇ ਗੁਰਮੁਖੀ ਦੀ ਸਭਿਅਤਾ ਅਤੇ ਸਭਿਆਚਾਰ ਦੀ ਉਤਪਤੀ ਲਈ, ਨਾਨਕਸ਼ਾਹੀ ਪ੍ਰਣਾਲੀ ਦੇ ਸਿੱਖੀ ਆਚਰਨ ਵਾਸਤੇ ਸਮੂਹ ਸੰਗਤ ਚਿੱਤਵਦੀ ਹੋਈ, ਸਤਿਗੁਰ ਦੀ ਹਜ਼ੂਰੀ ਅਰਦਾਸ ਰੂਪ ਵਿਚ ਤੁਹਾਨੂੰ ਅਸੀਸ ਦੇਣ ਲਈ ਹਾਜ਼ਰ ਹੈ। ਸਿੱਖ ਨਸਲ ਦੀ ਅੱਡਰੀ, ਵਿਲੱਖਣ, ਸੁਤੰਤਰ ਪਹਿਚਾਣ ਗੁਰੂ ਨਾਨਕ ਪਾਤਸ਼ਾਹ ਦੇ- 'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ' ਦੀ ਨਾਨਕਸ਼ਾਹੀ ਖ਼ਾਲਸਤਾਈ ਪ੍ਰਣਾਲੀ ਦੀ ਸਭਿਅਤਾ (ਸਿਵੀਲਾਈਜੇਸ਼ਨ) ਦੀ

ਆਰੰਭਤਾ ਹੈ।'ਹੁਕਮ ਰਜਾਈ' ਸਭਿਆਚਾਰ ਦੇ ਸਿਧਾਂਤ ਅਤੇ ਨਿਸ਼ਾਨੇ ਦਾ ਰੋਲ ਮਾਡਲ ਸਿੱਖ ਤੋਂ ਸਿੰਘ, ਸਿੰਘ ਤੋਂ ਖ਼ਾਲਸਾ ਤੇ ਖ਼ਾਲਸੇ ਦੇ ਗ੍ਰਹਿਸਤ ਖੰਡ ਤੇ ਤੁਹਾਡੇ ਲਈ ਅੱਜ ਸੰਪੂਰਨ ਹੋ ਕੇ ਨਾਨਕਸ਼ਾਹੀ ਨਸਲ ਅਤੇ ਪਰੰਪਰਾ ਦਾ ਆਰੰਭ ਕਰੇਗਾ। ਜਿਸ ਨੂੰ ਗੁਰਮਤਿ ਦੇ ਅਕਾਲ ਸ਼ਬਦ ਪਰਿਵਾਰ ਹਿਤ "ਗੁਰੂ ਪੰਥ ਖ਼ਾਲਸਾ" ਦੇ ਰੂਪ ਵਿਚ ਇੱਕ ਵਿਸ਼ਾਲ ਟੱਬਰ ਆਪਣੀ ਛਤਰ ਛਾਇਆ ਅਤੇ ਨਿੱਘੀ ਗੋਦ ਵਿਚ ਲੈਣ ਲਈ ਤਿਆਰ-ਬਰ-ਤਿਆਰ ਬੈਠਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਆਏ ਸਜੇ ਬੈਠੇ ਹਰ ਇੱਕ ਸਿੱਖ ਪਰਿਵਾਰ ਦੇ ਮਾਂ ਪਿਆ ਨੇ ਖ਼ੁਦ ਵੇਖਣਾ ਹੈ ਕਿ ਉਨ੍ਹਾਂ ਇਹ ਫ਼ਰਜ਼ ਕਿਤਨਾ ਕੁ ਅਦਾ ਕੀਤਾ ਹੈ। ਜੇ ਹਾਲੇ ਤਕ 100% ਨਹੀਂ ਕੀਤਾ ਗਿਆ ਤਾਂ ਉਸ ਨੂੰ ਸ਼ਤ ਪ੍ਰਤੀਸ਼ਤ ਕਰਨ ਲਈ ਅੱਜ ਤੋਂ ਹੀ ਪ੍ਰਣ ਕਰਕੇ ਸੁਭਾਗੀ ਜੋੜੀ ਨੂੰ ਅਸੀਸ ਦਿਓ। ਇਹ ਜ਼ਿੰਮੇਵਾਰੀ ਹਰ ਇੱਕ ਗ੍ਰਹਿਸਤ ਸਿੱਖ ਟੱਬਰ ਨੇ ਆਪਣੇ ਗ੍ਰਹਿਸਤ ਵਿੱਚ ਪੂਰੀ ਕਰਨੀ ਹੁੰਦੀ ਹੈ। "ਗੁਰੂ ਪੰਥ" ਦੀ ਆਪਣੀ ਗੁਰਿਆਈ ਦੀ ਜੁਗਤ ਹੰਢਾਉਣ ਅਤੇ ਵਰਤਾਉਣ ਦੀ ਇਹੋ ਅਰੰਭਤਾ ਹੈ।

ਇਹ ਤੁਹਾਡੇ ਤੇ ਸਤਿਗੁਰ ਨਾਨਕ ਪਾਤਸ਼ਾਹ ਨੇ ਅਸੀਮ ਬਖ਼ਸ਼ਿਸ਼ ਕਰ, ਪਿਤਾ ਸਰਕਾਰ ਏ ਪੰਥ ਖ਼ਾਲਸਾ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਰਕਾਰ ਏ ਪੰਥ ਖ਼ਾਲਸਾ; ਖ਼ਾਲਸੇ ਦੀ ਮਾਤਾ ਸਾਹਿਬ ਕੌਰ ਜੀ ਦੀ ਖ਼ਾਲਸਾਈ ਅਕਾਲ ਜੋਤ, ੧ਓ ਦੀ ਸੈਭੰ ਅਕਾਲੀ ਨਸਲ ਰਾਹੀਂ ਅਕਾਲ ਪੁਰਖ ਨਿਮਿਤ ਆਪਣੀ ਸਭਿਅਤਾ ਦੇ ਸ਼ੁੱਧ ਵਿਕਾਸ ਦੀ ਸੇਵਾ ਦੇ ਪ੍ਰਣ ਲੈਣ ਹਿਤ ਬਖ਼ਸ਼ਿਸ਼ ਕੀਤੀ ਹੈ। ਕੀ ਤੁਸੀਂ ਦੋਵੇਂ ਇਸ ਨਿਮਿਤ ਆਪਣੀ ਕਿਰਤ-ਕਮਾਈ, ਸਮਾਂ ਅਤੇ ਜ਼ਿੰਦਗੀ ਵਿਚ ਆਪਣੀ ਮਿਹਨਤ ਨਾਲ, ਬਿਨਾਂ ਕਿਸੇ ਵੀ ਆਸਰੇ ਦੀ ਭਾਲ ਕੀਤੇ, ਅਕਾਲ ਉੱਪਰ ਟੇਕ ਰੱਖ ਕੇ, ਅਕਾਲ ਨਸਲ ਨਿਮਿਤ, ਉਪਰੋਕਤ ਉਦੇਸ਼ ਦੀ ਪ੍ਰਾਪਤੀ ਹਿਤ; ਅਨੰਦ ਕਾਰਜ ਕਰਾਉਣ ਦੀ ਸਾਧ ਸੰਗਤ ਜੀ ਦੀ ਆਗਿਆ ਹੈ ? (ਇਹ ਆਗਿਆ ਲੈਣ ਦਾ ਵਿਧੀ ਵਿਧਾਨ ਦ੍ਰਿੜ੍ਹ ਹੈ ਵੇਖੋ ਰਹਿਤ ਮਰਿਆਦਾ ਦੀ ਮੱਦ (ਙ) ਦੀ ਲਾਈਨ ਤੀਜੀ ਤੇ ਚੌਥੀ "ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ ਲੜਕੇ ਲੜਕੀ ਦੇ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ।... ਫਿਰ ਪੈਰਾ 6 ਵਿਚ ਦਰਜ਼ ਹੈ "ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ {ਅਰਥਾਤ ਇਸ ਪਰਵਾਨਗੀ ਤੋਂ ਬਾਅਦ} ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਪੜਾਵੇ...। ਇਸੇ ਹੀ ਪੈਰੇ ਵਿਚ ਲਾਈਨ ਨੰਬਰ 8-9 ਵਿਚ ਇਹ ਵਿਧਾਨ ਦਰਜ ਹੈ ਕਿ ਲਾਵਾ ਖੜੇ ਹੋ ਕੇ ਸੁਣੀਆਂ ਜਾਣ, ਬੈਠ ਕੇ ਨਹੀਂ। 'ਵਰ ਕੰਨਿਆ ਹਰ ਇੱਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ'।) ਇਨ੍ਹਾਂ ਨਿਅਮਾਂ ਦਾ ਅੱਜਕਲ ਜ਼ਿਆਦਤਰ ਪਾਲਨ ਨਹੀਂ ਕੀਤਾ ਜਾ ਰਿਹਾ।

## ਲਾਵਾਂ ਦੀ ਨਾਨਕਸ਼ਾਹੀ ਸਿੱਖੀ ਵਿੱਚ ਗੁਰਮਤਿ ਵਿਆਖਿਆ ਅਤੇ ਖ਼ਾਲਸਤਾਈ ਪਰੰਪਰਾ

ਇਹ ਗੱਲ ਉਚੇਚੇ ਤੋਰ ਤੇ ਮਨ ਵਿੱਚ ਸਮਝਣ, ਹਿਰਦੇ ਵਿੱਚ ਵਸਾਉਣ ਅਤੇ ਦਿਮਾਗ਼ ਦੀ ਚੇਤਨਾ ਵਿੱਚ ਪ੍ਰਵੇਸ਼ ਕਰਵਾ ਕੇ ਸੁਆਸ ਸੁਆਸ ਚੇਤੇ ਰੱਖਣ ਦੀ ਲੋੜ ਹੈ ਕਿ 'ਰਾਗ ਸੂਹੀ' ਵਿਚ ਚਾਰ ਲਾਵਾਂ ਰਾਹੀਂ ਲੜਕੇ ਲੜਕੀ ਦਾ ਅਨੰਦ ਕਾਰਜ, ਅਕਾਲ ਦੀ ਨਸਲ ਨਿਮਿਤ, ਅਕਾਲ ਦੇ ਹੁਕਮ ਅਤੇ ਉਸ ਦੀ ਰਜ਼ਾ ਨਾਲ ਕੀਤਾ ਜਾਣਾ ਹੈ। ਇਨ੍ਹਾਂ ਦਾ ਸੰਬੰਧ ਮਨੁੱਖੀ ਲੋੜਾਂ ਨਾਲ ਨਹੀਂ, ਅਕਾਲ ਦੀਆਂ ਲੋੜਾਂ ਨਾਲ ਹੈ। 'ਹਰਿ ਪਹਿਲੜੀ ਲਾਵ' "ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ" ਦੇ ਸੰਕਲਪ ਨਿਮਿਤ ਅਕਾਲ ਪੁਰਖ ਦੀ ੧ੳ ਸਭਿਅਤਾ ਦੀ ਇਕਸਾਰ ਵਿਆਪਕਤਾ ਵਾਲੀ ਰਜ਼ਾ ਵਿਚ ਰਹਿ ਕੇ, ਆਪੋ ਆਪਣੀ ਮੈਂ ਛੱਡ ਕੇ ਹੁਕਮ ਵਿਚ ਤੁਰਨ ਦਾ ਉਪਦੇਸ਼ ਹੈ। ਮਨੁੱਖ ਦਾ ਕਰਮ ਧਰਮ ਇਹੋ ਹੈ - ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥

ਖ਼ਾਸ ਧਿਆਨ ਮੰਗਦੀ ਗੱਲ ਇਹ ਵੀ ਹੈ ਕਿ ਹਰ ਲਾਵ ਦਾ ਪਹਿਲਾ ਅੱਖਰ "ਹਰਿ" ਹੈ। ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ "ਹਰਿ" ਤੋਂ ਅਰਥ ਪ੍ਰਭੂ ਤੋਂ ਹੈ "ਹਰਿ ਆਪੇ ਠਾਕੁਰੁ" ਅਤੇ "ਹਰਿ ਪੁਰਖੁ ਨਿਰੰਜਨੁ", "ਹਰਿ ਨਿਰਭਉ", "ਹਰਿ ਸਾ ਪ੍ਰੀਤਮੁ ਕਰਿ ਮਨ ਮੀਤ॥ ਪ੍ਰਾਨ ਅਧਾਰੁ ਰਾਖਹੁ ਸਦ ਚੀਤ॥"[187], "ਹਰਿ ਕੀ ਭਗਤਿ ਜਨਮੁ ਪਰਵਾਣੁ ॥" ਤੋਂ ਹੈ। ਇਸ ਦਾ ਸਿੱਧਾ ਅਰਥ ਅਤੇ ਸਬੰਧ ਇਸੇ ਸੰਕਲਪ ਨਾਲ ਜੁੜਦਾ ਹੈ ਕਿ ਮਨੁੱਖ ਰੂਪੀ ਔਰਤ ਅਤੇ ਮਰਦ ਸਭ 'ਇਸਤਰੀਆਂ ਦਾ ਪਹਿਲਾ ਸ਼੍ਰੋਮਣੀ ਫ਼ਰਜ਼ ਹੀ ਇਹ ਹੈ ਕਿ ਉਹ ਆਪਣੇ "ਹਰਿ ਪਤੀ" ਨਾਲ ਮਿਲਾਪ ਕਰਨ ਅਤੇ "ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ ॥ 189" ਦੀ ਪਦਵੀ ਨੂੰ ਹਾਸਲ ਕਰਨ।

ਇਸ ਤੋਂ ਬਾਅਦ ਨਾਨਕਸ਼ਾਹੀ ਸਿੱਖੀ ਸਭਿਅਤਾ ਦੇ ਸਭਿਆਚਾਰ ਦਾ ਮਹੱਤਵਪੂਰਨ ਸੰਕਲਪ ਇਹ ਹੈ ਕਿ ਉਹ ਸੰਸਾਰਿਕ ਭੌਤਿਕਤਾ ਵਾਦੀ ਅਤੇ ਜਜ਼ਬਾਤੀ ਲਗਾਓ ਵਾਦ ਦੇ ਮਨਮਤ (ਮਾਇਆ ਵਾਦ) ਤੋਂ ਟੁੱਟ ਕੇ; ਇੱਕ ਅਕਾਲ ਪੁਰਖ ਦੇ "ਹੁਕਮ" ਅਤੇ ਇਸ ਹੁਕਮ ਦੀ ਸੁਭਾਵਕ ਪ੍ਰਵਿਰਤੀ "ਰਜਾ" ਦੇ ਅਨੁਸ਼ਾਸਨ ਨੂੰ ਆਪਣੇ ਗ੍ਰਹਿਸਤ ਪਰਿਵਾਰ ਵਿਚ ਅਪਣਾਉਣ। ਇਸੇ ਲਈ ਹੀ ਸਤਿਗੁਰੂ ਨੇ ਗ੍ਰਹਿਸਤ ਆਸ਼ਰਮ ਵਿੱਚ ਸੰਗਤੀ ਜੀਵਨ ਦੇ ਨਾਲੋਂ ਨਾਲ ਸੰਸਾਰਿਕ ਮਨੁੱਖੀ ਨਸਲ ਦੇ ਵਾਅਦੇ ਦੇ ਪਰਿਵਾਰਕ ਜੀਵਨ ਦਾ ਆਰੰਭ ਵੀ "ਲਾਵ" ਸ਼ਬਦ ਤੋਂ ਕੀਤਾ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ 'ਮਹਾਨ ਕੋਸ਼' ਵਿੱਚ ਲਾਵ ਸ਼ਬਦ ਦੇ ਅਰਥ ਕਰਦੇ ਹੋਏ ਲਿਖਦੇ ਹਨ, ਲਾਵ-ਤੋੜਨ ਦੀ ਕ੍ਰਿਆ ਹੈ। ਦੁਨਿਆਵੀ ਰੀਤ ਅਨੁਸਾਰ 'ਵਿਆਹ ਸਮੇਂ

ਦੀ ਪ੍ਰਕਰਮਾ (ਫੇਰਾ), ਜਿਸ ਦਵਾਰਾ ਪਿਤਾ ਦੇ ਘਰ ਨਾਲੋਂ ਸੰਬੰਧ ਤੋੜ ਕੇ, ਪਤੀ ਨਾਲ ਜੋੜਿਆ ਜਾਂਦਾ ਹੈ'।

ਸਪਸ਼ਟ ਹੀ ਗੁਰਮਤਿ ਸੰਕਲਪ ਵਿੱਚ "ਅਨੰਦ ਸੰਸਕਾਰ" ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਔਰਤ ਅਤੇ ਮਰਦ ਦਾ ਇਸ ਲੋਕ ਦੇ ਮਾਤਾ ਪਿਤਾ, ਸਾਕ ਸੰਬੰਧੀਆਂ ਅਤੇ ਹੋਰ ਕਰਮ ਕਾਂਡੀ ਜੰਜਾਲਾਂ, ਰੀਤਾਂ, ਰਵਾਇਤਾਂ ਅਤੇ ਪਾਖੰਡਾਂ ਤੋਂ ਰਿਸ਼ਤਾ "ਤੋੜ" ਕੇ ਅਕਾਲ ਪੁਰਖ ਨਾਲ ਜੋੜਨ ਹਿਤ ਆਪਣੇ ਹੁਕਮ ਨੂੰ ਸੁਣਾ ਰਹੇ ਹਨ। ਇਸ ਲਈ ਅਨੰਦ ਸੰਸਕਾਰ ਲਈ ਜੁੜੀ ਸੰਗਤ ਅਤੇ ਲੜਕੀ ਲੜਕੇ ਲਈ, ਉਸ ਦੇ ਸਾਕ ਸੰਬੰਧੀਆਂ ਲਈ ਇਹ ਸਮਝਣਾ ਮਹੱਤਵ ਪੂਰਨ ਅਤੇ ਸ਼੍ਰੋਮਣੀ ਪਹਿਲ ਹੈ ਕਿ "ਹਰਿ" ਤੋਂ ਆਰੰਭ ਹੁੰਦੀਆਂ ਲਾਵਾ ਦਾ ਨਿਚੋੜ ਉਪਰੋਕਤ ਅਨੁਸਾਰ "ਲਾਵ" ਸੰਸਾਰਿਕਤਾ ਤੋਂ ਤੋੜ ਕੇ ੧ਓ ਦੀ ਸੈਭੰ ਨਾਲ ਜੋੜਨ ਤੋਂ ਹੈ। ਆਓ ਹੁਣ ਇਸ ਸੰਪੂਰਨ ਗੁਰਮਤਿ ਕ੍ਰਿਆ ਦੇ ਭਾਵ-ਅਰਥ ਸਮਝਣ ਦੀ ਕੋਸ਼ਿਸ਼ ਕਰੀਏ।

## ਹਰਿ ਪਹਿਲੜੀ ਲਾਵ

"ਸੂਹੀ ਮਹਲਾ 4 ॥ ਹਰਿ ਪਹਿਲੜੀ ਲਾਵ (ਪ੍ਰਭੂ-ਪਤੀ ਨਾਲ (ਜੀਵ-ਇਸਤ੍ਰੀ ਦੇ ਵਿਆਹ ਦੀ) ਇਹ ਪਹਿਲੀ ਸੋਹਣੀ ਲਾਵ ਹੈ) ਪਰਵਿਰਤੀ ਕਰਮ (ਪਰਮਾਤਮਾ ਦਾ ਨਾਮ ਜਪਣ ਦੇ ਆਹਰ ਵਿਚ ਰੁੱਝਣ ਦਾ ਕੰਮ) ਦ੍ਰਿੜਾਇਆ ਬਲਿ ਰਾਮ ਜੀਉ ॥ ਬਾਣੀ, ਬ੍ਰਹਮਾ ਵੇਦੁ, ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥1॥"[773]

ਇੰਜ ਪਹਿਲੀ ਲਾਵ ਗੁਰੂ ਦੇ ਨਾਨਕ ਦੇ ਸਿੱਖ ਨੂੰ ਬਕਾਇਦਾ 'ਹੁਕਮ' ਕਰ ਕੇ ਦ੍ਰਿੜ ਕਰਾਉਂਦੀ ਹੈ ਕਿ ਬਿਪਰਨ ਧਰਮ ਰੀਤਾਂ, ਜਿਨ੍ਹਾਂ ਵਿੱਚ ਅਤੇ ਜਿਨ੍ਹਾਂ ਦੇ ਗ਼ਲਬੇ ਵਿੱਚ 'ਸਿੱਖ' ਨੇ ਰਹਿਣਾ ਹੈ ਉਨ੍ਹਾਂ ਦੇ ਚਿੱਕੜ ਵਿਚੋਂ ਕਮਲ ਦੇ ਫ਼ੁਲ ਵਾਂਗ ਸਮੁੱਚੇ ਗੰਦ ਨੂੰ ਨਿਤਾਰ ਕੇ ਤੂੰ "ਨਾਨਕਸ਼ਾਹੀ ਸਿੱਖੀ ਦੀ ਗੁਰਮਤਿ ਦਿੱਖ ਵਿੱਚ" ਖਿੜ ਉੱਠਣਾ ਹੈ। ਅਕਾਲ ਪੁਰਖ ਤੈਨੂੰ ਇਹੋ ਸੰਦੇਸ਼ ਦੇ ਰਿਹਾ ਹੈ। ਤੂੰ ਹਮੇਸ਼ਾ ਚੇਤੇ ਰੱਖਣਾ ਹੈ ਕਿ ਗੁਰੂ ਦੀ ਬਾਣੀ ਤੇਰੇ ਲਈ 'ਬ੍ਰਹਮਾ' ਕਰਤਾਰ ਜਾਂ ਵਾਹਿਗੁਰੂ ("ਬ੍ਰਹਮ ਦੀਸੈ ਬ੍ਰਹਿਮੁ ਸੁਣੀਐ ਏਕੁ ਏਕੁ ਵਖਾਣੀਐ"[846]) ਅਤੇ 'ਵੇਦ' ਅਰਥਾਤ ਗਿਆਨ (ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ, ਜਪੁ ਬਾਣੀ) ਹਨ। ਇਹੋ ਨਾਨਕਸ਼ਾਹੀ ਧਰਮ ਹੀ ਤੂੰ ਦ੍ਰਿੜ ਕਰਨਾ ਹੈ। ਇਸੇ ਨਾਲ ਹੀ ਬਿਪਰਵਾਦੀ 'ਪਾਪ' ਤੇਰੇ ਬਖ਼ਸ਼ੇ ਵੀ

ਜਾਣਗੇ ਅਤੇ "ਪਾਪ ਤਜਾਇਆ" (ਬਿਪਰਵਾਦ ਤੋਂ ਖ਼ਲਾਸੀ) ਤੇਰੇ ਵਿਚੋਂ ਨਿਕਲ ਵੀ ਜਾਣਗੇ।

"ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥"

ਇੰਜ ਸਿੱਖੀ ਮਾਰਗ ਤੈਨੂੰ ਅਕਾਲ ਪੁਰਖ ਵਰਗਾ ਬੱਲ ਸ਼ਾਲੀ ਬਣਾ ਦਏਗਾ। ਤੂੰ ਕਿਤੇ ਭੁੱਲ ਨਾ ਜਾਏਂ, ਇਸ ਲਈ ਮੁੜ ਫਿਰ ਤਾਕੀਦ ਕਰਦੇ ਹਨ ਕਿ ਹੇ ਗੁਰੂ ਨਾਨਕ ਦੇ ਸਿੱਖ ਤੂੰ ਕਦੇ ਵੀ ਅਨਮਤੀਆਂ ਦੇ ਧਰਮ ਦੇ ਨਿਯਮਾਂ, ਰੀਤਾਂ, ਉਪਦੇਸ਼ਾਂ ਅਤੇ ਕਰਮਾਂ ਵਾਲੀਆਂ ਸਿਮ੍ਰਿਤੀਆਂ ਨੂੰ ਨਹੀਂ ਮੰਨਣਾ। ਹਮੇਸ਼ਾ ਚੇਤੇ ਰੱਖਣਾ ਹੈ ਕਿ ਅਨਮਤੀਆਂ ਦੀ 'ਸਿਮ੍ਰਿਤੀ' ਤਜਣਾ ਹੈ ਤੇ ਆਪਣੇ ਹਿਰਦੇ ਵਿੱਚ ਹਮੇਸ਼ਾ ਗੁਰੂ ਬਾਣੀ ਵਿੱਚ ਦਿੱਤੇ ਨਾਮ ੧ੳ ਅਰਥਾਤ "ਅਕਾਲ ਪੁਰਖ ਦੇ ਹੁਕਮ ਰੂਪੀ ਨਿਸ਼ਾਨ" ਯਥਾ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ"[72]। "ਨਾਮ" ਸ਼ਬਦ ਹੀ ਹੈ- "ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥[1066] "ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥"[21] ਸ਼ਬਦ ਗੁਰੂ ਕੀ ਬਾਣੀ ਹੈ। ਇਸ ਪੂਰੇ ਸਿਧਾਂਤ ਅਤੇ ਸੰਕਲਪ ਨੂੰ ਸੰਖੇਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੰਜ ਸਮਝਾਉਂਦੇ ਹਨ- "ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ॥"[17] ਅਤੇ "ਨਾਊ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ॥ ਜਿਨ੍ਹੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ॥"[97]

"ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥ ਗੁਰੂ ਸਿਖਾ ਕੈ ਮਨਿ ਪਿਆਰੀ ਭਾਣੀ॥ ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ॥"[96]

ਅਸੀਂ ਆਪਣੇ ਜੀਵਨ ਦੇ ਹਰ ਕਰਮ ਨੂੰ ਕਰਨ ਵੇਲੇ ਇਸੇ ਨਾਨਕਸ਼ਾਹੀ ਹੁਕਮ ਦਾ ਧਿਆਨ ਧਰਨਾ ਹੈ ਤੇ ਇਸੇ ਦੇ ਭਉ ਅਤੇ ਭੈ ਵਿੱਚ ਰਹਿੰਦੇ ਹੋਏ ਨਿਰਭਉ ਬਣਨਾ ਹੈ। ਸਿੱਖੀ ਦਾ ਅਜਿਹਾ ਕਿਰਦਾਰ ਘੜਨਾ ਹੀ ਤੁਹਾਡਾ ਸਿਮਰਨ ਹੈ। ਜਦੋਂ ਅਸੀਂ ਆਪਣਾ ਆਚਰਨ ਅਜਿਹਾ ਸਿੱਕੇ ਬੰਦ ਹੋ ਨਾਨਕਸ਼ਾਹੀ ਘੜ ਲਵੋਗੇ ਤਾਂ ਹੀ ਤੁਹਾਡੇ ਟੱਬਰ, ਪਰਿਵਾਰ ਵਿੱਚ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ 'ਪ੍ਰਵਿਰਤੀ ਕਰਮ ਦ੍ਰਿੜ੍ਹਾਇਆ' (ਪ੍ਰਵਿਰਤੀ ਦਾ ਅਰਥ ਹੈ ਵਾਪਸੀ ਕਿੱਧਰ ਨੂੰ ਅਕਾਲ ਪੁਰਖ ਦੇ ਟੱਬਰ ਦੇ ਗ੍ਰਹਿਸਤ ਵੱਲ) ਗ੍ਰਹਿਸਤੀ ਕਰਮ ਖੇਤਰ ਦੀ ਸੰਭਾਲ ਦੀ ਖ਼ਾਲਸਤਾਈ ਨਸਲ ਜਨਮ ਲਏਗੀ ਤੇ ਪਰਿਵਾਰ ਸਿੱਖ ਬਣੇਗਾ। ਅਜਿਹਾ ਬਣਾ ਲੈਣ ਨਾਲ ਹੀ "ਸਹਜ(ਅਡੋਲ) ਆਨੰਦ" ਦੀ ਉਹ ਅਵਸਥਾ ਜਿਹੜੀ ਪਹਿਲੀ ਲਾਵ ਵਿੱਚ ਤੁਸੀਂ ਸਤਿਗੁਰੂ ਦੀ ਪਰਿਕਰਮਾ ਕਰ ਕੇ, ਆਪਣੇ ਇਸ਼ਟ ਨੂੰ ਪੂਰਾ ਕਰਨ ਦਾ ਆਪਣਾ ਪ੍ਰਣ ਦਿੱਤਾ ਹੈ; ਸੰਪੂਰਨ ਕਰ ਸਕੋਗੇ "ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥1॥" ਸਿੱਖੀ ਦੀ ਨਾਨਕਸ਼ਾਹੀ ਖ਼ਾਲਸਤਾਈ ਸਭਿਅਤਾ ਵਿੱਚ ਪਰੋਈ ਅਤੇ ਦ੍ਰਿੜ

ਆਤਮਿਕ ਅਡੋਲਤਾ ਦੇ ਅਨੰਦ (ਸੁੱਖ) ਨਾਲ, ਮਨ ਦੀ ਅਜਿਹੀ ਅਡੋਲ ਅਵਸਥਾ ਨਾਲ ਤੁਹਾਡੇ ਵਿਆਹ ਦੇ ਪਹਿਲੇ ਨਿਯਮ ਦਾ ਮੁੱਢ ਬਣਿਆ ਜਾਂਦਾ ਹੈ।
ਗੁਰੂ ਨਾਨਕ ਸਰਕਾਰ ਸਾਹਿਬ ਜੀ ਆਖਦੇ ਹਨ ਜਿਸ ਮਨੁੱਖ ਦੇ ਹਿਰਦੇ ਵਿੱਚ, ਮਨ ਵਿੱਚ ਅਕਾਲ ਪੁਰਖ ਦਾ ਹੁਕਮ (ਨਾਮ) ਪਿਆਰਾ ਲੱਗਣ ਲੱਗ ਜਾਂਦਾ ਹੈ ਅਤੇ ਉਹ (ਨਾਮ) ਹੁਕਮ ਅਨੁਸਾਰ ਆਪਣਾ ਜੀਵਨ ਢਾਲਣ ਲੱਗ ਜਾਂਦਾ ਹੈ ਉਸ ਨੂੰ ਅਜਿਹੀ ਆਤਮਿਕ ਅਡੋਲ ਬਿਰਤੀ ਵਾਲੀ ਬਿਬੇਕ ਬੁੱਧ ਦੀ "ਸੁ ਬੁੱਧ" ਨਾਲ ਪ੍ਰਭੂ ਪਤੀ ਨਾਲ ਜੀਵ ਇਸਤ੍ਰੀ ਨੂੰ ਵਿਆਹੀ ਜਾ ਕੇ ਪਰਮ ਸੁੱਖ ਹਾਸਲ ਹੋ ਜਾਂਦਾ ਹੈ। ਨਾਮ ਅਰਥਾਤ ਹੁਕਮ, ਸਿਮਰਨ ਅਰਥਾਤ ਆਚਰਨ ਦੇ ਵਰਤਾਓ ਵਿੱਚ ਗੁਰਮਤਿ ਦੀ ਸਥਾਪਤੀ ਦੀ ਇਸ ਦ੍ਰਿੜ੍ਹਤਾ ਦੀ ਪਹਿਲੀ ਲਾਵ ਰਾਹੀਂ ਇਸ ਦਾ ਮੁੱਢ ਬੱਝਦਾ ਹੈ।

## ਹਰਿ ਦੂਜੜੀ ਲਾਵ

"ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥ ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥2॥"[774]
ਉਸ ਕਰਤੇ ਦਾ ਜੋ ਕੇਵਲ ਆਪ ਹੀ "੧ਓਂ" ਪੁਰਖ ਹੈ। ਉਸ ਦੇ ਸਤਿ ਨਾਮ ਨੂੰ ਅਪਣਾਉਣ ਵਾਲੀਆਂ ਅਸੀਂ ਸਾਰੀਆਂ ਮਰਦ ਤੇ ਔਰਤਾਂ ਇਸਤਰੀ ਰੂਪ ਵਿਚ ਉਸ ਦੀਆਂ ਇਸਤਰੀਆਂ ਹਾਂ। ਹੇ ਅਕਾਲ ਪੁਰਖ ਜੀ ਅਸੀਂ ਤੁਹਾਥੋਂ ਸਦਕੇ ਜਾਂਦੀਆਂ ਹਾਂ ਕਿ "ਕਰਿ ਕਿਰਪਾ ਪ੍ਰਭਿ ਆਪਿ ਮਿਲਾਇਆ ॥ ਬਾਹ ਪਕਰਿ ਲੀਨੋ ਕਰਿ ਅਪਨਾ॥"[184] ਆਪ ਸਾਡੀ ਬਾਂਹ ਫੜ ਕੇ ਆਪਣੇ ਅੰਗ ਲਾਉਣ ਦੀ ਅਪਾਰ ਬਖ਼ਸ਼ਿਸ਼ ਨਾਲ "ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥ ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥ ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥"[11] ਦੀ ਆਪਣੀ ਮਿਲਣ ਦੀ ਕਿਰਪਾ ਆਪ ਹੀ ਸਾਡੇ ਤੇ ਕਰ ਦਿੱਤੀ ਹੈ। ਨਾਲ ਸਾਡੇ ਤਨ ਮਨ ਦੀ ਕਰਨੀ ਨੂੰ ਅੰਦਰੋਂ ਤੇ ਬਾਹਰੋਂ ਇੱਕ ਕਰ ਦਿੱਤਾ ਹੈ। ਅਸੀਂ ਤੇਰੇ ਹਵਾਲੇ ਆਪਣਾ ਮਨ, ਤਨ, ਸਿਰ ਤੇਰੇ ਸਨਮੁੱਖ ਹੋ ਕੇ ਕਰ ਦਿੱਤਾ ਹੈ ਤੇ ਤੂੰ ਸਾਨੂੰ ਸਾਡੀ ਪ੍ਰਭੂ ਮਿਲ਼ਨ ਦੀ ਖੋਜ ਵਿਚ ਆਪਣੀ ਕਿਰਪਾ ਨਾਲ ਆਪਣੇ ਅੰਗ ਸੰਗ ਕਰ ਲਿਆ ਹੈ।
ਪ੍ਰਭੂ ਪਤੀ ਤੁਸੀਂ ਆਪਣੀ ਜੀਵ ਇਸਤ੍ਰੀ ਤੇ ਕਿਰਪਾ ਕਰ ਦਿੱਤੀ ਹੈ ਕਿ ਸਾਡੀ ਅੰਦਰਲੀ ਸਾਰੀ ਹਉਮੈ ਦੀ ਮੈਲ ਤੋਂ ਮੁਕਤ ਕਰ ਕੇ ਆਪਣੇ ਵਿਆਹ ਦੀ ਦੂਜੀ ਲਾਵ ਦੀ ਗਲਵੱਕੜੀ ਵਿੱਚ ਲੈ ਲਿਆ ਹੈ।ਹਰ ਥਾਂ ਹਰ ਵਕਤ ਵੱਸਣ ਵਾਲੇ ਪ੍ਰਭੂ ਪਤੀ ਜੀ ਅਸੀਂ ਤੁਹਾਨੂੰ ਪ੍ਰਤੱਖ ਇੰਜ ਆਪਣੇ ਅੰਗ ਸੰਗ ਮਹਿਸੂਸ ਕੀਤਾ ਹੈ।

ਜਿਨ੍ਹਾਂ ਜੀਵ ਇਸਤ੍ਰੀਆਂ ਨੇ ਇੰਜ ਉਸ ਕਰਤਾ ਪੁਰਖ ਦੇ ਹੁਕਮ ਨੂੰ, ਰਜ਼ਾ ਦੇ ਨਿਯਮਾਂ ਦੀ ਇਕਸਾਰਤਾ ਵਿਚ, ਆਪਣੇ ਅੰਗ ਸੰਗ ਅਨਭਉ ਕਰ ਲਿਆ ਹੈ, ਉਨ੍ਹਾਂ ਦੇ ਚਿੱਤ ਅੰਦਰ ਉਸ ਅਕਾਲ ਪੁਰਖ ਨਾਲ ਮਿਲਣ ਦੇ ਵਾਜੇ ਵੱਜਣ ਲੱਗ ਪਏ ਹਨ। ਉਹ ਅਕਾਲ ਦੀ ਸ਼ੁੱਧ ਨਸਲ, ਨਸਲ ਰਾਹੀਂ ਅਕਾਲ ਪੁਰਖ ਦੀ ਨਿਰਭਉ ਸੱਭਿਅਤਾ ਦਾ ਪ੍ਰਾਰੰਭ ਕਰਨਾ ਹੈ ਦੇ ਸਿਫ਼ਤ ਉਸਤਤ ਦੇ ਗੀਤ ਉੱਚੀ ਉੱਚੀ ਗਾਉਣ ਲੱਗ ਪੈਂਦੀ ਹੈ। ਜਿਸ ਲਈ ਉਪਦੇਸ਼ ਹੈ- ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ॥ ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ॥

ਸਭਿਅਤਾ ਦੇ ਸਿੱਖ ਸਭਿਆਚਾਰ ਵਿਚ ਜਦ ਤੱਕ ਤੁਸੀਂ ਖ਼ੁਦ ਨਿਰਵੈਰ ਨਹੀਂ ਰਹਿੰਦੇ ਉਦੋਂ ਤੱਕ ਅਕਾਲ ਪੁਰਖ ਤੁਹਾਨੂੰ ਨਿਰਭਉ ਨਹੀਂ ਬਣਾਏਗਾ। ਨਿਰਭਉ ਤੋਂ ਨਿਰਵੈਰ ਦੇ ਇਸ ਪੜਾਅ ਵਿਚ (੧) 'ਇੱਕ' (ੳ) 'ਓਅੰ' ( ͡ ) 'ਕਾਰ' "ਵਿਚਲੀ ਇਹ ਜਿਹੜੀ 'ਕਾਰ' ਹੈ" ਇਹ ਉਸ ਅਕਾਲ ਪੁਰਖ ਦੀ ਇਕਸਾਰ ਸੱਤਾ ਦੀ ਬ੍ਰਹਿਮੰਡ ਵਿਚ ਵਿਆਪਕਤਾ ਦਾ ਪਸਾਰਾ ਹੈ। ਜਿਸ ਵਿਚ ਅਕਾਲ ਦੇ ਹੁਕਮ ਦਾ ਨਗਾਰਾ 'ਅਨਹਦ ਸ਼ਬਦ' ਦੇ ਰੂਪ ਵਿਚ ਵੱਜ ਰਿਹਾ ਹੈ। ਜਿਸ ਦਾ ਕਰਮ ਅਤੇ ਸ੍ਰਮ ਖੇਤਰ ਆਤਮਾ ਹੈ। ਜੀਵ ਇਸਤ੍ਰੀ; ਤੂੰ ਸਮਝ, 'ਆਤਮਾ' ਦੇ ਇੰਦਰੀਆਂ ਨਹੀਂ ਹਨ, ਉਹ ਆਪਣੇ ਆਪ ਵਿਚ 'ਸੈਭੰ' ਹੈ। ਇਹ 'ਅਨਹਦ ਨਾਦ' ਦਾ 'ਸ਼ਬਦ' ਗੁਰੂ ਨਾਨਕ ਦੇ ਉਪਦੇਸ਼ ਮੁਤਾਬਿਕ - 'ਸ਼ਬਦ ਸੁਰਤਿ ਧੁਨਿ ਚੇਲਾ' ਅਨੁਸਾਰ ਅਨੁਭਵ ਦਾ ਵਿਸ਼ਾ ਹੈ। ਪ੍ਰਮਾਤਮਾ ਦੀ ਸਤਾ ਨਾਲ ਇੱਕ-ਮਿੱਕ ਹੋਣ ਦਾ ਅਨੁਭਵ ਸਭ ਦਾ ਆਪੋ ਆਪਣਾ ਹੈ। ਜੋ 'ਅਕਾਸ' ਹੈ। ਇਹ ਸਿਰਫ਼ ਆਤਮਾ ਵਿਚ ਹੀ ਵੱਜਦਾ, ਸੁਣਦਾ, ਪ੍ਰਕਾਸ਼ਵਾਨ ਹੁੰਦਾ ਅਤੇ ਪੁੰਗਰਦਾ ਹੈ। ਜਿਸ ਨੂੰ ਤੁਸੀਂ ਆਪਣੇ ਆਚਰਨ ਵਿਚ ਢਾਲਣਾ ਹੈ। ਇਸੇ ਰਾਹੀਂ ਹੀ ਜਨੁ ਨਾਨਕੁ ਦੂਜੀ ਲਾਵ ਚਲਾਈ 'ਅਨਹਦ ਸ਼ਬਦ' ਵਜਾਏ ਦਾ ਪੜਾਅ ਸ਼ੁਰੂ ਹੋਵੇਗਾ।

ਇਹ ਕੋਈ ਯੋਗ ਜਾਂ ਹਠ ਧਰਮ ਜਾਂ ਸਾਧਨ ਨਹੀਂ ਹੈ। ਸਿੱਖੀ ਦੀ ਸਰਲਤਾ ਇਹ ਹੈ ਪਹਿਲਾਂ ਤੁਸੀਂ ਆਪਣੀ ਹੀ ਰਸਨਾ ਤੋਂ ਬੋਲੇ ਜਾ ਰਹੇ ਆਪਣੇ ਹਰ ਇੱਕ ਸ਼ਬਦ ਨੂੰ ਖ਼ੁਦ ਸੁਣਨਾ ਹੈ। ਤਾਂ ਹੀ 'ਜਪੁ' ਬਾਣੀ ਵਿਚ ਕਿਹਾ ਹੈ "ਸੁਣਿਐ ਮੰਨਿਐ ਮਨਿ ਰਖੀਐ ਭਾਉ॥" ਪਹਿਲਾਂ 'ਸੁਣਨਾ' ਹੈ ਫਿਰ ਉਸ ਨੂੰ 'ਮੰਨਣਾ' ਹੈ ਅਤੇ ਫਿਰ ਜੋ 'ਸੁਣਿਆ', 'ਸਮਝਿਆ' ਅਤੇ 'ਮੰਨਿਆ' ਹੈ ਉਸ ਨੂੰ ਆਪਣੇ ਅਮਲ ਵਿਚ, ਜੀਵਨ ਵਿਚ ਢਾਲਣਾ ਹੈ ਤੇ ਸਵੀਕਾਰ ਕਰਨਾ ਹੈ। "ਸ਼ਬਦ ਗੁਰੂ" ਦੀ ਗੁਰਬਾਣੀ ਨਾਲ ਹਰ ਮਨੁੱਖ ਦਾ ਇਹੋ ਸਿੱਧਾ ਰਿਸ਼ਤਾ ਹੈ। ਇਹ ਹਰ ਮਨੁੱਖ ਦਾ ਧਰਮ ਖੰਡ ਹੈ। ਜਿਸ ਨੇ ਤੁਹਾਡਾ ਕਰਮ ਖੰਡ ਬਣਨਾ ਹੈ, ਤੇ ਇਸ ਨੂੰ ਕਰਮ ਬਣਾਉਣ ਹਿਤ ਤੁਹਾਨੂੰ 'ਸ੍ਰਮ ਖੰਡ' ਦਾ ਘਾਲ ਕਰਮ ਕਰਨਾ ਪੈਣਾ ਹੈ।

ਇੱਥੇ ਹੀ ਸਾਡਾ ਆਪਣਾ ਜੀਵਨ ਸਾਡੇ ਆਪਣੇ ਅੰਦਰੋਂ ਹੀ ਜੀਵਨ ਨੂੰ ਮਾਇਆਵਾਦੀ ਪਦਾਰਥਾਂ ਦੇ ਅੰਦਰੋਂ ਉਪਜੇ ਸਵਾਰਥ ਦੀ ਇੱਕ ਤ੍ਰਿਪਤੀ ਦੀ ਹੱਦਬੰਦੀ ਕਰ ਨਿੱਜ ਤੋਂ

ਉੱਪਰ ਉੱਠ ਕੇ ਪਦਾਰਥਵਾਦੀ ਗੰਢ ਨੂੰ ਖੋਲ੍ਹ ਕੇ 'ਅਕਾਲ ਵਾਦੀ ਸਮਾਜ' ਦੇ ਨਿਰਮਾਣ ਵੱਲ ਪ੍ਰੇਰਿਤ ਕਰਦਾ ਹੈ। ਮਨੁੱਖ ਇਸ ਪੜਾਅ ਤੇ ਆਪਣਾ ਧਰਮ ਸਮਝ ਕੇ ਵਿਚਾਰਾਂ ਦੇ ਪ੍ਰਵਾਹ ਵਿਚ ਅਕਾਲ ਪੁਰਖ ਦੀ ਬੇਅੰਤ ਕੁਦਰਤ ਦਾ ਗਿਆਨ ਹਾਸਲ ਕਰ ਹਨੇਰ ਕੋਠੜੀ ਤੋਂ ਬਾਹਰ ਨਿਕਲ ਸਾਰੇ ਭਰਮ, ਮੱਤ ਮੱਤਾਂਤਰ, ਭੇਦ-ਭਾਵ, ਊਚ-ਨੀਚ ਦਾ ਭਰਮ ਗੜ ਤੋੜ ਕੇ ਅਕਾਲ ਦੇ ਆਤਮਿਕ ਪੈਂਡੇ ਵੱਲ ਮੁੜ ਪੈਂਦਾ ਹੈ, ਇਸ ਦਾ ਨਾਮ ਹੈ 'ਗਿਆਨ ਖੰਡ'।
ਇੱਥੇ ਸਾਨੂੰ ਮਨੁੱਖੀ ਘਾੜਤ ਨੂੰ ਘੜਨ ਦੀ, ਅਕਾਲ ਦੇ ਸੰਸਕਾਰਾਂ ਨੂੰ ਆਰੰਭ ਕਰਨ ਦੀ, ਸੁਰਤ ਦੇ ਵਿਵੇਕ ਨਾਲ ਆਪਣੀ ਸੂਝ ਨੂੰ ਜਗਾਉਣ ਦੀ ਚੇਤਨਾ ਪੈਦਾ ਹੁੰਦੀ ਹੈ ਤੇ ਇਸੇ ਚੇਤਨਤਾ ਦੇ 'ਸ੍ਰਮ ਖੰਡ' ਵਿਚ ਵਿਚਰਦੇ ਹੋਏ ਅਸੀਂ ਉੱਚੀ ਸੁਰਤ, ਉੱਚੀ ਅਕਲ, ਉੱਚੇ ਆਚਰਨ, ਉੱਚੇ ਕਾਰ ਰਾਹੀਂ ਅਕਾਲ ਦੀ ਸਭਿਅਤਾ ਦੇ ਸਭਿਆਚਾਰ ਦਾ ਆਪਣੀ ਕਿਰਤ ਕਮਾਈ ਦੀ ਮਿਹਨਤ ਰਾਹੀਂ ਨਿਰਮਾਣ ਕਰਨਾ ਹੈ।

### ਹਰਿ ਤੀਜੜੀ ਲਾਵ

"ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥3॥"[774]
ਜੀਵ-ਇਸਤ੍ਰੀ ਦੇ ਪ੍ਰਭੂ-ਪਤੀ ਨਾਲ ਵਿਆਹ ਦੀ, ਵੈਰਾਗਵਾਨਾਂ ਦੇ ਮਨ ਵਿਚ ਮਿਲਾਪ ਦਾ ਉਤਸ਼ਾਹ ਹੈ। ਵੱਡੇ ਭਾਗਾਂ ਵਾਲੇ ਮਨੁੱਖ ਮੂੰਹ ਤੋਂ ਉਚਾਰੀ ਪ੍ਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਸ਼ਬਦ (ਹਰਿ) ਬਾਣੀ ਦੀ ਧੁਨ ਵਿੱਚ ਰਮਿਆ ਆਪਣੇ ਧੁਰ ਅੰਦਰ ਆਤਮਾ ਵਿੱਚ ਪਤੀ ਨਾਲ ਮਿਲਣ ਦੀ ਤੀਬਰ ਤਾਂਘ ਪੈਦਾ ਹੋ ਚੁੱਕੀ ਹੈ।
ਸਤਿਗੁਰ ਆਖਦੇ ਹਨ ਕਿ ਇੰਜ ਤਨ ਮਨ ਦੀ ਕਰਨੀ ਨੂੰ ਅੰਦਰੋਂ ਤੇ ਬਾਹਰੋਂ ਇੱਕ ਬਣਾ ਚੁੱਕੇ ਮਨੁੱਖ ਨੇ ਹੁਣ ਤੀਜੀ 'ਲਾਵ' ਦੀ ਕ੍ਰਿਆ ਰਾਹੀਂ "ਹਰਿ" (੧ਓ) ਨਾਲ ਮਿਲਣ ਦੀ ਇਸ ਪਉੜੀ ਤੇ ਅੱਪੜ ਕੇ ਸ੍ਰਿਸ਼ਟੀ ਦੇ ਕੁਦਰਤੀ ਵਿਕਾਸ ਦੀ 'ਰਜਾ' ਵਿੱਚ ਨਿਰਮਾਣ ਕਾਰੀ ਬਣਨਾ ਹੈ।
ਨਿਰਮਾਣ; ਦਾਨ ਜਾਂ ਲੋਕਾਂ ਤੋਂ ਮੰਗ ਖਾਣੇ ਸਾਧਨ ਇਕੱਠੇ ਕਰ ਕੇ ਨਹੀਂ ਹੁੰਦਾ। ਨਿਰਮਾਣ ਸਿੱਖ ਦੇ ਆਪਣੇ ਨਿੱਜ ਦੇ ਦਸਵੰਧ ਦੇ ਸਮੂਹਿਕ ਸਾਧਨਾਂ ਰਾਹੀਂ ਉਦੋਂ ਹੁੰਦਾ ਹੈ ਜਦੋਂ "ਦਸਵੰਧ" 'ਪੰਥਕ ਏਜੰਡੇ' ਨੂੰ ਪੂਰਾ ਕਰਨ ਹਿਤ ਵਿਉਂਤ ਬੰਦ ਅਤੇ ਹੁਨਰਮੰਦ ਬੁਨਿਆਦੀ ਢਾਂਚੇ ਵਿਚ 'ਨਾਨਕਸ਼ਾਹੀ ਸਿੱਖੀ ਨਿਮਿਤ ਸਿੱਖ' ਤੇ

ਖ਼ਰਚਿਆ ਜਾਂਦਾ ਹੈ। ਇਹ ਗੁਰੂ ਨਾਨਕ ਸਰਕਾਰ ਦੇ "ਨਾਨਕੀ-ਸਮਾਜ" ਰਾਹੀਂ ਹੀ ਸੰਭਵ ਹੁੰਦਾ ਹੈ । ਜਦੋਂ ਇੰਜ ਹੁੰਦਾ ਹੈ ਤਾਂ ਬੱਸ ਫਿਰ ਕੀ ਹੈ, ਮਾਲਕ ਦੀ ਮਿਹਰ ਹੋ ਜਾਂਦੀ ਹੈ। ਮਨੁੱਖ ਅੰਦਰ ਅਕਾਲ ਪੁਰਖ ਬਲ ਭਰ ਦਿੰਦਾ ਹੈ । ਉਹ ਖ਼ਾਲਸਾ ਧਰਮ ਦੀ ਪਦਵੀ ਤੇ ਤੁਰ ਪੈਂਦਾ ਹੈ। "ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥" ਦਾ ਸਿੱਖ ਜੀਵ ਅੰਦਰ ਇਹੋ ਨਿਰਮਾਣ ਹੈ।

ਇਸ ਤਰੀਕੇ ਨਾਲ ਭਾਗ ਜਾਗਦੇ ਹਨ ਤੇ "ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥ ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥" ਤੇ ਪਹੁੰਚ ਕੇ ਕ੍ਰਿਆਸ਼ੀਲ ਹੋ ਜਾਂਦੇ ਹਨ। ਇਹ ਬੈਰਾਗ ਜਿਸ ਸੰਬੰਧੀ 'ਜਪੁ' ਬਾਣੀ ਵਿਚ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ- "ਤਾ ਕੀਆ ਗਲਾ ਕਥੀਆ ਨ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥" ਇਹ ਵੈਰਾਗ ਦਾ ਜਿਹੜਾ ਨਿੱਜ ਘਰ ਹੈ ਇਹ ਵੀ ਸਭਨਾਂ ਜੀਵਾਂ ਦਾ ਆਪੋ ਆਪਣਾ ਹੈ। "ਨਾਨਕੀ-ਵੈਰਾਗ" ਦੀ "ਨਾਨਕੀ-ਘਰ ਹੀ ਮਾਹਿ ਉਦਾਸ ਗ੍ਰਹਿ ਪਦਵੀ ਦੀ ਸਰਦਾਰੀ" ਵਾਲੀ ਇਸ ਬਰਕਤ ਰਾਹੀਂ ਸਾਰੀ ਖ਼ਲਕਤ ਇੱਕ ਟੱਬਰ ਬਣ ਜਾਂਦੀ ਹੈ । ਇੰਜ ਵਿਸ਼ਾਲਤਾ ਅਤੇ ਉਦਾਰਤਾ ਦੀ ਘਾੜਤ ਸਿੱਖ ਨੂੰ ਸਿੰਘ ਤੋਂ ਖ਼ਾਲਸਾਈ ਸਾਂਝੇ ਟੱਬਰ "ਪੰਥ ਖ਼ਾਲਸੇ ਦੇ ਰੋਲ ਮਾਡਲ" ਦੀ ਵਿਵਸਥਾ ਪ੍ਰਣਾਲੀ ਤੇ ਅਪੜਾ ਦਿੰਦੀ ਹੈ। ਇਹ ਪਦਵੀ ਦੀ ਹਸਤੀ ਅਜਿਹੀ ਨਿੱਖਰ ਕੇ ਪਰਗਟ ਹੁੰਦੀ ਹੈ ਕਿ ਸਨਮੁੱਖ ਹੋਏ ਜੀਵ "ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ॥"[82] ਦੀ ਗੁਰੂ ਬਖ਼ਸ਼ਿਸ਼ ਸਦਕਾ; ਇਹ ਅਕਾਲ ਪਰਥਾਏ ਅਕਾਲ ਪੁਰਖ ਦੀ ਨਸਲ ਦੀ ਸੰਪੂਰਨਤਾ ਹੈ । ਜੋ ਇਸ ਦੇ ਰੋਲ ਮਾਡਲ ਰਾਹੀਂ ਸਿੱਖ ਨੇ ਪ੍ਰਤੱਖ ਕਰਨੀ ਹੈ।

### ਚਉਥੜੀ ਲਾਵ

"ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ॥"[82] ਦੀ ਇਸ ਮਿਹਰ ਸਦਕਾ ਹੀ ਤਾਂ; ਸਤਿਗੁਰ ਪਾਤਸ਼ਾਹ ਇਸ ਅਵਸਥਾ ਤੇ ਅੱਪੜ ਕੇ ਹਰ ਸਿੱਖ ਨੂੰ ਅਕਾਲ ਪੁਰਖ ਦੀ ਇਸ ਬਖ਼ਸ਼ਿਸ਼ ਵਾਲੀ ਅਵਸਥਾ ਦੇ ਅਸਲ ਬਲ ਤੋਂ ਜਾਣੂ ਕਰਾਉਂਦੇ ਹੋਏ ਸਿੱਖ ਨੂੰ ਮਹਾਂਬਲੀ ਸੂਰਮੇ ਵਜੋਂ 'ਅਕਾਲ ਪੁਰਖ ਦੇ ਸਹਿਜ' ਵਿਚ ਅਨੰਦ ਮਾਣਨ ਦਾ ਆਦੇਸ਼ ਦਿੰਦੇ ਹਨ -"ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥ ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥ ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥ ਹਰਿ ਪ੍ਰਭਿ ਠਾਕੁਰਿ

ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥ ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥4॥2॥"[774]

ਪ੍ਰਭੂ-ਪਤੀ ਨਾਲ ਜੀਵ-ਇਸਤ੍ਰੀ ਦੇ ਵਿਆਹ ਦੀ ਚੌਥੀ ਸੋਹਣੀ ਲਾਂਵ ਮਨ ਵਿਚ (ਸਹਜੁ) ਆਤਮਿਕ ਅਡੋਲਤਾ ਰਾਹੀਂ ਗੁਰੂ ਵਲ ਮੂੰਹ ਕਰ ਕੇ, ਗੁਰੂ ਦੇ ਸਨਮੁੱਖ ਰਹਿ ਕੇ ਪ੍ਰਭੂ ਨਾਲ ਲਿਵ ਲਾਈ (ਸੁਰਤਿ ਜੋੜੀ) ਰੱਖੀ ਹੈ। ਇੰਜ ਮਨ-ਇੱਛਤ ਚੜ੍ਹਦੀ ਕਲਾ ਬਣ ਗਈ। ਨਾਮ (ਗੁਰੂ ਸ਼ਬਦ) ਦੀ ਰਾਹੀਂ ਵੱਜੀ ਵਾਧਾਈ ਨਾਲ ਜੀਵ ਇਸਤ੍ਰੀ ਖਿੜ ਪਈ, ਅਨੰਦ-ਭਰਪੂਰ ਹੋ ਗਈ ਹੈ। ਇੰਜ ਹਿਰਦੇ ਵਿਚ ਨਾਮ ਦੀ ਬਰਕਤ ਨਾਲ ਕਦੇ ਨਾਸ ਨ੍ਹਾ ਹੋਣ ਵਾਲਾ ਅਕਾਲ ਪੁਰਖ ਇਸ ਵਿਆਹ ਸਦਕਾ, ਪ੍ਰਭੂ-ਪਤੀ ਨਾਲ ਜੀਵ-ਇਸਤ੍ਰੀ ਦੇ ਵਿਆਹ ਦੀ ਇਸ ਚੌਥੀ ਲਾਵ ਸਦਕਾ ਜੀਵ ਇਸਤ੍ਰੀ ਨੂੰ ਮਿਲ ਗਿਆ ਹੈ। ਤੇ ਹੁਣ ਪ੍ਰਭੂ ਦੀ ਪੂਰਨ ਕਿਰਪਾ ਨਾਲ "ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ॥"[1310] ਹੁਣ ਗੁਰਸ਼ਬਦ ਦੀ ਨਾਦ ਦੀ ਧੁੰਨ ਨਾਲ ਸਿੱਖ ਦਾ ਨਾਦੀ ਜਨਮ ਪ੍ਰਗਟ ਹੋ ਗਿਆ ਹੈ ਤੇ ਸਿੱਖ ਨੂੰ ਸਮਝ ਆ ਗਈ ਹੈ ਕਿ ਉਹ "ਸਤਿਗੁਰ ਵੰਸੀ ਪਰਮ ਹੰਸੁ, ਗੁਰੁ ਸਿਖ ਹੰਸ ਵੰਸੁ ਨਿਬਹੰਦਾ। ਪਿਅ ਦਾਦੇ ਦੇ ਰਾਹਿ ਚਲੰਦਾ।"[ਭ.ਗੁ.ਪ.26] ਨਾਦੀ ਜਨਮ ਤੋਂ ਸਿੱਖ ਨੂੰ ਸੋਝੀ ਆ ਗਈ ਹੈ ਕਿ ਉਸ ਦੀ ਅੰਸ ਅਤੇ ਬੰਸ ਪਿਤਾ ਪੁਰਖੀ ਅਕਾਲ ਪੁਰਖੀ ਬੱਧੀ ਹੋਈ ਹੈ। ਜੋ ਉਸ ਨੇ ਸਾਧ ਸੰਗਤ ਨਾਲ ਮਿਲ ਕੇ "ਚਾਰਿ ਵਰਨ ਇਕ ਵਰਨ ਹੋਇ ਗੁਰਸਿਖ ਵੜੀਅਨਿ ਗੁਰਮੁਖਿ ਗੋਤੇ। ਸਾਧਸੰਗਤਿ ਮਿਲਿ ਦਾਦੇ ਪੋਤੇ॥"[ਭ.ਗੁ.ਪ.29] ਹੁਣ ਗੁਰਸਿੱਖਾਂ ਦੀ ਲਾਵਾ ਤੋਂ ਬਾਅਦ ਜਾਤਿ, ਗੋਤ, ਵਰਨ ਸਭ ਮਿਟ ਕੇ ਗੁਰਮਤਿ ਵਿਚ ਸਮਾ ਕੇ "ਗੁਰਮੁਖ" ਜਾਤਿ, ਗੋਤ ਤੇ ਵਰਨ ਵਿਚ ਇੱਕ ਹੋ ਗਏ ਹਨ।

(ਲਾਵਾ ਦੇ ਸੰਖਿਪਤ ਅਰਥ ਪ੍ਰੋ. ਸਾਹਿਬ ਸਿੰਘ ਜੀ ਦੇ ਸਟੀਕ ਤੋਂ ਧੰਨਵਾਦ ਸਹਿਤ ਲਏ ਹਨ। ਜਿਸ ਵਿਚ ਤੁੱਛ ਬੁੱਧੀ ਅਨੁਸਾਰ ਗੁਰਮਤਿ ਵਿਆਖਿਆ, ਗੁਰ ਸ਼ਬਦ ਵਿਚੋਂ ਦੇਣ ਦੀ ਕੋਸ਼ਿਸ਼ ਕੀਤੀ ਹੈ।)

ਸਹਿਜ ਦਾ ਗੁਰਮਤਿ ਪਰਥਾਏ ਅਰਥ ਜੋ ਇੰਜ ਮਨੁੱਖ ਨੇ ਤੱਤ ਸਰੂਪ ਹਾਸਲ ਕਰ ਲਿਆ ਹੈ ਉਸ ਦੇ ਹੋਛੇ ਪ੍ਰਗਟਾਵੇ ਦੀ ਬਜਾਏ ਸਥਿਰ ਰੂਪ ਵਿਚ ਹਮੇਸ਼ਾ ਲਈ ਸੰਭਾਲਣ ਤੋਂ ਹੈ। ਇਸ ਅਵਸਥਾ ਦੀ ਚਿਰੰਜੀਵ ਸੰਭਾਲ ਹੀ ਸਹਿਜ ਹੈ। ਜੋ "ਅਨੰਦ ਕਾਰਜ" ਨਿਮਿਤ ਅਨੰਦ ਸੰਸਕਾਰ ਲਈ ਸਤਿਗੁਰੂ ਦੀ ਹਜ਼ੂਰੀ ਵਿੱਚ ਆਈ ਸੁਭਾਗੀ ਜੋੜੀ ਨੇ ਹਾਸਲ ਕਰਨੀ ਹੈ। ਗੁਰੂ ਮਿਹਰ ਨਾਲ ਆਪਣੇ ਇਸ ਹਾਸਲ ਹੋ ਚੁੱਕੇ ਆਚਰਨ ਰਾਹੀਂ, ਕਿਰਦਾਰ ਰਾਹੀਂ, ਸਿੱਖੀ ਦਾ ਅਕਾਲ ਨਸਲ ਲਈ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਆਪਣਾ ਅਜਿਹਾ ਟੱਬਰ ਵਿਕਸਿਤ ਕਰਨਾ ਹੈ ਜੋ ਸੰਸਾਰ ਵਿੱਚ ਅਜਿਹੀ ਨਾਨਕਸ਼ਾਹੀ ਪ੍ਰਣਾਲੀ ਦਾ "ਪ੍ਰਤੀਨਿਧ ਦੂਤ" (ਅੰਬੈਸਡਰ) ਬਣ ਕੇ ਵਿਚਰੇ।

# 40

## ਗੁਰੂ ਨਾਨਕ ਦੇ ਗ੍ਰਹਿਸਤ ਜੀਵਨ ਦੇ ਸੰਗਤੀ ਫ਼ਲਸਫ਼ੇ ਦਾ ਸੰਕਲਪ

ਗੁਰੂ ਨਾਨਕ ਦਾ ਇਹ ਫ਼ਲਸਫ਼ਾ ਦੋ ਮਨੁੱਖੀ ਜੀਵਾਂ ਨੂੰ, ਆਪਸੀ ਮਿਲਵਰਤਨ ਦੇ ਪੈਂਡੇ ਦੀ ਚਰਮ-ਸੀਮਾ ਸਰੀਰ ਨਹੀਂ ਆਤਮਾ ਦਰਸਾਉਂਦਾ ਹੈ । ਕਰਮ ਖੇਤਰ ਨਿੱਜ ਨਹੀਂ 'ਪੰਥ' ਦਰਸਾਉਂਦਾ ਹੈ । ਜਿਸ ਵਿੱਚ ਕਾਦਰ ਦੀ ਕੁਦਰਤ ਦੀ ਸਮੂਹ ਖ਼ਲਕਤ (ਅੰਡਜ, ਜੇਤਜ, ਉਤਭੁਜ, ਸੇਤਜ, ਪਉਣ, ਪਾਣੀ, ਪਾਤਾਲ, ਆਕਾਸ) ਆਉਂਦੀ ਹੈ। ਇੰਜ ਮਿਲੇ 'ਸੰਗਤੀ' ਜੀਵਨ ਦੇ ਆਰੰਭ ਰਾਹੀਂ ਇਹ ਮਨੁੱਖੀ ਜੀਵ ਨੂੰ ਨਿੱਜ ਦੀ ਇਕੱਲਤਾ ਤੋਂ ਮੁਕਤ ਕਰਕੇ ਸਾਂਝੇ ਜੀਵਨ ਜਿਉਣ ਦੀ ਸਮਰਥਾ ਦਿੰਦਾ ਹੈ। ਦੁਨਿਆਵੀ ਵਿਆਹ ਤੇ ਸਿੱਖ ਦੇ ਅਨੰਦ ਸੰਸਕਾਰ, 'ਅਨੰਦ ਕਾਰਜ' ਵਿਚ ਇਹੋ ਬੁਨਿਆਦੀ ਫ਼ਰਕ ਹੈ। 'ਵਿਆਹ' ਸਮਾਜਿਕ ਸਮਝੌਤਾ ਹੈ ਤੇ ਅਨੰਦ ਕਾਰਜ ਅਕਾਲ ਨਸਲ ਨਿਮਿਤ, ਅਕਾਲ ਦੇ ਹੁਕਮ ਦੀ ਸੱਤਾ ਦੀ ਬਹਾਲੀ ਲਈ ਕੀਤਾ ਗਿਆ ਪ੍ਰਣ ਹੈ। 'ਵਿਆਹ' ਮੌਜ ਮਸਤੀ ਦਾ ਵੰਸ਼ ਵਾਦੀ ਸਿਧਾਂਤ ਹੈ। ਅਨੰਦ ਕਾਰਜ 'ਫਰਜ਼' ਅਤੇ ਜਿੰਦਾ 'ਅਕਾਲ ਅੰਸ਼' ਦੀ ਸ਼ੁੱਧਤਾ ਦੇ ਬ੍ਰਹਿਮੰਡੀ ਇਕਸਾਰ ਤੇ ਹਮੇਸ਼ਾ ਮੂਲ ਰੂਪ ਵਿਚ ਕਾਇਮ ਰਹਿਣ ਵਾਲੇ ਵਿਕਾਸਾਤਮਿਕ ਕੁਦਰਤੀ ਪੜਾਅ ਦਾ, ਹਰ ਰੋਜ਼ ਹੁੰਦਾ ਸੁਖਦਾਈ ਪੋਹ ਫੁਟਾਲਾ ਤੇ ਪੁੰਗਾਰਾ ਹੈ । ਇਹ ਚੇਤੇ ਰੱਖਣਾ ਹੈ ਕਿ ਇਹ ਕੁਦਰਤੀ ਪੁੰਗਰਨ ਦੀ ਕ੍ਰਿਆ 'ਚ ਬ੍ਰਹਿਮੰਡ ਦੀ ਅਣੁਸ਼ਕਤੀ ਦੀ ਸਮਰੱਥਾ ਲੱਗਦੀ ਹੈ । ਇਹੋ ਉਹ ਸ਼ਕਤੀ ਹੈ ਜੋ ਸੁੱਕੀ ਪਈ ਬੰਜਰ ਧਰਤੀ ਵਿੱਚ ਇੱਕ ਸਵਾਂਤ ਬੂੰਦ ਦੀ 'ਜਲ ਧਾਰ' ਨਾਲ 'ਬੀਜ' ਨੂੰ ਧਰਤੀ ਦਾ ਚੱਟਾਨੀ ਸੀਨਾਂ ਪਾੜ ਕੇ "ਪੁੰਗਰ ਆਉਣ" ਦੀ ਕੁਦਰਤੀ ਮੌਲਿਕਤਾ ਨਾਲ ਪ੍ਰਤੱਖ ਪ੍ਰਗਟਾਵਾ ਕਰਦੀ ਹੈ। ਇੰਜ ਪ੍ਰਮਾਤਮਾ ਨਾਲ ਇਕ ਰੂਪ ਹੋ ਸਿੱਖ ਜੀਵ ਇਸਤ੍ਰੀ ਰੂਪੀ 'ਲੜਕਾ ਅਤੇ ਲੜਕੀ', ਰੱਬੀ ਆਤਮਿਕ ਅਵਸਥਾ ਵਿਚ ਅੱਪੜ ਕੇ ਆਪਣੇ ਉਪਰ ਪ੍ਰਮਾਤਮਾ ਦੀਆਂ ਅਸੀਮ ਬਖ਼ਸ਼ਸ਼ਾਂ, ਕਿਰਪਾਵਾਂ, ਅਤੇ ਬਰਕਤਾਂ ਦੇ ਅਚੰਭਿਤ ਕਰ ਦੇਣ ਵਾਲੇ ਜੀਵਨ ਦੇ ਚਕਾਚੌਂਧ ਪੜਾਅ ਵਿਚ ਚੜ੍ਹਦੀ ਕਲਾ ਦਾ ਨਿੱਘ ਮਾਣਦੇ ਹਨ। ਅਨੰਦ ਸੰਸਕਾਰ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਸੰਗਤ ਵਿੱਚ ਬੈਠੇ ਸਿੱਖ ਲੜਕਾ ਅਤੇ ਲੜਕੀ ਨੇ ਇਹ ਹਮੇਸ਼ਾ ਚੇਤੇ ਰੱਖਣਾ ਹੈ ਕਿ ਅਕਾਲ ਨਸਲ ਨਿਮਿੱਤ ਜੀਅ ਰਹੇ ਮਨੁੱਖ ਤੇ ਪ੍ਰਮਾਤਮਾ ਦੀਆਂ ਬਖ਼ਸ਼ਸ਼ਾਂ ਦਾ ਦਰਵਾਜ਼ਾ ਹਮੇਸ਼ਾ ਲਈ ਖੁਲ੍ਹ ਜਾਂਦਾ ਹੈ। ਉਹ ਸੱਚਖੰਡ ਤੇ ਅੱਪੜ ਜਾਂਦਾ ਹੈ। ਜਿੱਥੇ 'ਅਨਹਦ ਨਾਦ' ਦਾ 'ਕੀਰਤਨ' ਹਮੇਸ਼ਾ ਚਲਦਾ ਰਹਿੰਦਾ ਹੈ।

ਅਨੰਦ ਸੰਸਕਾਰ ਲਈ ਹਾਜ਼ਰ ਲੜਕਾ ਅਤੇ ਲੜਕੀ ਇਨ੍ਹਾਂ ਹੀ ਖੁਸ਼ੀਆਂ ਦੀ ਪ੍ਰਾਪਤੀ ਲਈ ਸੰਗਤ ਦੇ ਸਹਿਯੋਗ ਨਾਲ ਪੰਥ ਗੁਰੂ ਦੀ ਹਾਜ਼ਰੀ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੇ ਪ੍ਰਤੱਖ ਪ੍ਰਣ ਕਰ ਰਹੇ ਹੁੰਦੇ ਹਨ। ਇਸ ਪ੍ਰਣ ਦਾ ਹੀ ਨਾਮ ਹੈ 'ਅਨੰਦ ਸੰਸਕਾਰ'। ਇਹ ਅਕਾਲ ਨਸਲ ਨਿਮਿੱਤ ਮਨੁੱਖੀ ਕਿਰਦਾਰ ਦਾ ਭੁਕੰਪੀ ਉਹ ਕੇਂਦਰ ਬਿੰਦੂ ਹੈ ਜੋ ਮਨੁੱਖੀ ਜੀਵਨ ਦੇ ਗਰਭ ਵਿੱਚੋਂ ਰੱਬੀ ਅਣੂਸ਼ਕਤੀ ਦੀ ਸਿਰਜਨਾਤਮਕ ਸਿਰਜਨਾ ਦੇ ਸ਼੍ਰੋਮਣੀ ਪੱਖ ਰੱਬੀ ਮਨੁੱਖ ਨੂੰ ਪ੍ਰਗਟਾਉਂਦਾ ਹੈ। ਨਾਨਕਸ਼ਾਹੀ ਵਿਕਾਸਾਤਮਿਕਤਾ ਦੇ ਇਸ ਪੱਖ ਦੀ ਸਮੁੱਚੀ ਸਮਰੱਥਾ ਦਾ ਅਹਿਸਾਸ ਗੁਰ ਦੀ ਹਜ਼ੂਰੀ ਬੈਠੀ ਸਾਰੀ ਸੰਗਤ ਨੂੰ ਇੱਕ ਸਮਾਨ ਹੋਣਾ ਚਾਹੀਦਾ ਹੈ।

ਨਾਨਕਸ਼ਾਹੀ ਸਿੱਖੀ ਦੇ ਖ਼ਾਲਸਤਾਈ ਵਿਹੜੇ ਵਿੱਚ ਜੋ ਲੜਕਾ ਅਤੇ ਲੜਕੀ ਅੱਜ ਆਰੰਭ ਕਰ ਰਹੇ ਆਪਣੇ ਸੰਗਤੀ ਗ੍ਰਹਿਸਤ ਜੀਵਨ ਵਿੱਚ ਪ੍ਰਵੇਸ਼ ਕਰਦੇ ਹੋਏ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ "ਗੁਰਮਤਿ" ਪ੍ਰਣਾਲੀ ਦੀ ਇਸ- "ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ"[1087] ਸਿਖਿਆ ਨੂੰ ਆਪਣੇ ਸੰਪੂਰਨ ਜੀਵਨ ਵਿੱਚ ਹਮੇਸ਼ਾਂ ਹਰ ਪਲ ਚੇਤੇ ਰੱਖਣ। ਇਹੋ ਉਨ੍ਹਾਂ ਦੀ ਸਿੱਖੀ ਨਾਲ, ਗੁਰਮਤਿ ਨਾਲ, ਗੁਰੂ ਨਾਲ ਅਤੇ ਅਕਾਲ ਪੁਰਖ ਨਾਲ ਵਫ਼ਾ ਹੈ। ਇਸ ਗਿਆਨ ਦੀ ਖੜਗ ਜੋ ਗੁਰੂ ਨੇ ਉਨ੍ਹਾਂ ਨੂੰ ਗ੍ਰਹਿਸਤ ਜੀਵਨ ਲਈ ਫੜਾਈ ਹੈ ਉਹ ਦੋ ਧਾਰੀ ਹੈ। "ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥ ਪਉੜੀ ॥ ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥ ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥ ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ ਜਿਤਾ ਜਨਮੁ ਅਪਾਰੁ ਆਪੁ ਪਛਾਨਿਆ॥"[522] ਅਨੰਦ ਕਾਰਜ ਲਈ ਹਾਜ਼ਰ ਗ੍ਰਹਿਸਤ ਪ੍ਰਵੇਸ਼ ਕਰ ਰਹੇ ਜੋੜੇ ਨੂੰ ਨਾਨਕ ਸਰਕਾਰ ਨੇ ਸੰਸਾਰ ਵਿਚ ਜਿਊਣ ਦੀ ਪੂਰੀ ਜੁਤੀ ਦਸ ਦਿੱਤੀ ਹੈ ਤੇ ਸਫਲਤਾ ਦੀ ਚਾਬੀ ਹੱਥ ਫੜਾ ਦਿੱਤੀ ਹੈ। ਉਣ ਇਸ ਜੋੜੇ ਨੇ ਸੰਸਾਰ ਦੀ ਹਰ ਸ਼ੈਅ ਨੂੰ ਭੁੰਜਦੇ ਹੋਏ; ਭਰਮ ਦੇ ਸਾਰੇ ਕਿਲੇ ਫ਼ਤਹਿ ਕਰ ਕੇ ਖੇੜੇ ਨਾਲ ਆਪਣੀ ਜਿੰਦਗੀ ਅਕਾਲ ਦੀ ਮਰਿਆਦਾ ਵਿਚ ਹੁਕਮੀ ਬਣ ਫ਼ਤਹਿ ਕਰਨੀ ਹੈ।

ਅਨੰਦ ਸੰਸਕਾਰੀ ਸਿੱਖ ਨੇ ਹਮੇਸ਼ਾ ਆਪਣੇ ਜੀਵਨ ਵਿਚ ਸਿਰਫ਼ ਤੇ ਸਿਰਫ਼ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਅਕਾਲ ਪੁਰਖ ਦਸ ਗੁਰੂ ਸਾਹਿਬਾਨ ਦੇ ਇਕਮਿਕ ਸਰੂਪ ਵਜੋਂ ਆਪਣਾ ਗੁਰੂ ਮੰਨਣਾ ਹੈ। ਹੋਰ ਕਿਸੇ ਵੀ ਧਰਮ ਜਾਂ ਇਸ਼ਟ ਨੂੰ ਨਹੀਂ ਧਿਆਉਣਾ ਅਤੇ ਨਾ ਹੀ ਮੰਨਣਾ ਹੈ। ਸਿਰਫ਼ ਤੇ ਸਿਰਫ਼ "ਗੁਰਮਤਿ" ਅਨੁਸਾਰ ਆਪਣਾ ਅਤੇ ਆਪਣੇ ਬੱਚਿਆਂ ਦਾ, ਸਮਾਜ ਦਾ ਜੀਵਨ ਢਾਲਣਾ ਅਤੇ ਨਿਰਮਾਣ ਕਰਨਾ ਹੈ। ਇਸ ਦੀ ਸਮਝ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਲੋਂ ਜਾਰੀ ਅਤੇ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ "ਸਿੱਖ ਰਹਿਤ ਮਰਿਆਦਾ" ਨੂੰ ਹੀ ਮੰਨਣਾ ਹੈ। ਬਾਕੀ ਸਭ ਝੂਠ ਹੈ। ਅਨਮਤ ਦੇ ਬਿਪਰਵਾਦ ਨੂੰ, ਸੰਤ, ਸਾਧ, ਡੇਰਵਾਦ ਨੂੰ ਆਪਣੇ ਨੇੜੇ ਵੀ ਨਹੀਂ ਢੁੱਕਣ ਦੇਣਾ।

ਸਿੱਖ ਰਹਿਤ ਮਰਿਆਦਾ ਜੀਵਨ ਦੇ ਹਰ ਪੜਾਅ ਤੇ, ਜੀਵਨ ਵਿਚ ਆਉਣ ਵਾਲੀ ਹਰ ਘਟਨਾ, ਜੀਵਨ ਵਿਚ ਆਉਣ ਵਾਲੀ ਹਰ ਖੁਸ਼ੀ ਅਤੇ ਗ਼ਮੀ ਤੇ ਤੁਹਾਡੀ ਸੰਪੂਰਨ ਅਗਵਾਈ ਕਰਦੀ ਹੈ, ਜਿਸ ਅਨੁਰੂਪ ਹੀ ਸਿੱਖ ਪਰਿਵਾਰ ਵਿਚ ਅੱਜ ਤੋਂ ਆਪਣਾ ਜੀਵਨ ਢਾਲਣਾ ਹੈ। ਜਦੋਂ ਵੀ ਤੁਸੀਂ ਸਿੱਖ ਰਹਿਤ ਮਰਿਆਦਾ ਤੋਂ ਬਾਗ਼ੀ ਹੋ ਕੇ ਕੁਝ ਕਰੋਗੇ ਤਾਂ ਤੁਹਾਡੇ ਜੀਵਨ ਵਿਚ ਅਵੱਸ਼ ਕਰੋਪੀ ਆਵੇਗੀ ਕਿਉਂਕਿ ਦਸਮ ਪਾਤਿਸਾਹ ਦਾ ਸਖ਼ਤ ਹੁਕਮ ਹੈ- "ਜਬ ਲਗਿ ਖਾਲਸਾ ਰਹੈ ਨਿਆਰਾ ਤਬ ਲਗਿ ਤੇਜ ਦਿਉ ਮੈਂ ਸਾਰਾ ਜਬ ਇਹ ਗਹੈ ਬਿਪਰਨ ਕੀ ਰੀਤ ਮੈ ਨ ਕਰਉ ਇਨ ਕੀ ਪਰਤੀਤਿ॥" ਸਾਰੇ ਮੱਤਾਂ ਤੋਂ ਨਿਆਰਾ ਰਹਿਣਾ ਹੈ । ਇੰਜ ਗੁਰੂ ਨਾਨਕ ਦੇ ਘਰ ਦਾ ਤੁਹਾਡੇ ਤੇ ਇਹ ਵਰ ਅਤੇ ਹੁਕਮ ਹੈ ਕਿ ਤੁਸੀ ਨਾਮ ਜਪਦੇ ਹੋਏ ਆਪਣੀ ਰਹਿਣੀ, ਕਿਰਤ, ਵਿਰਤ ਗੁਰਮਤਿ ਅਨੁਸਾਰ ਕਰਨੀ ਹੈ । ਪੰਥ ਨਾਲ ਵੰਡ ਛਕਣੀ ਹੈ। ਇੱਕ ਅਕਾਲ ਪੁਰਖ ਤੋਂ ਛੁੱਟ ਹੋਰ ਕਿਸੇ ਦੀ ਉਪਾਸਨਾ ਨਹੀਂ ਕਰਨੀ ਅਤੇ ਨਾ ਮੰਨਣਾ ਹੈ। ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਣਾ ਅਤੇ ਗੁਰੂ ਪੰਥ ਖ਼ਾਲਸੇ ਦੀ ਚਰਣੀ ਤੇ ਸ਼ਰਣੀਂ ਸਦਾ ਰਹਿਣਾ ਹੈ।

ਪ੍ਰਤਿਪਾਲਕ ਸ੍ਰੀ ਅਕਾਲ ਪੁਰਖ ਆਪ ਹਨ। ਟੱਬਰ ਪੰਥ ਖ਼ਾਲਸਾ ਹੈ। ਸੱਭਿਆਚਾਰ, ਸੱਭਿਅਤਾ, ਗੁਰਮੁਖੀ ਅਤੇ ਗੁਰਮਤਿ ਹੈ । ਜਿਸ ਦਾ ਪ੍ਰਗਟਾਅ ਅਤੇ ਰੋਲ ਮਾਡਲ ਦੀ ਪ੍ਰਣਾਲੀ ਦਾ ਵਰਤਾਰਾ "ਗੁਰਮੁਖ" ਹੈ । ਬ੍ਰਹਿਮੰਡ ਨੂੰ ਸਤਿਗੁਰ ਨਾਨਕ ਪਾਤਸ਼ਾਹ ਦੀ ਨਿਰਭਉ, ਨਿਰਵੈਰ ਅਤੇ ਸੈਭੰ ਅਕਾਲ ਦੀ ਨਾਨਕਸ਼ਾਹੀ ਸਿੱਖੀ ਦੀ ਨਸਲ ਦੀ ਘਾੜਤ ਦੇਣੀ ਹੈ। ਅਕਾਲ ਨਿਮਿੱਤ ਨਸਲ ਹਿੱਤ ਅਨੰਦ ਸੰਸਕਾਰ ਰਾਹੀਂ ਹੋਏ ਇਸ 'ਅਨੰਦ ਕਾਰਜ' ਦਾ ਅਸਲ ਤੱਤ ਹੀ ਗੁਰਮਤਿ ਅਨੁਰੂਪ ਇਹ ਹੈ- "ਮਿਟੀ ਧੁੰਧੁ ਜਗਿ ਚਾਨਣ ਹੋਆ॥" ਇਹੋ ਪ੍ਰਾਪਤੀ ਫਲ ਦਾਈ ਹੈ।

"ਜਿਸ ਨੋ ਤੇਰਾ ਅੰਗੁ ਤਿਸੁ ਮੁਖੁ ਉਜਲਾ ॥
ਜਿਸ ਨੋ ਤੇਰਾ ਅੰਗੁ ਸੁ ਨਿਰਮਲੀ ਹੂੰ ਨਿਰਮਲਾ ॥
ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥
ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ ॥
ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ ॥
ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ ॥" 961

# 41

## ਮਿਰਤਕ ਸੰਸਕਾਰ

ਗੁਰਮਤਿ ਇਸ ਸੱਚ ਤੋਂ ਜਾਣੂ ਕਰਵਾਉਂਦੀ ਹੈ ਕਿ "ਜੋ ਜਨਮੈ ਸੋ ਜਾਨਹੁ ਮੂਆ" [254] ਸਿੱਖ ਨੂੰ ਮੌਤ ਹਮੇਸ਼ਾ ਚੇਤੇ ਰੱਖ ਕੇ ਜਿਉਣ ਦਾ ਹੁਕਮ ਹੈ "ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥ ਸੰਗੁ ਚਲਤ ਹੈ ਹਮ ਭੀ ਚਲਨਾ ॥ ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥ ਕਿਆ ਤੂ ਸੋਇਆ ਜਾਗੁ ਇਆਨਾ ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥" ਜੀਵਨ ਹੈ ਤਾਂ ਮੌਤ ਅਟੱਲ ਹੈ। ਇਹੋ ਸਚਾਈ ਹੈ। "ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸੈ ਸੋ ਕਾਲਹਿ ਖਰਨਾ ॥"

ਅਫ਼ਸੋਸ ਦੀ ਗੱਲ ਇਹ ਹੈ ਕਿ ਸਿੱਖ ਦਾ ਜੀਵਨ ਅਤੇ ਮੌਤ ਦੋਵੇਂ ਹੀ ਬਾਹਮਣ ਦੀ ਪੱਤਰੀ ਦੀ ਗ਼ੁਲਾਮੀ ਵਿਚ ਹਨ। ਇਨ੍ਹਾਂ ਦੋਹਾਂ ਨੂੰ ਬ੍ਰਾਹਮਣ ਕਰਮ ਕਾਂਡ ਤੋਂ ਮੁਕਤ ਕਰਵਾਉਣਾ ਬਹੁਤ ਜ਼ਰੂਰੀ ਹੈ। ਪੂਰੀ ਉਮਰ ਖ਼ਾਲਸਾ ਰਹਿਤ ਵਾਨ ਹੋ ਕੇ ਜ਼ਿੰਦਗੀ ਤੋਂ ਗਮਨ ਕਰਦਾ ਹੈ ਤਾਂ ਸ਼ਮਸ਼ਾਨ ਵਿਚ ਜਾ ਕੇ ਉਸ ਨੂੰ ਬ੍ਰਾਹਮਣ ਫੇਰ ਘੇਰ ਲੈਂਦਾ ਹੈ। ਸਿੱਖਾਂ ਦੇ ਬਹੁਤੇਰੇ ਗ੍ਰੰਥੀ/ ਭਾਈ ਵੀ ਬ੍ਰਾਹਮਣਾਂ ਵਾਲੇ ਹੀ ਕਰਮ ਕਾਂਡੀ ਬਣ 'ਪਾਂਡਿਆਂ ਵਾਕਨ' ਬਹੁਤ ਕੁੱਝ ਕਰਵਾਉਣ ਲੱਗ ਗਏ ਹਨ। ਇਸ ਲਈ ਮ੍ਰਿਤਕ ਪ੍ਰਾਣੀ ਦੇ ਸਿੱਖ ਟੱਬਰ ਲਈ ਵਿਸ਼ੇਸ਼ ਧਿਆਨ ਰੱਖਣ ਅਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਅਤਿ ਸਖ਼ਤ ਲੋੜ ਹੁੰਦੀ ਹੈ ਕਿ ਹੇਠ ਲਿਖ ਰਸਮ ਅਨੁਰੂਪ ਹੀ ਅੰਤਿਮ ਕਿਰਿਆ ਹੋਵੇ ਤੇ ਇਸ ਤੋਂ ਵੱਧ ਤੇ ਇਸ ਤੋਂ ਅੱਡ ਕੁੱਝ ਵੀ ਨਾਂਹ ਹੋਣ ਦਿੱਤਾ ਜਾਵੇ। ਇਹ ਸਭ ਨੂੰ ਧਿਆਨ ਨਾਲ ਪੜ੍ਹਨ ਅਤੇ ਮਨਨ ਕਰ ਕੇ ਯਾਦ ਰੱਖਣ ਦੀ ਲੋੜ ਹੈ।

ਸਿੱਖ ਰਹਿਤ ਮਰਿਆਦਾ ਵਿਚ ਮ੍ਰਿਤਕ ਸਰੀਰ ਸਬੰਧੀ ਗੁਰਮਤਿ ਦੀ ਰਹਿਣੀ ਸਿਰਲੇਖ ਹੇਠਾਂ ਮੱਦ ਨੰਬਰ 3 ਮਿਰਤਕ ਸਸਕਾਰ ਸਿਰਲੇਖ ਹੇਠ ਰਸਮ ਇੰਜ ਦਰਜ ਹੈ:

(ੳ) ਪ੍ਰਾਣੀ ਨੂੰ ਮਰਨ ਵੇਲੇ- ਜੇ ਮੰਜੇ ਤੇ ਹੋਵੇ ਤਾਂ - ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ', 'ਵਾਹਿਗੁਰੂ' ਕਰਨਾ।

(ਅ) ਪ੍ਰਾਣੀ ਦੇ ਦੇਹੀ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।

(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿੱਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉੱਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ ਦੇ ਕਕਾਰ ਜੁਦਾ ਨ ਕੀਤੇ ਜਾਣ। ਫਿਰ ਤਖ਼ਤੇ ਉੱਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉੱਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁੱਝ ਵਿੱਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉੱਠੇ ਤਾਂ (ਕਪਾਲੀ ਕਿਰਿਆ ਆਦਿ ਕਰਨਾ ਮਨਮਤ ਹੈ ), ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ। ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਿਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੁੱਖ ਨੂੰ ਮੁੱਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਿਹਰੇ' ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

(ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਢਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਹੈ।

(ਖ) ਅੱਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਨੇ ਮਨਮਤ ਹੈ।

**ਨਾਨਕਸ਼ਾਹੀ ਨਜ਼ਰੀਆ**

ਹਰ ਕੰਮ ਅਤੇ ਕਿਰਿਆ ਵਿਚ ਸਾਰੇ ਭਰਮਾਂ, ਪਾਖੰਡਾਂ ਤੋਂ ਮੁਕਤ ਰਹਿ ਕੇ ਜੀਵਨ ਗੁਜ਼ਾਰਨ ਅਤੇ ਵਿਵਹਾਰਿਕ ਗੁਰਮਤਿ ਜਿਊਣ ਦੀ ਹੀ ਸਿੱਖਿਆ ਦਿੰਦਾ ਹੈ। ਇਸ ਲਈ ਮੌਤ ਤੋਂ ਬਾਅਦ ਹੋਰ ਕਿਸੇ ਕਿਸਮ ਦਾ ਕੋਈ ਵੀ ਦੀਵਾਨ, ਭੋਗ, ਵਰ੍ਹੀਣਾ ਆਦਿ ਨਹੀਂ ਕਰਨਾ। ਅਕਾਲ ਦਾ ਸ਼ੁਕਰ ਕਰਨਾ ਹੈ ਤੇ ਵਰਤਮਾਨ ਦੀ ਸੰਭਾਲ ਕਰਨੀ ਹੈ।

## 42

# ਅੰਮ੍ਰਿਤ ਸੰਸਕਾਰ

### ਗੁਰੂ ਹੁਕਮ ਦਾ ਵਿਸਥਾਰ

"ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥"[538] ਦਰਪਣ ਇਸ ਦੇ ਅਰਥ ਕਰਦਾ ਹੈ "ਪ੍ਰਮਾਤਮਾ ਦਾ ਨਾਮ ਆਤਮਿਕ ਜੀਵਨ ਦੇਣ ਵਾਲਾ ਜਲ ਹੈ'ਇਹ ਨਾਮ ਜਲ ਗੁਰੂ ਦੀ ਮਤਿ ਉੱਤੇ ਤੁਰਿਆਂ ਹੀ ਮਿਲਦਾ ਹੈ'। ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕਈ ਸ਼ਬਦ ਗੁਰੂ ਆਤਮਿਕਤਾ ਦੀ ਅਧਿਆਤਮਿਕਤਾ ਨਾਲ ਸੁਹਾਗਣ ਹੋਣ ਦੀ ਅੰਮ੍ਰਿਤ ਵਿਧੀ "ਨਾਮੁ" ਨੂੰ ਦ੍ਰਿੜ੍ਹ ਕਰਵਾਉਂਦੇ ਹਨ। ਇਹ ਪੀਰੀ ਦੇ ਸੰਕਲਪ ਦੇ ਆਦਰਸ਼ ਦੀ ਉਹ ਬਣਤਰ ਹੈ ਜੋ ਮਨੁੱਖ ਨੂੰ ਸੰਤ ਤੋਂ ਬ੍ਰਹਮ ਗਿਆਨੀ ਜਿਹਾ ਨਿਰਭਉ, ਨਿਰਵੈਰ ਸੱਤਿਆ ਦਾ ਨੇਮ ਧਾਰੀ ਬਣਾ ਕੇ ਕਰਤਾ ਵਰਗੇ ਪੁਰਖ ਵਜੋਂ ਅਕਾਲ ਦੀ ਸਤਾ ਦਾ ਹੁਕਮੀ ਪਸਾਰਾ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਪਸਾਰਨਾ ਸੀ। ਅਧਿਆਤਮਿਕਤਾ ਦੀ ਇਹ ਸੱਤਿਆ ਦੀ ਉਡਾਰੀ ਗੁਰੂ ਨਾਨਕ ਸਾਹਿਬ ਜੀ ਤੋਂ ਬਹੁਤ ਪਹਿਲਾਂ ਤੋਂ ਸੰਸਾਰ ਵਿਚ ਅਧਿਆਤਮਿਕ ਬੋਧ ਰੱਖਣ ਵਾਲੇ ਭਗਤ ਜਨ ਪ੍ਰਚਾਰ ਦੇ ਪ੍ਰਸਾਰ ਕਰ ਰਹੇ ਸਨ। ਪਰ ਉਹ ਇਸੇ ਵਿਚ ਹੀ ਆਪ ਇੱਕ ਸਾਧਨ ਬਣ ਕੇ ਖਚਿਤ ਹੁੰਦੇ ਗਏ। ਗੁਰੂ ਨਾਨਕ ਪਾਤਸ਼ਾਹ ਜੀ ਦੇ ਪ੍ਰਕਾਸ਼ ਧਾਰਨ ਤੱਕ ਸਮਾਜਿਕ ਆਲਾ ਦੁਆਲਾ ਅਜਿਹਾ ਉੱਸਰ ਚੁਕਾ ਸੀ ਕਿ ਜਿਸ ਵਿਚ ਗਿਆਨ ਅਮਲ ਦੀ ਬ੍ਰਹਮਤਾ ਮੁੱਕ ਸੁੱਕ ਗਈ ਸੀ। "ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥"[1191] ਘਰ-ਘਰ ਵਿਚ ਗੈਰ ਧਰਮੀ, ਧਰਮ ਤੇ ਉਸੇ ਦੀ ਬੋਲੀ ਆਪਣੇ ਪੈਰ ਜਮਾ ਚੁੱਕੀ ਹੈ; ਤੋਂ ਹੁੰਦਾ ਹੋਇਆ ਇਹ ਬ੍ਰਹਮ ਗਿਆਨ ਦਾ ਅੰਮ੍ਰਿਤ (ਅਜਿਹਾ ਜਲ ਜਿਸ ਨੂੰ ਪੀਣ ਵਾਲਾ ਅਮਰ ਹੋ ਜਾਂਦਾ ਹੈ) ਵਾਲਾ ਸਮਾਜ "ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥"[663] ਸਮਾਜ ਦੀ ਰੱਖਿਆ ਕਰਨ ਵਾਲੇ ਵਰਗ ਨੇ ਵੀ ਆਪਣੀ ਵਫ਼ਾਦਾਰੀ ਬਦਲ ਲਈ ਹੈ ਤੇ ਆਪਣਾ ਧਰਮ ਛੱਡ ਵਿਦੇਸ਼ੀ ਦਾ ਹੀ ਧਰਮ ਤੇ ਬੋਲੀ ਧਾਰਨ ਕਰ ਲਿਆ ਹੈ। ਅਜਿਹਾ ਸਮਾਜ "ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥"[471] ਰਾਹੀਂ "ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ॥"[472] ਤੇ ਅੱਪੜ ਕੇ "ਅਭਾਖਿਆ ਕਾ ਕੁਠਾ ਬਕਰਾ ਖਾਣਾ॥"[472] ਆਪਣੇ ਆਤਮਕ ਪੱਧਰ ਤੋਂ ਖਿੜਕ ਕੇ ਵਿਦੇਸ਼ੀ ਧਰਮ, ਉਨ੍ਹਾਂ ਦੇ ਨਿਯਮ, ਮਰਿਆਦਾ, ਰਹਿਤ, ਪੂਜਾ ਦੇ ਢੰਗ ਤੇ ਧਰਮ ਪਰਿਵਰਤਨ ਕਰ ਖਾਣ ਤੋਂ ਲੈ ਕੇ ਬੁੱਧ ਤੇ ਸਭਿਅਤਾ ਤਕ ਗ਼ੁਲਾਮੀ ਨੂੰ ਸਵੀਕਾਰ ਕਰ ਗਿਆ ਹੈ । ਹੁਣ ਤਾਂ ਆਨ ਕੇ ਵੇਦ ਬ੍ਰਹਮ ਗਿਆਨ ਦੇ ਅੰਮ੍ਰਿਤ ਤੇ ਆ ਕੇ ਜੜ੍ਹ ਹੋ ਗਿਆ ਹੈ। "ਲਬੁ ਪਾਪੁ ਦੁਇ

ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥"[468] ਰਾਹੀਂ "ਰਾਜੇ ਸੀਹ ਮੁਕਦਮ ਕੁਤੇ॥ ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖਕਰਿ ਉਡਰਿਆ॥"[145] ਲੋਭ ਰਾਜਾ ਬਣ ਚੁਕਾ ਹੈ, ਪਾਪ ਇਸ ਰਾਜ ਦਾ ਵਜ਼ੀਰ ਹੈ,ਝੂਠ ਚੌਧਰੀ ਰਾਹੀਂ ਕਾਮ ਦੀ ਗਵਾਹੀ ਲੈ ਕੇ ਫ਼ੈਸਲੇ ਕਰਨ ਵਾਲੇ ਮਾਸ ਖਾਣੇ ਤੇ ਨਿਆਂ ਕਰਨ ਵਾਲੇ ਕਸਾਈ ਅੱਗੋਂ ਉਨ੍ਹਾਂ ਦੇ ਮੁਲਾਜ਼ਮ ਸ਼ੇਰ ਤੇ ਕੁੱਤੇ ਬਣ ਕੇ ਅਗਿਆਨੀ ਤੇ ਮਜ਼ਲੂਮ ਕੀਤੀ ਜਾ ਚੁੱਕੀ ਪਰਜਾ ਨੂੰ ਧਰਮ ਦੇ ਠੇਕੇਦਾਰ ਕਾਜ਼ੀਆਂ ਤੇ ਬ੍ਰਾਹਮਣਾਂ ਰਾਹੀ ਰਲ਼ ਮਿਲ ਕੇ ਲਹੂ ਚੂਸਣੇ ਬਣੇ ਹੋਏ ਹਨ। ਅਜਿਹੇ ਸਮਾਜਿਕ ਹਾਲਾਤ ਵਿਚ "ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥"[722] ਆ ਕੇ ਗੁਰੂ ਨਾਨਕ ਸਰਕਾਰ ਨੇ ੧ਓ ਦੀ ਪ੍ਰਭੂ ਸਤਾ ਦਾ ਨਾਅਰਾ ੧ਓ ਦੀ ਹੀ ਕਿਰਪਾ ਦ੍ਰਿਸ਼ਟੀ ਅਤੇ ਵਰਦਾਨ ਨਾਲ, "ਏਕੋ ਹੈ ਭਾਈ ਏਕੋ ਹੈ॥" ਤੋਂ ਪਹਿਲੀ ਪਹਿਲ "ਸਾਹਿਬੁ ਮੇਰਾ ਏਕੋ ਹੈ॥"[350] ਨੂੰ ਸੁਘੜਤਾ ਮਈ ਢੰਗ ਨਾਲ ਸ਼ੋਭਾ ਮਾਨ ਕਰ ਸਿੰਘਾਸਣ ਧਾਰੀ ਪਾਤਸ਼ਾਹੀ ਬਹਾਲ ਕਰ ਕੇ; ਉਸ ਦੀ ਪ੍ਰਭੂ ਸਤਾ ਸਥਾਪਿਤ ਕਰਵਾ ਦਿੱਤੀ।

ਗੁਰੂ ਨਾਨਕ ਪਾਤਸ਼ਾਹ ਤੋਂ ਲਗਭਗ 400 ਸਾਲ ਪਹਿਲਾਂ ਈਸਵੀ 1070 ਵਿਚ ਭਗਤ ਜੈ ਦੇਵ ਜੀ ਵੀ ਪ੍ਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਅੰਮ੍ਰਿਤ ਲਿਖਦੇ ਹਨ "ਕੇਵਲ ਰਾਮ ਨਾਮ ਮਨੋਰਮੰ॥ ਬਦਿ ਅੰਮ੍ਰਿਤ ਤਤ ਮਇਅੰ॥ ਨ ਦਨੋਤਿ ਜਸਮਰਣੇਨ ਹਨਮ ਮਰਾਧਿ ਮਰਣ ਭਇਅੰ॥"[526] ਪ੍ਰੋ ਸਾਹਿਬ ਸਿੰਘ ਜੀ ਦਰਪਣ ਵਿਚ ਅਰਥ ਕਰਦੇ ਹਨ 'ਕੇਵਲ ਪ੍ਰਮਾਤਮਾ ਦਾ ਸੁੰਦਰ ਨਾਮ ਸਿਮਰ ਜੋ ਅੰਮ੍ਰਿਤ-ਭਰਪੂਰ ਹੈ, ਜੋ ਅਸਲੀਅਤ ਰੂਪ ਹੈ, ਅਤੇ ਜਿਸ ਦੇ ਸਿਮਰਨ ਨਾਲ ਜਨਮ ਮਰਨ, ਬੁਢੇਪਾ, ਚਿੰਤਾ, ਫ਼ਿਕਰ ਅਤੇ ਮੌਤ ਦਾ ਡਰ ਦੁੱਖ ਨਹੀਂ ਦੇਂਦਾ।' ਅਧਿਆਤਮ ਮੰਡਲ ਦੇ ਜਿਸ ਅੰਮ੍ਰਿਤ ਦੀ ਗੱਲ ਚਲਾਈ ਜਾ ਰਹੀ ਹੈ ਤੇ ਚਲਾਈ ਜਾਂਦੀ ਸੀ ਉਸੇ ਦੀ ਸੰਪੂਰਨਤਾ ਦਾ ਟੀਚਾ ਹੀ ਗੁਰੂ ਪਾਤਸ਼ਾਹੀਆਂ ਨੇ ਵਿਕਸਿਤ ਕੀਤਾ। ਇਹ ਇਸ ਲਈ ਤਾਂ ਜੋ ਬਾਬਾ ਫ਼ਰੀਦ ਜੀ ਨੇ ਜਿਹੜੀ ਪੁਕਾਰ ਪਾਤਸ਼ਾਹ ਨਾਨਕ ਸਰਕਾਰ ਤੋਂ ਲਗਭਗ 300 ਸਾਲ ਪਹਿਲਾਂ 1172 ਈਸਵੀ ਵਿਚ ਜਨਮੇ ਸਨ; ਰੱਬ ਨੂੰ ਕਿਹਾ ਸੀ "ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥"[1380] ਰੱਬਾ ਜੇ ਮੈਨੂੰ ਤੂੰ ਪਰਾਏ ਦਰ ਦਾ ਗ਼ੁਲਾਮ ਹੀ ਰੱਖਣਾ ਹੈ ਤਾਂ ਫੇਰ ਮੇਰੇ ਸਰੀਰ ਵਿਚੋਂ ਮੇਰੀ ਜਿੰਦ ਕੱਢ ਲੈ। ਤੋਂ ਸਪਸ਼ਟ ਹੈ ਕਿ ਅਧਿਆਤਮਿਕਤਾ ਦੀ ਚਰਮ ਸੀਮਾ ਦਾ 'ਅੰਮ੍ਰਿਤ' ਦੁਨਿਆਵੀ ਗ਼ੁਲਾਮੀ ਤੋਂ ਮੁਕਤ ਨਹੀਂ ਸੀ ਕਰਵਾ ਸਕਿਆ। ਇਸੇ ਲਈ ਹੀ ਨਾਨਕਸ਼ਾਹੀ ਸਰਕਾਰ ਨੂੰ ਆਪਣਾ "੧ਓ ਤੋਂ ਸੈਭੰ" ਦਾ "ਗੁਰ ਨਾਨਕ ਰਾਜੁ ਜਿਨਿ ਮਾਣਿਓ॥[1389] ਦੀ ਵਿਵਸਥਾ "ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥"[966] ਦੀ ਬਹਾਲੀ ਵਾਲੇ ਅੰਮ੍ਰਿਤ ਦੇ ਵਿਵਹਾਰ ਦੀ ਲੋੜ ਪਈ।

"ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ॥"[469] ਨੂੰ ਹੁਣ ਇਸ ਸਥਾਪਿਤ ਕੀਤੀ ਪ੍ਰਭੂ ਸਤਾ ਦੀ ਸਦੀਵੀ ਸਥਾਪਤੀ ਲਈ ਆਦਰਸ਼ ਨੀਅਤ ਕੀਤਾ "ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥"[1412] ਗੁਰੂ ਅਮਰਦਾਸ ਪਾਤਸ਼ਾਹ ਜੀ ਨੇ "ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥ ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥"[918] ਇਹ ਮਾਰਗ ਅਧਿਆਤਮ ਮੰਡਲ ਦੇ ਉੱਚ ਮਾਰਗ ਤੋਂ ਵੀ ਵਿਹਾਰਕ ਧਰਾਤਲ ਮੰਡਲ ਤੇ ਖੰਡੇ ਦੀ ਧਾਰ ਤੋਂ ਵੀ ਤਿੱਖਾ ਤੇ ਵਾਲ ਜਿੰਨੇ ਫ਼ਰਕ ਨੂੰ ਵੀ ਨਾਂਹ ਸਹਾਰਨ ਵਾਲਾ ਕਿਹਾ ਹੈ। ਸਰਕਾਰ ਏ ਸ਼ਹੀਦਾਂ ਗੁਰੂ ਅਰਜਨ ਪਾਤਸ਼ਾਹ ਨੇ "ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥ ਮ: ੫ ॥ ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ॥ ਜਿਨ੍ਹਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ ॥"[1102] ਸ਼ਹੀਦਾਂ ਦੇ ਪਾਤਸ਼ਾਹ ਸਰਕਾਰ ਏ ਨਾਨਕ ਦੀ ਪੰਚਮ ਜੋਤਿ ਸਪਸ਼ਟ ਨਿਰਧਾਰਿਤ ਕਰਦੀ ਹੈ ਕਿ ਇਹ ਅਜਿਹਾ ਅੰਮ੍ਰਿਤ ਹੈ ਜੋ ਵੰਗਾਰਦਾ ਹੈ ਕਿ ਪਹਿਲਾ ਮੌਤ ਨੂੰ ਕਬੂਲ (ਯਾਦ ਵਿਚ ਲਿਆਓ ਪੰਜ ਪਿਆਰੇ) ਜੀਵਨ ਦੀ ਆਸ ਨੂੰ ਮੁੱਢੋਂ ਹੀ ਛੱਡ ਕੇ ਇਹ ਚਿੱਤ ਵਿਚ ਧਿਆਨ ਧਰੋ। ਤੇ ਫਿਰ ਸਭਨਾਂ ਦੀ ਚਰਨ ਧੂੜ ਬਣ ਕੇ ਅਰਥਾਤ ਆਪਣਾ ਸਭ ਕੁੱਝ ਨਿਛਾਵਰ ਕਰ ਕੇ (ਆਪੇ ਗੁਰ ਚੇਲਾ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਵਿਚ ਲਿਆਓ) ਫਿਰ ਇਸ ਪਿਆਰੇ ਪਾਸ ਆਓ। ਮੋਇਆ ਨੂੰ ਜਿਉਂਦੇ ਵੇਖ ਕੇ ਜਿਉਂਦੇ ਵੀ ਮਰ ਜਾਣ ਅਜਿਹੀ ਮੁਹੱਬਤ ਨਿਭਾਉਣ ਦੀ ਇਸ ਰੀਤ ਵਾਲੇ ਗੁਰਮੁਖ ਹੀ ਸ਼੍ਰੋਮਣੀ ਜਨ ਹਨ ਜਿਨ੍ਹਾਂ ਦਾ ਪਿਆਰ ੧ਓ ਪ੍ਰਧਾਨ ਨਾਲ ਹੈ। ਸ਼ਹੀਦਾਂ ਦੀ ਸਰਕਾਰ ਨੇ ਆਪਣੀ ਸਤਾ ਦੀ ਜੰਗੀ ਵਿਧਾ ਨੂੰ ਇਉਂ ਬਿਆਨਿਆਂ "ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥ ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥"[628] ੧ਓ ਦੀ ਨਿਰਭੈਤਾ ਵਿਚੋਂ ਆਈ ਨਿਮਰਤਾ ਗੁਰਜ ਹੈ ਤੇ ਨਿਰਵੈਰਤਾ ਵਿਚੋਂ ਮਿਲਿਆ ਖ਼ੁਦਾਈ ਖ਼ਿਦਮਤਗਾਰੀ ਦਾ ਖੰਡਾ ਹੱਥ ਵਿਚ ਹੈ। ਜੋ ਕੁਕਰਮੀ ਤੇ ਕੁਕਰਮੀ ਨੂੰ ਪਾਲ਼ਨ ਵਾਲੇ ਦੋਹਾਂ ਦੇ ਨਾਸ਼ ਦਾ ਦੋ ਧਾਰੀ ਸ਼ਕਤੀ ਅੱਗੇ ਕੋਈ ਟਿਕ ਨਹੀਂ ਸਕਦਾ। ਇਹ ਗੱਲ ਪੂਰੇ ਗੁਰੂ ਨੇ ਸਮਝਾ ਦਿੱਤੀ ਹੈ।

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥[1427] ਦੇ ਇਸੇ ਹੀ ਆਦੇਸ਼ ਨੂੰ ਲੈ ਕੇ ਗੁਰੂ ਹਰਿ ਗੋਬਿੰਦ ਪਾਤਸ਼ਾਹ ਜੀ ਨੇ ਸਰਬੰਗੀ ਮਾਨਵੀ ਅਧਿਕਾਰਾਂ ਦੀ ਸ੍ਰਿਸ਼ਟ ਦੀ ਚਾਦਰ ਗੁਰੂ ਤੇਗ਼ ਬਹਾਦਰ ਪਾਤਸ਼ਾਹ ਜੀ ਦੇ ਵਰਦਾਨ "ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਉਮ ਹੀ ਹੋਤ ਸਹਾਇ॥[1429] ਦੇ ਸੰਕਲਪ ਧਾਰੀ "ਮੀਰੀ-ਪੀਰੀ" ਦੇ ਅਕਾਲ ਸੁਤ ਵੰਸੀ ਸਿੱਖ ਨੂੰ "ਪਿਤਾ ਜਾਤਿ ਤਾ ਹੋਈਐ ਗੁਰ ਤੁਠਾ ਕਰੇ ਪਸਾਉ॥"[82] ਤੇ ਅਮਲ ਕਰ ਕੇ; ਭਾਈ ਗੁਰਦਾਸ ਜੀ ਦੇ

ਸ਼ਬਦਾਂ ਵਿਚ"ਹੰਸ ਵੰਸ ਗੁਰਸਿਖ ਗੁਰਸਿਖ ਜਾਇਆ" ਭਾ.ਗੁ.ਪਉ:20 "ਸਤਿਗੁਰ ਵੰਸੀ ਪਰਮ ਹੰਸੁ ਗੁਰੁ ਸਿਖ ਹੰਸ ਵੰਸੁ ਨਿਬਹੰਦਾ॥ ਪਿਅ ਦਦੇ ਦੇ ਰਾਹਿ ਚਲੰਦਾ॥" ਭਾ.ਗੁ.ਪਉ:26 ਦੀ ਸਿੱਖਿਆ ਅਨੁਸਾਰ 'ਦੋ ਤਲਵਾਰਾਂ ਬੱਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ' ਪਹੁੰਚਾ ਦਿੱਤਾ ਹੈ। ਇੰਜ ਅਧਿਆਤਮਿਕ ਸਤਾ ਨਾਲ ਸੰਸਾਰਿਕ ਸਤਾ ਦੀ ਬਾਦਸ਼ਾਹਤ ਦੀ ਪਾਤਸ਼ਾਹੀ ਦਾ ਪ੍ਰਭੂ ਸਤਾ ਸੰਪੰਨ ਰਾਜ "ਭਗਤੀ ਤੇ ਸ਼ਕਤੀ" ਦੀ "ਅੰਮ੍ਰਿਤ ਦਾਤ" ਨਾਲ "ਮੀਰੀ-ਪੀਰੀ" ਜਾਂ "ਸੰਤ-ਸਿਪਾਹੀ" ਵਿਚ "ਜਲ ਵਿਚ ਜਲ" ਵਾਂਗ ਸਮੋ ਗਿਆ। ਇੰਜ ਗੁਰ ਸ਼ਬਦ ਅੰਮ੍ਰਿਤ ਦਾ ਨਾਨਕਸ਼ਾਹੀ ਕ੍ਰਮ ਗਤ ਵਿਕਾਸ ਤੇ ਵਿਗਾਸ ਹੁੰਦਾ ਚਲਾ ਗਿਆ। ਨਾਨਕਸ਼ਾਹੀ ਵੰਗਾਰ "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" 142 ਨੂੰ ਵਿਹਾਰਕ ਅਮਲ ਵਿਚ ਸਦੀਵੀ ਕਾਲ ਲਈ ਜੀਵਿਤ ਰੱਖਣ ਦਾ ਅਮਲ ਭਾਈ ਗੁਰਦਾਸ ਜੀ ਅਨੁਸਾਰ "ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ॥" ਭਾ.ਗੁ.ਪ.41 ਵਿਚ "ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥" 943 ਦੀ ਬਣਤਰ ਰਾਹੀਂ "ਮੀਰੀ-ਪੀਰੀ ਦੀ ਜੁਗਤਿ ਦਾ ਸ਼ਬਦ ਅੰਮ੍ਰਿਤ ਸੁਹਾਗ ਖੰਡੇ ਬਾਟੇ ਦੀ ਜੁਗਤਿ" ਰਾਹੀਂ ਸੁਹਾਗਣ ਦਾ ਸਦੀਵੀ ਮਿਲਨ ਬਣਾ ਦਿੱਤਾ ਹੈ।

ਗੁਰੂ ਪਾਤਸ਼ਾਹ ਸਰਕਾਰ ਏ ਅਕਾਲ, ਨਾਨਕਸ਼ਾਹੀ ਦਰਬਾਰ ਦੇ ਆਦਿ ਨਾਨਕ ਦੇ ਆਦੇਸ਼ "ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥" 517 ਦੀ ਸੱਤਿਆ ਦੀ ਬਾਣੀ ਦੀ ਸੰਦਰਭ ਸਹਿਤ ਵਿਆਖਿਆ ਤੋਂ ਉਪਰੰਤ ਸਾਰ ਅਰਥ ਪਾਤਸ਼ਾਹੀ ਪੰਥ ਖ਼ਾਲਸਾ ਦੇ ਜਨਮ ਦਾਤਾ ਦਸਮ ਨਾਨਕ ਆਪੇ ਗੁਰ ਚੇਲਾ ਦੀ ਚਰਮ ਸੀਮਾ ਦਾ ਵਿਵਹਾਰਿਕ ਅਮਲ "ਖੰਡੇ ਬਾਟੇ ਦੀ ਪਹੁਲ਼" ਰਾਹੀਂ ਨਾਨਕਸ਼ਾਹੀ ਸਿੱਖੀ ਨੂੰ ਦਿੰਦੇ ਹਨ ਤੇ ਇਸੇ ਵਿਚ ਹੀ ਆਪ ਉਵੇਂ ਹੀ ਵਿਲੀਨ ਹੋ ਇੱਕ-ਮਿੱਕ ਬਣ ਜਾਂਦੇ ਹਨ ਜਿਵੇਂ ਗੁਰੂ ਨਾਨਕ, ਗੁਰੂ ਅੰਗਦ ਨੂੰ ਗੁਰਿਆਈ ਦੀ ਜੋਤਿ ਦੇ ਕੇ ਗੁਰੂ ਅੰਗਦ ਦਾ ਸਿੱਖ ਬਣ ਜਾਂਦਾ ਹੈ। ਸ੍ਰਿਸ਼ਟੀ ਰਚਨਾ ਦੇ ਇਤਿਹਾਸ ਵਿਚ ਅਜਿਹਾ ਕਦੇ ਵਾਪਰਿਆ ਨਹੀਂ। ਇਸ ਲਈ ਸਹਿਜੇ ਹੀ ਇਹ ਪਾਤਸ਼ਾਹੀ ਦਾ ਖ਼ਾਲਸਤਾਈ ਅਮਲ ਤੇ ਵਿਵਹਾਰ ਲੋਕਾਈ ਨੂੰ ਛੇਤੀ ਸਮਝ ਆਉਂਦਾ ਨਹੀਂ ਹੈ। ਇਹ ਬੁੱਧੀ ਦਾ ਨਹੀਂ ਪ੍ਰਾਣ ਦਾ ਵਿਸ਼ਾ ਜੋ ਹੈ।

ਸਿੱਖ ਧਰਮ ਵਿਚ; ਵੈਸਾਖ 1699 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਰਕਾਰ ਏ ਖ਼ਾਲਸਾ, ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖੰਡੇ ਬਾਟੇ ਦੀ ਪਹੁਲ਼ ਵਿਚੋਂ ਪੰਜ ਪਿਆਰਿਆਂ ਰਾਹੀਂ ਖ਼ਾਲਸਾ ਪੰਥ ਪ੍ਰਗਟ ਕੀਤਾ ਹੈ; ਉਸੇ ਖੰਡੇ ਬਾਟੇ ਦੀ ਪਹੁਲ਼ ਨੂੰ ਛਕਣ ਦੀ ਮਰਿਆਦਾ ਨੂੰ ਅੰਮ੍ਰਿਤ ਛਕਣਾ ਸਵੀਕਾਰਿਆ ਗਿਆ ਹੈ। ਇਹ ਮਰਿਆਦਾ ਓਦੋਂ ਤੋਂ ਹੀ ਚੱਲਦੀ ਆ ਰਹੀ ਹੈ। ਅੰਮ੍ਰਿਤ ਛਕਣ ਦੇ ਇਹੋ ਗੁਰਮਤਿ ਅਰਥ ਹਨ।

ਇੰਜ ਸਰਕਾਰ ਏ ਖ਼ਾਲਸਾ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 1 ਵੈਸਾਖ 1699 ਨੂੰ ਪੰਜ ਪਿਆਰਿਆਂ ਨੂੰ ਖ਼ੁਦ ਅੰਮ੍ਰਿਤ ਦੀ ਦਾਤ ਤਿਆਰ ਕਰ ਛਕਾ ਦੇਣ ਤੋਂ ਬਾਅਦ ਉਨ੍ਹਾਂ

ਨੂੰ "ਪੰਥ-ਖ਼ਾਲਸਾ ਜੀ ਦੀ ਮੁੱਢਲੀ ਇਕਾਈ" ਘੋਸ਼ਿਤ ਕਰ ਕੇ ਆਪਣੀ ਸਰੀਰਕ ਗੁਰਤਾ ਦਾ ਅਰਪਣ ਕਰ ਪਦ-ਅਧਿਕਾਰੀ "ਪੰਥ ਖ਼ਾਲਸਾ" ਜੀ ਨੂੰ ਬਣਾ ਦਿੱਤਾ। ਗੁਰੂ ਗਿਆਨ ਦੀ ਗੁਰੂ ਪ੍ਰਭੂ ਸੱਤਾ ਨਾਲ ਗੁਰੂ ਪਦਵੀ ਦੀ ਸਰੀਰਕ ਉੱਤਰਦਾਇਤਵ ਦੀ ਗੁਰਿਆਈ ਦਾ ਧਾਰਨੀ ਬਣਾ ਦਿੱਤਾ। ਇੰਜ ਜੋਤਿ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਤੋਂ ਪਹਿਲਾਂ ਸਰੀਰ ਗੁਰੂ, ਗੁਰੂ ਪੰਥ ਖ਼ਾਲਸਾ ਜੀ ਨੂੰ ਗੁਰਿਆਈ ਦਾ ਧਾਰਨੀ ਬਣਾਇਆ ਗਿਆ। ਗੁਰੂ ਨਿਰਨੇ ਦੇ ਇਸ ਵਿਲੱਖਣ ਸੰਕਲਪ ਨੂੰ ਸਿੱਖ ਸਮਾਜ ਨੇ ਆਪਣੀ ਖੋਜਕਾਰੀ ਦਾ ਵਿਸ਼ਾ ਹੀ ਨਹੀਂ ਬਣਾਇਆ। ਪਰ, ਇਹੋ ਸੱਚ ਹੈ। ਖੰਡੇ ਬਾਟੇ ਦੀ ਪਹੁਲ਼ ਦੇ ਸਿਧਾਂਤਕ ਸੰਕਲਪ ਨਾਲ "ਪੰਥ ਖ਼ਾਲਸਾ" ਬਤੌਰ "ਸਰੀਰ ਗੁਰੂ", ਆਪਣੀ ਥਾਂ ਤੇ, ਸਦੀਵੀ ਕਾਲੀ ਸਰੀਰਕ ਅਗਵਾਈ ਲਈ' ਸਰਕਾਰ ਏ ਖ਼ਾਲਸਾ ਦੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪਰਗਟ ਕੀਤਾ ਹੈ। ਅੰਮ੍ਰਿਤ ਛਕਣਾ ਸਿੱਖ ਦਾ ਗੁਰਿਆਈ ਨਾਲ ਸੁਹਾਗਿਆ ਜਾਣਾ ਹੈ ਜਿਸ ਤੋਂ ਬਾਦ ਸਿੱਖ ਸੁਹਾਗ ਧਾਰੀ ਖ਼ਾਲਸਾ ਬਣ ਪ੍ਰਗਟ ਹੋ ਜਾਂਦਾ ਹੈ। ਮੀਰੀ-ਪੀਰੀ ਦਾ ਮਾਲਕ ਸਿੱਖ ਹੁਕਮਰਾਨ ਬਣ ਕੇ ਨਿੱਤਰ ਪੈਂਦਾ ਹੈ। ਜਿਸ ਦਾ ਨਜ਼ਰੀਆ ਮੁਕੰਮਲ ਤੌਰ ਤੇ ਬਦਲ ਕੇ ਨਾਨਕਸ਼ਾਹੀ ਬਣ ਜਾਂਦਾ ਹੈ। ਹੁਣ ਇਹ ਨਾਨਕਸ਼ਾਹੀ ਮਨੋਬਿਰਤੀ ਨਾਲ ਸਿਹ ਨਹੀਂ ਗਿਣਦਾ; ਆਦਰਸ਼ ਮਿਣਦਾ ਤੇ ਗੁਣਾਂ ਦੀ ਸਾਂਝ ਕਰਦਾ ਹੈ। ਪਸ਼ੂ ਵਿਹਾਰ, ਪਸ਼ੂ ਸ਼ਕਤੀ ਤੇ ਪਸ਼ੂ ਬਿਰਤੀ ਤੋਂ ਮਨੁੱਖਤਾ ਨੂੰ ਬੌਧਿਕਤਾ ਦੀ ਤਰਕਵਾਦਿਤਾ ਤੋਂ ਚੰਚਲਤਾ ਤੋਂ ਮਾਨਸਿਕ ਸਥਿਰਤਾ ਦੇ ਬਿਬੇਕ ਵਿਚ ਲੈ ਆਉਂਦਾ ਹੈ। ਇਹ ਗ੍ਰਹਿਸਤ ਵਿਚ ਉਦਾਸ ਜੰਗ ਤੋਂ ਬਿਨਾ ਸਿਪਾਹੀ ਵਾਲੀ ਸੂਰਬੀਰਤਾ ਨੂੰ ਸੰਜੋਈ ਤੇ ਲਗਾਤਾਰਤਾ ਵਿਚ ਵਧਾਈ ਜਾਣ ਵਾਲੀ ਸਥਿਰਤਾ ਦਾ ਸੰਤ ਬਣ ਕੇ ਸੰਸਾਰਿਕ ਸੁੱਖ ਮਾਣਦਾ ਤੇ ਲੋੜ ਪੈਂਦਿਆਂ ਹੀ ਸਭ ਕੁੱਝ ਤਿਆਗਣ ਦੀ ਸਮਰੱਥਾਵਾਨ ਜਿਊਣ ਧਾਰਾ ਦਾ ਖ਼ੁਦਾਈ ਖ਼ਿਦਮਤਗਾਰੀ ਦੇ ਸੰਕਲਪ ਧਾਰੀ ਹੋਣ ਕਰ ਕੇ ਯਕ ਦਮ ਸਭ ਛੱਡ ਸਿਰ ਤਲੀ ਤੇ ਧਰ ਨਿੱਤਰ ਪੈਂਦਾ ਹੈ। ਇਹ ਅੰਮ੍ਰਿਤ ਦੀ ਪਹੁਲ਼ ਵਿਚੋਂ ਦੋ ਧਾਰੀ ਖੰਡੇ ਦੀ ਸ਼ਕਤੀ ਨਾਲ ਪ੍ਰਗਟ ਹੋਏ ਖ਼ਾਲਸਾ ਸਰੂਪ ਦਾ ਉਹ ਨਾਨਕਸ਼ਾਹੀ ਬਿਰਤੀ ਦਾ ਪਰਗਟ ਆਦਰਸ਼ ਹੈ ਜੋ ਇੱਕ ਮਨੁੱਖ "ਖ਼ਾਲਸਾ" ਵੀ ਕਰੋੜਾਂ ਵਿਸ਼ਈ-ਕੁਕਰਮੀ, ਜ਼ਾਲਮ ਤੇ ਅਨਿਆਂ ਕਾਰਿਆਂ ਦੇ ਖ਼ਾਤਮੇ ਲਈ ਇਕੱਲਾ ਬਹੁਤ ਵੱਡਾ ਜੋਧਾ ਬਲਵਾਨ ਹੈ। ਜੋ ਜ਼ਾਲਮਾਂ ਦੇ ਨਾਸ਼ ਤੇ ਨਿਆਂ ਦੀ ਕਾਇਮੀ ਲਈ ਬਿਨਾਂ ਆਵਾਜ਼ ਮਾਰੇ ਵੀ ਧਾਹ ਕੇ ਅਪੱੜਦਾ ਹੈ ਤੇ ਇਨਸਾਫ਼ ਤੇ ਨਿਆਂ ਦਾ ਰੱਬੀ ਆਦਰਸ਼ ਰਾਜ ਲੋਕਾਈ ਨੂੰ ਸਥਾਪਿਤ ਕਰ ਦੇਣ ਲਈ ਆਪਾ ਤੱਕ ਵਾਰ ਦਿੰਦਾ ਹੈ। ਅੰਮ੍ਰਿਤ ਧਾਰੀ ਖ਼ਾਲਸਾ ਜੀ ਦਾ ਮਨੋਰਥ ਤੇ ਜੀਵਨ ਮੰਜ਼ਿਲ ਵਾਹਿਗੁਰੂ ਜੀ ਕੀ ਫ਼ਤਹਿ ਦੇ ਆਦਰਸ਼ ਅਧੀਨ ਅਕਾਲ ਪੁਰਖ ਦੇ ਰਾਜ ਦੀ ਸੰਸਾਰ ਵਿਚ ਸਥਾਪਨਾ ਕਰ ਕੇ ਦੇਣੀ ਹੈ। ਇਸ ਦੇ ਜੀਵਨ ਆਚਰਨ ਦੇ ਜਿਊਣ ਜਾਂਚ ਦਾ ਆਦਰਸ਼ ਹੀ ਨਿਰਭਉ ਤੇ ਨਿਰਵੈਰ ਸੇਵਾ ਬਿਰਤੀ ਦੀ ਮਹਾਨਤਾ ਹੈ। ਹਰ ਤਰ੍ਹਾਂ ਦੀ ਗ਼ੁਲਾਮੀ ਤੋਂ ਸਦੀਵੀ ਮੁਕਤੀ ਦਾ ਆਦਰਸ਼ ਹੈ ਖੰਡੇ ਬਾਟੇ ਦੀ ਪਹੁਲ਼ ਵਿਚੋਂ ਤਿਆਰ ਹੁੰਦਾ

"ਅੰਮ੍ਰਿਤ" ਤੇ ਉਸ ਨੂੰ ਛੱਕ ਕੇ ਤਿਆਰ ਬਰ ਤਿਆਰ ਹੋਇਆ ਅਕਾਲ ਵੰਸੀ ਖ਼ਾਲਸਾ ਮਨੁੱਖ। ਸਿੱਖ ਨੂੰ ਇਹ ਪਦਵੀ ਨਾਨਕਸ਼ਾਹੀ ਪਾਤਸ਼ਾਹੀ ਦੀ ਦਸਵੀਂ ਜੋਤਿ ਗੁਰੂ ਗੋਬਿੰਦ ਸਿੰਘ ਜੀ ਦੀ ਖੁਸ਼ਅਸਲੂਬੀ ਨਾਲ ਹਾਸਲ ਹੋਈ ਹੈ।

ਸਿੱਖ ਰਹਿਤ ਮਰਿਆਦਾ ਦੀ **"ਪੰਥਕ ਰਹਿਣੀ"** ਦੀ ਦੂਜੀ ਮੱਦ ਵਿਚ ਅੰਮ੍ਰਿਤ ਸੰਸਕਾਰ ਦੇ ਵਿਧੀ ਵਿਧਾਨ ਨੂੰ ਇੰਜ ਹੇਠ ਲਿਖੇ ਅਨੁਸਾਰ ਲਿਖਤ ਬੱਧ ਕੀਤਾ ਗਿਆ ਹੈ:

(ੳ) 'ਗੁਰੂ ਪੰਥ' : ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਿਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

ਪੰਥਕ ਰਹਿਣੀ ਦਾ ਭਾਗ 2. ਅੰਮ੍ਰਿਤ ਸੰਸਕਾਰ

(ੳ) ਅੰਮ੍ਰਿਤ ਛਕਾਣ ਲਈ ਇੱਕ ਖ਼ਾਸ ਅਸਥਾਨ ਤੇ ਪ੍ਰਬੰਧ ਹੋਵੇ। ਉੱਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਚੋਂ ਇੱਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।

(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾ, ਕਾਣਾ, ਲੰਙਾ, ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖ਼ਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

(ਸ) ਹਰ ਦੇਸ਼, ਹਰ ਮਜ਼੍ਹਬ ਤੇ ਜਾਤੀ ਦੇ ਹਰ ਇਸਤਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉੱਪਰ ਚੱਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇੱਕ ਪੰਜ ਕਕਾਰ (ਕੇਸ, ਕਿਰਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰ ਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰ ਕੇ ਸੰਗਤ ਵਿਚ ਪੰਜ ਪਿਆਰੇ ਤਨਖ਼ਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਚੋਂ ਕੋਈ ਇੱਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ-

ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇੱਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ, ਆਦਿ,

ਕੀ ਤੁਸੀਂ ਇਸ ਧਰਮ ਨੂੰ ਖ਼ੁਸ਼ੀ ਨਾਲ ਕਬੂਲ ਕਰਦੇ ਹੋ ?

(ਖ) "ਹਾਂ" ਦਾ ਜਵਾਬ ਆਉਣ ਤੇ ਪਿਆਰਿਆਂ ਚੋਂ ਇੱਕ ਸਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰ ਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰੱਖਿਆ ਹੋਵੇ।

(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਣ ਹੋ ਕੇ ਬੈਠ ਜਾਣ।

(ਙ) ਤੇ ਇਹਨਾਂ ਬਾਣੀਆਂ ਦਾ ਪਾਠ ਕਰਨ :-

ਜਪੁ, ਜਾਪੁ 10 ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਸਾਹਿਬ।

(ਚ) ਹਰ ਇੱਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ ਤੇ ਅਤੇ ਧਿਆਨ ਅੰਮ੍ਰਿਤ ਵਲ ਟਿਕੇ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇੱਕ ਅਰਦਾਸ ਕਰੇ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਿਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇੱਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ-ਆਸਣ ਕਰਾ ਕੇ ਉਸ ਦੇ ਖੱਬੇ ਹੱਥ ਉੱਪਰ ਸੱਜਾ ਹੱਥ ਰਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ :-

ਬੋਲ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।' ਛਕਣ ਵਾਲਾ ਛਕ ਕੇ ਕਹੇ : 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ'। ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ 'ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਇੱਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ ਪਿੱਛੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ।

(ਢ) ਉਪਰੰਤ ਪੰਜੇ ਪਿਆਰੇ ਰਲ ਕੇ ਇੱਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦਸ ਕੇ ਮੂਲ ਮੰਤਰ ਸੁਣਾਉਣ ਤੇ ਉਨ੍ਹਾਂ ਪਾਸੋਂ ਇਸ ਦਾ ਰਟਨ ਕਰਾਉਣ :-

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

(ਟ) ਫਿਰ ਪੰਜਾਂ ਪਿਆਰਿਆਂ ਚੋਂ ਕੋਈ ਸੱਜਣ ਰਹਿਤ ਦੱਸੇ ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨ ਮਿਟਾਇਆ' ਹੈ ਅਤੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸ ਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੋ। ਤੁਸੀਂ ਇੱਕ ਪਿਤਾ ਦੇ ਪੁੱਤਰ ਹੋਣ ਕਰ ਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤ-ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰ ਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖ਼ਿਆਲ ਤਕ ਛੱਡ ਕੇ ਨਿਰੋਲ ਖ਼ਾਲਸਾ ਬਣ ਗਏ ਹੋ। ਇੱਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗ਼ੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ : ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ), ਸੋ ਦਰੁ ਰਹਰਾਸਿ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜਾਂ ਕੱਕਿਆਂ -ਕੇਸ, ਕਿਰਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।

ਬੱਜਰ ਕੁਰਹਿਤਾਂ

1). ਕੇਸਾਂ ਦੀ ਬੇ-ਅਦਬੀ।

2). ਕੁੱਠਾ ਖਾਣਾ।

3). ਪਰ ਇਸਤਰੀ ਜਾਂ ਪਰ ਪੁਰਸ਼ ਦਾ ਗਮਨ (ਭੋਗਣਾ)।

4). ਤਮਾਕੂ ਦਾ ਵਰਤਣਾ।

ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਣਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।

ਸਿਰਗੁੰਮ, ਨੜੀ ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ, ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ।

ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜੱਥੇਬੰਦੀ ਵਿਚ ਇੱਕ ਸੂਤ ਪਰੋਏ ਰਹਿਣਾ, ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖ਼ਾਹ ਬਖ਼ਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

(ਠ) ਤਨਖ਼ਾਹੀਏ ਇਹ ਹਨ :-

1. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ।
2. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।
3. ਦਾਹੜਾ ਰੰਗਣ ਵਾਲਾ।
4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।
5. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੋਕੀਨ ਆਦਿ) ਵਰਤਣ ਵਾਲਾ।
6. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।
7. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।

(ਡ) ਇਹ ਸਿੱਖਿਆ ਦੇਣ ਤੋਂ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ।

(ਢ) ਫਿਰ ਤਾਬਿਆ ਬੈਠਾ ਸਿੰਘ 'ਹੁਕਮ' ਲਵੇ, ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਵਿਚੋਂ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਸੀ ਰੱਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰੱਖਿਆ ਜਾਵੇ।

(ਣ) ਅੰਤ ਕੜਾਹ ਪ੍ਰਸ਼ਾਦ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇੱਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦ ਰਲ ਕੇ ਛਕਣ।

## ਪੰਥਕ ਰਹਿਣੀ ਦਾ ਭਾਗ 3. ਤਨਖ਼ਾਹ ਲਾਉਣ ਦੀ ਵਿਧੀ

(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁੱਖ ਖੜ੍ਹੋ ਕੇ ਆਪਣੀ ਭੁੱਲ ਮੰਨੇ।

(ਅ) ਗੁਰ-ਸੰਗਤ ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ-ਸੰਗਤ ਪਾਸ ਤਨਖ਼ਾਹ (ਦੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖ਼ਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖ਼ਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖ਼ਾਹ ਕਿਸੇ ਕਿਸਮ ਦੀ ਸੇਵਾ, ਖ਼ਾਸ ਕਰ ਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ ਅਰਦਾਸ ਹੋਵੇ।

ਸਿੰਘ ਅਤੇ ਕੌਰ ਪਦਵੀ ਧਾਰੀ ਗੁਰਮੁਖਾ ਦਾ ਇਹੋ ਵਿਵਹਾਰਿਕ ਜੀਵਨ ਅਮਲ ਹੈ। ਜੋ ਸੰਸਾਰਿਕ ਜੀਵਨ ਨੂੰ ਇੱਕ ਮੰਜ਼ਿਲ ਦੇ ਕੇ ਨਿਰਾਰਥਕ ਹੋਣ ਤੋਂ ਬਚਾਉਂਦਾ ਤੇ ਨਿਰਮਾਣਕਾਰੀ ਬਣਾ ਕੇ ਹਰ ਤਰ੍ਹਾਂ ਦੀ ਗ਼ੁਲਾਮੀ ਤੋਂ ਸੁਤੰਤਰਤਾ ਦਿਵਾਉਂਦਾ ਹੈ।

## 43

# ਸਿੱਖ ਸਭਿਅਤਾ ਵਿਚ
# ਸਰਕਾਰੇ ਨਾਨਕਸ਼ਾਹੀ ਵੱਲੋਂ ਮਿਲੇ ਨਾਗਰਿਕ ਅਧਿਕਾਰ

### ਖ਼ਾਲਸੇ/ ਸਿੱਖਾਂ ਨੂੰ ਕਿਹੜੇ ਅਧਿਕਾਰ ਮਿਲੇ ਹਨ ਤੇ ਕਿਹੜੇ ਨਹੀਂ ਮਿਲੇ ਹਨ

ਗੁਰਿਆਈ ਦੀ ਜੁਗਤ ਵਰਤਾਉਣ ਅਤੇ ਸਤਾ ਚਲਾਉਣ ਦੀ ਅਧਿਕਾਰਤਾ "ਗੁਰੂ ਪੰਥ" ਪਾਸ ਹੈ। ਬਤੌਰ ਗੁਰੂ ਪੰਥ ਖ਼ਾਲਸਾ ਜੀ ਨੂੰ ਕਿਹੜੇ ਕਿਹੜੇ ਅਧਿਕਾਰ ਦਸ ਪਾਤਸ਼ਾਹੀਆਂ ਵੱਲੋਂ ਆਪਣੀ ਜੁਗਤੀ ਦੀ ਜੋਤ ਨਾਲ ਹਸਤਾਂਤਰਣ ਕੀਤੇ ਗਏ ਹਨ ਇਨ੍ਹਾਂ ਦਾ ਖ਼ੁਲਾਸਾ ਸਮਝਣਾ ਬਹੁਤ ਜ਼ਰੂਰੀ ਹੈ।

ਜੱਦੋ "ਗੁਰੂ ਪੰਥ ਖ਼ਾਲਸਾ" ਗੁਰੂ ਗ੍ਰੰਥ ਖ਼ਾਲਸਾ" ਨਾਲ ਇੱਕ ਸਰੂਪ ਜੋਤਿ -ਜੁਗਤੀ ਦੀ ਇੱਕ ਨਾਨਕਜੋਤਿ ਹੋ ਕੇ ਵਿਚਰਦਾ ਹੋਇਆ ਪੰਥਕ ਫ਼ੈਸਲੇ, ਨਿਰਨੇ ਅਤੇ ਹੁਕਮ ਲੈਂਦਾ ਹੈ ਤਾਂ ਉਸ ਵਕਤ ਬਤੌਰ ਜੁਗਤ ਸਰੀਰ ਦੇ ਉਸ ਪਾਸ ਕਿਹੜੇ ਅਧਿਕਾਰ ਹੁੰਦੇ ਹਨ ਤੇ ਕਿਹੜੇ ਅਧਿਕਾਰ ਉਸ ਪਾਸ ਨਹੀਂ ਹਨ ਉਹ ਸਮਝਣੇ ਬੜੇ ਜ਼ਰੂਰੀ ਹਨ।

**ਇਹ ਹੇਠ ਲਿਖੇ ਅਧਿਕਾਰ ਗੁਰਿਆਈ ਦੀ ਜੁਗਤ ਨਿਭਾਉਣ ਵੇਲੇ ਬਤੌਰ ਗੁਰੂ ਪੰਥ ਵੀ ਖ਼ਾਲਸਾ ਜੀ, ਪੰਥ ਜੀ ਜਾਂ ਸਿੱਖਾਂ ਪਾਸ ਨਹੀਂ ਹਨ:**

1. ਜੋ ਨਿਰਨੇ ਅਤੇ ਵਿਵਹਾਰਿਕ ਅਮਲ,
2. ਜਾਰੀ ਕੀਤੇ ਗਏ ਹੁਕਮਨਾਮੇ,
3. ਜਾਰੀ ਕੀਤੇ ਗਏ ਆਦੇਸ਼,
4. ਦਿੱਤੇ ਗਏ ਨਿਯਮ,
5. ਅਸਥਾਪਿਤ ਕੀਤੀ ਗਈ ਨਾਨਕਸ਼ਾਹੀ ਪੰਥਕ ਸਭਿਅਤਾ, ਸਭਿਆਚਾਰ,
6. ਸਿੱਖ ਜੀਵਨ ਦੀ ਧਾਰਮਿਕ, ਸਮਾਜੀ ਤੇ ਪਰਿਵਾਰਿਕ ਪ੍ਰਣਾਲੀ,
7. ਭਾਸ਼ਾ,
8. ਲਿਪੀ,
9. ਕਾਇਮ ਕੀਤੀਆਂ ਗਈਆਂ ਸੰਸਥਾਵਾਂ,
10. ਵਿਵਸਥਾ,
11. ਮਰਿਆਦਾਵਾਂ, ਰਹਿਤ,
12. ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਸਤੀ, ਸੰਪਾਦਨ,
13. ਖੰਡੇ ਬਾਟੇ ਦੀ ਪਹੁਲ ਅਤੇ ਬਾਣੀਆਂ

ਆਪਣੇ ਜੀਵਨ ਕਾਲ ਵਿਚ ਦਸ ਗੁਰੂ ਸਾਹਿਬਾਨ ਵੱਲੋਂ ਲਏ ਤੇ ਸਥਾਪਿਤ ਕੀਤੇ ਗਏ ਹਨ, ਉਨ੍ਹਾਂ ਨੂੰ ਬਦਲਣ ਦਾ ਜਾਂ ਪਰਿਵਰਤਿਤ ਕਰਨ ਦਾ ਜਾਂ ਇਸ ਤੇ ਕਿੰਤੂ ਪ੍ਰੰਤੂ ਕਰਨ ਦਾ ਅਧਿਕਾਰ ਪੰਥ, ਖ਼ਾਲਸੇ ਤੇ ਸਿੱਖਾਂ ਪਾਸ ਨਹੀਂ ਹੈ ।

ਇਹ ਉਪਰੋਕਤ ਸਬੰਧੀ ਸਾਰੇ ਫ਼ੈਸਲੇ ਅੰਤਿਮ ਤੌਰ ਤੇ ਦਸ ਗੁਰੂ ਪਾਤਸ਼ਾਹੀਆਂ ਵੱਲੋਂ ਆਪਣੇ ਜੀਵਨ ਕਾਲ ਵਿਚ ਸਿੱਖੀ ਦੇ ਧੁਰੇ ਦੇ ਤੌਰ ਤੇ ਮੁਹਰ ਬੰਦ ਕੀਤੇ ਗਏ ਹਨ। ਇਨ੍ਹਾਂ ਮੱਦਾਂ ਵਿਚ ਆਉਂਦੇ ਉਹ ਮਾਮਲੇ ਜਿਨ੍ਹਾਂ ਨੂੰ ਆਪਣੇ ਜੀਵਨ ਕਾਲ ਵਿਚ ਗੁਰੂ ਪਾਤਸ਼ਾਹੀਆਂ ਅੰਤਿਮ ਨਿਰਨੇ ਦੇ ਮੁਕਾ ਗਈਆਂ ਹਨ; ਉਨ੍ਹਾਂ ਵਿਸ਼ਿਆਂ ਤੇ ਮੱਦਾਂ ਨੂੰ ਖੋਲ੍ਹਣ ਦਾ ਅਧਿਕਾਰ ਖ਼ਾਲਸਾ ਪੰਥ ਨੂੰ ਆਪ ਗੁਰੂ ਜੋਤਿ ਵੱਲੋਂ ਵੀ "ਗੁਰਿਆਈ" ਨਾਲ ਦਿੱਤਾ ਨਹੀਂ ਗਿਆ ਹੈ ।

ਇਸ ਤੋਂ ਇਲਾਵਾ ਬਾਕੀ ਹਰ ਮਾਮਲੇ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਤਿਆਰ ਬਰ ਤਿਆਰ ਖ਼ਾਲਸਾ ਆਪਣੀਆਂ ਭੁੱਲਾਂ ਬਖ਼ਸ਼ਾਉਣ ਤੋਂ ਬਾਅਦ; ਬਤੌਰ ਸਾਂਝੀ ਗੁਰਿਆਈ "ਗੁਰੂ ਗ੍ਰੰਥ-ਗੁਰੂ ਪੰਥ" ਦੀ ਜੁਗਤੀ ਵਰਤਾਉਂਦੇ ਹੋਏ ਕਰਨ ਦੇ ਸਮਰੱਥ ਹੈ। ਪਰ ਇੱਥੇ ਵੀ "ਗੁਰੂ ਜੋਤਿ" ਦਾ ਫ਼ੈਸਲਾ ਉਹ ਨਹੀਂ ਕਰ ਸਕਦਾ।

ਅਜਿਹੇ ਇਕੱਠ ਦਾ ਪ੍ਰਬੰਧਨ ਅਤੇ ਨਿਯਮ ਦਾਸ ਦੀ ਪੁਸਤਕ "ਗੁਰਿਆਈ ਗੁਰੂ ਪੰਥ ਦਾ ਸਿੱਖ ਸੰਕਲਪ ਕੀ ਹੈ" ਵਿਚ ਪੜ੍ਹੋ।

## 44

# ਸਿੰਘ ਅਤੇ ਕੌਰ

ਇਹ ਗੱਲ ਆਰੰਭ ਵਿਚ ਹੀ ਪਹਿਲ ਪੱਧਰ ਤੇ ਸਪਸ਼ਟ ਕਰ ਕੇ ਤੁਰਨਾ ਵਿਚਾਰਾਂ ਦੀ ਸੰਭਾਲ ਨਿਮਿਤ ਸ਼੍ਰੋਮਣੀ ਸੰਵਾਦ ਦੀ "ਗੁਰਮਤਿ ਧਰਤੀ" ਉੱਪਰ ਜਨਮ ਲੈਣ ਲਈ ਕੁੱਖ ਪਾਲਨਾ ਹੈ ਕਿ "ਸਿੰਘ" ਅਤੇ "ਕੌਰ" ਸਮਾਨ ਅਰਥੀ ਸ਼ਬਦ ਬਤੌਰ ਪਦਵੀ "ਖ਼ਾਲਸਤਾਈ ਸਭਿਅਤਾ ਦੀ ਨਾਨਕਸ਼ਾਹੀ ਪ੍ਰਣਾਲੀ" ਨੇ ਬਣਾਏ ਅਤੇ ਖ਼ਾਲਸੇ ਲਈ "ਗੁਰਮੁਖੀ ਬੋਲੀ ਤੇ ਲਿਪੀ" ਵਿਚ ਸਥਾਪਿਤ ਕੀਤੇ ਹਨ।

ਅਕਾਲ ਪੁਰਖ ਦੇ "ਸੁਤ" ਨਿਮਿਤ ਸਿੰਘ ਪੁਰਖ ਲਿੰਗ ਵਾਚੀ ਹੈ ਅਤੇ ਕੌਰ ਨਾਰੀ ਲਿੰਗ ਵਾਚੀ ਲਈ "ਖ਼ਾਲਸਾ ਧਰਮ ਧਾਰਨੀਆਂ" ਦੇ ਸਮਾਜ ਵਿਚ ਅਕਾਲ ਪੁਰਖ ਨੂੰ ਅੰਤਿਮ ਤੌਰ ਤੇ 'ਜਵਾਬਦੇਹ ਸਮਰਪਿਤ ਸ਼ਬਦ ਗੁਰੂ ਦੀ ਗੁਰਿਆਈ ਨੂੰ ਪ੍ਰਗਟਾਉਣ ਵਾਲੇ ਸਰਦਾਰਾ ਦੀ ਪਦਵੀ ਧਾਰੀ' ਲਈ; "ਨਾਨਕ ਸ਼ਬਦ ਕੋਸ਼" ਦੇ ਮੂਲ ਈਜਾਦ ਕੀਤੇ 'ਪਦਵੀ ਧਾਰੀ' ਸ਼ਬਦ ਨਿਰਧਾਰਿਤ ਕੀਤੇ ਗਏ ਹਨ। ਇਸ ਪਦਵੀ ਧਾਰੀ ਸ਼ਬਦਾਵਲੀ ਦੀ ਧੁਰ ਭਾਸ਼ਾਈ ਆਤਮਾ "ਗੁਰਮੁਖੀ" ਹੈ ਤੇ ਇਹ ਦੋਵੇਂ ਹੀ ਸਮਾਨ ਹੱਕਦਾਰੀ "ਗੁਰਮੁਖ" ਜਨ ਹਨ। ਜਿਨ੍ਹਾਂ ਵਿਚ ਕੋਈ ਰੰਗ, ਜਾਤੀ, ਲਿੰਗ, ਨਸਲ, ਧਰਮ, ਇਲਾਕਾ, ਵਿਸ਼ਵਾਸ ਵਿਤਕਰਾ ਅਤੇ ਵੰਡੀ ਨਹੀਂ ਹੁੰਦੀ। ਕੌਰ ਅਤੇ ਸਿੰਘ ਨਿਰੋਲ ਖ਼ਾਲਸਾ ਧਰਮ ਧਾਰੀ ਗੁਰਮੁਖ ਹੁੰਦਾ ਹੈ।

ਇਹ ਨਿਰਵਿਵਾਦਿਤ ਅਤੇ ਅਟੱਲ ਸਚਾਈ ਹੈ ਕਿ "ਪੰਜ ਪਿਆਰਿਆ" ਤੋਂ ਖੰਡੇ ਬਾਟੇ ਦੀ ਪਹੁਲ਼ ਦਾ ਅੰਮ੍ਰਿਤ ਪਾਣ ਕਰ "ਰਹਿਤ ਧਾਰੀ" ਬਣ ਚੁਕਾ ਸਿੱਖ ਹੀ ਸਿੰਘ ਅਤੇ ਕੌਰ ਅਖਵਾ ਸਕਦਾ ਹੈ। ਮਹਾਨ ਕੋਸ਼ ਦਾ ਲਿਖਾਰੀ ਵੀ ਆਮ ਪ੍ਰਚਲਿਤ ਸ਼ਾਬਦਿਕ ਅਰਥ ਤੋਂ ਬਾਦ ਨਿਸ਼ਚਿਤ ਕਰਦਾ ਹੈ ਕਿ ਸਿੰਘ ਉਹ ਹਨ ਜੋ 'ਖੰਡੇ ਦਾ ਅੰਮ੍ਰਿਤ ਧਾਰੀ ਗੁਰੂ ਨਾਨਕ ਪੰਥੀ ਖ਼ਾਲਸਾ ਹੈ।

ਇਹ ਸਿੰਘ-ਕੌਰ ਹੀ ਸ਼੍ਰੋਮਣੀ ਹੈ। ਇਹ ਸਿੰਘ-ਕੌਰ ਹੀ ਪ੍ਰਧਾਨ ਹੈ। ਇਹੋ ਸਿੰਘ-ਕੌਰ ਹੀ ਪੰਥ ਦੀ ਹਜ਼ੂਰੀ ਗ੍ਰੰਥ ਦੀ ਤਾਬਿਆ ਬੈਠਣ ਦਾ ਅਧਿਕਾਰੀ ਹੈ। ਸਿੰਘ-ਕੌਰ ਹੀ ਗੁਰਬਾਣੀ ਸੰਗਤ ਵਿਚ ਪੜ੍ਹ, ਸੁਣਾਂ, ਪ੍ਰਵਚਨ ਅਤੇ ਕਥਾ ਕਰ ਸਕਦਾ ਹੈ। ਇਹ ਜਦ ਆਪਣੀ ਰਸਨਾਂ ਤੋਂ ਗੁਰਬਾਣੀ ਦਾ ਗਾਇਣ ਕਰਦਾ ਹੈ ਤਾਂ ਸ਼ਬਦ ਦੇ ਰੂਪ ਵਿਚ ਜੋਤਿ ਦਾ ਗਿਆਨ ਹੁੰਦਾ ਹੈ ਅਤੇ ਇੰਜ ਹੀ ਜੋਤਿ ਦਾ ਪਸਾਰਾ ਜੁਗਤੀ ਦੇ ਵਰਤਾਰੇ ਰਾਹੀਂ ਜਗਤ 'ਤੇ ਦ੍ਰਿਸ਼ਟਮਾਨ ਹੁੰਦਾ ਹੈ। ਨਾਨਕਸ਼ਾਹੀ ਸਿੱਖ ਸਭਿਅਤਾ ਦੇ ਵਿਕਾਸ ਵਿਚ ਇੰਜ ਇਹ ਇਸ ਪਦਵੀ ਦਾ ਵਿਗਸਤ ਏਕਾਧਿਕਾਰੀ "ਸਰਦਾਰੀ" ਦੀ ਸਤਾ ਦਾ ਪ੍ਰਤੱਖ ਗੁਰੂ ਥਾਪਿਆ "ਸੁਤੰਤਰ ਪ੍ਰਭੂ ਸਤਾ ਧਾਰੀ ਮਾਲਕ" ਹੈ।

'ਗੁਰਤਾ ਅਰਪਨਿ ਲਗੇ ਖਾਲਸੇ ਪੰਚ ਸਿੰਘ ਤਹਿੰ ਸੋਹਿੰ ਸ਼ਰੀਰ ॥

ਪੰਚਹੁੰ ਮਹਿਂ ਨਿਤ ਵਰਤਤਿ ਮੈਂ ਹੌਂ ਪੰਚ ਮਿਲਹਿਂ ਸੇ ਪੀਰਨ ਪੀਰ ॥2॥ 'ਸ੍ਰੀ.ਗੁ.ਪ੍ਰ.ਸੂ.ਗ੍ਰੰ.ਪੰ.6296 ਜਿ.24 ਖ਼ਾਲਸੇ ਨੂੰ ਗੁਰਤਾ ਅਰਪਣ ਲੱਗਿਆਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਖ਼ਾਲਸਾ ਰੂਪ ਵਿਚ ਪੰਜ ਸਿੰਘ ਮੇਰਾ ਸਰੀਰ ਹੀ ਹੋਣਗੇ। ਮੈਂ ਪੰਜਾਂ ਵਿਚ ਹੀ ਸਰੀਰ ਰੂਪ ਵਿਚ ਵਿਚਰਦਾ ਰਹਾਂਗਾ ਤੇ ਇਹ ਮਿਲ ਕੇ ਇੱਕ ਸ਼ਬਦ ਚਿੱਤ , ਇੱਕ ਮੱਤ ਗੁਰੂ ਪੰਥ ਖ਼ਾਲਸਾ ਹੀ ਮੇਰਾ ਗੁਰੂ ਹੋਵੇਗਾ।

ਅਤੇ

'ਸਿੰਘ ਸੁ ਰਹਤ ਪੰਚ ਜਹਿਂ ਮਿਲੈਂ । ਮਮ ਸਰੂਪ ਸੋ ਦੇਖਹੁ ਭਲੇ॥ ਭੋਜਨ ਛਾਦਨ ਜੋ ਤਿਨ ਦੇਇ । ਮੋਕਹੁ ਪਹੁੰਚਾਵਤਿ ਸਿਖ ਸੇਇ ॥12॥ ਮਨਹੁੰ ਕਾਮਨਾ ਤਿਨ ਤੇ ਪ੍ਰਾਪਤਿ। ਸ਼ਰਧਾ ਧਰੇ ਚਿੰਤ ਦੁਖ ਖਾਪਤਿ॥ ਸਿਖ ਪੰਚਨ ਮਹਿਂ ਮੇਰੋ ਬਾਸਾ । ਪੂਰਨ ਕਰੌਂ ਧਰਹਿਂ ਜੇ ਆਸਾ ॥13॥ "ਸ੍ਰੀ.ਗੁ.ਪ੍ਰ.ਸੂ.ਗ੍ਰੰ.ਪੰ.6331 ਜਿ.24 ਜਿੱਥੇ ਵੀ ਰਹਿਤ ਵਿਚ ਦ੍ਰਿੜ੍ਹ ਪੰਜ ਸਿੰਘ ਮਿਲਦੇ ਹਨ ਉੱਥੇ ਹੀ ਸਿੰਘ ਮੈਨੂੰ ਸਰੀਰ ਰੂਪ ਵਿਚ ਵੇਖ ਸਕਦੇ ਹਨ। ਇਨ੍ਹਾਂ ਦੇ ਗੁਰੂ ਸ਼ਬਦ ਰੂਪ ਇੱਕ ਮੱਤ ਨਿਰਣੈ ਤੋਂ ਸਭ ਸੁੱਖ ਮਿਲਦੇ ਹਨ। ਰਹਿਤ ਵਾਨ ਪੰਜਾਂ ਸਿੰਘਾਂ ਵਿਚ ਹੀ ਮੇਰਾ ਵਾਸ ਹੈ।

ਸਪਸ਼ਟ ਅਤੇ ਨਿਸ਼ਚਿਤ ਰੂਪ ਵਿਚ ਸਰੀਰ ਗੁਰੂ, ਸਿੰਘ-ਕੌਰ ਅਤੇ ਖ਼ਾਲਸਾ ਅਭੇਦ ਹਨ । ਇੱਕੋ ਹਨ । ਕੋਈ ਫ਼ਰਕ ਨਹੀਂ ਕੀਤਾ ਜਾ ਸਕਦਾ।

ਪਰ ਜੁਗਤੀ ਦੀ ਅੰਤਰ ਚਿੱਤ ਦੀ ਅਕਾਲ ਸੱਤਿਆ ਦੀ ਪਰਿਭਾਸ਼ਾ ਸਿਰਫ਼ ਇਹੋ ਹੀ ਹੋ ਸਕਦੀ ਹੈ ਕਿ ਜਿਸ ਸਿੰਘ-ਕੌਰ ਨੇ ਆਪਣੀ ਦਸਤਾਰ ਤੇ ਗੁਰਤਾ ਦਾ ਹੁਕਮ ਧਾਰਨ ਕਰ ਲਿਆ ਹੈ, ਸਿਰਫ਼ ਉਹੀ ਖ਼ਾਲਸਾ ਹੈ ਅਤੇ ਸਿਰਫ਼ ਅਜਿਹਾ ਖ਼ਾਲਸਾ ਹੀ, ਜੋ ਗੁਰਤਾ ਦਾ ਹੁਕਮ ਧਾਰੀ ਜਾਗਤ ਜੋਤਿ ਹੈ, ਉਹ ਹੀ ਸਿੰਘ-ਕੌਰ ਹੈ । ਜੋ ਗੁਰਮਤਿ ਨੂੰ ਧਾਰਨ ਕਰ ਕੇ ਗੁਰੂ ਦੇ ਦਰ ਤੇ ਅੱਪੜ, ਆਪਣਾ ਸਭ ਕੁੱਝ ਗੁਰੂ ਨੂੰ ਅਰਪਣ ਕਰਨ ਤੋਂ ਬਾਅਦ ਸ਼ਬਦ ਗੁਰੂ ਦੇ ਹੁਕਮ ਵਰਤਾਰੇ ਦੀ ਗੁਰਤਾ ਦੀ ਜੁਗਤ ਵਰਤਾਉਣ ਅਤੇ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਚੁੱਕ ਚੁਕਾ ਹੈ, ਉਹ ਸਿੰਘ-ਕੌਰ ਹੈ।

ਸਿੱਖ-ਸਿੱਖਣੀ ਅਤੇ ਸਿੰਘ ਕੌਰ ਵਿਚ ਫ਼ਰਕ ਇਹ ਹੈ ਕਿ ਸਿੱਖ ਤੇ ਸਿੱਖਣੀ ਗੁਰੂ ਤਕ ਪਹੁੰਚ ਕੇ "ਸ਼ਬਦ ਗੁਰੂ" ਦੇ ਬਚਨਾਂ ਨੂੰ ਧਾਰਨ ਕਰ ਚੁਕਾ ਹੈ ਅਤੇ ਸਿੰਘ-ਕੌਰ ਗੁਰੂ ਨਿਮਿਤ ਅਟੁੱਟ ਅਤੇ ਅਟੱਲ ਸੰਪੂਰਨ ਭੇਟ ਚੜ੍ਹ ਚੁਕਾ ਹੈ । ਅਰਥਾਤ:

"ਮੈ ਛਡਿਆ ਸਭੋ ਧੰਧੜਾ ॥ ਗੋਸਾਈ ਸੇਵੀ ਸਚੜਾ ॥ ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥8॥" ਮੈਂ ਅਰਥਾਤ ਸਿੱਖ ਨੇ ਗੁਰੂ ਸ਼ਬਦ ਸਰੂਪ ਨਾਮ ਨੂੰ ਕੱਸ ਕੇ ਆਪਣੇ ਵਿਹਾਰਕ ਜੀਵਨ ਨਾਲ ਬੰਨ੍ਹ ਲਿਆ ਹੈ ਤੇ ਉਸੇ ਦੇ ਸਹਾਰੇ ਸਾਰੇ ਸੁੱਖ ਪਾ ਲਏ ਹਨ। ਇਸ ਲਈ ਮਾਇਆ ਸੰਸਾਰ ਨੂੰ ਮੈਂ ਇਸ ਤੋਂ ਨਿਰਲੇਪ ਰਹਿ ਕੇ ਇਸ ਵਿਚ ਵਿਚਰਦਾ ਹਾਂ।

"ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥ ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥9॥" ਗੁਰੂ ਨੇ ਹੁਣ ਮੇਰੇ ਹਿਰਦੇ ਵਿਚ

ਆਪਣਾ ਵਾਸ ਕਰ ਦਿੱਤਾ ਹੈ। ਮੈਂ ਨਿਹਾਲ ਹਾਂ। ਗੁਰੂ ਪੁਰਖ ਅਕਾਲ ਨੇ ਮੇਰੇ ਤੇ ਆਪਣਾ ਹੱਥ ਰੱਖ ਕੇ ਮੈਨੂੰ ਆਪਣੇ ਵਰਗਾ ਬਣਾ ਕੇ ਨਿਰਭਉ, ਨਿਰਵੈਰ ਪ੍ਰਭੁਤਾ ਦਾ ਧਾਰਨੀ ਕਰ ਦਿੱਤਾ ਹੈ। ਤੇ ਆਪਣੇ ਪ੍ਰਤੱਖ ਦਰਸ਼ਨਾਂ ਦਾ ਰਾਹ ਤੇ ਮੰਜ਼ਿਲ ਦੇ ਦਿੱਤੀ ਹੈ।
"ਮੈ ਬਧੀ ਸਚੁ ਧਰਮ ਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥10॥" ੧ਓਂ ਦੀ ਕਿਰਪਾਲੂ ਮਿਹਰ ਨਾਲ ਮੈਂ ਨਾਨਕਸ਼ਾਹੀ ਧਰਮਸਾਲ ਬਣਾ ਲਈ ਹੈ ਤੇ ਉਸ ਵਿਚ ਗੁਰੂ ਦੇ ਸਿੱਖਾਂ ਦੀ ਹਰ ਪ੍ਰਕਾਰ ਤੋਂ ਸੇਵਾ ਸੰਭਾਲ ਕਰਦਾ ਹਾਂ । ਇਹ ਮੇਰਾ ਨਾਨਕ ਸਰਕਾਰ ਵੱਲੋਂ ਮਿਲਿਆ ਸ਼੍ਰੋਮਣੀ ਫ਼ਰਜ਼ ਅਤੇ ਹੱਕ ਹੈ। ਮੈਂ ਬਹੁਤ ਖ਼ੁਸ਼ ਹਾਂ ਕਿ ਮੈਨੂੰ ਸਤਿਨਾਮ ਕਰਤਾ ਪੱਖ ਦਾ ਪੰਥ ਮਿਲ ਗਿਆ ਹੈ ।
"ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥ ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥11॥ ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥ ਦੇ ਕੰਨੁ ਸੁਣਹੁ ਅਰਦਾਸਿ ਜੀਉ ॥ ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥12॥" ਇਹ ਅਜੇਹੀ "ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ" ਦੀ ਨਾਨਕਸ਼ਾਹੀ ਰਾਜ ਦੀ ਸੱਤਿਆ ਸਰਕਾਰ ਵਰਤ ਗਈ ਹੈ ਕਿ ਜਿਸ ਅੱਗੇ ਸਾਰਾ ਜਗਤ ਹੀ ਸਿਰ ਨਿਵਾ ਕੇ ਸ਼ਰਨੀਂ ਖੜ੍ਹਾ ਹੋ ਗਿਆ ਹੈ। ਨਾਨਕ ਸਰਕਾਰ ਦੀ ਇਸ ਸਿੱਖੀ ਦੇ ਪੰਥ ਵਿਚ ਮੈਂ ਜਿਸ ਜਿਸ ਨੂੰ ਵੀ ਬਿਠਾਉਂਦਾ ਹਾਂ ਉਹ ਸਦਾ ਥਿਰ ਰਹਿਣ ਵਾਲੇ ੧ਓਂ ਦੇ ਸੱਤਿਆ ਰਾਜ ਦੇ ਤਖ਼ਤ ਰਾਹੀਂ ਵਿਕਾਰਾਂ ਤੋਂ ਮੁਕਤ ਕਰਨ ਦਾ; ਤੇ ਸਭਨੀਂ ਲੋਕਾਈ ਨੂੰ ਵੀ ਅਜਿਹੇ ਹੀ ਤਖ਼ਤ ਦੀ ਨਾਮ (ਵਿਧਾਨ) ਤਾਕਤ ਦੀ ਰਹੁਰੀਤ (ਸਿਮਰਨ) ਦਾ ਤੇ ਖ਼ਲਕਤ ਦੀ ਸੇਵਾ (ਦਾਨ) ਰਾਹੀਂ ਮਨੁੱਖੀ ਜਨਮ ਦੀ ਇਸ ਪਦਵੀ ਨੂੰ ਗੁਰਮੁਖ ਇਸ਼ਨਾਨ ਕਰਵਾਉਣ ਦਾ ਪਥ ਤੇ ਪੰਥ ਮਿਲ ਚੁਕਾ ਹੈ । ਸਤਿਗੁਰੂ ਨਾਨਕ ਸਰਕਾਰ ਨੇ ਜੰਜਾਲਾਂ ਤੋਂ ਛਡਾ ਕੇ ਮੁਕਤ ਪੰਥੀ ਬਣਾ ਲਿਆ ਹੈ।
"ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ 13॥ ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ ॥ ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥14॥"[73-74] ਮਿਹਰ ਵਾਣ ੧ਓਂ ਪੁਰਖ ਦਾ ਅਜਿਹਾ ਕੈੜਾ ਅਟੁੱਟ ਤੇ ਸਦਾ ਮੰਨਣ ਵਾਲਾ ਅਜਿਹਾ ਹੁਕਮ ਵਰਤ ਗਿਆ ਹੈ ਕਿ ਨਾਨਕਸ਼ਾਹੀ ਸਰਕਾਰ ਦੇ ਪੰਥ ਦੇ ਮਾਰਗ ਤੇ ਆਈ ਸਾਰੀ ਲੁਕਾਈ ਆਤਮ-ਚਿੱਤ ਤੇ ਰੂਹ ਤੋਂ ਆਨੰਦਿਤ ਹੋ ਕੇ ਅਜਿਹੀ ਖੇੜੇ ਵਿਚ ਵਸੱਣ ਲੱਗ ਪਈ ਹੈ ਕਿ ਉਹ ਸੰਸਾਰਿਕ ਦੁੱਖਾਂ ਨੂੰ ਭੁੱਲ ਗਈ ਹੈ। ਨਾਨਕ ਸਰਕਾਰ ਦੇ ਪੰਥ ਨੇ ਉਸ ਨੂੰ ਅਜਿਹੀ ਆਤਮਿਕ ਅਡੋਲਤਾ ਦੇ ਅੰਮ੍ਰਿਤ ਦਾ ਧਾਰ ਬਣਾ ਦਿੱਤਾ ਹੈ ਕਿ ਉਹ ਤੇ ਮਾਨਵੀ ਸਭਿਅਤਾ ਦਾ ਵਿਹਾਰਕ ਧਾਰਨੀ ਕਰ ਦਿੱਤਾ ਹੈ ਕਿ ਉਹ ਸੰਸਾਰਿਕ ਜੀਵਾਂ ਨਾਲ ਵੀ ਅਜਿਹੀ ਨਿਮਰਤਾਈ ਵਾਲੇ ਹਲੇਮੀ ਰਾਜ ਦਾ

ਮਿਸਾਲੀ ਸਮਾਜ ਬਣ ਗਈ ਹੈ। ਹੇ ਸੱਚੇ ਪਾਤਸ਼ਾਹ ਮੈਂ ਤਾਂ ਤੇਰੇ ਉੱਤੇ ਹੀ ਮਾਨ ਕਰਦਾ ਹਾਂ ਕਿ ਤੂੰ ਮੈਨੂੰ ਆਪਣੇ ਇਸ ਸਮਾਜ ਸੰਰਚਨਾ ਵਿਚ ਕਬੂਲ ਕਰ ਲਏਂਗਾ। ਕਿਉਂਕਿ ਤੇਰੀ ਆਪਣੀ ਹੀ ਤਾਂ ਇਹੁ ਮਰਿਆਦਾ ਤੂੰ ਆਪ ਚਲਾਈ ਤੇ ਪ੍ਰਗਟਾਈ ਹੈ ਕਿ "ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥ ਸਹਿ ਟਿਕਾ ਦਿਤੋਸੁ ਜੀਵਦੈ॥" ਦਾ ਅਮਲ ਵਰਤਾ ਕੇ ਸੰਸਾਰ ਨੂੰ ਸਮਾਨਤਾ, ਬਰਾਬਰਤਾ ਅਤੇ ਗੁਣਤੰਤਰੀ ਉੱਤਰ ਅਧਿਕਾਰਤਾ ਦੇ ਅਮਲ ਦਾ ਨਾਨਕਸ਼ਾਹੀ ਖ਼ਾਲਸਤਾਈ ਅਮਲ ਆਪ ਦਿੱਤਾ ਹੈ। ਨਿਰਵਿਵਾਦਿਤ ਰੂਪ ਵਿਚ ਪ੍ਰਤੱਖ ਹੁੰਦਾ ਹੈ ਕਿ "ਸ਼ਬਦ ਗੁਰੂ" ਦੀ ਇਸ "ਕਿਰਤ" ਨੂੰ ਜਿਸ ਮਨੁੱਖ ਸਿੱਖ ਨੇ ਆਪਣਾ ਕਰਮ ਬਣਾ ਕੇ ਮਨ, ਬਚਨ ਅਤੇ ਕਿਰਦਾਰ ਦੀ ਘਰ ਬਾਰੀ ਦੀ ਸਰਦਾਰੀ ਅਤੇ ਸਮਾਜਦਾਰੀ ਦੀ ਸਰਦਾਰੀ ਦੀ ਸੰਸਾਰਿਕਤਾ ਵਿਚ, ਮਨੋਬਿਰਤੀ ਦੀ ਅਨੁਸ਼ਾਸਨਿਕ "ਰਜਾ" ਬਣਾ ਜੀਵਨ ਜਿਊਣ ਦਾ "ਨਾਨਕਸ਼ਾਹੀ ਰੋਲ ਮਾਡਲ" ਅਪਣਾ ਲਿਆ ਹੈ; ਉਹ ਸਿੱਖ ਵਿਅਕਤੀ ਹੀ "ਸਿੰਘ ਜਾਂ ਕੌਰ" ਪਦਵੀ ਧਾਰੀ ਸਰਦਾਰੀ ਕਰ ਸਕਦਾ ਹੈ। ਜਿਸ ਨੂੰ ਪੰਥ-ਖ਼ਾਲਸਾ ਰੂਪ ਵਿਚ ਸਥਾਪਿਤ ਕਰਵਾਉਣ ਦੀ ਸਮਰੱਥਾ ਧਾਰੀ ਅਜਿਹਾ ਮਨੁੱਖ, ਮਨੋਬਿਰਤੀ ਤੋਂ "ਸਿੱਖ" ਹੀ ਆਪਾ ਵਾਰਨ ਲਈ ਸਿੱਖੀ ਸੇਵਕੀ ਤੋਂ ਗੁਰੂ ਕਿਰਪਾ ਨਾਲ ਤਿਆਰ ਬਰ ਤਿਆਰ ਹੈ।

### ਵਿਹਾਰਕ ਜੀਵਨ ਵਿਚ ਅਪਣਾਉਣਾ

ਸਿੰਘ-ਕੌਰ ਪਦਵੀ ਦੀ ਸਮੁਚਿਤ ਵਿਚਾਰ ਦਾ ਨਿਰਣੈ ਉਪਰੋਕਤ ਸੰਕਲਪ ਅਧੀਨ ਇਹੁ ਨਿਕਲਦਾ ਹੈ ਕਿ "ਸਿੰਘ-ਕੌਰ" ਜਮਾਤ ਦਾ ਫ਼ਰਜ਼ ਹੈ ਕਿ ਉਹ "ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ 13॥"[74] ਦੀ ਜ਼ਿੰਮੇਵਾਰੀ ਦਾ ਆਪਣੀ ਪੂਰੀ ਹੋਸ਼ ਅਤੇ ਸੁਰਤ ਵਿਚ, ਸ਼ੁੱਧ ਹਿਰਦੇ ਅਤੇ ਦ੍ਰਿੜ੍ਹ ਇਰਾਦੇ ਨਾਲ ਮਨ, ਵਚਨ, ਕਰਮ ਅਤੇ ਧਰਮ ਤੋਂ ਸੰਸਾਰੀਕਰਨ ਵਿਚ ਸਥਾਪਿਤ ਕਰਨ ਹਿਤ ਇਸ ਦਾ ਪਾਲਨ ਕਰੇ। ਸੰਸਾਰੀਕਰਨ ਦੀ ਅਜੋਕੀ ਸਮਾਜਿਕਤਾ ਵਿਚ ਅਜਿਹੇ ਪਥਗਾਮੀ ਮਨੁੱਖਾਂ ਦੀ ਸਮੂਹਿਕ ਪਹਿਚਾਣ ਨੂੰ ਹੀ ਨਾਨਕਸ਼ਾਹੀ ਖ਼ਾਲਸਤਾਈਤਾ ਵਿਚ "ਪੰਥ" ਸਵੀਕਾਰਿਆ ਗਿਆ ਹੈ। ਜਿਸ ਦੀ ਸਭਿਅਤਾ, ਸਭਿਆਚਾਰ ਤੇ ਸਰਕਾਰ ਨਾਨਕਸ਼ਾਹੀ ਹੈ।

## 45

## ਖ਼ਾਲਸਾ

### ਗੁਰਮਤਿ ਅਰਥ

"ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ।"[655] ਦਰਪਣ ਵਿਚ ਪ੍ਰੋ. ਸਾਹਿਬ ਸਿੰਘ ਜੀ ਨੇ ਇਸ ਦੇ ਅਰਥ ਵਿਚ "ਆਜ਼ਾਦ" ਦੀ ਵਰਤੋਂ ਕੀਤੀ ਹੈ । "ਮੌਤ ਦੇ ਖ਼ੌਫ਼ ਤੋਂ ਆਜ਼ਾਦ ਹੋ ਗਏ ਹਨ।
ਮਹਾਨ ਕੋਸ਼ ਵਿਚ ਅਕਾਲੀ ਧਰਮ, ਵਾਹਿਗੁਰੂ ਜੀ ਕਾ ਖ਼ਾਲਸਾ ਅਤੇ ਸਿੰਘ ਪੰਥ ਵੀ ਅਰਥ ਕੀਤੇ ਗਏ ਹਨ।

### ਗੁਰਬਾਣੀ ਵਿਸਥਾਰ

ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ "ਮੀਰੀ-ਪੀਰੀ" ਦੇ ਸੰਕਲਪ ਤੋਂ ਬਾਅਦ ਜਦੋਂ ਇਸ ਦੀ ਸੱਤਾਧਾਰੀ ਸਿੱਖ ਜਮਾਤ ਦੇ ਨਾਮ ਆਪਣਾ ਹੁਕਮ ਨਾਮਾ ਜਾਰੀ ਕਰਦੇ ਹਨ ਤਾਂ ਉਹ 'ਪੂਰਬ ਕੀ ਸੰਗਤ ਮੇਰਾ ਖ਼ਾਲਸਾ ਹੈ', ਇਸੇ ਲਈ ਹੀ ਦਰਜ ਕਰ ਦਿੰਦੇ ਹਨ।
ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਵੀ ਪਟਨਾ ਦੀ ਸੰਗਤ ਵਲ ਘੱਲੀ ਚਿੱਠੀ ਵਿਚ ਵੀ ਪਟਨਾ ਦੀ ਸੰਗਤ ਨੂੰ ਗੁਰੂ ਕਾ ਖ਼ਾਲਸਾ ਕਹਿ ਕੇ ਹੀ ਸੰਬੋਧਨ ਕੀਤਾ ਹੈ ।
ਖੰਡੇ ਬਾਟੇ ਦਾ ਅੰਮ੍ਰਿਤ ਛਕਣ ਤੋਂ ਬਾਅਦ 1699 ਦੀ ਵਿਸਾਖੀ ਵਾਲੇ ਦਿਹਾੜੇ ਸਮੂਹਿਕ ਤੌਰ ਤੇ ਗੁਰੂ ਅੰਮ੍ਰਿਤ ਧਾਰੀ ਸਿੰਘਾਂ ਨੂੰ ਖ਼ਾਲਸਾ ਦੀ ਪਦਵੀ ਦਿੱਤੀ ਗਈ - ਉਹ ਜੋ ਸਿੱਧੇ ਵਾਹਿਗੁਰੂ ਦੇ ਹਨ । ਅਕਾਲ ਵੰਸੀ ਹਨ। ਅਕਾਲ ਦੇ ਸੁਤ ਹਨ । ਗੁਰੂ ਜਾਤੀ ਹਨ। ਇੰਜ ਸੰਨ 1699 ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ "ਪੀਓ ਪਹੁਲ਼ ਖੰਡਧਾਰ ਹੋਇ ਜਨਮ ਸੁਹੇਲਾ॥" ਦੇ ਰੂਪ ਵਿਚ ਜਦੋਂ ਖ਼ਾਲਸੇ ਨੂੰ ਸਥਾਪਿਤ ਕੀਤਾ ਗਿਆ ਤਾਂ, ਗੁਰੂ ਆਪ ਪਹੁਲ਼ ਧਾਰੀ ਸਿੰਘਾਂ ਦੀ ਜਮਾਤੀ ਇਕਾਈ "ਖ਼ਾਲਸਾ" ਦੇ ਅਧੀਨ ਹੋ ਜਾਣ ਦਾ ਖੁੱਲ੍ਹਮ ਖੁੱਲ੍ਹਾ ਹੁਕਮਨਾਮਾ ਜਾਰੀ ਕਰਦਾ ਹੈ। ਇਹ ਸੰਸਾਰ ਵਿਚ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੀ ਹੀ ਗੁਰਿਆਈ ਪਰੰਪਰਾ ਦੀ ਵਿਸ਼ੇਸ਼ਤਾ ਹੈ ਕਿ "ਗੁਰਮਤਿ" ਅਤੇ ਸ਼ਬਦ ਗੁਰੂ ਦੀ "ਸਿੱਖੀ" ਦਾ 'ਗੁਰਤਾ ਇੰਤਕਾਲ' ਖ਼ਾਲਸਾ ਦੇ ਨਾਮ ਤੇ ਦਰਜ ਕਰਦੇ ਹੋਏ "ਸਰਕਾਰ ਏ ਖ਼ਾਲਸਾ ਦਾ ਪਾਤਸ਼ਾਹ ਆਪਣੇ ਹੁਕਮ" ਦਾ ਆਪਣਾ "ਐਲਾਨ ਨਾਮਾ" ਖ਼ੁਦ ਆਪ ਜਾਰੀ ਕਰ ਦਿੰਦਾ ਹੈ।
ਭਾਈ ਗੁਰਦਾਸ ਜੀ ਇਸ ਦੀ ਗਵਾਹੀ ਇੰਜ ਦਿੰਦੇ ਹਨ:

"ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥"

ਮਹਾਨ ਕੋਸ਼ ਵਿਚ ਖ਼ਾਲਸਾ ਧਰਮ ਧਾਰੀ ਗੁਰੂ ਨਾਨਕ ਪੰਥੀ ਦੀ ਸੀਰਤ ਇੰਜ ਬਿਆਨ ਕੀਤੀ ਗਈ ਹੈ : "ਜਾਗਤ ਜੋਤਿ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ, ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ , ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਨੈਕ ਪਛਾਨੈ, ਪੂਰਨਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ"॥ [33ਸਵੈਯੇ] ਭਾਈ ਵੀਰ ਸਿੰਘ ਜੀ ਲਿਖਦੇ ਹਨ 'ਸਿੱਖਾਂ ਵਿਚ ਅੰਮ੍ਰਿਤਧਾਰੀ ਸਿੰਘ ਨੂੰ ਖ਼ਾਲਸਾ ਕਹਿੰਦੇ ਹਨ, ਇਨ੍ਹਾਂ ਦੀ ਕੌਮ ਨੂੰ ਖ਼ਾਲਸਾ ਕਹਿੰਦੇ ਹਨ, ਇੱਕ ਪੂਰਨ ਪੁਰਖ ਦਾ ਆਦਰਸ਼ ਜੋ ਇਸ ਕੌਮ ਲਈ ਦਸਮੇ ਗੁਰੂ ਜੀ ਨੇ ਬੱਧਾ ਹੈ ਉਸ ਨੂੰ ਖ਼ਾਲਸਾ ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਖ਼ਾਲਸਾ ਹੈ, ਹਰ ਸਿੰਘ ਖ਼ਾਲਸਾ ਹੈ, ਸਾਰੀ ਕੌਮ ਖ਼ਾਲਸਾ ਹੈ। ਪਦ ਖ਼ਾਲਸਾ ਵਿਚ ਸਾਂਝੇ ਭਲੇ ਲਈ ਨਿਜ ਦੀ ਸਾਰੀ ਕੁਰਬਾਨੀ ਦਾ ਭਾਵ ਅੰਕਿਤ ਹੈ, ਇਸ ਪਦ ਦਾ ਬਰਤਾਉਂ ਤੇ ਆਦਰਸ਼ ਇੱਕ ਆਪਣੇ ਆਪ ਵਿਚ ਫ਼ਲਸਫ਼ਾ ਹੈ, ਇੱਕ ਕਰਨੀ ਕਰਤੂਤ ਹੈ, ਇੱਕ ਪਰੰਪਰਾ ਦਾ ਅੰਕਿਤ ਇਤਿਹਾਸ ਹੈ ।' [ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼]

ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਵਿਚ ਵੀ ਮਹਾਨ ਕੋਸ਼ ਦੇ ਲਿਖਾਰੀ ਦੀ ਹੀ ਪ੍ਰੋੜ੍ਹਤਾ ਕਰਦੇ ਹੋਏ, ਹੋਰ ਵਿਸਥਾਰ ਨਾਲ ਇਹ ਲਿਖਿਤ ਕੀਤਾ ਗਿਆ ਹੈ ਕਿ ਸਿੱਖੀ ਪਿਤਾ ਪੁਰਖੀ ਰਵਾਇਤਾਂ ਵਿਚ ਖ਼ਾਲਸਾ ਸ਼ਬਦ ਦੀ ਵਰਤੋਂ ਪਹਿਲੀ ਵਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪੂਰਵ ਦੀ ਸੰਗਤ ਨੂੰ ਭੇਜੇ ਹੁਕਮਨਾਮੇ ਵਿਚ ਕੀਤੀ ਹੈ। ਗੁਰੂ ਸਾਹਿਬ ਨੇ ਪੂਰਵ ਦੀ ਸੰਗਤ ਨੂੰ ਗੁਰੂ ਕਾ ਖ਼ਾਲਸਾ ਕਹਿ ਕੇ ਮਾਨਤਾ ਪ੍ਰਦਾਨ ਕੀਤੀ ਹੈ ।

ਮੈਕਾਲਿਫ਼ ਵੀ ਭਾਈ ਕਾਨ੍ਹ ਸਿੰਘ ਨਾਭਾ ਆਦਿ ਸਿੱਖ ਵਿਦਵਾਨਾਂ ਨਾਲ ਆਪਣੀ ਸਹਿਮਤੀ ਦਿੰਦੇ ਹੋਏ ਲਿਖਦਾ ਹੈ : 'ਖ਼ਾਲਸਾ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ ਖ਼ਾਲਿਸ ਅਰਥਾਤ ਪਰਮ ਸ਼ੁੱਧ ਵਿਚੋਂ ਨਿਕਲਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਸਿੱਖਾਂ ਲਈ ਵਰਤਿਆ ਸੀ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਹੋਈ ਸੀ ।'

ਡਾ. ਤਾਰਨ ਸਿੰਘ ਜੀ ਨੇ ਆਪਣੇ ਲੇਖ "ਖ਼ਾਲਸੇ ਦੇ ਭਾਵ ਅਰਥ" ਵਿਚ ਲਿਖਿਆ ਹੈ 'ਖ਼ਾਲਸਾ ਇੱਕ ਆਤਮਿਕ ਪੱਧਰ ਦਾ ਨਾਮ ਹੈ, ਖ਼ਾਲਸਾ ਆਤਮਿਕ, ਮਾਨਸਿਕ, ਸਦਾਚਾਰਕ ਬਿਰਤੀ ਦਾ ਨਾਮ ਹੈ, ਖ਼ਾਲਸਾ ਕੁੱਝ ਆਦਰਸ਼ਾਂ ਦਾ ਨਾਮ ਹੈ ।'

ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ "ਗੁਰੂ ਜੀ ਨੇ ਐਸੀ ਸੰਗਤ ਨੂੰ ਹੀ ਖ਼ਾਲਸਾ ਕਿਹਾ ; ਜੋ ਸਿੱਧੀ ਵਾਹਿਗੁਰੂ ਦੀ ਹੋ ਗਈ ਸੀ । ਖ਼ਾਲਸਾ ਕੁਲ, ਕਰਮ, ਕਿਰਤ, ਤੇ ਧਰਮ ਤੋਂ ਵੀ ਉੱਚਾ ਹੋ ਜਾਂਦਾ ਹੈ । ਸਹੀ ਅਰਥਾਂ ਵਿਚ ਉਹ ਵਾਹਿਗੁਰੂ ਦਾ ਹੈ, ਵਾਹਿਗੁਰੂ ਉਸ ਦਾ। ਖ਼ਾਲਸੇ ਦਾ ਜਨਮ ਰੂਹ ਦੇ ਮੰਡਲ ਤੋਂ ਤਲਵਾਰ ਦੇ ਘਾਟ ਹੋਇਆ ਹੈ ।'ਰੂਹ ਤੇ ਖੰਡਾ' ਅੰਮ੍ਰਿਤ ਵਿਚ ਰਲ ਕੇ ਲੋਹਾ ਤੇ ਪਤਾਸੇ ਘੁਲ ਮਿਲ ਇੱਕ ਹੋ ਕੇ ਨਵੇਂ ਇਨਸਾਨ ਬਣੇ ਹਨ ।"

ਪ੍ਰੋ. ਜੋਗਿੰਦਰ ਸਿੰਘ ਅਨੁਸਾਰ "ਖ਼ਾਲਸੇ ਦੀ ਪਦਵੀ ਸਿੱਖ ਦੀ ਪਦਵੀ ਨਾਲੋਂ ਭਿੰਨ ਤੇ ਉੱਚਤਰ ਹੈ। 'ਸਿੱਖ' ਧਰਮ, ਪੰਥ ਦਾ ਪਾਂਧੀ ਹੈ ਅਤੇ ਖ਼ਾਲਸਾ ਉਸ ਸਮਾਜਿਕ ਅਤੇ ਰਾਜਸੀ ਪ੍ਰਬੰਧ ਸ਼ਾਸਨ ਦਾ ਸਿਰਜਣਹਾਰ, ਨਿਰਮਾਤਾ, ਸਥਾਪਿਤ ਕਰਨ ਵਾਲਾ ਅਤੇ ਉਸ ਪ੍ਰਬੰਧ-ਸ਼ਾਸਨ ਦੀ ਰੱਖਿਆ ਕਰਨ ਵਾਲਾ ਹੈ, ਜਿਸ ਸਮਾਜੀ ਅਤੇ ਰਾਜਸੀ ਨਿਜ਼ਾਮ ਵਿਚ ਸ਼ੁੱਧ ਅਤੇ ਸਨਾਤਨ ਧਰਮ ਜੀਵਿਆ ਤੇ ਪ੍ਰਚਾਰਿਆ ਜਾ ਸਕਦਾ ਹੈ . . ਨਿਸ਼ਚੇ ਹੀ 'ਖ਼ਾਲਸਾ' ਸੰਗਤ ਦਾ ਵਟਿਆ ਤੇ ਵਿਗਸਿਆ ਹੋਇਆ ਰੂਪ ਜ਼ਰੂਰ ਹੈ, ਪਰ 'ਸੰਗਤ' ਕਿਸੇ ਵੀ ਸਥਿਤੀ ਵਿਚ 'ਖ਼ਾਲਸਾ' ਨਹੀਂ ਅਖਵਾ ਸਕਦੀ।"

ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਤੋ ਖਿਡਾਉਂਦੇ ਆ ਰਹੇ ਸਿੱਖ ਭਾਈ ਚਉਪਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ 'ਸੰਗਤ' ਨੂੰ ਗੁਰੂ ਨੇ 'ਆਪਣਾ ਖ਼ਾਲਸਾ ਬਣਾਇਆ' ਹੈ, ਨੂੰ ਹੀ ਪ੍ਰਮਾਣਿਤ ਕਰਦੇ ਹਨ। ਸਿੱਖ ਲਈ ਰਹਿਤ ਕਮਾਉਣ ਤੇ ਜ਼ੋਰ ਦਿੰਦੇ ਹਨ ਅਤੇ ਖ਼ਾਸ ਤੌਰ ਤੇ ਹਿੰਦੂ ਅਤੇ ਮੁਸਲਮਾਨਾਂ, ਦੋਹਾਂ ਦੀਆਂ ਹੀ ਰਸਮਾਂ ਧਾਰਮਿਕ ਕਰਮਾਂ ਤੋਂ ਬਚਣ ਦਾ ਸਪਸ਼ਟ ਨਿਰਦੇਸ਼ ਦਿੰਦੇ ਹਨ। ਜਿਸ ਤੋਂ ਸਪਸ਼ਟ ਹੈ ਕਿ ਜਿਸ ਨੇ ਖ਼ਾਲਸਾ ਸੱਜ ਕੇ ਵੀ ਬਿਪਰਨ ਦੀ ਬੁੱਧੀ ਅਤੇ ਚੇਤਨਾ ਦਾ ਤਿਆਗ ਨਹੀਂ ਕੀਤਾ ਉਹ ਖ਼ਾਲਸਾ ਹੋ ਹੀ ਨਹੀਂ ਸਕਦਾ -

"ਸ੍ਰੀ ਵਾਹਗੁਰੂ ਪੂਰਨ ਪੁਰਖ ਅਬਿਨਾਸੀ ਜੀ ਕਾ ਬਚਨ ਹੈ, ਜੋ ਸਰਬਤਿ ਸੰਗਤਿ ਮੇਰਾ ਖਾਲਸਾ ਹੈ, ਸਰਬਤਿ ਨੂੰ ਰਹਿਤ ਗੁਰੂ ਕੀ ਕਮਾਵਣੀ ਪਰਵਾਨ ਹੈ। . . ਰਹਿਤ ਸਿੱਖ ਕੀ ਇਹੁ ਹੈ : ਬ੍ਰਹਮੇ ਅਤੇ ਮੁਹੰਮਦ ਕੀ ਕਾਣ ਨਾ ਕਰੈ, ਆਪਣੇ ਗੁਰਾਂ ਕੇ ਬਚਨ ਮੰਨੇ।"

ਭਾਈ ਦੇਸਾ ਸਿੰਘ ਜੀ ਜੋ ਭੱਟ ਵਹੀਆਂ ਅਨੁਸਾਰ ਭਾਈ ਮਨੀ ਸਿੰਘ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ; ਖ਼ਾਲਸੇ ਵਿਚ ਗੁਣਾਂ ਭਰਪੂਰ ਜਿਊਣ ਦੀ ਜਾਚ ਅਨੁਰੂਪੀ ਵਿਆਖਿਆ ਕਰਦੇ ਹੋਏ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ :

"ਪ੍ਰਿਥਮ ਰਹਿਤ ਯਹ ਜਾਨ ਖੰਡੇ ਕੀ ਪਹੁਲ ਛਕੇ॥ ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ॥6॥ ....ਨੌਕਰ ਹੋਏ ਖ਼ਾਲਸੇ ਕੇਰਾ ॥ ਜਿਨ ਮਿਲਿਆ ਸੁਖ ਹੋਇ ਘਨੇਰਾ ॥21॥"

ਛੇਵੀਂ ਅਤੇ ਨੌਵੀਂ ਪਾਤਸ਼ਾਹੀ ਨੇ ਆਪਣੀ ਸੰਗਤ ਨੂੰ ਖ਼ਾਲਸਾ ਕਿਹਾ ਹੈ। ਦਸਮ ਪਾਤਸ਼ਾਹ ਨੇ ਸਭ ਬਿਪਰਨ ਦੇ ਅਰਥਾਂ ਨੂੰ ਭੰਗ ਕਰ ਕੇ "ਖ਼ਾਲਸੇ" ਨੂੰ ਆਪਣੇ ਸੁਤ ਕਰ ਕੇ ਪ੍ਰਗਟਾਇਆ ਹੈ। ਸਰਬ ਲੋਹ ਗ੍ਰੰਥ ਵਿਚ ਖ਼ਾਲਸੇ ਦਾ ਗੁਰੂ ਅਪਣਾਇਆ ਦ੍ਰਿਸ਼ਟੀਕੋਣ ਇਉਂ ਹੈ :

"ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮੇਂ ਹਉਂ ਕਰਉਂ ਨਿਵਾਸ ॥ ਖ਼ਾਲਸੋ ਮੇਰੋ ਇਸਟਿ ਸੁਹਿਰਦ॥ ਖ਼ਾਲਸਾ ਮੇਰੋ ਕਹੀਅਤ ਬਿਰਦ ॥ ਖਾਲਸਾ ਮੇਰੋ ਮਿੱਤ੍ਰ ਸਖਾਈ॥ ਖਾਲਸਾ ਮਾਤ ਪਿਤਾ ਸੁਖਦਾਈ ॥ ਖਾਲਸਾ ਮੇਰੋ ਪਿੰਡ ਪ੍ਰਾਨ॥ ਖਾਲਸਾ ਮੇਰੀ ਜਾਨ ਕੀ ਜਾਨ ॥ ਖਾਲਸਾ ਮੇਰੋ ਸਤਿਗੁਰ ਪੂਰਾ॥ ਖਾਲਸਾ ਮੇਰੋ ਸੱਜਨ ਸੂਰਾ ॥"

ਗੁਰੂ ਸਾਹਿਬ ਦੀ ਆਪਣੀ ਦ੍ਰਿਸ਼ਟੀ ਵਿਚ ਖ਼ਾਲਸਾ ਗੁਰੂ ਜੋਤਿ ਅਨੁਰੂਪ ਹੀ ਹੈ।
ਭਾਈ ਗੁਰਦਾਸ ਜੀ (ਦੂਜੇ) ਨੇ ਖ਼ਾਲਸਾ ਸਾਜਣ ਦੇ ਅਤੇ ਇਸ ਦੀ ਪਦਵੀ ਦਾ ਨਿਰਵਿਵਾਦ ਸੰਪੂਰਨ ਅਤੇ ਆਦਿ ਨਿਰੂਪਣ ਇੰਜ ਕੀਤਾ ਹੈ :
"ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥" ਅਤੇ "ਗੁਰੁਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਿਗਿਆਨਾ ॥
ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ॥ ਇਉਂ ਉਠੇ ਸਿੰਘ ਭਭਕਾਰਿ ਕੈ ਸਭ ਜਗ ਡਰਪਾਨਾ ॥" ...."ਇਉਂ ਦੋਨੋ ਫਿਰਕੇ ਕਪਟ ਮੋਂ ਰਚ ਰਹੇ ਨਿਦਾਨਾ॥
ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ॥ ਜਿਨਿ ਗੁਰੁ ਗੋਬਿੰਦ ਕੇ ਹੁਕਮ ਸਿਉ ਗਹਿ ਖੜਗ ਦਿਖਾਨਾ॥ ਤਿਹ ਸਭ ਦੁਸਟਨ ਕਉ ਛੇਦਿ ਕੈ ਅਕਾਲ ਜਪਾਨਾ॥
ਫਿਰ ਐਸਾ ਹੁਕਮ ਅਕਾਲ ਕਾ ਜਗ ਮੈ ਪ੍ਰਗਟਾਨਾ॥"
ਸ੍ਰੀ ਗੁਰ ਸੋਭਾ ਗ੍ਰੰਥ ਦਾ ਲਿਖਾਰੀ ਅਤੇ ਦਸਮ ਪਿਤਾ ਦਾ ਹਜ਼ੂਰੀ ਕਵੀ, ਕਵੀ ਸੇਨਾਪਤੀ ਖ਼ਾਲਸੇ ਦੀ ਉਤਪਤੀ ਅਤੇ ਹੋਂਦ ਬਾਰੇ ਆਦਿ ਅਰਥ ਇਉਂ ਦਰਸਾਉਂਦਾ ਹੈ:
"ਤਾਹ ਸਮੈ ਗੁਰ ਬੈਨ ਸੁਨਾਯੋ॥ ਖ਼ਾਲਸਾ ਆਪਨੋ ਰੂਪ ਬਤਾਯੋ॥" ਅਰਥਾਤ ਉਸੇ ਸਮੇਂ ਗੁਰੂ ਨੇ ਆਪਣੇ ਬਚਨ ਤੋਂ ਕਿਹਾ ਕਿ ਖ਼ਾਲਸਾ ਮੇਰਾ ਹੀ ਰੂਪ ਹੈ।
ਖ਼ਾਲਸੇ ਨੂੰ ਪਰਿਭਾਸ਼ਿਤ ਕਰਦੇ ਹੋਏ, ਗੁਰੂ ਤੇ ਖ਼ਾਲਸੇ ਨੂੰ ਅਭੇਦ ਦਰਸਾਉਂਦੇ ਹੋਏ, ਖ਼ਾਲਸੇ ਦੇ ਆਦਿ ਜੁਗਾਦੀ ਹੋਣ ਦੀ ਗਵਾਹੀ ਭਰਦੇ ਹੋਏ, ਕਵੀ ਸੇਨਾਪਤੀ ਖ਼ਾਲਸੇ ਨੂੰ 'ਅਕਾਲ' ਰੂਪਮਾਨ ਕਰਦਾ ਲਿਖਦਾ ਹੈ:
"ਖ਼ਾਲਸ ਮੇਰੋ ਰੂਪ ਹੈ ਹੌਂ ਖ਼ਾਲਸ ਕੇ ਪਾਸਿ ॥ ਆਦਿ ਅੰਤਿ ਹੀ ਹੋਤ ਹੈ ਖ਼ਾਲਸ ਮੈ ਪ੍ਰਗਾਸ॥"
ਭਾਈ ਪ੍ਰਹਿਲਾਦ ਸਿੰਘ ਜੀ ਜੋ ਗੁਰ ਸਾਹਿਬ ਦੇ ਨਿਕਟਵਰਤੀ ਵੀ ਸਨ ਅਤੇ ਫ਼ਾਰਸੀ ਦੇ ਵਿਦਵਾਨ ਤੇ ਗੁਰੂ ਸਾਹਿਬ ਜੀ ਦੇ ਹੀ ਦਰਬਾਰੀ ਲੇਖਕ ਵੀ ਸਨ, ਆਪਣੇ ਰਹਿਤਨਾਮੇ ਵਿਚ ਖ਼ਾਲਸੇ ਦੇ ਅਰਥਾਂ ਨੂੰ ਸਪਸ਼ਟ ਕਰਦੇ ਹੋਏ ਲਿਖਦੇ ਹਨ :
"ਗੁਰੂ ਖ਼ਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ॥ ਜੋ ਸਿੱਖ ਮੋ ਮਿਲਬੇ ਚਹਿਹ ਖੋਜ ਇਨਹੁ ਮਹਿ ਲੇਹੁ॥ 24॥" ...."ਅਕਾਲ ਪੁਰਖ ਕੀ ਮੂਰਤਿ ਏਹ॥ ਪਰਗਟ ਅਕਾਲ ਖਾਲਸਾ ਦੇਹਿ॥ ਯਾਮੇਂ ਰੰਚ ਨਹਿ ਮਿਥਿਆ ਭਾਖੀ॥ ਗੁਰ ਨਾਨਕ ਗੁਰ ਅੰਗਦ ਸਾਖੀ॥ 28॥"
ਪ੍ਰਸਿੱਧ ਸਿੱਖ ਵਿਦਵਾਨ, ਦਸਮ ਪਿਤਾ ਦੇ ਵਿਸ਼ਵਾਸ ਪਾਤਰ ਫ਼ਾਰਸੀ ਦੇ ਵਿਦਵਾਨ ਗੁਰੂ ਸ਼ਾਇਰ, ਭਾਈ ਨੰਦ ਲਾਲ ਜੀ ਖ਼ਾਲਸੇ ਪ੍ਰਤਿ ਦਸਮ ਪਾਤਸ਼ਾਹ ਦਾ ਹੁਕਮ ਇਉਂ ਕਲਮ ਬੰਦ ਕਰਦੇ ਹਨ :
"ਤਬ ਗੁਰੂ ਗੋਬਿੰਦ ਸਿੰਘ ਕਹਿਆ:
ਜੋ ਮੇਰਾ ਸਿੱਖ ਹੋਵੇਗਾ ਸੋ ਖ਼ਾਲਸੇ ਥੀਂ ਬਗੈਰ ਹੋਰਥੈ ਪ੍ਰਤੀਤਿ ਨ ਕਰਸੀ ॥"

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੋਏ ਵਿਦਵਾਨ ਕਵੀਰਾਜ ਪੰਡਿਤ ਨਿਹਾਲ ਸਿੰਘ ਲਾਹੌਰੀ ਆਪਣੀ ਕ੍ਰਿਤ ਖ਼ਾਲਸਾ ਉਸਤਤ ਵਿਚ ਵਰਨਣ ਕਰਦੇ ਹੋਏ ਖ਼ਾਲਸੇ ਨੂੰ ਇਸ ਅਰਥਾਵਲੀ ਵਿਚ ਪ੍ਰਤਿਬਿੰਬਤ ਕਰਦੇ ਹਨ :

"ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੂ ਕੋ ਇਹ, ਲਾਡਲੋ ਛਬੀਲੋ ਪੰਥ ਖਾਲਸਾ ਅਨੰਤ ਹੈ। ਊਜਲ ਵਿਚਾਰ ਕੀ ਸੁ ਮੂਰਤਿ ਬਿਰਾਜੇ ਚਾਰੁ, ਰਾਜਸੀ ਵਿਹਾਰ ਚੀਤ ਸ਼ਾਂਤਿਕੀ ਲਸੰਤ ਹੈ। ਦੀਨ ਦੁਨੀ ਮਾਲਕ ਔ ਪਾਲਕ ਹੈ ਦੀਨਨ ਕੇ ,ਗਾਲਕ ਗਨੀਮਨ ਕੇ ਬਾਲਕ ਅਕਾਲ ਕੇ॥"

ਲਗਭਗ ਢਾਈ ਕਰੋੜ ਸਿੱਖਾਂ ਦੀ ਰੋਜ਼ਾਨਾ ਅਰਦਾਸ ਦਾ ਪਰਗਟ ਸਿਧਾਂਤ ਵੀ ਇਹੋ ਹੈ। ਸਿੱਖ ਅਰਦਾਸ ਦੇ ਇਨ੍ਹਾਂ ਸ਼ਬਦਾਂ ਰਾਹੀਂ ਉਪਰੋਕਤ ਸਿਧਾਂਤ ਨੂੰ ਹੀ ਦੁਹਰਾਉਂਦੇ ਹੋਏ ਅਕਾਲ ਪੁਰਖ ਤੋਂ ਇਸੇ ਨਿਮਿਤ ਹੀ ਬਖਸ਼ਿਸ਼ਾ ਮੰਗਦਾ ਹੈ :

"ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਣ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹਿ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ"।

ਮਰਿਆਦਾ ਅਨੁਸਾਰ ਖ਼ਾਲਸਾ ਨੂੰ ਧਰਮ ਦਾ ਦਰਜਾ ਵੀ ਦਿੱਤਾ ਗਿਆ ਹੈ। ਸਿੱਖ ਰਹਿਤ ਮਰਿਆਦਾ ਅਨੁਸਾਰ "ਖ਼ਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇੱਕ ਸੂਤ ਪਰੋਏ ਰਹਿਣਾ" ਇਸ ਤੱਥ ਦੀ ਪ੍ਰੋੜ੍ਹਤਾ ਕਰਦੇ ਹਨ।

ਇਸੇ ਸਿਧਾਂਤ ਦੀ ਹੀ ਪੁਸ਼ਟੀ ਗਿਆਨੀ ਗਿਆਨ ਸਿੰਘ ਜੀ ਪੰਥ ਪਰਕਾਸ਼ ਵਿਚ ਕਰਦੇ ਹੋਏ ਪ੍ਰਮਾਣਿਤ ਕਰਦੇ ਹਨ:

"ਗੁਰ ਘਰ ਜਨਮ ਤੁਮਾਰੇ ਹੋਏ ॥ ਪਿਛਲ ਜਾਤ ਵਰਨ ਸਭ ਖੋਏ ॥ ਜਨਮ ਕੇਸਗੜ੍ਹ ਵਾਸਿ ਆਨੰਦਪੁਰ ॥ ਚਾਰ ਵਰਣ ਕੇ ਏਕੋ ਭਾਈ ॥ ਧਰਮ ਖ਼ਾਲਸਾ ਪਦਵੀ ਪਾਈਹ ॥ ਹਿੰਦੂ ਤੁਰਕ ਤੈ ਯਾਹਿ ਨਿਆਰਾ ॥ ਸਿੰਘ ਮਜ਼ਹਬ ਅਬ ਤੁਮਨੇ ਧਾਰਾ ॥"

ਸ਼ਹੀਦ ਭਾਈ ਰਤਨ ਸਿੰਘ ਭੰਗੂ ਵੀ; ਭਾਈ ਗੁਰਦਾਸ ਜੀ ਦੇ 'ਆਪੇ ਗੁਰ ਚੇਲਾ' ਦੇ ਸਿਧਾਂਤ, ਕਵੀ ਸੈਨਾ ਪਤੀ ਦੇ ਗੁਰੂ ਵੱਲੋਂ ਖ਼ਾਲਸੇ ਨੂੰ ਆਪਣਾ ਰੂਪ ਦੱਸਣ ਅਤੇ ਭਾਈ ਪ੍ਰਹਿਲਾਦ ਸਿੰਘ ਵੱਲੋਂ ਨਿਰੂਪਿਤ 'ਗੁਰੂ ਦੇਹਿ ਹੀ ਖ਼ਾਲਸਾ ਹੈ' ਦੇ ਹੀ ਦ੍ਰਿਸ਼ਟੀਕੋਣ ਅਤੇ ਸਿਧਾਂਤ ਨੂੰ ਹੀ ਅੱਗੇ ਤੋਰਦੇ ਹੋਏ ਇਨ੍ਹਾਂ ਸ਼ਬਦਾਂ ਰਾਹੀ ਖ਼ਾਲਸੇ ਨੂੰ ਚਿੱਤ ਅੰਦਰੋਂ ਆਤਮਿਕ ਪ੍ਰਗਾਸਿਆ ਕਰਦਾ ਹੈ। ਦਸਮ ਦੁਆਰ ਦੀ ਧੁਨੀ ਤੋਂ ਪਰਮਾਰਥ ਭਰਪੂਰ, ਸੰਪੂਰਨ, ਸੁਤੰਤਰ ਅਤੇ ਸੰਪ੍ਰਭੂ ਸਿਧਾਂਤ ਵਿਚ ਮਗਨ ਸੰਤ ਸਿਪਾਹੀ ਦੀ ਏਕਾਗਰਚਿਤ ਅਭੇਦ ਸਮਾਧੀ ਵਿਚ "ਅਨੁਭਵ ਪ੍ਰਕਾਸ਼ਿਤ" ਪਰਮ ਮਨੁੱਖ ਬਣਾਉਂਦਾ ਹੈ। ਸਮੂਹਿਕ ਸਿੱਖ ਮਰਜ਼ੀ ਦੀ ਤਰਜਮਾਨੀ ਕਰਦੇ ਹੋਏ ਖ਼ਾਲਸੇ ਅੰਦਰ ਅਕਾਲ ਚੇਤਨਾ ਉਜਾਗਰ ਕਰ ਮੁੜ ਮੁੜ ਹਿਰਦੇ ਅੰਦਰ ਉਕੇਰ ਦੇਣ ਲਈ ਪ੍ਰਮਾਣਿਤ ਕਰਦੇ ਹਨ ਕਿ :

"ਖ਼ਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ ॥ ਆਨ ਨ ਮਾਂਨੈ ਆਨ ਕੀ, ਇਕ ਸੱਚੇ ਬਿਨ ਪਾਸ਼ਾਹ ॥35॥"

ਇਸ ਤੋਂ ਪਹਿਲਾਂ ਵਾਲੇ ਦੋਹਰੇ ਵਿਚ ਆਪ ਜੀ ਲਿਖਦੇ ਹਨ:

"ਗੁਰੂ ਖ਼ਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ ਜੋ ਸਿਖ ਮੋ ਮਿਲਬੋ ਚਹਿਹ, ਖੋਜ ਇਨਹੁ ਮਹਿ ਲੇਹੁ ॥24॥....ਅਕਾਲ ਪੁਰਖ ਕੀ ਮੂਰਤਿ ਏਹ ॥ ਪਰਗਟ ਅਕਾਲ ਖਾਲਸਾ ਦੇਹਿ ॥ਯਾਮੇਂ ਰੰਚ ਨਹਿ ਮਿਥਿਆ ਭਾਖੀ ॥ ਗੁਰ ਨਾਨਕ ਗੁਰ ਅੰਗਦ ਸਾਖੀ ॥28॥ ਦੋਹਰਾ ॥ ਲੈਣਾ ਦੇਣਾ ਖਾਲਸੇ, ਆਨ ਦੇਵ ਸਭ ਝੂਠ ਅਉਰ ਦੇਵ ਇਵ ਮਾਨੀਏ, ਜਿਓ ਬਾਰੂ ਕੀ ਮੂਠ॥29॥ ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ ॥30॥"

ਖ਼ਾਲਸੇ ਦੀ ਪ੍ਰਵਿਰਤੀ, ਪ੍ਰਕਿਰਤੀ, ਨਿਸ਼ਚੇ, ਭਰੋਸੇ ਅਤੇ ਇਸ ਦੀ ਨੀਤੀ ਅਤੇ ਨੀਤੀ ਆਧਾਰਤ ਮੰਜ਼ਲ ਦਾ ਨਿਰੂਪਣ; ਖ਼ਾਲਸੇ ਦੀ ਅੰਤਰ ਆਤਮਾ ਵਿਚ ਵਿਦਮਾਨ ਹੁਕਮ ਦਾ ਅਮਲੀ ਰੂਪ ਭਾਈ ਨੰਦ ਲਾਲ ਜੀ ਦੱਸਦੇ ਹਨ।

ਭਾਈ ਨੰਦ ਲਾਲ ਜੀ ਸਾਰੇ ਭਰਮ ਤੋੜ ਕੇ, ਖ਼ਾਲਸੇ ਦੀ ਸੁਤੰਤਰ ਹਸਤੀ ਨੂੰ ਇਉਂ ਪਰਗਟ ਕਰਦੇ ਹਨ:

"ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨ ਕੋਇ ॥ ਖ੍ਵਾਰ ਹੋਇ ਸਭ ਮਿਲੈਂਗੇ, ਬਚਹਿ ਸ਼ਰਨ ਜੋ ਹੋਇ ॥36॥ ਅਤੇ "ਪਰਗਟ ਕਰਾਊਂ ਆਪਨੌਂ ਰਾਜ ॥ ਚਾਰ ਬਰਨ ਇਕ ਬਰਨ ਕਰਾਉਂ ॥ ਵਾਹਿਗੁਰੂ ਕਾ ਜਾਪ ਜਪਾਊਂ॥"

ਉਪਰੋਕਤ ਤੱਥਾਂ ਦੀ ਹੀ ਪ੍ਰੋੜ੍ਹਤਾ ਕਰਦੇ ਹੋਏ ਕਵੀ ਚੂੜਾ ਮਣੀ ਭਾਈ ਸੰਤੋਖ ਸਿੰਘ ਜੀ ਖ਼ਾਲਸੇ ਦੇ ਇਸ ਬ੍ਰਹਿਮੰਡ ਵਿਚਲੀ ਪਦਵੀ ਦਾ ਨਿਰਧਾਰਨ ਅਤੇ ਇਸ ਸਥਾਨ ਦੀ ਚਿਰਕਾਲ ਬਹਾਲੀ ਲਈ ਵਰਣਨ ਕਰਦੇ ਲਿਖਦੇ ਹਨ :

"ਤਯਾਗਨ ਕਰੇ ਭਾਉ ਲਖਿ ਬੀਜਾ ਉਤਪਤਿ ਕਰਯੋ ਖਾਲਸਾ ਤੀਜਾ ॥ ਝੂਠੇ ਲਖਿ ਦੋਨਹਿਂ ਹਮ ਛੋਰੇ ॥ ਪੰਥ ਅਕਾਲ ਪੁਰਖ ਕੇ ਲੋਰੇ ॥16॥"

ਪਾਰਸ ਦਾ ਇਹ ਗੁਣ ਹੈ ਕਿ ਉਹ ਲੋਹੇ ਨੂੰ ਵੀ ਆਪਣੀ ਸੰਗਤ ਦੇ ਨਾਲ ਸੋਨਾ ਬਣਾ ਦਿੰਦਾ ਹੈ। ਇਹ ਪਾਰਸ ਦੀ ਵਿਲੱਖਣਤਾ ਹੈ। ਪਾਰਸ ਵਿਚ ਵੀ ਇਹ ਊਣਤਾਈ ਹੈ ਕਿ ਉਹ ਕਿਸੇ ਵੀ ਧਾਤ ਨੂੰ ਆਪਣੇ ਜਿਹਾ ਪਾਰਸ ਨਹੀਂ ਬਣਾ ਸਕਦਾ। ਚੰਦਨ ਦੀ ਸੰਗਤ ਨਾਲ ਕੋਈ ਵੀ ਚੰਦਨ ਨਹੀਂ ਬਣ ਸਕਦਾ। ਇਹ ਜ਼ਰੂਰੀ ਨਹੀਂ ਕਿ ਵਿੱਦਿਆ ਦੇ ਪ੍ਰਕਾਂਡ ਅਚਾਰਿਆ ਬਣਨ ਨਾਲ ਤੁਸੀਂ ਅਨੁਭਵ ਪਰਕਾਸ਼ ਤੋਂ ਜੋਤਿ ਸਰੂਪ ਹੋ ਜਾਵੋ। ਕਦਾਚਿਤ ਇੰਜ ਨਹੀਂ ਹੋ ਸਕਦਾ। ਇਹੋ ਵਜ੍ਹਾ ਹੈ ਕਿ ਅਕਾਦਮਿਕ ਵਿਦਵਾਨ ਇਸ "ਮਨੁੱਖੀ ਪਰਿਵਰਤਨ ਦੀ ਹੋਂਦ ਦੇ ਖ਼ਾਲਸਾਈ ਵਰਤਾਰੇ" ਨੂੰ ਸਮਝਣ ਤੋਂ ਅਸਮਰਥ ਪਾਏ ਜਾਂਦੇ ਹਨ। ਇੱਕੋ ਇੱਕ ਗੁਰੂ ਨਾਨਕ ਹੀ ਹੈ ਅਤੇ ਉਸ ਦੇ ਗੱਦੀ ਨਸ਼ੀਨ ਜੋਤਿ ਦਸ ਸਰੂਪ ਨਾਨਕ ਹੀ ਹਨ ਜਿਨ੍ਹਾਂ ਨੇ ਸਿੱਖ ਨੂੰ ਸੰਗਤ ਰਾਹੀ ਆਪਣੇ ਸਮਾਨ ਕਰ ਖ਼ਾਲਸਾ ਬਣਾਂ ਕੇ ਗੁਰ ਪਦਵੀ ਪ੍ਰਦਾਨ ਕਰ ਦਿੱਤੀ ਹੈ-

"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਏ"[444]
ਗੁਰੂ ਜੋਤਿ ਦੀ ਇਸੇ ਗੁਰੂ ਜੁਗਤਿ ਦਾ ਹੀ ਵਰਤਾਰਾ ਇੰਜ ਹੋਇਆ ਹੈ :
"ਜੋਤਿ ਉਹਾ ਜੁਗਤ ਸਹਿ ਕਾਇਆ ਫੇਰ ਪਲਟੀਐ"[966]
ਇਹ ਪ੍ਰਮਾਤਮਾ ਦੀ ਮੌਜ ਦਾ ਹੀ ਪ੍ਰਗਟਾਵਾ ਹੈ ।

## ਨਾਨਕਸ਼ਾਹੀ ਨਜ਼ਰੀਆ

"੧ਓਂ ਅਕਾਲ ਪੁਰਖ ਦੇ ਸ਼ਬਦ ਗੁਰੂ ਦੀ ਸੱਤਿਆ ਧਾਰੀ ਸਰੀਰ ਗੁਰੂ ਦੀ ਜੁਗਤੀ ਹੰਢਾਉਣ ਦੇ ਸਮਰੱਥ ਬਣ ਨਿੱਤਰੇ"; ਸਿੱਖ ਚਿੱਤ ਅੰਦਰਲੀ ਸੁਰਤ ਵਿਚ ਉਪਰੋਕਤ "ਸਿੰਘਾਂ-ਕੋਰਾਂ" ਦੀ ਸਮੂਹਿਕ ਮਰਜ਼ੀ ਦਾ ਜਥੇਬੰਦਕ ਹੁਕਮ ਦਾ ਪ੍ਰਤੱਖ ਹਕੀਕੀ ਵਰਤਾਰਾ "ਖ਼ਾਲਸਾ" ਹੈ। ਇਹ ਗੁਰੂ ਦੀ ਮਰਜ਼ੀ ਰਾਹੀਂ ਗੁਰਿਆਈ ਦੀ ਸਤਾ ਦਾ ਸਰੀਰਕ ਵਰਤਾਰਾ ਹੋ ਕੇ ਪ੍ਰਤੱਖ ਤੁਰਦਾ ਹੈ। ਗੁਰੂ ਕਾਲੀਨ ਗਵਾਹੀ ਭਰਦਾ ਹੋਇਆ ਪੰਥਕ ਸਾਹਿੱਤਿਕ ਧਾਰਾ ਦਾ ਸਰਬ ਲੋਹ ਗ੍ਰੰਥ ਦਾ ਕਰਤਾ ਇਸੇ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸ੍ਰੀ ਮੁੱਖ ਵਾਕ ਆਖ ਕੇ ਲਿਖਤ ਕਰਦਾ ਹੈ:
"ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਹਉਂ ਕਰਉ ਨਿਵਾਸ ॥ ਖ਼ਾਲਸਾ ਮੇਰੋ ਮੁਖ ਹੈ ਅੰਗਾ ॥ ਖ਼ਾਲਸੇ ਕੇ ਹਉ ਸਦ ਸਦ ਸੰਗਾ॥"
"ਖ਼ਾਲਸਾ ਮੇਰੋ ਸਦਗੁਰ ਪੂਰਾ" ਕਹਿਣ ਤੋਂ ਬਾਅਦ ਸਵੈਯੇ ਪਾ. 10 ਵਿਚ ਖ਼ਾਲਸੇ ਦੀ ਅਕਾਲ ਰੂਪੀ ਨਿਰਗੁਣ ਸਰਗੁਣ ਪ੍ਰਕਿਰਤੀ ਨੂੰ ਅਤੇ ਹਸਤੀ ਨੂੰ; ਗੁਰੂ ਤੇ ਖ਼ਾਲਸੇ ਦੇ ਸਿੱਧੇ ਸਬੰਧਾ ਦੇ ਆਦਿ ਭਾਵਨਾਵਾਂ ਨੂੰ ਪ੍ਰਗਟਾਉਂਦਿਆਂ ਲਿਖਦਾ ਹੈ :
"ਇਨਹੀ ਕੀ ਕ੍ਰਿਪਾ ਤੇ ਸਜੇ ਹਮ ਹੈ ਨਹੀਂ ਮੋ ਸੇ ਗਰੀਬ ਕਰੋਰ ਪਰੇ।"
ਸਿੱਖ ਸਭਿਅਤਾ ਵਿਚ ਵਿਕਸਿਤ ਹੋ ਚੁੱਕੀ ਸਿੱਖੀ ਸਮਾਜਦਾਰੀ ਦੀ ਚਿੱਤ ਅੰਦਰਲੀ ਚੇਤਨਾ ਦਾ ਹੀ ਪ੍ਰਤੱਖ ਹਕੀਕੀ ਇੰਤਜ਼ਾਮੀਆਂ ਪ੍ਰਗਟਾਵਾ ਹੈ ਕਿ ਦਸ ਗੁਰੂ ਪਾਤਸ਼ਾਹੀਆਂ ਦੇ ਜੀਵਨ ਕਾਲ ਵਿਚ ਹੀ "ਖ਼ਾਲਸਾ" ਧਰਮ-ਰਾਜ ਸੰਕਲਪ ਦੀ ਚੇਤਨਾ ਦਾ ਭਰਪੂਰ ਵਿਕਾਸ ਹੋ ਚੁੱਕਾ ਸੀ।

## ਜੀਵਨ ਅਮਲ ਵਿਚ ਅਪਣਾਉਣਾ

ਨਾਨਕਸ਼ਾਹੀ ਸੰਕਲਪ ਦੇ ਦਾਤਾ ਜਦੋਂ ਉਚਾਰਨ ਕਰਦੇ ਹਨ ਕਿ "ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥"[74] ਦਾ ਐਲਾਨ ਨਾਮਾ ਜਾਰੀ ਕਰਦੇ ਹਨ ਤਾਂ ਸਪਸ਼ਟ ਹੀ ਉਹ ਆਪਣੇ ਸਿੱਖਾਂ ਦੇ ਰਾਜ ਦੇ ਨਕਸ਼ ਨੁਹਾਰ ਮਿਥਦੇ ਹਨ।
"ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥ ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥ ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥ ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥ ਸਹਿ

ਟਿਕਾ ਦਿਤੋਸੁ ਜੀਵਦੈ॥"[966] ਸਪਸ਼ਟ ਹੈ ਕਿ ਗੁਰੂ ਨਾਨਕ ਸਰਕਾਰ ਨੇ ਆਪਣੇ ਉੱਤਰ ਅਧਿਕਾਰੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ "ਰਾਜ" ਦੇ ਸੰਕਲਪ ਵਿਚ ਹੀ ਜੋਤਿ ਦੀ ਆਤਮ ਮਤ ਨਾਲ ਜੁਗਤੀ ਦੀ ਖੜਗ ਫੜਾ ਕੇ ਤਖ਼ਤ ਨਸ਼ੀਨੀ ਕਰਦੇ ਹਨ।

ਇਹ ਤਖ਼ਤ ਨਸ਼ੀਨੀ "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ॥" ਨਾਲ ਹੋਈ ਹੈ। ਅਧਿਆਤਮਿਕ ਸਤਾ ਲਈ ਰਾਜ ਸੱਤਾ ਦੇ ਬਿੰਬ ਵਰਤ ਕੇ ਸਦੀਆਂ ਦੀ ਗ਼ੁਲਾਮੀ ਵਿਚ ਜਕੜੀ ਆਦਿ ਤੇ ਮੂਲ ਧਰਤੀ ਪੁੱਤਰ ਮਨੁੱਖਤਾ ਰਾਹੀਂ ਗੁਰੂ "੧ੳ ਦੀ ਸੈਭੰ" ਸੁਰਤੀ ਦਾ ਸੰਚਾਰ ਕਰਦਾ ਚਲਾ ਜਾ ਰਿਹਾ ਹੈ। ਗੁਰੂ ਨਾਨਕ ਸਰਕਾਰ "ਗੁਰ ਪ੍ਰਸਾਦਿ" ਰਾਹੀ ਇਹੋ ਹੀ ਅੱਡਰੀ ਵਿਲੱਖਣ ਤੇ ਸੁਤੰਤਰ ਸਭਿਅਤਾ ਦੀ ਜੀਵਨ ਧਾਰਾ ਵਾਲੇ ਸੁਖਦਾਈ ਤੇ ਗਿਆਨ ਇੰਦਰੀਆਂ ਦੀ ਪ੍ਰਕਾਸ਼ ਮਈ ਸਭਿਆਚਾਰਕ ਬਣਤਰ ਸੰਸਾਰ ਨੂੰ ਦਿੰਦਾ ਹੈ। ਇਸੇ ਹੀ ਪ੍ਰਸਾਦੀ ਜੀਵਨ ਦੀ ਰਾਜ ਵਿਵਸਥਾ ਤੇ ਪ੍ਰਣਾਲੀ ਨੂੰ ਹੀ "ਨਾਨਕਿ ਰਾਜੁ ਚਲਾਇਆ" ਦੀ ਪਰੰਪਰਾ, ਵਿਵਸਥਾ ਅਤੇ ਪ੍ਰਣਾਲੀ ਦੀਆਂ ਹੋਰ ਉਪਜਦੀਆਂ ਲੋੜਾਂ ਦੀ ਪੂਰਤੀ ਹਿਤ ਹੀ "ਖੜਗਿ ਜੋਰਿ ਪਰਾਕੁਇ ਜੀਅ ਦੈ"; ਅਰਥਾਤ "ਮਤਿ ਗੁਰ ਆਤਮ ਦੇਵ ਦੀ ਖੜਗ" ਨਾਲ ਗੁਰੂ ਅੰਗਦ ਜੀ ਨੂੰ "ਟਿਕਾ ਦਿਤੋਸੁ ਜੀਵਦੈ"। ਜਿਸ ਦਾ ਸਪਸ਼ਟ ਭਾਵ ਹੈ ਕਿ ਅਧਿਆਤਮਿਕਤਾ ਦੇ ਅਧੀਨ ਅਜਿਹੀ ਵਿਵਸਥਾ ਦੀ ਪ੍ਰਣਾਲੀ ਵਿਕਸਿਤ ਕਰਨ ਵੱਲ ਨਾਨਕ ਸਰਕਾਰ ਸਪਸ਼ਟ ਨਿਰਦੇਸ਼ ਦੇ ਰਹੇ ਹਨ ਕਿ ਗੁਰੂ ਦੀ ਮੱਤ ਦੀ "ਖੜਗ" ਨਾਲ ਸੰਸਾਰ ਨੂੰ ਅਜਿਹਾ ਰਾਜ ਸੁੱਖ ਪ੍ਰਦਾਨ ਕਰੋ ਜੋ ਅਕਾਲ ਦੀ ਸਤਾ ਦੇ ਨਾਮ ਤੇ ਰੱਬੀ ਵਿਵਸਥਾ ਨਿਮਿਤ ਸਦੀਵੀ ਹੋਵੇ। ਸ਼ਬਦ "ਪਰਾਕੁਇ" ਦਾ ਅਰਥ ਹੈ: ਅੱਗੇ ਵੱਧ ਕੇ ਹਮਲਾ ਕਰਨ ਦੀ ਸ਼ਕਤੀ ਦੀ ਖੜਗ ਨਾਨਕ ਸਰਕਾਰ ਨੇ ਫੜਾ ਦਿੱਤੀ ਹੈ। ਅਧਿਆਤਮ ਦੇ ਪ੍ਰਕਾਸ਼ ਲਈ ਅਜਿਹੀ ਸ਼ਬਦਾਵਲੀ ਦੀ ਲੋੜ ਸ਼ਾਇਦ ਨਹੀਂ ਪੈਂਦੀ। ਸ਼ਬਦ ਗੁਰੂ ਦੀ ਇਹੋ ਹੀ ਸਭਿਆਚਾਰਕ ਸਾਹਿੱਤਿਕ ਤੇ ਗਿਆਨ ਦੀ ਵਿਲੱਖਣਤਾ ਹੈ। ਇਸੇ ਲਈ ਹੀ ਗੁਰੂ ਨਾਨਕ ਸਰਕਾਰ ਇਲਾਹੀ ਐਲਾਨ ਕਰਦੇ ਹਨ "ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥"[1136] ਜਿਸ ਲਈ ਸਾਰਾ ਪਰਾਕਰਮ ਗੁਰੂ ਸਾਹਿਬ ਕਰ ਰਹੇ ਹਨ।

ਗੁਰੂ ਪਰੰਪਰਾ ਇੱਕ ਅਜਿਹੀ ਅਨੋਖੀ ਸਮਾਜਿਕ ਸੰਰਚਨਾ ਦਾ ਮਾਡਲ ਸਾਹਮਣੇ ਲਿਆ ਹਕੀਕੀ ਤੌਰ ਤੇ ਸਥਾਪਿਤ ਕਰ ਦਿੰਦੇ ਹਨ ਜਿਸ "ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥" ਸਮਾਜ ਵਿਚ ਹਰ ਕਰਮ ਲਈ ਮਨੁੱਖ ਨੂੰ ਸਵੈ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਪਰਵਾਨਣੀ ਪਵੇਗੀ ਤੇ ਆਪਣੀ ਹੀ ਅਜਿਹੀ ਕਿਰਤ ਦੀ ਪ੍ਰਾਪਤੀ ਦੀ ਕਮਾਈ ਦਾ ਪ੍ਰਤੀਕਰਮ ਵੀ ਉਸੇ ਨੂੰ ਹੀ ਮਿਲੇਗਾ ਤੇ ਉਹ ਵੀ ਖਿੜੇ ਮੱਥੇ ਭੁਗਤਣਾ ਪਵੇਗਾ। "ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ॥"[113] ਦਾ ਇਹੋ ਸੰਕਲਪ ਹੈ। ਆਪਣੀ ਗੁਰਿਆਈ ਰਾਹੀਂ ਨਾਨਕ ਸਰਕਾਰ ਨੇ ਪੰਥ ਮਾਰਗ ਪਾਇਆ

ਹੈ "ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥"[1243]

ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ; ਸਿੱਖ ਯਾਦ ਵਿਚ ਸ਼੍ਰੋਮਣੀ ਪਹਿਲ ਦੀ ਚੇਤਨਾ ਦਾ ਇਹ ਇੱਕ ਪ੍ਰਚਲਿਤ ਸਿੱਖ ਵਿਸ਼ਵਾਸ, ਭਰੋਸਾ, ਇਤਿਹਾਸ ਦਾ ਮੁਹਾਵਰਾ ਬਣ ਚੁਕਾ ਹੈ । ਠੀਕ ਓਵੇਂ ਹੀ ਜਿਵੇਂ ਗੁਰੂ ਖ਼ਾਲਸਾ, ਪੰਥ ਖ਼ਾਲਸਾ, ਗੁਰ ਸਿੱਖ, ਗੁਰੂ ਪੰਥ ਆਦਿ ਕੌਮੀ ਮੁਹਾਵਰਿਆਂ ਵਿਚ ਵੀ ਸਿੱਖ, ਪੰਥ ਅਤੇ ਖ਼ਾਲਸੇ ਲਈ 'ਗੁਰੂ' ਵਿਸ਼ੇਸ਼ਣ ਦਾ ਆਮ ਕਰ ਕੇ ਇਸਤੇਮਾਲ "ਖ਼ਾਲਸਾ ਪੰਥ ਦੇ ਹੁਕਮ ਦੀ ਸਰਦਾਰੀ" ਦੇ ਹਕੀਕੀ ਵਰਤਾਰੇ ਵਜੋਂ ਕੀਤਾ ਜਾਂਦਾ ਹੈ । ਗੁਰੂ ਜੋਤਿ ਅਤੇ ਗੁਰੂ ਜੁਗਤਿ ਦੇ ਇਸੇ ਪਸਾਰੇ ਨੂੰ ਹੀ ਖ਼ਾਲਸਾ ਕਹਿੰਦੇ ਹਨ। ਚਾਹੇ ਆਮ ਸਿੱਖ ਨੇ ਇਸ ਅਨੁਰੂਪ ਆਪਣੀ ਪ੍ਰਤੱਖ ਵਰਤਾਰਾ ਕਰਦੀ ਮਨੋਬਿਰਤੀ ਨਹੀਂ ਢਾਲੀ ਹੈ ਪਰ ਇਹ ਅਟੱਲ ਸੱਚ ਹੈ ਕਿ ਸਿੱਖ ਮਨੋਬਿਰਤੀ ਵਿਚ ਇਸ ਪਰਥਾਏ ਕੋਈ ਦੁਬਿਧਾ, ਦਵੰਦ, ਕਿੰਤੂ ਪ੍ਰੰਤੂ ਮੂਲੋਂ ਹੀ ਨਹੀਂ ਹੈ।

ਤ੍ਰਾਸਦੀ ਇਹ ਵੱਖਰੀ ਹੈ ਕਿ ਅਕਾਦਮਿਕ ਤੇ ਧਾਰਮਿਕ ਲੋਕਾਂ ਨੇ ਇਸ ਤੋਂ ਅਣਡਿੱਠ ਤਾਕਤਾਂ ਦੇ ਡਰੋਂ ਪਰ ਸਪਸ਼ਟ ਕਾਰਨਾਂ ਕਰ ਕੇ ਮੂੰਹ ਫੇਰਿਆ ਹੋਇਆ ਹੈ। ਇਹੋ ਖ਼ਾਸ ਇੱਕੋ ਇੱਕ ਵਜ੍ਹਾ ਹੈ ਇਸ "ਥਾਟ" ਦਾ ਲੋਕ ਥਾਟ ਨਾ ਬਣ ਪਾਉਣ ਦਾ ਮੁੱਖ ਕਾਰਨ।

ਇਸ ਗੁਰਮਤਿ "ਥਾਟ" ਦੀ ਪਰਿਭਾਸ਼ਾ ਬੜੀ ਸਪਸ਼ਟ ਹੈ:

"ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥ ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥1॥ ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥"[797] ਸਿੱਖ ਦਾ ਨਾਨਕਸ਼ਾਹੀ 'ਥਾਟ' ਹੈ "ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥" "ਗੁਰਮਤਿ ਥਾਟ" ਦਾ ਅਰਥ ਹੈ ਆਪਣੇ ਸੰਕਲਪ ਦੀ ਸੰਰਚਨਾ ਦੀ ਰਚਨਾ ਰਚਣੀ । ਗੁਰੂ ਨੇ ਇਹੋ ਹੀ ਨਿਸ਼ਚਿਤ ਕੀਤਾ ਹੈ । ਗੁਰਬਾਣੀ ਸੰਕਲਪ ਦਾ ਇਹ ਥਾਟ ਕਿਹੜਾ ਹੋ ਸਕਦਾ ਹੈ ? ਕੀ ਨਾਨਕ ਸਰਕਾਰ ਦੇ ਇਸ "ਥਾਟ" ਦੀ, ਉਪਰੋਕਤ ਸਾਰੀ ਵਿਚਾਰ ਤੋਂ ਹਾਲੇ ਵੀ ਸਿੱਖ ਨੂੰ ਸਮਝ ਨਹੀਂ ਆਈ ।

"ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥ ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥ ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥"[789]

"ਗੁਰ ਸ਼ਬਦ" ਇਸ ਤੇ ਅੱਪੜਨਾ ਲਈ ਰਾਹ ਸਪਸ਼ਟ ਕਰਦਾ ਹੈ:

"ਕਹੁ ਨਾਨਕ ਗੁਰਿ ਖੋਲੇ ਕਪਾਟ ॥ ਮੁਕਤੁ ਭਏ ਬਿਨਸੇ ਭ੍ਰਮ ਥਾਟ ॥"[188] ਦਵੈਤ ਦੇ ਸਾਰੇ ਭਰਮ ਜਾਲ ਤੋਂ ਮੁਕਤ ਹੋ ਕੇ ਸੁਤੰਤਰਤਾ ਦੀ ਚਾਹਤ ਵਿਚ ਨਾਨਕੀ ਬਿਬੇਕ ਦੇ ਕਪਾਟ ਖੁੱਲ੍ਹਦੇ ਹਨ ਤੇ ਨਾਨਕ ਸਰਕਾਰ ਅਜਿਹੀ ਗੁਰਮੁਖ ਮਾਨਵਤਾ ਨੂੰ ਆਜ਼ਾਦੀ ਵੱਲ ਲੈ ਤੁਰਦੀ ਹੈ ।

ਭਾਈ ਕ੍ਹਾਨ ਸਿੰਘ ਜੀ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਖ਼ਾਲਸੇ ਦਾ ਅਰਥ 'ਅਕਾਲੀ ਧਰਮ, ਵਾਹਿਗੁਰੂ ਜੀ ਕਾ ਖ਼ਾਲਸਾ, ਸਿੰਘ ਪੰਥ ਅਤੇ ਖ਼ਾਲਸਾ ਧਰਮਾਧਕਾਰੀ ਗੁਰੂ ਨਾਨਕ ਪੰਥੀ ਵਜੋਂ ਹੈ ।

ਗੁਰੂ ਨੇ ਆਪਣੇ ਅਤੇ ਖ਼ਾਲਸੇ, ਖ਼ਾਲਸੇ ਅਤੇ ਅਕਾਲ ਵਿਚਕਾਰ ਕੋਈ ਦਵੈਤ ਨਹੀਂ ਛੱਡਿਆ ਹੈ । ਇਸੇ ਲਈ ਹੀ ਪੰਥ ਖ਼ਾਲਸਾ ਦੀ ਆਪਣੀ ਅੱਡਰੀ, ਵਿਲੱਖਣ, ਸੁਤੰਤਰ ਅਤੇ ਸੈਭੰ ਹਸਤੀ-ਪਦਵੀ ਅਤੇ ਰੂਪ ਦੀ ਪ੍ਰਭੂ ਸਤਾ ਸੰਪੰਨ "ਸਰਦਾਰੀ" ਵਿਦਮਾਨ ਹੈ। ਜੋ ਅਟੱਲ ਹੈ। ਨਿਰਭਉ ਹੈ। ਨਿਰਵੈਰ ਹੈ। ਅਜੂਨੀ ਹੈ। ਅਕਾਲ ਹੈ। ਇਹ ਸਿਰਫ਼ ਇਸ ਲਈ ਹੀ ਹੈ, ਕਿਉਂਕਿ ਇਹ "ਗੁਰ ਪ੍ਰਸਾਦਿ" ਰਾਹੀ ਮਿਲਿਆ ਅਨਾਦੀ ਸਰਗੁਣ-ਨਿਰਗੁਣ ਸਰੂਪ ਦਾ ਅਮਲੀ ਅਤੇ ਪ੍ਰਤੱਖ ਸਤਿ ਵਰਤਾਰਾ ਹੈ । ਇੰਜ ਖ਼ਾਲਸਾ ਆਪਣੀ ਹੋਣੀ ਦਾ ਖ਼ੁਦ ਕਰਤਾ ਹੈ । ਸਮੁਚਿਤ ਰੂਪ ਵਿਚ ਖ਼ਾਲਸਾ "ਖ਼ਾਲਸੋ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ ॥" ਦਾ ਨਿਰਵਿਵਾਦ ਗੁਰੂ ਜੁਗਤਿ ਦੇ ਵਰਤਾਰੇ ਦਾ ਗੁਰਿਆਈ ਧਾਰੀ "ਹੁਕਮ" ਹੈ।

"ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥" ਖ਼ਾਲਸੇ ਦਾ ਇਹ ਆਪਸੀ , ਨਿੱਜੀ , ਸਮੂਹਿਕ ਅਤੇ ਸਮਾਜਿਕ-ਧਾਰਮਿਕ ਸੰਬੋਧਨ ਵੀ ਖ਼ਾਲਸੇ ਨੂੰ ਸਿੱਧਾ ਇੱਕ ਅਕਾਲ ਨਾਲ ਜੋੜਦਾ ਹੋਇਆ, ਇਸੇ ਸਚਾਈ ਨੂੰ ਹੀ ਪ੍ਰਤੱਖ ਕਰਦਾ ਹੈ।

"ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥"[517] ਦੀ ਸੱਤਿਆ ਦੀ ਬਾਣੀ ਦੀ ਸੰਦਰਭ ਸਹਿਤ ਵਿਆਖਿਆ ਤੋਂ ਉਪਰੰਤ ਸਾਰ ਅਰਥ ਪਾਤਸ਼ਾਹੀ ਪੰਥ ਖ਼ਾਲਸਾ ਦੇ ਜਨਮ ਦਾਤਾ ਦਸਮ ਨਾਨਕ ਆਪੇ ਗੁਰ ਚੇਲਾ ਦੀ ਚਰਮ ਸੀਮਾ ਦਾ ਵਿਵਹਾਰਿਕ ਅਮਲ "ਖੰਡੇ ਬਾਟੇ ਦੀ ਪਹੁਲ਼" ਰਾਹੀਂ ਗੁਰਿਆਈ ਦੀ ਸਰੀਰਕ ਜੁਗਤੀ ਪੰਥ "ਖ਼ਾਲਸਾ" ਜੀ ਨੂੰ ਅਰਪਣ ਕਰ ਜਾਂਦੇ ਹਨ। ਇਹੋ ਹੀ ਗੁਰੂ ਨਾਨਕ ਸਰਕਾਰ ਦਾ "ਥਾਟ" ਹੈ :"ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥"[517] ਘਾਟ ਤੋਂ ਅਰਥ ਹੀ ਇਹ ਹੈ ਕਿ ਸੰਕਲਪ ਨੂੰ ਮੰਜ਼ਿਲ ਤਕ ਪਹੁੰਚਾ ਦਿੱਤਾ ਗਿਆ।

ਇੰਜ ਇਹ ਸਪਸ਼ਟ ਹੋ ਜਾਂਦਾ ਹੈ ਕਿ ਖ਼ਾਲਸੇ ਦੀ ਸਮੁੱਚੀ ਸਿਰਜਨਾ, ਇਸ ਦਾ ਪੰਥ ਦੀ ਜੱਦੀ ਜਾਇਦਾਦ ਅਨੰਦਪੁਰ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਦੀ ਸੁਤੰਤਰ ਧਰਤੀ ਤੇ ਪਰਕਾਸ਼, ਬਤੌਰ ਸ਼ਬਦ ਗੁਰੂ ਦੇ ਹੁਕਮ ਦਾ "ਕਰਤਾ ਪੁਰਖ" ਵਜੋਂ ਹੋਇਆ ਹੈ । ਇਸ ਨੂੰ ਦਸਮ ਪਿਤਾ ਨੇ ਪਾਰਸ ਜਾਂ ਚੰਦਨ ਨਹੀਂ ਸਗੋਂ "ਨਿਖਾਲਸ" ਬਣਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਜੇ ਖ਼ਾਲਸੇ ਨਿਮਿਤ ਤਾਂ ਹੀ ਹੁਕਮ ਕੀਤਾ ਹੈ:

"ਜਾਗਤ ਜੋਤਿ ਜਪੈ ਨਿਸਬਾਸਰ ਏਕ ਬਿਨਾ ਮਨ ਨੈਕ ਨ ਆਨੈ॥ ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ॥ "[ਸਰਬ ਲੋਹ]

ਖ਼ਾਲਸਾ ਹੁਕਮ ਵਿਚ ਅਨੁਸ਼ਾਸਿਤ ਮਨੁੱਖ ਦੀ ਸਮੁੱਚੀ ਰਚਨਾ, ਬਣਤਰ, ਅਤੇ ਗੁਣ ਪ੍ਰਮਾਤਮਾ ਤੋਂ, ਸ਼ੁੱਧ ਪਰਮ ਪਤੀ ਦੇ ਅਨੁਭਵ ਪਰਕਾਸ਼ ਦੀਆਂ ਸਾਰੀਆਂ ਚੰਗਿਆਈਆਂ ਅਤੇ ਗੁਣ ਲੈ ਕੇ ਪਰਗਟ ਹੁੰਦੀ ਹੈ । ਜਿਸ ਦਾ ਯਕੀਨਨ ਧਾਰਮਿਕ,

ਸਮਾਜਿਕ, ਰਾਜਨੀਤਕ ਨਿਸ਼ਚਾ 'ਹਲੇਮੀ' ਰਾਜ ਸੱਤਾ ਦੀ ਪ੍ਰਸ਼ਾਸਨਿਕ ਇਕਾਈ ਦੀ ਸਥਾਪਤੀ ਰਾਹੀ; ਹਰ ਮਨੁੱਖ ਮਾਤਰ ਨੂੰ ਹਰ ਪ੍ਰਕਾਰ ਦੇ ਬੰਧਨਾਂ ਤੋਂ ਮੁਕਤ ਕਰ ਸਰਬੱਤ ਦੇ ਭਲੇ ਅਤੇ "ਨਾਨਕ ਨਾਮ ਚੜ੍ਹਦੀ ਕਲਾਂ ਤੇਰੇ ਭਾਣੇ ਸਰਬੱਤ ਦਾ ਭਲਾ" ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨਾ ਹੈ । ਇੱਕ ਅਜਿਹਾ ਦੇਸ਼ ਕਾਲ ਘੜਨਾ ਹੈ ਜਿਸ ਵਿਚ ਮਨੁੱਖਤਾ ਲਈ ਪ੍ਰਮਾਤਮਾ ਮੰਡਲ ਦੇ ਨਿਯਮਾਂ, ਸਿਧਾਂਤਾਂ, ਰਹਿਤ, ਮਰਿਆਦਾ, ਸੰਕਲਪਾਂ ਰਾਹੀ ਨਰੋਏ ਸਮਾਜ ਦੀ ਸਿਰਜਨਾ ਹੋ ਸਕੇ। ਜਿਸ ਵਿਚ ਅਕਾਲ ਦੀ ਜੋਤਿ-ਜੁਗਤਿ ਦਾ ਪਸਾਰਾ ਸ਼ਬਦ ਗੁਰੂ ਦੀ ਸਿੱਖੀ ਰਾਹੀ ਹੋ ਸਕੇ। ਇਸੇ ਆਸ਼ੇ ਅਤੇ ਨਿਸ਼ਚੇ ਦੀ ਸਾਖੀ ਭਰਦੇ ਹੋਏ ਕਵੀ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

"ਗੁਰੂ ਖਾਲਸਾ ਖਾਲਸਾ ਗੁਰੂ ॥ ਅਬਿ ਤੇ ਹੋਇ ਐਸੀ ਬਿਧਿ ਸ਼ੁਰੂ ॥ ਅਪਨੀ ਜੋਤਿ ਖਾਲਸੇ ਬਿਖੈ ॥ ਹਮ ਨੇ ਧਰੀ ਸਕਲ ਜਗ ਪਿਖੈ ॥20॥" 6332ਗ੍ਰ.ਪ੍ਰ.ਸੂ.ਗ੍ਰੰ.

"ਨਾਨਕ ਗੁਰ ਤੇ ਗੁਰ ਹੋਆ"

ਦਾ ਹੀ ਇਹ ਅਮਲੀ, ਪ੍ਰਤੱਖ ਤੇ ਦ੍ਰਿਸ਼ਮਾਨ ਹਕੀਕੀ ਸਮਾਜ ਦੀ ਸਿਰਜਨਾ ਦਾ ਪ੍ਰਤੱਖ ਵਰਤਾਰਾ ਹੈ- ਖ਼ਾਲਸਾ। ਭਾਈ ਗੁਰਦਾਸ ਜੀ ਇਸੇ ਹੀ ਆਦਿ ਗੁਰ ਸਿਧਾਂਤ ਦੀ ਵਿਆਖਿਆ ਸਮਝਾਉਂਦੇ ਹੋਏ ਹੀ ਲਿਖਦੇ ਹਨ:

"ਹਰਿ ਸੱਚੇ ਤਖ਼ਤ ਰਚਾਇਆ ਸਤਿ ਸੰਗਤਿ ਮੇਲਾ ॥ ਨਾਨਕ ਨਿਰਭਉ ਨਿਰੰਕਾਰ ਵਿਚਿ ਸਿੱਧਾਂ ਖੇਲਾ ॥ ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ ॥ ਪੀਵਹੁ ਪਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ ॥ ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥" ਭਾ.ਗੁ.ਵਾ.41

ਇੰਜ ਖ਼ਾਲਸਾ ਸੁੱਤੇ ਸਿੱਧ ਹੀ ਉਨ੍ਹਾਂ ਸਾਰੀਆਂ ਸ਼ਕਤੀਆਂ ਦਾ, ਲੱਛਣਾਂ ਦਾ, ਗੁਣਾਂ ਦਾ, ਅਤੇ ਸਤਾ ਦਾ ਕਰਮ ਅਤੇ ਵਿਵਹਾਰ ਵਿਚ ਮਾਲਕ ਹੈ ਜੋ ਗੁਰੂ ਪਾਤਸ਼ਾਹੀਆਂ ਦੀਆਂ ਸਨ ਤੇ ਹੁਣ ਗੁਰੂ ਪਾਤਸ਼ਾਹੀ ਨੇ ਹੀ ਇਹ ਸਾਰੀਆਂ ਖ਼ਾਲਸਾ ਪੰਥ ਨੂੰ ਹਸਤਾਂਤਰਣ ਕਰ ਦਿੱਤੀਆਂ ਹਨ । "ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ॥" 1210 ਦੀ ਜੁਗਤੀ ਦਾ ਵਰਤਾਰਾ ਨਾਨਕ ਜੋਤਿ ਨੇ ਕਰ ਕੇ ਹਕੀਕਤ ਵਿਚ ਦੁਨੀਆ ਦੇ ਸਨਮੁੱਖ "ਖ਼ਾਲਸਾ ਅਕਾਲ ਪੁਰਖ ਕੀ ਫ਼ੌਜ" ਵਜੋਂ, ਅਕਾਲ ਦੇ ਆਦਿ ਸਰੋਤਾ ਦੇ ਰੂਪ ਵਿਚ ਵਿਦਮਾਨ ਬ੍ਰਹਿਮੰਡੀ ਪਸਾਰੇ ਵਿਚ ਇੱਕ ਮਾਤਰ ਆਗੂ ਬਣਾਂ ਕੇ "ਗੁਰੂ ਰੂਪ" ਸਥਾਪਿਤ ਕਰ ਦਿੱਤਾ ਹੈ । ਅਕਾਲ ਦੀ ਹਰ ਇੱਕ ਦਿੱਖ ਨੂੰ , ਉਸ ਦੀ ਹਰ ਇੱਕ ਮੂਰਤ ਨੂੰ ਅਕਾਲ ਦੇ ਬਖ਼ਸ਼ੇ ਸਰੂਪ ਅਨੁਰੂਪ ਹੀ ਸੁਤੰਤਰ ਵਧਣ ਫੁੱਲਣ ਦੇਣ ਦਾ ਇੰਜ "ਖ਼ਾਲਸਾ" ਜ਼ਾਮਨ ਹੈ। ਪ੍ਰਕਿਰਤੀ ਵਿਚ ਖ਼ਾਲਸਾ ਰਾਜ ਦਾ ਇਹੋ ਬੀਜਕ ਸਿਧਾਂਤ ਹੈ । ਇਹੋ ਫ਼ਲਸਫ਼ਾ ਹੈ । ਸਮਾਜ ਵਿਚ ਅਕਾਲ ਪੁਰਖ ਦੇ ਗੁਣਾਂ ਦੇ ਪਰਨਾਏ ਰਾਜ ਨੂੰ ਕਾਇਨਾਤ ਤੇ ਲਿਆਉਣ, ਵਰਤਾਉਣ ਅਤੇ ਚਲਾਉਣ ਦੀ ਇਹੋ ਹੀ ਜੁਗਤੀ ਹੈ, ਜੋ ਪੰਥ ਵਿਚ ਵਿਆਪਤ ਹੈ ।

## 46

# ਹੋਰ ਜ਼ਰੂਰੀ ਵਿਸ਼ੇ

ਇਨ੍ਹਾਂ ਬਾਕੀ ਦੇ ਹੇਠ ਲਿਖੇ ਵਿਸ਼ਿਆਂ ਤੇ ਭਰਪੂਰ ਜਾਣਕਾਰੀ ਲੈਣ ਲਈ, ਇਨ੍ਹਾਂ ਹੀ ਵਿਸ਼ਿਆਂ ਤੇ ਲਿਖੀ ਮੇਰੀ ਪੁਸਤਕ "ਗੁਰਿਆਈ ਗੁਰੂ ਪੰਥ ਦਾ ਸਿੱਖ ਸੰਕਲਪ ਕੀ ਹੈ" ਜ਼ਰੂਰ ਪੜ੍ਹੋ।

ਜਿਵੇਂ :

1. ਪੰਥ,

2.ਪੰਥ ਗੁਰੂ

3.ਸਿੱਖ ਧਰਮ ਵਿਚ "ਪੰਥ ਗੁਰੂ" ਦਾ ਸੰਕਲਪ ਕੀ ਹੈ
ਅਤੇ ਕਿਵੇਂ ਸੰਪੂਰਨ ਹੁੰਦਾ ਹੈ;

4. ਬਤੌਰ ਜਥੇਬੰਦੀ "ਪੰਥ ਦੀ ਤਾਸੀਟ"

5.ਪੰਥਕ ਸਭਿਅਤਾ ਦੀ ਆਲ਼ੇ ਦੁਆਲੇ ਦੀ ਬਣਤਰ ਦਾ ਸੁਭਾਉ ਕੀ ਹੋਵੇ ? ਤੇ ਪੰਥ ਗੁਰੂ ਦੀ ਸੀਰਤ

6. ਪੰਥ ਗੁਰੂ ਦੀ ਪਾਤਸ਼ਾਹੀ ਦਾ ਲਾਗੂ ਕਰਨ ਕਿਵੇਂ ਹੋਵੇ

7. ਪੰਥ ਗੁਰੂ ਦੀ ਗੁਰਿਆਈ ਨੂੰ ਲਾਗੂ ਕਰਨ ਵਿਚ ਕਿਹੜੀਆਂ ਪ੍ਰਮੁੱਖ ਮੁਸ਼ਕਲਾਂ ਦਰਪੇਸ਼ ਹਨ ? ਅਤੇ ਇਨ੍ਹਾਂ ਨੂੰ ਕਿਵੇਂ ਦੂਰ ਕੀਤਾ ਜਾਵੇ।

8. ਕੀ "ਪੰਥ ਗੁਰੂ" ਦੀ ਪਾਤਸ਼ਾਹੀ ਦਾ ਕੋਈ ਰੋਲ ਮਾਡਲ ਸਿੱਖ ਇਤਿਹਾਸ ਤੋਂ ਮਿਲਦਾ ਹੈ ?

9. ਪੰਥ ਗੁਰੂ ਨਿਮਿਤ ਖ਼ਾਲਸਾ ਜੀ ਦੇ ਕੀ ਫ਼ਰਜ਼ ਹਨ ?

10. ਪੰਥ ਗੁਰੂ ਦੀ ਅਗਵਾਈ ਦਾ ਅਤੇ ਚੋਣ ਕਰਨ ਦਾ ਕੀ ਢੰਗ ਤਰੀਕਾ ਹੈ ?

11. ਪੰਥ ਗੁਰੂ ਦੀ ਅਗਵਾਈ ਦੀ ਗੁਣਤੰਤਰੀ ਗਣਤੰਤਰੀ ਸੰਸਦੀ ਪ੍ਰਣਾਲੀ ਦਰਬਾਰ ਏ ਖ਼ਾਲਸਾ ਦਾ ਅਧਿਕਾਰ ਖੇਤਰ ਕੀ ਹੈ ?

12. ਇਹ ਪ੍ਰਣਾਲੀ ਕਿਵੇਂ ਹੋ ਵਿਚ ਆਵੇਗੀ ?

13. ਪੰਥ ਗੁਰੂ ਦਰਬਾਰ ਏ ਖ਼ਾਲਸਾ ਦੇ ਨਿਰਨਿਆਂ ਨੂੰ ਕਿਵੇਂ ਲਾਗੂ ਕੀਤਾ ਜਾ ਸਕੇਗਾ ?

14. ਇਸ ਦਾ ਮੁੱਖ ਦਫ਼ਤਰ ਤੇ ਹੋਰ ਦਫ਼ਤਰ ਕਿੱਥੇ ਹੋਣਗੇ ?

15. ਪੰਥ ਗੁਰੂ ਸੰਘ ਲਈ ਦਰਬਾਰ ਏ ਖ਼ਾਲਸਾ ਦੀਆਂ ਸਥਾਨਿਕ ਇਕਾਈਆਂ ਦੀ ਚੋਣ ਦਾ ਵਿਧੀ ਵਿਧਾਨ ਕੀ ਹੋਵੇਗਾ ?

16 ਪੰਥ ਗੁਰੂ ਦੇ ਗਣਤੰਤਰੀ ਵਿਧੀ ਵਿਧਾਨ ਰਾਹੀਂ 'ਪੰਜ ਪਿਆਰੇ' ਸੀਟ ਲਈ ਚੁਣੇ ਜਾਣ ਦਾ ਢੰਗ ਤਰੀਕਾ ਕੀ ਹੋਵੇਗਾ ?

17. ਇਸ ਦੇ ਖ਼ਰਚਿਆਂ ਦਾ ਪ੍ਰਬੰਧ ਕਿਵੇਂ ਹੋਵੇਗਾ ?

## 47

## ਤਖ਼ਤ

### ਗੁਰਮਤਿ ਅਰਥ

ਫ਼ਾਰਸੀ ਦੇ ਸ਼ਬਦ ਦੇ ਅਰਥ ਹਨ ਸਿੰਘਾਸਣ। ਸਿੰਘਾਂ ਦੇ ਰਾਜ ਦੀ ਸੱਤਾ। "ਤਖਤਿ ਬਹੈ ਤਖਤੈ ਕੀ ਲਾਇਕ"[1039] ਅਤੇ "ਤਖ਼ਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ"[1088] "ਜਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥"[966] ਤੋਂ ਹੁੰਦੀ ਇਹ ਤਖ਼ਤ ਨਸ਼ੀਨੀ "ਤਖ਼ਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥"[968] ਗੁਰੂ ਨਾਨਕ ਸਰਕਾਰ ਨੇ ਇਹੁ ਤਖ਼ਤ ਗੁਰਿਆਈ ਦੀ ਜੋਤਿ ਨੂੰ ਬਖ਼ਸ਼ਿਆ ਤੇ ਉਹ ਚਲਦਾ ਹੋਇਆ ਛੇਵੀਂ ਪਾਤਸ਼ਾਹੀ ਤੋਂ "ਅਕਾਲ ਤਖ਼ਤ" ਦੀ ਕਾਇਮੀ ਰਾਹੀਂ ਤਖ਼ਤ ਖ਼ਾਲਸੇ ਨੂੰ ਮਿਲਿਆ। ਹੁਣ ਖ਼ਾਲਸਾ ਨਾਨਕ ਸਰਕਾਰ ਦੀ ਸ਼ਬਦ ਗੁਰੂ ਗੁਰਿਆਈ ਨਾਲ ਜੁਗਤੀ ਹੰਢਾਉਣ ਵਾਲਾ ਇੱਕਛਤ੍ਰ ਇੱਕ ਮਾਤਰ ਤਖ਼ਤ ਤੇ ਬਿਰਾਜਮਾਨ ਪਾਤਸ਼ਾਹ ਹੈ।

### ਗੁਰਬਾਣੀ ਵਿਸਥਾਰ

"...ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਕਤੁ ਰਚਾਇਆ॥ 12॥ .....ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥ ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥ 14॥ ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥ ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ॥"[1039] ਉਸ ਅਕਾਲ ਪੁਰਖ ਨੇ ਮਨੁੱਖੀ ਸਰੀਰ ਨੂੰ ਰੱਬੀ ਨਿਵਾਸ ਦਾ ਕਿਲਾ ਬਣਾਇਆ ਹੈ ਜਿਸ ਵਿਚ ਅਕਾਲ ਦੇ ਬੈਣ ਲਈ ਤਖ਼ਤ ਸਿਰਜਿਆ ਹੈ । ਇਸੇ ਹੀ ਸੰਦਰਭ ਵਿਚ ਬਾਕੀ ਤੁਕਾਂ ਦਾ ਅਰਥ ਲੇਣਾਂ ਚਾਹੀਦਾ ਹੈ ਨਾਂਹ ਕਿ ਜਿਵੇਂ ਅਗਲੀਆਂ ਤੁਕਾਂ ਨੂੰ ਪਰਮਾਰਥ ਨਾਲ ਜੋੜ ਕੇ ਵਿੱਚੋ ਨਾਨਕ ਸਰਕਾਰ ਦੀ ਜੋਤਿ ਦੇ ਸਰੀਰ ਨੂੰ ਮਨਫੀ ਕਰ ਕੇ ਸਿਰਫ਼ ਮਰਮਾਰਥ ਦੇ ਤਖ਼ਤ ਦੀ ਇੱਕ ਤਰਫ਼ਾ ਵਿਆਕਿਆ ਕੀਤੀ ਜਾਂਦੀ ਹੈ ; ਉਹ ਮੀਰੀ-ਪੀਰੀ, ਅਕਾਲ ਦੇ ਤਖ਼ਤ ਦੇ ਸੰਕਲਪ ਅਤੇ ਵਿਵਹਾਰ ਤੋਂ ਸੱਖਣੀ ਬਣਾ ਦਿੱਤੀ ਜਾਂਦੀ ਹੈ । ਇੱਥੇ ਵੀ ਵਿਵਹਾਰਿਕ ਅਮਲ ਪ੍ਰਮਾਰਥ ਦੇ ਤਖ਼ਤ ਦੀ ਤਖ਼ਤ ਨਸ਼ੀਨੀ ਕਰਦੇ ਹੋਏ ਉਵੇਂ ਹੀ ਖ਼ਾਲਸੇ ਨੇ ਵਿਵਹਾਰਿਕ ਸੰਸਾਰਿਕ ਸਖ਼ਤ ਦੀ ਸਤਾ ਦੀ ਵੀ ਵਰਤੋਂ "ਆਪੇ ਰਾਜਨੁ ਆਪੇ ਲੋਗਾ॥ ਆਪਿ ਨਿਰਬਾਣੀ ਆਪੇ ਭੋਗਾ॥ ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ

ਪੁਕਾਰਿਆ ਜੀਉ॥ 97 ਦੇ ਸੰਦਰਭ ਵਿਚ "ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥" 992 ਅਨੁਸਾਰ ਪਮਜੇ ਇੰਦਰੀਆਂ ਤੇ ਰਾਜ ਕਰਦਾ ਖ਼ਾਲਸਾ ਹੀ ਸੰਸਾਰਿਕ ਤਖ਼ਤ ਦਾ "ਪੰਚਾਇਣ" ਦੀ ਸਾਂਝੀ ਮੱਤ ਨਾਲ ਗੁਰ ਸ਼ਬਦ ਦੀ ਜੋਤਿ ਤੇ ਜੁਗਤਿ ਵਰਤਾਉਣ ਦਾ ਅਸਲੋਂ ਅਧਿਕਾਰੀ ਹੈ ।

## ਨਾਨਕਸ਼ਾਹੀ ਨਜ਼ਰੀਆ

"ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ॥ ਕਰਸਨਿ ਤਖਤਿ ਸਲਾਮੁ ਲਿਖਿਓ ਪਾਵਸੀ॥" 143 ਸੰਸਾਰ ਦੀ ਕਾਰ ਕਮਾਉਂਦਿਆਂ ਝੂਠ ਫ਼ਰੇਬ ਤੇ ਸਵਾਰਥ ਵਿਚ ਗਲਤਾਨ ਲੋਕਾਂ ਵਿੱਚੋਂ ਧੁਰ ਅੰਦਰੋਂ ਅਕਾਲ ਉਨ੍ਹਾਂ ਨੂੰ ਹੀ ਸਤਿਕਾਰ ਤੇ ਨਿਆਂ ਦਾ ਤਖ਼ਤ ਦਿਮਦਾਂ ਹੈ ਜਿਸ ਤੇ ਆਪ ਤੁੱਠਦਾ ਹੈ। ਇਹ ਬਖ਼ਸ਼ਿਸ਼ ਗੁਰੂ ਨਾਨਕ ਸਰਕਾਰ ਨੇ ਆਪਣੇ ਗੁਰਮੁਖ ਸਿੱਖ ਤੇ ਕੀਤੀ ਹੋਈ ਹੈ । ਜਿਵੇਂ ਕਿ ਅਸੀਂ ਉਪਰਲੀ ਵਿਚਾਰ ਤੋਂ ਸਮਝ ਆਏ ਹਾਂ।

"ਸਾਚੀ ਨਗਰੀ ਤਖ਼ਤੁ ਸਚਾਵਾ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ॥ ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ॥"

ਸਮਝਣ ਵਾਲੀ ਗੱਲ ਇਹੋ ਹੈ ਕਿ ਜਿਸ ਅਕਾਲ ਪੁਰਖ ਨੇ ਆਪਣੇ ਵਾਸ ਦਾ ਤਖ਼ਤ ਮਨੁੱਖੀ ਸਰੀਰ ਨੂੰ ਬਣਾਇਆ ਹੈ ਤਾਂ ਫਿਰ ਉਹੀ ਅਕਾਲ, ਇਸੇ ਸਰੀਰ ਤਖ਼ਤ ਵਿਚ ਨਿਵਾਸੀ ਦੇ ਤੌਰ ਤੇ ਇਸ ਮਨੁੱਖ ਰਾਹੀਂ ਸੰਸਾਰੀ ਸਤਾ ਦੀ ਪਾਤਸ਼ਾਹੀ ਦੇ ਤਖ਼ਤ ਦੀ ਪਾਤਸ਼ਾਹੀ ਆਪ ਆਪਣੇ ਸੇਵਕਾਂ ਤੋਂ ਕਿਉਂ ਨਹੀਂ ਕਰਵਾ ਸਕਦਾ ? ਨਾਨਕ ਸਰਕਾਰ ਇਸੇ ਦਾ ਅਧਿਕਾਰੀ ਹੀ ਤਾਂ ਗੁਰਮੁਖ ਨੂੰ ਬਣਾ ਰਹੀ ਹੈ । ਕੇਵਲ ਇਸ ਕਾਮ ਇੰਦਰੀਆਂ ਕਰ ਕੇ ਰੂਹਾਨੀਅਤ ਦੀ ਇੱਕ ਤਰਫ਼ਾ ਗੱਲ ਤੇ ਸੰਸਾਰਿਕ ਸਭਿਅਤਾ ਤੇ ਸਮਾਜ ਦੀ ਪ੍ਰਬੰਧਕੀ ਮਿਆਰ ਨੂੰ ਗੁਰਮੁਖ ਬਨਾਉਣ ਤੋਂ ਭੱਜਣਾ ਠੀਕ ਵਿਆਖਿਆ ਹੈ ? ਕੇਵਲ ਤੇ ਕੇਵਲ ਰੂਹਾਨੀਅਤ ਪੱਖ ਤੋਂ ਇੰਦਰੀਆਂ ਦੀ ਸਵਾਰੀ ਕਰਨ ਨਿਮਿਤ ਤਖ਼ਤ ਦੀ ਸਤਾ ਤੇ ਕਾਇਮ ਰਹਿਣ ਦੀ ਪ੍ਰੋੜਤਾ ਕਰੀ ਜਾਣਾ ਸਪਸ਼ਟ ਹੀ ਮੀਰੀ-ਪੀਰੀ ਦੇ ਸਿਧਾਂਤ ਦ ਸਿੱਧਾ ਹਨਨ ਕਰਨਾ ਨਹੀਂ ਹੈ ? ਸਿੱਖੀ ਮਨੁੱਖ ਨੂੰ ਗੁਰਮੁਖ ਬਣਾ ਕੇ ਆਪਣੇ ਆਪਣੇ ਹਿਰਦੇ ਘਰ ਵਿਚ ਟਿਕਾ ਹਾਸਲ ਕਰ ਕੇ ਮਨੁੱਖੀ ਕਲਿਆਣ ਲਈ ਸਮਾਜੀ ਪ੍ਰਬੰਧਨ ਵਿਚ ਵੀ ਉਹੋ ਜਿਹੇ ਹੀ ਟਿਕਾ ਦੀ ਵਿਵਹਾਰਿਕਤਾ ਵੱਲ ਸਿੱਖ ਨੂੰ ਮੋੜਦੀ ਹੈ ਤੇ ਜਿੰਮੇਵਾਰੀ ਚੁੱਕਣ ਦੀ ਕਲਾ ਸਿਖਾਉਂਦੀ ਹੈ। ਇਸੇ ਵੱਲ ਹੀ ਇਸ਼ਾਰਾ ਹੈ "ਓਹੁ ਆਪੇ ਤਖਤਿ ਬਹੈ ਸਚਿਆਰਾ॥" 1026

## ਜੀਵਨ ਅਮਲ ਵਿਚ ਅਪਣਾਉਣਾ

ਦੁਨਿਆਵੀ ਵਿਵਹਾਰਿਕਤਾ ਹੀ ਇਹ ਹੈ ਕਿ "ਤਖਤਿ ਸਲਾਮੁ ਹੋਵੈ ਦਿਨੁ ਰਾਤੀ॥" ਤੇ ਜਿਹੜਾ ਨਾਨਕ ਦਾ ਸਿੱਖ ਨਾਨਕੀ ਕਲਾ ਨਾਲ ਸੈਭੰ ੧ਓੰ ਦੀ ਸਤਿ ਸਤਿਆ ਦਾ

ਧਾਰਨੀ ਹੋ ਕੇ "ਤਖਤਿ ਬਹੈ ਤਖਤੈ ਕੀ ਲਾਇਕ॥ ਪੰਚ ਸਮਾਏ ਗੁਰਮਤਿ ਪਾਇਕ॥ ਆਦਿ ਜੁਗਾਦੀ ਹੈ ਬੀ ਹੋਸੀ ਸਹਸਾ ਭਰਮੁ ਚੁਕਾਇਆ॥"[1039] ਉਹ ਨਿਰਭਉ ਤੇ ਨਿਰਵੈਰ ਹੋ ਕੇ ਸਮਾਜ ਦੀ ਭਲਾਈ ਵਿਚ ਨਿੱਤਰ ਪੈਂਦਾ ਹੈ। ਪੰਜੇਂ ਇੰਦਰਿਆਂ ਨੂੰ ਲਗਾਮ ਵਿਚ ਰੱਖਣ ਵਾਲਾ ਇਹੋ ਜਿਹਾ ਜਿਹੜਾ ਮਨੁੱਖ ਅਜਿਹੀ ਗੁਰੂ ਦੀ ਮੱਤ ਤੇ ਤੁਰਦਾ ਹੈ ਉਹ ਹਿਰਦੇ ਦੀ ਸ਼ੁੱਧਤਾ ਨਾਲ ਤਖ਼ਤ ਤੇ ਬੈਠਣ ਜੋਗ ਹੋ ਜਾਂਦਾ ਹੈ। ਅਜਿਹੇ ਮਨੁੱਖ ਦੇ ਅੰਦਰ ਆਦਿ ਜੁਗਾਦੀ ਅਕਾਲ ਪੁਰਖ ਓਪ ਪਰਗਟ ਹੋ ਕੇ ਉਸ ਨੂੰ ਭਟਕਣ ਤੋਂ ਰੋਕ ਲੈਂਦਾ ਹੈ।

ਖ਼ਾਲਸਾ ਪੰਥ ਵਿਚ ਤਖ਼ਤ ਨਿਵਾਸੀ ਦੀ ਇਹੋ ਹੀ ਅਪਣਾਉਣ ਯੋਗ ਅਗਵਾਈ ਦਾ ਮਿਆਰ ਹੈ। ਜਿਹੜੀ "ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ। ਇਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥"[1088] ਦੀ ਇਹੋ ਹੀ ਵਿਆਖਿਆ ਹੈ।

ਅਕਾਲ ਪੁਰਖ ਨੇ ਖ਼ਾਲਸੇ ਨੂੰ ਅਜਿਹਾ ਹੀ ਅਡੋਲ ਤਖਤ ਭਖ਼ਸ਼ਿਸ਼ ਕੀਤਾ ਹੈ। ਜਿੱਥੇ ਗੁਰਮੁਖਾਂ ਰਾਹੀਂ ਨਿਆਇ ਨੂੰ ਤੇ ਸੱਚ ਨੂੰ ਸਛਿਆਰਾ ਬਣਾ ਕੇ ਆਮ ਖਲਕਤ ਦੇ ਹਿਰਦੈ ਵਿਚ ਸ਼ਾਂਤੀ ਦੀ ਅਡੋਲਤਾ ਕਾਇਮ ਕਰਨੀ ਹੈ। "ਮੇਰੇ ਠਾਕੁ ਪੂਰੈ ਤਖਤਿ ਅਡੋਲ॥ ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ॥[17] ਸਿੱਖ ਨੂੰ ਅੰਦਰ ਅਤੇ ਬਾਹਰ ਮੁਖੀ ਅਜਿਹੀ ਘਾੜਤ ਸੰਸਾਰ ਤੇ ਮਨ ਦੁਹਾਂ ਦੀ ਘੜਨ ਦੀ ਨਸੀਹਤ ਜਾਂ ਹੁਕਮ ਹੈਜਿਹੋ ਜਿਹੀ ਪਾਲਣਾਹਾਰ ਪ੍ਰਭੂ ਦਾ ਓਟੱਲ ਟਿਕਾਣਾ ਸੰਪੂਰਨ ਅਜਿਹਾ ਤਖ਼ਤ ਹੈ ਜਿਸ ਦੇ ਹੁਕਮ ਵਿਚ ਕੋਈ ਵੀ ਉਕਾਈ ਨਹੀਂ ਹੈ ਤੇ ਉਸ ਦੀ ਮਿਹਰ ਦੀ ਡੂੰਘਾਈ ਇਤਨੀ ਹੈ ਕਿ ਜਿਸ ਦਾ ਕੋਈ ਵੀ ਮਾਪ-ਤੋਲ ਸੰਭਵ ਨਹੀਂ ਹੈ। ਇਸੇ ਨੂੰ ਹੀ ਗੁਰਬਾਣੀ ਵਿਚ ਨਾ ਤਸਵੀ, ਖਿਰਾਜ ਨਾ ਮਾਲ ਵਾਲ ਹਲੇਮੀ ਰਾਜ ਦੱਸਿਆ ਗਿਆ ਹੈ। ਜੇ ਪੂਰਾ ਗੁਰੂ ਮਿਹਰ ਕਰੇ ਤਾਂ ਹੀ ਇਹ ਸ਼ੁੱਧ ਹਿਰਦੈ ਵਾਲੇ ਮਨੁੱਖ ਨੂੰ ਅੰਦਰੂਨੀ ਤੇ ਸੰਸਾਰੀ ਸਤਾ ਦਾ ਅਨੰਦ ਮਿਲ ਸੱਕਦਾ ਹੈ। ਇਹੋ ਹੀ ਮਨੁੱਖ ਦੀ ਮੰਜ਼ਿਲ ਹੈ।

ਗੁਰਬਾਣੀ ਮਨੁੱਖ ਸਮੇਤ ਮਨੁੱਖ ਰਾਹੀਂ ਸਰਬਾਂਗੀ ਸ੍ਰਿਸ਼ਟੀ ਦੀ ਸੰਭਾਲ ਦਾ ਕੁਦਰਤੀ ਤੇ ਨਾਨਕੀ ਪ੍ਰਬੰਧਕੀ ਨਿਜ਼ਾਮ ਦਾ ਰੋਲ ਮਾਡਲ ਪ੍ਰਦਾਨ ਕਰਦੀ ਹੈ। ਜੇ ਮਨੁੱਖ ਨੂੰ ਇਹ ਗੱਲ ਸਮਝ ਪੈ ਜਾਵੇ ਤਾਂ ਸਰਬੱਤ ਦਾ ਭਲਾ ਸਰਬ ਸਾਂਝੀ ਵਾਲਤਾ ਦੇ ਗੁਰਮਤਿ ਦਰਸ਼ਨ ਵਿਚ ਸਹਿਜੇ ਹੀ "ਤਖ਼ਤ" ਰਾਹੀਂ ਹਾਸਲ ਕੀਤਾ ਜਾ ਸਕਦਾ ਹੈ।

**ਕੰਮ ਕਾਜੀ ਆਰੰਭਤਾ ਦੀ ਲੋੜ**

ਖ਼ਾਲਸੇ ਦੇ ਤਖ਼ਤ ਦੀ ਸੀਰਤ ਕੁਦਰਤੀ ਹੈ। ਇਹ ਅਕਾਲ ਵਾਂਗ ਹਰ ਥਾਂ ਵਿਆਪਤ ਹੈ ਤੇ ਜਿੱਥੇ ਇਸ ਦੀ ਮਰਜੀ ਹੋਵੇ ਉੱਥੇ ਹੀ ਆਪਣੀ ਆਮ ਸਭਾ, ਖ਼ਾਸ ਸਭਾ ਜਾਂ ਦਰਬਾਰ ਏ ਖ਼ਾਲਸਾ ਸੱਦਣ ਲਈ ਸੁਤੰਤਰ ਅਤੇ ਆਜ਼ਾਦ ਹੈ। ਇਹ ਕਿਸੇ ਵੀ ਖਿੱਤੇ ਅਤੇ ਸਥਾਨ ਨਾਲ ਨਹੀਂ ਬੱਝਾ ਹੈ। ਜਿੱਥੇ ਵੀ ਇਹ ਤਖ਼ਤ ਆਪਣੇ ਸੁਤੰਤਰ ਅਤੇ ਆਜ਼ਾਦ

ਫ਼ੈਸਲੇ ਕਰ ਸਕਦਾ ਮਹਿਸੂਸ ਕਰਦਾ ਹੈ ਉੱਥੇ ਹੀ ਆਪਣੇ ਦਰਬਾਰ ਏ ਖ਼ਸ ਜਾਂ ਵਿਸ਼ੇਸ਼ ਆਮ ਇਕੱਠ ਸੱਦਣ ਦੀ ਆਪਣੀ ਮਰਜੀ ਰੱਖਦਾ ਹੈ। ਇਸ ਤਖ਼ਤ ਦਾ ਮਾਲਕ 'ਗੁਰੂ ਪੰਥ" ਆਮ ਤੌਰ ਤੇ ਆਪਣੀ ਸਭਾ ਜਾਂ ਦਰਬਾਰ ਏ ਖ਼ਾਲਸਾ ਸੱਦਣ ਲਈ ਸਮਰੱਥ ਹੈ। ਜਾਂ ਸਰਬਤ ਖ਼ਾਲਸਾ ਸੱਦਣ ਦਾ ਆਪਣਾ ਦਾਅਵਾ ਦਰਬਾਰ ਏ ਖ਼ਾਲਸਾ ਦੀ ਇੱਛਾ ਸ਼ਕਤੀ ਦੀ ਇਕਮੁੱਠ ਰਾਏ ਤੇ ਰੱਖਦਾ ਹੈ।

ਤਖ਼ਤ ਦੀ ਸ਼ਕਤੀ ਦੀ ਬੁਨਿਆਦ ਮੁਢਲੀ ਇਕਾਈ "ਦਰਬਾਰ ਏ ਖ਼ਾਲਸਾ" ਹੈ ਤੇ ਇਸ ਦਾ ਨਿਰਮਾਣ, ਨਿਰਪੱਖ, ਨਿਰਲੇਪ, ਕਿਸੇਵੀ ਧੜੇ ਨਾਲ ਨਾਂਹ ਜੁੜੇ, ਕਿਸੇ ਸੰਤ-ਸਾਧ, ਡੇਰੇਦਾਰ ਜਾਂ ਧੜੇ ਪ੍ਰਤੀ ਆਪਣੀ ਵਫ਼ਾਦਾਰੀ ਨਾ ਰੱਖਦੇ ਹੋਣ; ਅੰਮ੍ਰਿਤ ਧਾਰੀਜਾਂ ਸਾਬਤ ਸੂਰਤ ਨਿਰਭਉ ਤੇ ਨਿਰਵੈਰ ਸਿੱਖਾਂ ਦੀ ਭਰਤੀ ਨਾਲ ਪਿੰਡ ਪੱਧਰ ਤੋਂ ਹੋਣਾ ਲਾਜ਼ਮੀ ਹੈ।

ਖ਼ਾਲਸਾ ਜੀ ਦੇ ਤਖ਼ਤ ਦਾ ਕੋਈ ਵੀ ਪੱਕਾਂ ਤੇ ਤਨਖਾਹਦਾਰ ਜੱਥੇਦਾਰ ਨਹੀਂ ਹੁੰਦਾ। ਇਹ ਜਿਸ ਖ਼ਾਸ ਵਿਸੇ ਤੇ ਇਕੱਠ ਹੈ ਉਸੇ ਵਿਸ਼ੇ ਨਾਲ ਸਬੰਧਤ ਕੰਮ ਨਿਜਿਠਣ ਲਈ ਮੁਹਾਰਤ ਅਤੇ ਹੁਨਰਮੰਦੀ ਦਾ ਤਜ਼ਰਬੇਕਾਰ ਗੁਰਮੁਖ ਉਸੇ ਮੱਦ ਵਿਚ ਫ਼ੈਸਲੇ ਲੈਣ ਲਈ ਜੱਥੇਦਾਰ ਚੁਣਿਆਂ ਜਾਂਦਾ ਹੈ। ਜੇ ਮਸਲੇ ਜਿਆਦ ਹੋਣ ਤਾਂ ਇੱਕ ਜੱਥੇਦਾਰ ਚੁਣ ਕੇ ਉਸ ਹੇਠਾਂ ਕੰਮ ਕਰਨ ਵਾਲੇ ਵੱਖੋ-ਵੱਖ ਜੱਥੇਦਰ ਚਣੇ ਜਾ ਸਕਦੇ ਹਨ। ਪਰ ਪੰਥਕ ਹੁਕਨਾਮੇ ਜਾਂ ਰਾਏ ਦੀ ਘੋਸ਼ਣਾਂ ਸਾਰਿਆਂ ਵਿੱਚੋਂ ਜਿਸ ਨੂੰ ਸਾਰੇ ਪੰਚ ਸਰਬ ਸੰਮਤੀ ਨਾਲ ਚੁਣਦੇ ਹਨ ਉਹ ਕਰਦਾ ਹੈ।

ਇਸ ਦੇ ਨਕਸ਼ ਨੁਹਾਰ ਲੋਕ ਸਮਰਾਟ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲ ਕਾਲ ਦੇ ਵਿਰਸੇ ਵਿੱਚੋ ਉਭਰਦੇ ਅਤੇ ਸਥਾਂਪਿਤ ਹੁੰਦੇ ਹਨ।

## ਸਰੂਪ

ਤਖ਼ਤ ਦੀ ਆਤਮਾਂ "ਗ੍ਰੰਥ-ਪੰਥ" ਹਨ ਤੇ ਜਿੱਥੈ ਇਹ ਇਕੱਠੇ ਹੋ ਕੇ ਅਕਾਲ ਸਤਿਆ ਦੀ ਸਤਾ ਵੱਜੋਂ ਆਪਣੇ ਨਿਰਭਉ ਤੇ ਨਿਰਵੈਰ, ਨਿਰਪੱਖ ਤੇ ਸਰਬਸਾਂਝੀਵਾਲਤਾ ਦੀ ਸਰਬੱਤ ਦੇ ਭਲੇ ਲਈ ਹੁਕਮ ਦਾ ਵਿਸਥਾਰ ਕਰਨਾ ਚਾਹੁਣ; ਕਰ ਸਕਦੇ ਹਨ। ਇਨ੍ਹਾਂ ਦੇ ਹੁਕਮ ਦੇ ਪ੍ਰਸਾਰ ਤੇ ਕਾਰੂਕਰਤਾ ਸ਼ਕਤੀ ਖ਼ਾਲਸਾ ਹੈ ਤੇ ਮੰਨਣ ਵਾਲੀ ਨਾਗਰਿਕਤਾ ਨਾਨਕੀ-ਸਿੱਖ। ਗੁਰਮੁਖ ਇਨ੍ਹਾਂ ਦੀ ਇਕਾਈ ਹੈ।

## 48

# ਅਕਾਲ ਤਖ਼ਤ

### ਗੁਰਮਤਿ ਅਰਥ

"ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥"[1038] ਉਹ ਜਿਸ ਦੇ ਸਿਰ ਤੇ ਕਾਲ, ਮੌਤ ਦਾ ਕੋਈ ਡਰ ਨਹੀਂ "ਰੱਬ"। ਕਾਲ ਤੋਂ ਰਹਿਤ। ਵਾਹਿਗੁਰੂ ਜੋ ਸਮੇਂ ਦੀ ਪਕੜ ਤੋਂ ਬਾਹਰ ਹੈ। ਜੋ ਚਿਰੰਜੀਵ ਅਰਥਾਤ ਅਬਿਨਾਸ਼ੀ ਹੈ।

### ਗੁਰਬਾਣੀ ਵਿਸਥਾਰ

"ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ॥ ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ॥ ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ॥"[17] ਹਰ ਕੋਈ ਆਖਦਾ ਹੈ ਕਿ ਰੱਬ ਅਤੇ ਉਸ ਦੇ ਨਿਵਾਸ ਤਖ਼ਤ ਵਿਚ ਕੋਈ ਵੀ ਉਕਾਈ ਨਹੀਂ ਹੈ। ਇਹ ਤਖ਼ਤ ਟੁੱਟੇ ਚੁੱਕੇ ਲੋਕਾਂ ਦੀਆਂ ਆਸਾਂ ਪੂਰੀਆਂ ਕਰਦਾ ਹੈ। ਜਿਸ ਮਨੁੱਖ ਪਾਸ ਅਜਿਹਾ ਪ੍ਰਭੂ ਤੇ ਤਖ਼ਤ ਹੋਵੇ ਉਸ ਦੇ ਵਿਚ ਕੀ ਕੋਈ ਘਾਟ ਆ ਸਕਦੀ ਹੈ ?
ਅਕਾਲ ਤਖ਼ਤ ਦੀ ਅਕਾਲ ਤਾਸੀਰ ਦੀ ਇਹੋ ਹੀ ਵਿਸ਼ੇਸ਼ਤਾ ਅਤੇ ਲੋਕਾਈ ਨੂੰ ਗਰੰਟੀ ਹੈ।

### ਨਾਨਕਸ਼ਾਹੀ ਨਜ਼ਰੀਆ

ਗੁਰਮਤਿ ਦ੍ਰਿਸ਼ਟੀ ਵਿਚ ਅਕਾਲ ਤਖ਼ਤ ਸਿੱਖਾਂ ਲਈ ਸਿੱਖ ਕੌਮ ਨਿਮਿਤ ਫ਼ੈਸਲੇ ਜਜ਼ਬਾਤੀ ਅੰਧਤਾਂ ਵਿਚੋਂ ਨਹੀਂ ਸਗੋਂ ਬਿਬੇਕ ਦੀ ਚੇਤਨਾ ਦੀ ਤਿੱਖੀ ਮੀਰੀ-ਪੀਰੀ ਦੇ ਤਵਾਜ਼ਨ ਦੀ ਧਾਰ ਵਿਚੋਂ ਕੱਢਣ ਦੀ ਫ਼ਿਲਾਸਫ਼ੀ ਦਿੰਦਾ ਹੈ। ਸਿੱਖ ਲੀਡਰਸ਼ਿਪ ਦੇ ਫ਼ੈਸਲੇ ਧੜੇਬੰਦਕ ਜਾਂ ਤਾਨਾਸ਼ਾਹੀ ਜਾਂ ਲੁਕਵੇਂ ਜਾਂ ਕੁੱਝ ਇੱਕ ਲੋਕਾਂ ਦੇ ਨਹੀਂ ਤੇ ਕਿਸੇ ਵੀ ਹਾਲਤ ਵਿਚ ਜਜ਼ਬਾਤੀ ਨਹੀਂ ਸਗੋਂ ਬਿਬੇਕ ਦੀ ਚੇਤਨਾ ਵਿਚੋਂ ਨਿਕਲਣੇ ਚਾਹੀਦੇ ਹਨ। ਜਿਹੜੇ ਤਲਵਾਰ ਦੀ ਤਿੱਖੀ ਧਾਰ ਦੀ ਮੀਰੀ ਅਤੇ ਪੀਰੀ ਤੇ ਟਿਕ ਸਕਣ ਤੇ ਪੂਰੇ ਉਤਰ ਸਕਣ। ਅਕਾਲ ਦਾ ਤਖ਼ਤ ਸਿੱਖ ਦੇ ਇਸੇ ਬਿਬੇਕ ਦੀ ਪ੍ਰਤੀਨਿਧਤਾ ਅਤੇ ਅਗਵਾਈ ਕਰਦਾ ਹੈ।
ਸ੍ਰੀ ਅਕਾਲ ਤਖ਼ਤ ਕੌਮੀ ਫ਼ੈਸਲੇ ਨਾਨਕਸ਼ਾਹੀ ਗੁਣਤੰਤਰ ਦੇ ਲੋਕਤੰਤਰੀ ਆਧਾਰ ਤੇ ਕਰਨ ਅਤੇ ਹੋਣ ਦੀ ਗਰੰਟੀ ਦਿੰਦਾ ਹੈ। ਜਿਸ ਦੀ ਪਰੰਪਰਾ ਖ਼ੁਦ ਛੇਵੀਂ ਪਾਤਸ਼ਾਹੀ ਜੀ ਨੇ ਜਦੋਂ ਦਿੱਲੀ ਜਹਾਂਗੀਰ ਦੇ ਬੁਲਾਵੇ ਤੇ ਜਾਣਾ ਸੀ ਤਾਂ ਸ੍ਰੀ ਅਕਾਲ ਤਖ਼ਤ (ਅਕਾਲ

ਬੁੰਗੇ) ਤੇ ਸਿੱਖਾਂ ਦਾ ਇਕੱਠ ਸੱਦਿਆ ਸੀ ਤੇ ਸਭ ਦੀ ਰਾਏ ਭਰੇ ਦੀਵਾਨ ਵਿਚ ਲਈ ਗਈ ਸੀ। ਬਾਬਾ ਬੁੱਢਾ ਜੀ ਤੇ ਮਾਤਾ ਜੀ ਨੇ ਵੀ ਦੀਵਾਨ ਵਿਚ ਰਾਏ ਦਿੱਤੀ ਸੀ। ਇਸ ਉਚੇਚੀ ਇਕੱਤਰਤਾ ਵਿਚ ਵਿਚਾਰ ਤੋਂ ਬਾਅਦ ਹੀ ਆਮ ਰਾਏ ਅਨੁਸਾਰ ਹੀ ਹੋਏ ਫ਼ੈਸਲੇ ਮੁਤਾਬਿਕ ਗੁਰੂ ਸਾਹਿਬ ਨੇ ਦਿੱਲੀ ਜਾਣ ਦਾ ਸੰਗਤੀ ਰਾਏ ਨੂੰ ਸਵੀਕਾਰ ਕੀਤਾ ਸੀ। 'ਜਾਇ ਧਾਮ ਫਿਰ ਤੁਰਤੈ ਆਵੋ। ਨਿਜ ਨਿਜ ਸਭੈ ਸਲਾਹ ਬਤਾਵੋ। ਬਾਦਸ਼ਾਹ ਮਹਿ ਨਿਕਟ ਬੁਲਾਯੋ। ਜਾਵਨ ਬਨੈ ਕਿ ਨਹੀ ਸੁਹਾਯੋ।.....ਬੁੱਢੇ ਓਦਿਕ ਸਭ ਆਏ ਮਾਤਾ ਲਈ ਬੁਲਾਇ। ਦੀਵਾਨ ਆਇ ਲਾਗੋ ਸਬਨ ਸ੍ਰੀ ਗੁਰੁ ਕਹੀ ਸੁਨਾਇ।' (ਗੁਰ ਬਿਲਾਸ ਪਾਤਸ਼ਾਹੀ ਛੇਵੀਂ ਰਚਿਤ ਕਵੀ ਸੋਹਨ ਪੰਨਾ 162) ਸਪਸ਼ਟ ਪ੍ਰਮਾਣਿਤ ਹੈ ਕਿ ਗੁਰੂ ਸਾਹਿਬ ਜੀ ਨੇ "ਤਖ਼ਤ" ਦਾ ਨਿਰਮਾਣ 1608 ਵਿਚ ਸਿੱਖਾਂ ਦੀਆਂ ਰਾਜਸੀ ਜੱਥੇਬੰਦਕ ਅਤੇ ਸੈਨਿਕ ਕਤਾਰ ਬੰਦੀ ਵਾਸਤੇ ਹੀ ਕੀਤਾ ਸੀ। ਜਿੱਥੇਂ ਪਾਤਸ਼ਾਹੀ ਫ਼ੈਸਲੇ ਰਾਜਵੰਸੀ ਨਿਰੰਕੁਸ਼ੀ ਤਾਨਾਸ਼ਾਹੀ ਵਾਸਤੇ ਤੇ ਵੱਲੋਂ ਨਹੀਂ ਸਗੋਂ ਨਾਨਕ ਸਰਕਾਰ ਦੀ ਪਰੰਪਰਾ ਗੁਣ ਤੰਤਰੀ ਲੋਕਤੰਤਰ ਰਾਹੀਂ ਸਰਬੱਤ ਦੇ ਭਲੇ ਲਈ ਹੋਣੇ ਨੀਅਤ ਕਰਨਾ ਸੀ। ਤੇ ਅਜਿਹਾ ਕੀਤਾ ਗਿਆ । ਮੀਰੀ ਪੀਰੀ ਦੇ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਸਮੇਂ ਹੀ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸੰਸਾਰੀ ਬਾਦਸ਼ਾਹੀ ਤੋਂ ਉੱਪਰਲਾ ਦਰਜਾ ਨਾਨਕੀ ਬਾਦਸ਼ਾਹੀ ਦੀ ਪਾਤਸ਼ਾਹੀ ਨੂੰ ਪਹਿਲਾਂ ਹੀ ਅੰਗੀਕਾਰ ਕਰਾ ਸਿੱਖ ਦੀ ਮੀਰੀ ਅਤੇ ਪੀਰੀ ਦੋਹਾਂ ਨੂੰ ਹੀ ਪ੍ਰਭੁਤਾ ਧਾਰੀ ਪ੍ਰਭੁਤਾ ਸੰਪੰਨ ਘੋਸ਼ਿਤ ਕਰ ਦਿੱਤਾ। ਆਪ ਨੇ ਸਿੱਖਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਲੈ ਕੇ ਦਰਸ਼ਨ ਭੇਟ ਕਰਨ ਦਾ ਹੁਕਮ ਦਿੱਤਾ।ਦਰਸ਼ਨੀ ਡਿਉੜੀ ਅਤੇ ਅਕਾਲ ਬੁੰਗੇ (ਤਖ਼ਤ) ਦੇ ਵਿਚਕਾਰ ਸ਼ਸਤਰਾਂ ਦੀ ਸਿਖਲਾਈ ਅਤੇ ਹੋਰ ਜੰਗੀ ਵਿਧਾਵਾਂ ਦੀ ਸਿਖਲਾਈ ਦਾ ਮੁੱਢ ਹੀ ਨਹੀਂ ਬੰਨਿਆਂ ਸਗੋਂ ਤਖ਼ਤ ਸਾਹਿਬ ਤੇ ਆਪ ਬਿਰਾਜਮਾਨ ਹੋ ਕੇ ਬੀਰ ਰਸੀ ਜੰਗੀ ਜਜ਼ਬਾ ਪੈਦਾ ਕਰਨ ਵਾਲੀਆਂ ਢਾਡੀ ਵਾਰਾਂ ਗਾਉਣ ਅਤੇ ਸੁਣਾਉਣ ਦਾ ਪ੍ਰਬੰਧ ਆਪ ਕਰਵਾਇਆ। ਥੋੜ੍ਹੇ ਹੀ ਸਮੇਂ ਵਿਚ ਸ੍ਰੀ ਤਖ਼ਤ ਸਾਹਿਬ ਤੇ 400 ਸਿੱਖਾਂ ਦੀ ਤਿਆਰ ਬਰ ਤਿਆਰ ਸੈਨਾ ਭਰਤੀ ਕਰ ਲਈ ਗਈ। ਜਿਨ੍ਹਾਂ ਨੂੰ ਪਾਤਸ਼ਾਹ ਗੁਰੂ ਨੇ ਆਪ ਸ਼ਸਤਰ ਅਤੇ ਇੱਕ ਇੱਕ ਘੋੜਾ ਦਿੱਤਾ। ਇਨ੍ਹਾਂ ਨੂੰ ਫ਼ੌਜੀ ਨੁਕਤਾ ਨਿਗਾਹ ਤੋਂ ਚਾਰ ਦਲਾਂ ਵਿਚ ਵੰਡਿਆਂ ਅਤੇ ਹਰ ਇੱਕ ਦਲ ਦਾ ਸੈਨਾਪਤੀ ਥਾਪਿਆ। ਸਿੱਖ ਕੌਮ ਦੇ ਪਹਿਲੇ ਇਹ ਚਾਰ ਸੈਨਾਪਤੀ 1.ਬਿਧਿਆ, 2.ਪੈੜਾ, 3.ਪਿਰਾਣਾ, 4.ਜੇਠਾ ਜ ਹੋਏ ਹਨ। ਤਖ਼ਤ ਦਾ ਨਿਸ਼ਚਾ ਅਤੇ ਮਿਸ਼ਨ ਬੜਾ ਸਪਸ਼ਟ ਮਿੱਥ ਦਿੱਤਾ ਗਿਆ । ਕਵੀ ਸੋਹਨ ਗੁਰੁ ਬਿਲਾਸ ਦੇ ਪੰਨਾਂ 151 ਵਿਚ ਲਿਖਦਾ ਹੈ ' ਇਹ ਬਿਧ ਤਖ਼ਤ ਬਨਾਇਓ ਸ੍ਰੀ ਗੁਰ ਅਪਨੈ ਹਾਥ। ਜਨੁ ਜਹਾਜ ਜਗੁ ਤਰਨ ਕੋ ਰਚਯੋ ਸੁ ਦੀਨਾ ਨਾਥ।....ਬੈਠ ਤਖ਼ਤ ਨਿਜ ਸਤ੍ਰੂਨ ਮਾਰੋ।' ਸਪਸ਼ਟ ਹੈ ਕਿ ਨਾਨਕਸ਼ਾਹੀ ਸਰਕਾਰ ਦੇ ਤਖ਼ਤ ਦਾ ਨਿਰਮਾਣ ਜਗਤ ਨੂੰ ਤਾਰਨ ਅਤੇ ਸ਼ਤਰੂਆਂ ਨੂੰ ਸੰਘਾਰਨ ਲਈ ਹੀ ਕੀਤਾ ਗਿਆ ਹੈ। ਇਹ ਕੰਮ ਸਰਕਾਰ ਦੀ ਨਿਆਇ ਪ੍ਰਣਾਲੀ ਤੋਂ ਹੁੰਦਾ ਹੋਇਆ ਸਿਪਾਹ ਸਲਾਰ ਰਾਹੀਂ

ਦੋਸ਼ੀ ਨੂੰ ਫੜਨਾ ਤੇ ਉਪਰੰਤ ਮੁਕੱਦਮੇ ਚਲਾ ਕੇ ਉਨ੍ਹਾਂ ਦਾ ਨਿਰਣੈ ਕਰਨਾ ਜਿਹੇ ਸਾਰ ਕਰਮਾਂ ਵਿਚ ਪੜਾਅ ਵਾਰ ਹੁੰਦਾ ਹੈ। ਸਪਸ਼ਟ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਹ ਸਾਰੇ ਸਰਕਾਰ ਦੇ ਨਿਜ਼ਾਮੀ ਪ੍ਰਣਾਲੀ ਗਤ ਪ੍ਰਬੰਧਕ ਮੌਜੂਦ ਰਹਿੰਦੇ ਸਨ। ਗੁਰੂ ਸਾਹਿਬ ਵੇਲੇ ਹੀ ਅਕਾਲ ਬੁੰਗਾ ਰਾਜਸੀ ਸਤਾ, ਧਾਰਮਿਕ ਸਤਾ ਅਤੇ ਸੈਨਿਕ ਸਤਾ ਦਾ ਕੇਂਦਰ ਬਣ ਕੇ ਸਮਾਜੀ ਅਗਵਾਈ ਦਾ ਲੋਕ ਪ੍ਰਤੀਕ ਬਣ ਚੁਕਾ ਸੀ। ਇੱਥੋਂ ਸਮਾਜੀ ਭਲਾਈ ਤੇ ਲੋਕਾਈ ਦੇ ਫ਼ੈਸਲਿਆਂ ਲਈ ਬਕਾਇਦਾ ਅਦਾਲਤੀ ਫ਼ੈਸਲੇ ਹੋਣ ਲੱਗ ਗਏ ਸਨ ਤੇ ਲੋਕ ਅਕਾਲ ਬੁੰਗੇ ਤੋਂ "ਨਿਆਂ" ਅਤੇ ਇਨਸਾਫ਼ ਦੀ ਆਸ ਰੱਖਣ ਲੱਗ ਗਏ ਸਨ। ਸਿੱਖ ਆਪਸੀ ਫ਼ੈਸਲੇ ਕਰਵਾਉਣ ਵਾਸਤੇ ਵੀ ਅਕਾਲ ਬੁੰਗੇ ਹੀ ਪਹੁੰਚਣ ਲੱਗ ਗਏ ਸਨ। ਸਿੱਖ ਮਿਸਲ ਕਾਲ ਤੱਕ ਆਉਂਦੇ ਸਿੱਖ ਸਮਾਜ ਦੀ ਵਿਕਾਸ ਗਤੀ ਨਾਲ "ਅਕਾਲ ਬੁੰਗਾ ਤਖ਼ਤ" ਵਿਚ ਵਿਕਸਿਤ ਹੋ ਅਪਣਾ ਲਿਆ ਗਿਆ। ਇਹ ਗਵਾਹੀ ਸ਼ਹੀਦ ਭਾਈ ਰਤਨ ਸਿੰਘ ਜੀ ਦੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਦਰਜ ਹੈ "ਉਸੀ ਦਿਨ ਸੱਦ ਖਾਲਸੋ ਅਕਾਲ ਬੁੰਗੈ ਤਖਤ ਮਕਾਨ।"

ਇਹ ਗੱਲ ਸਪਸ਼ਟ ਹੋ ਕੇ ਸਾਹਮਣੇ ਪ੍ਰਮਾਣਿਤ ਹੁੰਦੀ ਹੈ ਕਿ ਛੇਵੀਂ ਪਾਤਸ਼ਾਹੀ ਦੇ ਜੀਵਨ ਕਾਲ ਵਿਚ ਹੀ ਸ੍ਰੀ ਤਖ਼ਤ ਸਾਹਿਬ ਜੀ ਦੇ ਨਿਰਮਾਣ ਵਰ੍ਹੇ 1608 ਤੋਂ ਗੁਰੂ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਦੇ ਵਰ੍ਹੇ ਮਾਰਚ1644 ਦੇ 36 ਸਾਲਾਂ ਵਿਚ ਹੀ ਸਿੱਖ ਰਾਜਸੀ, ਨਿਆਇਕ, ਸਮਾਜਿਕ ਪ੍ਰਬੰਧਕੀ ਵਿਵਸਥਾ ਤੇ ਪ੍ਰਣਾਲੀ ਦੇ ਨਾਲੋਂ ਨਾਲ ਪਾਤਸ਼ਾਹੀ ਪ੍ਰਭੂ ਸੱਤਾ ਦੀ ਬੁਲੰਦੀਆਂ ਆਪਣੀ ਪ੍ਰੋੜ੍ਹਤਾ ਵਿਚ ਸਥਾਪਿਤ ਹੋ ਚੱਕੀਆਂ ਸਨ। ਧਾਰਮਿਕ ਪ੍ਰਭੂ ਸੱਤਾ ਤਾਂ ਗੁਰੂ ਨਾਨਕ ਸਰਕਾਰ ਨੇ ਹੀ ਪ੍ਰਦਾਨ ਕਰ ਦਿੱਤੀ ਸੀ। ਇਸ ਲਈ ਇਹ ਕਹਿਣਾ ਮੁੱਢ ਤੋਂ ਹੀ ਝੂਠ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਸਿਆਸੀ ਰਾਜ ਸੱਤਾ ਸਥਾਪਿਤ ਨਹੀਂ ਸੀ ਕੀਤੀ। ਅਕਾਲ ਬੁੰਗੇ ਦੀ ਹਕੀਕੀ ਤਾਸੀਰ ਅਤੇ ਤਾਮੀਰ ਇਸ ਝੂਠ ਦੀਆਂ ਸਾਰੀਆਂ ਪਰਤਾਂ ਉਧੇੜ ਸੁੱਟਦੀ ਹੈ।

## ਨਿਰਮਾਣਕਾਰੀ ਦੀ ਵਿਲੱਖਣਤਾ

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਿਰਮਾਣ ਵਿਚ "ਅਕਾਲ" ਦੀ ਤਾਸੀਰ ਦੇ ਨਾਲੋਂ ਨਾਲ ੧ਓ ਤੋਂ ਗੁਰ ਪ੍ਰਸਾਦਿ ਤੱਕ ਦੀ ਤਾਮੀਰ ਕਰਨੀ ਸੀ। ਇਸ ਲਈ ਨਿਰਮਾਣ ਕਾਰਜ ਲਈ ਕੋਈ ਵੀ ਰਾਜ ਮਿਸਤਰੀ ਜਾਂ ਮਜ਼ਦੂਰ ਜਾਂ ਸਿੱਖਾਂ ਤੋਂ ਸੇਵਾ ਜਾਂ ਕਾਰ ਸੇਵਾ ਨਹੀਂ ਕਰਵਾਈ। 1608 ਨੂੰ ਆਪ ਖ਼ੁਦ ਸ੍ਰੀ ਅਕਾਲ ਬੁੰਗੇ ਦੀ ਨੀਂਹ ਰੱਖ ਕੇ ਬੁਨਿਆਦ ਦੀ ਚਿਣਾਈ ਕੀਤੀ। ਉਸ ਵਕਤ ਦਾ ਨਾਮ ਜੋ ਬਾਅਦ ਵਿਚ ਪੰਥ ਨੇ ਅਕਾਲ ਤਖ਼ਤ ਦਾ ਨਾਮ ਉਵੇਂ ਹੀ ਦਿੱਤਾ ਜਿਵੇਂ ਪਹਿਲਾਂ "ਪੋਥੀ ਸਾਹਿਬ" ਦਾ ਪਰਕਾਸ਼ ਹੋਇਆ ਸੀ ਤੇ ਪੰਥ ਨੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੰਨ੍ਹਿਆ।

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਗਾਰਾ ਅਤੇ ਇੱਟਾਂ ਬਣਾਈਆਂ ਤੇ ਤੇ ਫੜਾਈਆਂ । ਕਿਸੇ ਤੀਸਰੇ ਦਾ ਹੱਥ ਨਹੀਂ ਲੱਗਣ ਦਿੱਤਾ। ਇਸ ਦਾ ਕਾਰਨ ਬੜਾ ਸਪਸ਼ਟ ਸੀ ਕਿ ਜਿਸ ਚੇਤਨਾ ਦੇ ਬਿਬੇਕ ਵਿਚ ਪ੍ਰਭੁਤਾ ਧਾਰੀ ਸੁਤੰਤਰਤਾ ਅਤੇ ਉਸ ਦੀ ਕਾਇਮੀ ਲਈ ਆਪਾ ਵਾਰ ਜਾਣ ਦੀ ਸੁਰਤ ਨਹੀਂ ਆਈ ਹੈ; ਉਸ ਗ਼ੁਲਾਮ ਮਨੁੱਖ ਤੋਂ ਅਕਾਲ ਦੇ ਪ੍ਰਭੁਤਾ ਧਾਰੀ, ਸਦੀਵ ਸੁਤੰਤਰ ਤਖ਼ਤ ਤੇ ਬੈਠਣ ਅਤੇ ਸੇਵਾ ਦਾ ਹਿੱਸਾ ਪਾਉਣ ਦੇਣ ਤੋਂ ਵੀ ਮਨਾਹੀ ਨੀਅਤ ਹੁੰਦੀ ਹੈ।

ਇਸੇ ਲਈ ਇਸ ਅਕਾਲ ਦੀ ਪਾਤਸ਼ਾਹੀ ਦੀ ਬਾਦਸ਼ਾਹਤ ਦੇ ਤਖ਼ਤ ਨੂੰ ਸੰਸਾਰਿਕ ਤਖ਼ਤ, ਦਿੱਲੀ ਦੇ ਤਖ਼ਤ ਤੋਂ ਨਿਰਮਾਣ ਕਾਰੀ ਬੁਲੰਦੀ ਵਿਚ ਉੱਚਾ ਤੇ ਸੁੱਚਾ ਅਣਖੀਲਾ ਤੇ ਛਤਰ ਵਿਚ ਨੀਲੰਬਰ ਰੱਖਿਆ ਗਿਆ। ਇਹੁ ਇਸ ਦੀ ਕੁਦਰਤ ਪਰਨਾਈ ੧ੳ ਅਕਾਲ ਪੁਰਖ ਦੀ ਬੁਲੰਦੀ ਦਾ ਪ੍ਰਤੀਕ ਹੈ।

ਤਖ਼ਤ ਦੀ ਪਾਤਸ਼ਾਹੀ ਨੇ ਅਜਿਹੇ ਮਿਆਰ ਚਲਨ ਵਿਚ ਲਿਆਂਦੇ ਕਿ ਖ਼ਲਕਤ ਅਸ਼ ਅਸ਼ ਕਰ ਉੱਠੀ ਤੇ ਹਕੂਮਤ ਤ੍ਰਾਹ ਪਈ ।

ਨਾਨਕਸ਼ਾਹੀ ਤਖ਼ਤ ਦੇ ਨਿਰਮਾਣ ਦਾ ਇਹ ਗੁਰਮਤਿ ਸੰਕਲਪ ਨੀਅਤ ਕਰ ਦਿੱਤਾ ਗਿਆ ਕਿ ਖ਼ਾਲਸਾ ਇਸ ਦਾ ਨਿਰਮਾਣ ਕੇਵਲ ਤੇ ਕੇਵਲ ਖ਼ੁਦ ਦੀ ਸੰਪੂਰਨ ਪ੍ਰਭੂ ਸੱਤਾ ਧਾਰੀ ਸੰਪ੍ਰਭੁਤਾ ਲੈਣ ਤੋਂ ਬਾਅਦ ਹੀ ਕਰ ਸਕਦਾ ਹੈ । ਗ਼ੁਲਾਮੀ ਵਿਚ ਇਸ ਤੇ ਇੱਟ ਨਹੀਂ ਲੱਗ ਸਕਦੀ। ਗੁਰੂ ਕਾਲ ਤੋਂ ਮਿਸਲ ਕਾਲ ਤੇ ਫਿਰ ਸਿੱਖ ਰਾਜ ਦੌਰਾਨ ਤੱਕ ਇਸੇ ਹੀ ਅਸੂਲ ਅਤੇ ਮਰਿਆਦਾ ਦਾ ਪਾਲਨ ਕੀਤਾ ਗਿਆ । ਜੂਨ'84 ਤੋਂ ਬਾਅਦ ਹੀ ਸਿੱਖਾਂ ਨੇ ਸਰਕਾਰੀ ਗ਼ਲਬੇ ਹੇਠਾਂ ਆਪਣੇ ਹੀ ਗੁਰੂ ਦੀਆਂ ਬਣਾਈਆਂ ਤੇ ਲਾਗੂ ਕੀਤੀਆਂ ਮਰਿਆਦਾਵਾਂ ਅਤੇ ਸਿਧਾਂਤਾਂ ਨੂੰ ਆਪ ਹੀ ਤੋੜ ਦਿੱਤਾ। ਬਤੌਰ 'ਗ਼ੁਲਾਮ' ਤਖ਼ਤ ਸਾਹਿਬ ਦਾ ਨਵ ਨਿਰਮਾਣ ਕਰਨ ਤੁਰ ਪਏ...... ਜੋ ਗੁਰੂ ਅਤੇ ਅਕਾਲ ਪੁਰਖ ਜੋ ਇੱਥੋਂ ਸੱਤਾ ਵਰਤਾਉਂਦਾ ਤੇ ਤਖ਼ਤ ਤੇ ਹਮੇਸ਼ਾ ਬਿਰਾਜਮਾਨ ਰਹਿੰਦਾ ਹੈ। ਉਸ ਨੇ ਵੀ ਇਸ ਨੂੰ ਪਰਵਾਨ ਨਹੀਂ ਕੀਤਾ ਤੇ ਨਵ ਨਿਰਮਿਤ ਇਮਾਰਤ ਦੀਆਂ ਸਾਰੀਆਂ ਮੰਜ਼ਿਲਾਂ ਚੋਂਦੀਆਂ ਹਨ। ਇੱਥੋਂ ਤੱਕ ਕਿ ਮਾਹਿਰਾਂ ਦੀ ਸਲਾਹ ਤੋਂ ਬਾਅਦ ਸਟੀਲ ਦੀਆਂ ਚਾਦਰਾਂ ਵੀ ਛੱਤਾਂ ਵਿਚ ਪਾਈਆਂ ਗਈਆਂ ਹਨ। ਫਿਰ ਵੀ ਇਮਾਰਤ ਦੀਆਂ ਛੱਤਾਂ ਤੋਂ ਪਾਣੀ ਰਿਸਣਾ ਕਿਸ ਗੱਲ ਦੀ ਗਵਾਹੀ ਭਰਦਾ ਹੈ ? ਇਹ ਉਹ ਸਚਾਈਆਂ ਹਨ ਜਿਨ੍ਹਾਂ ਨੂੰ ਪੰਥ ਤੋਂ ਲੁਕਾਇਆ ਗਿਆ ਹੈ । ਸਿਰਫ਼ ਇਸ ਕਰ ਕੇ ਕਿ ਗੁਰੂ ਆਸ਼ੇ ਅਤੇ ਨਿਸ਼ਾਨੇ ਤੋਂ ਖ਼ਿਲਾਫ਼ ਆਪਣੇ ਕੁਕਰਮਾਂ ਦੀ ਸਚਾਈ ਪ੍ਰਤੱਖ ਨਾਂਹ ਆਉਣ ਦਿੱਤੀ ਜਾਵੇ।

ਜਿਤਨਾ ਵੀ ਸੋਨਾ ਦਮਦਮੀ ਟਕਸਾਲ ਦੀ ਸੇਵਾ ਦੌਰਾਨ ਲਾਇਆ ਗਿਆ ਉਹ ਸਾਰਾ ਕਾਲਾ ਹੋ ਗਿਆ ਤੇ ਉਸ ਨੂੰ ਉਤਾਰਿਆ ਗਿਆ। ਜੇ ਤੇ ਤੁਹਾਡਾ ਵਿਸ਼ਵਾਸ ਅਤੇ ਭਰੋਸਾ ਗੁਰੂ ਤੇ ਹੈ ਤਾਂ ਫਿਰ ਕਿ ਸਪਸ਼ਟ ਨਹੀਂ ਕਿ ਅਕਾਲ ਪੁਰਖ ਨੇ ਆਪਣੇ ਤਖ਼ਤ ਦੀ ਸੇਵਾ ਗ਼ੁਲਾਮ ਸਿੱਖਾਂ ਦੀ ਪਰਵਾਨ ਨਹੀਂ ਕੀਤੀ !

ਇਹ ਚੰਦ ਉਦਾਹਰਨ ਸਿਰਫ਼ ਇਸ ਲਈ ਦਿੱਤੇ ਹਨ ਤਾਂ ਜੋ ਪਾਠਕਾਂ ਨੂੰ ਸਮਝ ਉ ਸਕੇ ਕਿ ਗੁਰੂ ਦੀ ਪਾਤਸ਼ਾਹੀ ਵਰਤਦੀ ਹੈ ਤੇ ਪ੍ਰਤੱਖ ਹੈ। ਅਸੀਂ ਆਪਣੀ ਹਉਮੈਂ ਤੇ ਚੌਧਰ ਦੀ ਹੰਕਾਰੀ ਤਾਨਾਸ਼ਾਹੀ ਵਿਚ ਉਸ ਨੂੰ ਮੰਨਦੇ ਨਹੀਂ ਹਾਂ। ਦੂਜਾ ਤਖ਼ਤ ਸਾਹਿਬ ਦੀ ਮਰਿਆਦਾ, ਸੰਕਲਪ, ਸਿਧਾਂਤ ਅਤੇ ਉਸ ਦਾ ਵਰਤਾਰਾ ਵੀ ਸਪਸ਼ਟ ਹੈ ਪਰ ਅਸੀਂ ਉਸ ਨੂੰ ਸਮਝਣਾ ਤੇ ਸਮਝਾਉਣਾ ਨਹੀਂ ਚਾਹੁੰਦੇ ।

**ਜੀਵਨ ਅਮਲ ਵਿਚ ਅਪਣਾਉਣਾ**

ਸ੍ਰੀ ਸਮਰੱਥ ਰਾਮਦਾਸ ਸਵਾਮੀ ਜੀ ਬਾਰੇ ਸ੍ਰੀ ਹਨੂਮੰਤ ਸਵਾਮੀ ਜੀ ਵੱਲੋਂ ਲਿਖੀ 'ਸਵਾਮੀਚੀ ਬਾਖਰ' ਅਨੁਸਾਰ ਲਗਭਗ 1930 ਵਿਚ ਸਾਧੂ ਜੀ ਜੋ ਕਿ ਬਾਅਦ ਵਿਚ ਮਰੱਠੇ ਸ਼ਿਵਾ ਜੀ ਦੇ ਗੁਰੂ ਮੰਨੇ ਗਏ ਹਨ; ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਜੀ ਨੂੰ ਗੜ੍ਹਵਾਲ ਵਿਚ ਨਾਨਕ ਮਤੇ ਦੇ ਨੇੜੇ ਓਦੋਂ ਮਿਲਦੇ ਹਨ ਜਦੋਂ ਪਾਤਸ਼ਾਹ ਸ਼ਾਹੀ ਲਿਬਾਸ ਵਿਚ ਸ਼ਿਕਾਰ ਖੇਡ ਰਹੇ ਸਨ। ਉਨ੍ਹਾਂ ਦਾ ਵਾਰਤਾਲਾਪ ਇੰਜ ਦਰਜ ਹੈ : 'ਸਵਾਮੀ ਸਮਰੱਥ ਰਾਮਦਾਸ ਜੀ- ਮੈਂ ਸੁਣਿਆਂ ਹੈ ਕਿ ਤੂੰ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਹੈ ? ਗੁਰੂ ਨਾਨਕ ਤਾਂ ਤਿਆਗੀ ਸੀ ਤੇ ਤੂੰ ਸੈਨਾ ਰੱਖੀ ਹੈ, ਘੁੜਸਵਾਰ ਰੱਖੇ ਹਨ, ਸ਼ਸਤਰ ਪਹਿਨੇ ਹੋਏ ਹਨ ਤੇ ਆਪਣੇ ਆਪ ਨੂੰ "ਸੱਚਾ ਪਾਤਸ਼ਾਹ" ਅਖਵਾਉਂਦਾ ਹੈ । ਤੂੰ ਕਿਸ ਕਿਸਮ ਦਾ ਸਾਧੂ ਹੈ ?'
ਗੁਰੂ ਹਰਿ ਗੋਬਿੰਦ ਸੱਚੇ ਪਾਤਸ਼ਾਹ ਜੀ ਜਵਾਬ ਦਿੰਦੇ ਹਨ "ਬਾਤਨ ਫ਼ਕੀਰੀ, ਜਾਹਰ ਅਮੀਰੀ, ਸ਼ਸਤਰ ਗ਼ਰੀਬ ਕੀ ਰੱਖਿਆ, ਜਰਵਾਣੇ ਕੀ ਭਖਿਆ। ਬਾਬੇ ਨਾਨਕ ਸੰਸਾਰ ਨਹੀਂ ਤਿਆਗਿਆ ਮਾਇਆ ਤਿਆਗੀ ਥੀ।"
ਇਸ ਤੇ ਸਵਾਮੀ ਜੀ ਨੇ ਕਿਹਾ 'ਯਹ ਹਮਾਰੇ ਮਨ ਭਾਵਤੀ ਹੈ'।
1. ਬਾਤਨ ਫ਼ਕੀਰੀ 2. ਜ਼ਾਹਿਰ ਅਮੀਰੀ, 3. ਸ਼ਸਤਰ ਗ਼ਰੀਬ ਦੀ ਰੱਖਿਆ, 4. ਸ਼ਸਤਰ ਜਰਵਾਣੇ ਜ਼ੁਲਮ ਕਰਨ ਵਾਲੇ ਦਾ ਅੰਤ ਲਈ, 5. ਸੰਸਾਰ ਨਹੀਂ ਤਿਆਗਣਾ, 6. ਸੰਸਾਰਿਕ ਮੋਹ, ਲਾਲਚ, ਸਵਾਰਥ, ਗ਼ਰਜ਼ਾਂ ਅਤੇ ਮੋਹ-ਮਾਇਆ ਦਾ ਤਿਆਗੀ ਜੀਵਨ ਬਤੀਤ ਕਰਨਾ ਹੈ।
ਇਹ ਉਹ 6 ਉਪਦੇਸ਼ ਹਨ ਜਿਹੜੇ ਸੱਚੇ ਪਾਤਸ਼ਾਹ ਨੇ ਸੰਸਾਰ ਵਿਚ "ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥"[522] ਦੀ ਨਾਨਕਸ਼ਾਹੀ ਸਿੱਖ ਸਭਿਅਤਾ ਦੇ ਸਭਿਆਚਾਰ ਲਈ ਪੈਮਾਨਾ ਦੱਸੇ ਹਨ ।
ਗੁਰੂ ਸਾਹਿਬ ਨੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ 'ਕਮਜ਼ੋਰੀ' ਸੰਸਾਰ ਵਿਚ ਸਭ ਤੋਂ ਵੱਡਾ ਗੁਨਾਹ ਹੈ, ਜਿਸ ਲਈ ਕਿਸੇ ਨੂੰ ਵੀ ਖਿਮਾ ਨਹੀਂ ਕੀਤਾ ਜਾ ਸਕਦਾ। ਅਰਥਾਤ 'ਕਮਜ਼ੋਰੀ ਦਿਖਾਉਣ' ਨੂੰ ਗੁਰੂ ਨਾਨਕ ਪਾਤਸ਼ਾਹੀ ਨ੍ਹਾ ਬਖ਼ਸ਼ਣ ਯੋਗ ਅਪਰਾਧ ਮੰਨਦੀ ਹੈ। ਸਿੱਖ ਨੇ ਆਪਣੇ ਅੰਦਰਲੀ ਕਮਜ਼ੋਰੀ ਨੂੰ ਸਵੈ ਮਾਨ ਦੀ ਅਣਖ ਤੇ ਬਾਹੂ

ਬਲ ਦੀ ਤਾਕਤ ਨਾਲ ਬਿਬੇਕ ਬੁੱਧ ਦੀ ਸਵਾਰੀ ਕਰ ਕੇ ਖ਼ਤਮ ਕਰ ਦੇਣਾ ਹੈ। ਕਿਰਪਾਨ ਇਸੇ ਲਈ ਧਾਰਨ ਕਰਵਾਈ ਹੈ। ਇਸੇ ਲਈ ਹੀ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨ ਡਿਉੜੀ ਦੇ ਬਾਹਰ ਕਸਰਤਾਂ, ਗਤਕੇ, ਘੋੜ ਸਵਾਰੀ ਤੇ ਸ਼ਸਤਰ ਵਿੱਦਿਆ ਦੇ ਨਾਲੋਂ ਨਾਲ ਗੁਰਮਤਿ ਵਿੱਦਿਆ ਦੇ ਪ੍ਰਬੰਧ ਕੀਤੇ। ਭਾਈ ਗੁਰਦਾਸ ਜੀ ਨੂੰ ਪਹਿਲਾ ਪ੍ਰਬੰਧਕ ਲਾਉਣਾ, ਇਸੇ ਦੀ ਗਵਾਹੀ ਹੈ । ਆਪ ਜੀ ਨੇ ਸਿੱਖਾਂ ਨੂੰ ਸ਼ਿਕਾਰ ਖੇਡਣ ਲਾਇਆ। ਆਪ ਨੇ ਸਿੱਖ ਪਰਿਵਾਰਾਂ ਤੋਂ ਮਜ਼ਬੂਤ ਜੁੱਸੇ ਤੇ ਹੌਸਲੇ ਵਾਲੀ ਜਵਾਨੀ ਦੀ ਮੰਗ ਕੀਤੀ। ਇਸੇ ਲਈ ਹੀ ਚੰਗੀ ਨਸਲ ਦੇ ਘੋੜੇ ਅਤੇ ਉੱਚ ਦਰਜੇ ਦੇ ਸ਼ਸਤਰ ਆਪਣੀ ਭੇਟਾ ਵਿਚ ਲਿਆਉਣ ਦੇ ਹੁਕਮ ਜਾਰੀ ਕੀਤੇ।

ਸੰਕਲਪ ਅਤੇ ਸਿਧਾਂਤ ਨਾਲ, ਇਤਿਹਾਸ ਅਤੇ ਗਿਆਨ ਨੂੰ ਜੋੜਨ ਲਈ ਢਾਡੀ ਵਾਰਾਂ, ਨਗਾਰੇ ਅਤੇ ਧੌਂਸੇ ਵਜਾਉਣੇ ਸਿਖਾਏ। ਇੱਥੋਂ ਹੀ ਢਾਡੀਆਂ ਨੇ ਲਲਕਾਰ ਦਿੱਤੀ ਸੀ 'ਦੋ ਤਲਵਾਰਾਂ ਬੱਧੀਆਂ, ਇੱਕ ਮੀਰ ਦੀ ਇੱਕ ਪੀਰ ਦੀ.....ਪੱਗ ਤੇਰੀ, ਕੀ ਜਹਾਂਗੀਰ ਦੀ ?' ਸੈਨਿਕ ਦੇ ਤੌਰ ਤੇ ਆਏ ਨੌਜਵਾਨਾਂ ਨੂੰ ਯੁੱਧ ਲੜਨਾ, ਤੇ ਫ਼ੌਜੀ ਹੁਨਰ ਮੰਦੀ ਨਾਲ ਅਨੁਸ਼ਾਸਿਤ ਰਹਿਣਾ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ। ਇਹ ਸ੍ਰੀ ਅਕਾਲ (ਤਖ਼ਤ) ਬੁੰਗਾ ਸਾਹਿਬ ਜੀ ਦਾ ਨਿੱਤ ਕ੍ਰਮ ਤੇ ਨਿੱਤ ਨੇਮ ਬਣਾ ਦਿੱਤਾ। ਜਿਸ ਦੀ ਨਿਗਰਾਨੀ ਸੱਚੇ ਪਾਤਸ਼ਾਹ ਆਪ ਤਖ਼ਤ ਸਾਹਿਬ ਤੇ ਚਵਰ ਅਤੇ ਛਤਰ ਦੀ ਪਾਤਸ਼ਾਹੀ ਨਾਲ ਆਪ ਕਰਦੇ ਸਨ। ਇਹ ਸਿੱਖ ਗੁਰੂ ਸਾਹਿਬਾਨ ਵੱਲੋਂ ਸੰਸਾਰੀ ਪਾਤਸ਼ਾਹ ਦੇ ਸਮਾਨੰਤਰ "ਸੱਚੀ ਪਾਤਸ਼ਾਹੀ" ਦੀ ਨਾਨਕਸ਼ਾਹੀ ਸਰਕਾਰ ਦਾ ਆਰੰਭ ਸੀ । ਜਿਸ ਦੀ ਪੁਸ਼ਟੀ ਸ੍ਰੀ ਸਵਾਮੀ ਸਮਰਥ ਰਾਮਦਾਸ ਜੀ ਨੇ ਵੀ ਕੀਤੀ ਹੈ ਕਿ 'ਤੂੰ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਂਦਾ ਹੈਂ'/ ਤੇ ਗੁਰੂ ਸਾਹਿਬ ਜਵਾਬ ਵਿਚ ਮੁਨਕਰ ਨਹੀਂ ਹੁੰਦੇ ਸਗੋਂ ਸਵਾਮੀ ਜੀ ਨੂੰ ਸੰਤੁਸ਼ਟ ਕਰਦੇ ਹਨ ਤੇ ਸਵਾਮੀ ਜੀ ਆਪ ਸਵੀਕਾਰਦੇ ਹਨ ਕਿ 'ਯਹ ਹਮਾਰੇ ਮਨ ਭਾਵਤੀ ਹੈ'। ਅਕਾਲ ਤਖ਼ਤ ਦੀ ਇਸੇ ਮੀਰੀ-ਪੀਰੀ ਦੇ ਸੰਕਲਪ ਨੂੰ ਸਿੱਖ ਜੀਵਨ ਜਾਂਚ ਦਾ ਅਟੁੱਟ ਅੰਗ ਬਣਾ ਦਿੱਤਾ ਗਿਆ। ਸਿੱਖਾਂ ਨੂੰ ਆਪਣੀ ਜੀਵਨ ਜਿਊਣ ਦਾ ਢੰਗ ਅਤੇ ਵਿਹਾਰ ਅਜਿਹਾ ਹੀ ਸਦੀਵੀ ਬਣਾਈ ਰੱਖਣ ਦੇ ਸ਼ਿੰਗਾਰਨ ਦੀ ਵੰਗਾਰ ਹੈ ਅਕਾਲ ਤਖ਼ਤ।

ਸ੍ਰੀ ਅਕਾਲ ਪੁਰਖ ਸਾਹਿਬ ਜੀ ਦੀ ੧ੴ ਮੀਰੀ-ਪੀਰੀ ਦੀ ਪਾਤਸ਼ਾਹੀ ਦੇ ਤਖ਼ਤ ਅਕਾਲ ਦੀ ਰੱਖਿਆ ਲਈ ਸੱਚੇ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇੱਕ ਸਾਲ ਬਾਅਦ ਹੀ ਸ੍ਰੀ ਅੰਮ੍ਰਿਤਸਰ ਵਿਚ 1609 ਵਿਚ, ਲੋਹ ਗੜ੍ਹ ਕਿਲ੍ਹੇ ਦੀ ਉਸਾਰੀ ਕੀਤੀ । ਇੰਜ ਅਕਾਲ ਦੇ ਤਖ਼ਤ ਦੀ ਪਾਤਸ਼ਾਹੀ ਦੀ ਰੱਖਿਆ ਲਈ ਗੜ੍ਹ ਉਸਾਰਨ ਤੇ ਮਾਲਕ ਬਣਨ ਦਾ ਸੰਕਲਪ ਗੁਰਮੁਖਾਂ ਵਿਚ ਭਰਿਆ। ਇਹ ਉਹੀ ਗੁਰਮੁਖਾਂ ਦੇ ਤਖ਼ਤ ਦਾ ਸੰਕਲਪ ਹੈ ਜਿਸ ਦੀ ਅਸੀਂ ਵਿਆਖਿਆ ਪਿਛਲੇ ਅਧਿਆਇ 47 ਵਿਚ ਕਰ ਆਏ ਹਾਂ।

ਇੱਥੋਂ ਸਿੱਖ ਸਭਿਅਤਾ ਦਾ ਸਭਿਆਚਾਰ ਦੋ ਧਾਰੀ ਸੰਕਲਪ ਅਤੇ ਸਿਧਾਂਤ ਵਿਚ ਇੱਕ ਅਕਾਲ ਦੇ 'ਖੰਡੇ' ਵਜੋਂ ਲੋਕਤੰਤਰੀ ਗੁਣਵਾਦੀ ਗਣਤੰਤਰ ਦੇ ਸੰਘਾਤਮਿਕ ਸ਼ਾਸਨ ਅਤੇ ਸਮਾਜ ਦੀ ਬਣਤਰ ਅਤੇ ਪ੍ਰਬੰਧਕੀ ਨਿਜ਼ਾਮ ਦੀ ਧਾਰਾ ਵਿਚ ਵਿਕਸਿਤ ਹੋਣਾ ਸ਼ੁਰੂ ਹੁੰਦਾ ਹੈ। ਜਿੱਥੇ ਸਭਨਾਂ ਵਿਚ ਅਨੇਕਤਾ ਹੋਣ ਦੇ ਬਾਵਜੂਦ ੴ ਦੀ ਏਕਤਾ ਨਾਲ ਪਹਿਚਾਣ ਦੀ ਸ਼ੰਘਾਤਮਿਕਤਾ "ਗੁਰਮੁਖ" ਹੈ।

ਇਨ੍ਹਾਂ ਗੁਰਮੁਖਾਂ ਦੀ ਦਿਮਾਗ਼ੀ ਤਰੱਕੀ ਜਾਂ ਮਨੋਬਿਰਤਕ ਵਿਕਾਸ; ਤਖ਼ਤ ਦੀ ਇਸੇ ਪ੍ਰਭੁਤਾ ਧਾਰੀ ਸੰਕਲਪੀ ਧਾਰਾ ਵਿਚ ਹੀ ਹੋਇਆ ਹੈ ਜਿੱਥੇ ਜਦੋਂ ਸੰਸਾਰੀ ਤਖ਼ਤ ਤੋਂ ਖ਼ਾਲਸਾ ਜੀ ਨੂੰ ਨਵਾਬੀ ਆਉਂਦੀ ਹੈ ਤਾਂ ਭਾਈ ਕਪੂਰ ਸਿੰਘ ਇੱਥੇ ਹੀ ਖ਼ਾਲਸਾ ਜੀ ਦਾ ਇਕੱਠ ਕਰ ਕੇ ਨਵਾਬੀ ਸਵੀਕਾਰਨ ਜਾਂ ਠੁਕਰਾਉਣ ਦਾ ਸੰਘਾਤਮਿਕ ਲੋਕਤੰਤਰੀ ਨਿਰਣੈ ਕਰਦੇ ਹਨ । ਨਿਰਣੈ ਲੈਣ ਅਤੇ ਆਗੂ ਚੁਣਨ ਦਾ ਤੰਤਰ ਨਾਨਕਸ਼ਾਹੀ ਗੁਣਤੰਤਰੀ ਲੋਕਤੰਤਰ ਦੀ ਮਰਿਆਦਾ ਦੀ ਪਰਿਪਾਟੀ ਹੀ ਹੈ। ਇਸ ਦੀ ਸੰਭਾਲ ਚਾਹੇ ਵਕਤ ਦੀ ਲੋੜ ਅਨੁਸਾਰ ਸੈਨਿਕ ਹੈ। ਪਰ ਆਗੂ ਚੁਣਨ ਦੀ ਪਰਿਪਾਟੀ 'ਬੰਦੂਕ ਦੀ ਨਾਲ' ਕਦੇ ਵੀ ਨਹੀਂ ਹੈ ।

ਇੱਥੋਂ ਹੀ ਸ਼ਹੀਦ ਗੁਰਬਖ਼ਸ਼ ਸਿੰਘ ਜੀ ਨਿਹੰਗ ਖ਼ਾਲਸਾ ਜੀ ਦੇ ਨਾਨਕਸ਼ਾਹੀ ਸੰਘ ਦਾ ਗੁਣਤੰਤਰੀ ਲੋਕਤੰਤਰੀ ਇਕੱਠ ਸੱਦ ਕੇ ਅਹਿਮਦ ਸਾਹ ਅਬਦਾਲੀ ਨੂੰ ਟੱਕਰ ਦੇਣ ਦਾ "ਖ਼ਾਲਸਤਾਈ ਅਮਲ ਦੀ ਸਿਖਰ" ਵਿਚੋਂ ਲੋਕਤੰਤਰੀ ਖ਼ਾਲਸਤਾਈ ਗਣਤੰਤਰ ਦਾ ਫ਼ੈਸਲਾ ਲੈਂਦੇ ਹਨ ਤੇ ਸ੍ਰੀ ਅਕਾਲ ਤਖ਼ਤ ਤੋਂ ਖ਼ਾਲਸਾ ਜੀ ਦੀ ਅਗਵਾਈ ਕਰਨ ਲਈ ਨਿੱਤਰਦੇ ਹਨ । "ਪੜ੍ਹੈ ਰਹੁਰਾਸ ਲਦਯੋ ਪੰਥ ਦੀਵਾਨ, ਅਕਾਲ ਬੁੰਗੇ ਢਿਗ ਤਖਤ ਮਕਾਨ। ਕਰ ਗੁਰਮਤੇ ਦੀਯੋਂ ਬਹੀਰ ਤੁਰਾਇ ।" ਪ੍ਰ.ਪੰਥ ਪ੍ਰਕਾਸ਼ ਆਪੂ ਹੀ ਖੁਦਮੁੱਖਤਾਰ ਨਿਰੰਕੁਸ਼ ਆਗੂ ਬਣ ਕੇ, ਪਿੱਛੇ ਖ਼ਾਲਸਾ ਜੀ ਨੂੰ ਖੜ੍ਹਨ ਦੀ ਪਰਿਪਾਟੀ ਨਹੀਂ ਚਲਾਉਂਦੇ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਇਹੋ ਹੀ ਖ਼ਾਲਸਤਾਈ ੴ ਸਭਿਆਚਾਰਕ ਸਭਿਅਤਾ ਦੀ ਮਿਸਲ ਚੱਲਦੀ ਰੱਖਣੀ ਅੱਜ ਦੇ ਸਿੱਖ ਦੇ ਜੀਵਨ ਅਮਲ ਸਾਹਮਣੇ ਵੱਡੀ ਚੁਨੌਤੀ ਹੈ । ਸਿੱਖ ਨੂੰ "ਤਖ਼ਤ" ਦੀ ਨਾਨਕਸ਼ਾਹੀ ਪਾਤਸ਼ਾਹੀ ਦੀ ਪ੍ਰਭੂ ਸਤਾ ਦੀ ਪ੍ਰਭੁਤਾ "ਅਕਾਲ ਤਖ਼ਤ" ਨੂੰ ਆਪਣੇ ਨਿੱਤ ਦੇ ਜੀਵਨ ਅਮਲ ਵਿਚ ਪਰੋਣਾ ਤੇ ਧਾਰਨਾ ਸਿੱਖਣਾ ਤੇ ਸਿਖਾਉਣਾ ਪੈਣਾ ਹੈ। ਤਾਂ ਹੀ ਮੀਰੀ ਪੀਰੀ ਦੀ ਸੱਚੀ ਪਾਤਸ਼ਾਹੀ ਦੀ ਵਾਰਸ ਨਸਲ ਜਿਊਂਦਾ ਰਹਿ ਪਾਵੇਗੀ ਤੇ ਆਪਣੀ ਵਿਰਾਸਤ ਦੀ ਵਸੀਅਤ ਨੂੰ ਮੂਲ ਰੂਪ ਵਿਚ ਉਸ ਦੇ ਮੂਲ ਨਿਵਾਸੀ ਵਜੋਂ ਸੰਭਾਲ ਸਕੇਗੀ । ਨਾਨਕਸ਼ਾਹੀਅਤ ਦੀ ਮੂਲਨਿਵਾਸੀ ਵਿਰਾਸਤ ਦੀ ਰਕਤ-ਬਿੰਦ ਨਸਲੀ ਪਹਿਚਾਣ ਇਹੋ ਹੀ ਮੀਰੀ-ਪੀਰੀ ਧਾਰੀ ਅਕਾਲ ਤਖ਼ਤ ਦੀ ਮਨੁੱਖਤਾ ਦੇ ਨਾਮ ਵਸੀਅਤ ਹੈ।

ਸਿੱਖ ਰਾਜ ਕਾਲ ਤਕ, ਇਤਿਹਾਸ ਵਿਚ ਸ੍ਰੀ ਅਕਾਲ ਤਖ਼ਤ ਦਾ ਪ੍ਰਬੰਧ ਕਦੇ ਵੀ ਤਨਖ਼ਾਹਦਾਰ ਮੁਲਾਜ਼ਮਤ ਦੀ ਗ਼ੁਲਾਮੀ ਦਾ ਮੁਥਾਜ ਨਹੀਂ ਬਣਾਇਆ ਗਿਆ। ਜੋ "ਸੱਚੀ ਪਾਤਸ਼ਾਹੀ" ਦਾ ਸੰਕਲਪ ਤੇ ਸਿਧਾਂਤਕਾਰੀ ਘੜਨ ਤੇ ਦੇਣ ਵਾਲਾ ਤਖ਼ਤ ਹੀ

ਸੰਸਾਰਿਕ ਮੁਲਾਜ਼ਮਤ ਦੀ ਗ਼ੁਲਾਮ ਦਾਰੀ ਪ੍ਰਥਾ ਦਾ ਗੋਲਾ ਬਣਾ ਦਿੱਤਾ ਜਾਵੇ ਤਾਂ ਫਿਰ ਚਿਰੰਜੀਵੀ ਪ੍ਰਭੂ ਸਤਾ ਦੀ ਪਾਤਸ਼ਾਹੀ ਦਾ ਸੰਕਲਪ ਤਾਂ ਕਾਲ ਅਧੀਨ ਹੋ ਜਾਂਦਾ ਹੈ। ਸਿੱਖਾਂ ਨੇ ਵਰਤਮਾਨ ਵਿਚ ਆਪਣੇ ਗੁਰੂ ਦੀ ਸਿੱਖਿਆ ਤੋਂ ਇਹੋ ਹੀ ਤੇ ਇਹੋ ਜਿਹੇ ਹੋਰ ਬਹੁਤ ਸਾਰੇ ਬੇਦਾਵੇ ਮਾਨ, ਬਚਨ, ਕਰਮ ਅਤੇ ਵਿਵਹਾਰਿਕ ਅਮਲ ਦੇ ਲਿਖੇ ਹੋਏ ਹਨ। "

ਅਕਾਲ ਤਖ਼ਤ ਦੇ ਵਾਰਸਾਂ ਦੇ ਸਨਮੁੱਖ ਇਹੋ ਹੀ ਸਭ ਤੋਂ ਵੱਡੀ ਚੁਨੌਤੀ ਭਰੀ ਵੰਗਾਰ ਤੇ ਹਮਲਾਵਰ ਤਾਕਤ ਹੈ ਜੋ ੴ ਅਕਾਲ ਪੁਰਖ ਦੀ ਪਾਤਸ਼ਾਹੀ ਨੂੰ ਖਾ ਚੁੱਕੀ ਹੈ ਤੇ ਖ਼ਾਲਸਾ........ਸ੍ਰੀ ਅਕਾਲ ਤਖ਼ਤ ਅਤੇ ਦਰਸ਼ਨ ਡਿਉੜੀ ਦੀਆਂ ਸੋਨ ਰੰਗੀ ਇਮਾਰਤਾਂ ਵਿਚਾਲੇ ਸੰਗੇ ਮਰ ਮਰ ਦੇ ਹੇਠਾਂ ਦਫ਼ਨ ਸ਼ਹੀਦੀਆਂ ਨਾਲ ਕੁਰਲਾ ਰਿਹਾ ਹੈ । ਇਹ ਤਾਂ ਸੱਚੇ ਪਾਤਸ਼ਾਹ ਨੇ ਨਹੀਂ ਸੀ ਚਿਤਰਿਆ !

ਅਕਾਲ ਤਖ਼ਤ ਖ਼ਾਲਸਾ ਜੀ ਦੀ ਇਸ ਹਸਤੀ ਦਾ ਸਦੀਵੀ ਰੱਖਿਅਕ ਹੈ :

'ਹਮ ਰਾਖਤ ਪਤਿਸ਼ਾਹੀ ਦਾਵਾ।
ਜਾ ਇਕ ਕੌਂ ਜਾ ਅਗਲੌਂ ਪਾਵਾ।
ਸਰਵ ਧਰਤ ਔਂ ਧਵਲ ਡੁਲਾਇ।
ਸਤਿਗੁਰ ਬਚਨ ਨ ਖਾਲੀ ਜਾਇ।

.........

ਪਤਿਸਾਹੀ ਛਡ ਕਿਮ ਲਹੈ ਨਵਾਬੀ।
ਪਰਾਧੀਨ ਜਿਹ ਮਾਹਿ ਖਰਾਬੀ।' ਪ੍ਰਾਚੀਨ ਪੰਥ ਪ੍ਰਕਾਸ਼ ਕਰਤਾ ਸ਼ਹੀਦ ਰਤਨ ਸਿੰਘ ਭੰਗੂ

# ਸਿੱਖ ਗੁਰੂ ਸਾਹਿਬਾਨਾਂ ਨੇਂ ਕੀ ਕਿਤੇ ਰਾਜ ਸਥਾਪਿਤ ਕੀਤਾ ਸੀ ?

ਪਹਿਲਾਂ ਅਧਿਆਇ 47 ਅਤੇ 48 ਵਿਚ ਸਿੱਖੀ ਦੇ ਗੁਰੂ ਵਰੋਸਾਏ ਰਾਜ ਦੇ ਸੰਕਲਪ ਅਤੇ ਉਸ ਦੀ ਹੋਂਦ ਤੇ ਅਸੀਂ ਵਿਚਾਰ ਕਰ ਆਏ ਹਾਂ। ਇਸ ਸਮੁੱਚੇ ਸੱਚ ਦੇ ਬਾਵਜੂਦ ਕਈ ਲੋਕ ਪ੍ਰਸ਼ਨ ਖੜੇ ਕਰ ਕੇ ਆਪਣੇ ਆਪ ਨੂੰ ਵਕਤ ਦੀਆਂ ਸਰਕਾਰਾਂ ਸਾਹਮਣੇ ਉਨ੍ਹਾਂ ਦੇ ਨੁਕਤੇ ਨਿਗਾਹ ਤੋਂ ਇਤਿਹਾਸਿਕ ਸੱਚਾਈ ਨੂੰ ਬਦਲ ਕੇ ਸਰਕਾਰ-ਪ੍ਰਸਤੀ ਦਾ ਸਬੂਤ ਦਿੰਦੇ ਰਹਿੰਦੇ ਹਨ। ਤਾਂ ਜੋ ਉਨ੍ਹਾਂ ਦੀਆਂ ਗਰਜ਼ਾਂ ਦੇ ਮੁਫ਼ਾਦ ਪੂਰੇ ਹੁੰਦੇ ਰਹਿਣ ਤੇ ਸਰਕਾਰ ਦੀ ਕਿਰਪਾ ਪਾਤਰ ਬਣੇ ਰਹਿਣ। ਸਿੱਖਾਂ ਵਿਚ ਵੀ ਅਜਿਹੀ ਜਮਾਤ ਦੀ ਘਾਟ ਨਹੀਂ ਹੈ ।

ਆਰੰਭ ਗੁਰੂ ਨਾਨਕ ਪਾਤਸ਼ਾਹ ਜੀ ਦੀ ਪਾਤਸ਼ਾਹੀ ਤੋਂ ਹੀ ਕਰਦੇ ਹਾਂ।

ਗੁਰੂ ਨਾਨਕ ਪਾਤਸ਼ਾਹ ਜੀ ਨੂੰ ਆਪਣੀ ਇਲਾਹੀ ਸਰਕਾਰ ਮੰਨਦੇ ਹੋਏ ਰਾਏ ਭੋਏ ਦੀ ਤਲਵੰਡੀ ਦੇ ਭੱਟੀ ਜਗੀਰਦਾਰ ਨੇ ਆਪਣੀ ਅੱਧੀ ਵਾਹੀ ਵਾਲੀ ਜ਼ਮੀਨ ਗੁਰੂ ਨਾਨਕ ਸਰਕਾਰ ਦੇ ਨਾਮ ਤੇ ਇੰਤਕਾਲ ਕਰਵਾ ਦਿੱਤੀ ਜਿਸ ਦਾ ਕੁਲ ਰਕਬਾ ਲਗਭਗ 700 ਮੁਰੱਬੇ ਭੱਟੀ ਸਰਦਾਰਾਂ ਦੇ ਵਾਰਸ ਦਸਦੇ ਹਨ।

ਇਸ ਜ਼ਮੀਨ ਤੇ ਜੋ ਕਿ ਗੁਰੂ ਨਾਨਕ ਜੀ ਦੀ ਜੱਦੀ ਮਲਕੀਅਤ ਬਣ ਚੁੱਕੀ ਸੀ। ਗੁਰੂ ਨਾਨਕ ਸਰਕਾਰ ਨੇ ਕਦੇ ਵੀ ਇਸ ਤੇ ਖੇਤੀ ਨਹੀਂ ਕੀਤੀ । ਕਦੇ ਇਸ ਤੇ ਕਬਜ਼ਾ ਨਹੀਂ ਕੀਤਾ। ਆਪਣੇ ਪੁੱਤਰਾਂ ਨੂੰ ਤੇ ਸਿੱਖ ਵਾਰਸਾਂ ਨੂੰ ਵੀ ਇਸ ਜ਼ਮੀਨ ਵੱਲ ਤੱਕਣ ਨਾਂਹ ਦਿੱਤਾ। ਇਹ ਜ਼ਮੀਨ ਸਤਿਗੁਰੂ ਦੇ ਨਾਮ ਤੇ ਹੀ ਭੱਟੀ ਸਰਦਾਰਾਂ ਦੇ ਵਾਰਸ ਵਾਹੁੰਦੇ ਰਹੇ ਤੇ ਫਸਲ ਵੇਚ ਕੇ ਉਸ ਦਾ ਮੁੱਲ ਵੀ ਆਪ ਹੀ ਵੱਟਦੇ ਰਹੇ। ਗੁਰੂ ਨਾਨਕ ਨੇ ਕਦੇ ਉਨ੍ਹਾਂ ਤੋਂ ਕੁਝ ਨਾਂਹ ਲਿਆ।

ਭਾਰਤ ਪਾਕਿਸਤਾਨ ਦੀ ਵੰਡ ਤੋਂ ਬਾਅਦ ਭੱਟੀ ਸਰਦਾਰਾਂ ਦੇ ਉਹ ਵਾਰਸ ਜੋ ਪਿਛਲੇ ਲਗਭਗ 450 ਸਾਲਾਂ ਤੋਂ ਜ਼ਮੀਨ ਤੇ ਕਾਬਜ਼ ਅਤੇ ਵਾਹੀ ਕਰਤਾ ਸਨ ਨੇ, ਜ਼ਮੀਨ ਦਾ ਇੰਤਕਾਲ ਕਰਵਾਉਣ ਲਈ ਅਥਾਰਟੀ ਵਿਚ ਕੇਸ ਕਰ ਦਿੱਤਾ। ਗੁਰੂ ਨਾਨਕ ਸਰਕਾਰ ਵੱਲੋਂ ਕੋਈ ਵੀ ਕੇਸ ਲੜ੍ਹਨ ਨਾਂਹ ਗਿਆ। ਇਸ ਦੇ ਬਾਵਜੂਦ ਉਹ ਲੋਕ ਇੰਤਕਾਲ ਦਾ ਕੇਸ ਹਾਰ ਗਏ ਤੇ ਜ਼ਮੀਨ ਨਾਨਕ ਸਰਕਾਰ ਦੇ ਆਮ ਤੇ ਹੀ ਚਲਦੀ ਰਹੀ।

ਭੱਟੀ ਸਰਦਾਰਾਂ ਦੇ ਵਾਰਸਾਂ ਨੇ ਇਕੱਠੇ ਹੋ ਕੇ ਕੇਸ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਹਾਈ ਕੋਰਟ ਲਾਹੌਰ ਵਿਚ ਕਰ ਦਿੱਤਾ ਤੇ ਅਦਾਲਤ ਤੋਂ ਇਨਸਾਫ਼ ਮੰਗਿਆ। ਕੇਸ ਕਾਫ਼ੀ ਦੇਰ ਚਲਦਾ ਰਿਹਾ । ਗੁਰੂ ਨਾਨਕ ਸਰਕਾਰ ਵੱਲੋਂ ਇੱਥੇ ਵੀ ਕੋਈ ਪੈਰਵਾਈ

ਨਾਂਹ ਕੀਤੀ ਗਈ। ਬਹਤ ਦੇਰ ਕੇਸ ਚਲਦਾ ਰਿਹਾ ਅੰਤ ਲਾਹੌਰ ਹਾਈ ਕੋਰਟ ਨੇ ਵੀ ਇੰਤਕਾਲ ਗੁਰੂ ਨਾਨਕ ਸਰਕਾਰ ਦੇ ਨਾਮ ਤੋਂ ਨਾਂਹ ਤੋੜਿਆ। ਭੱਟੀ ਸਰਦਾਰਾਂ ਦੇ ਵਾਰਸ ਹਾਈ ਕੋਰਟ ਵਿਚ ਵੀ ਕੇਸ ਹਾਰ ਗਏ। ਇੰਜ ਹੀ ਇਹ ਭੱਟੀ ਵਾਰਸ ਪਾਕਿਸਤਾਨ ਦੀ ਸੁਪ੍ਰੀਮ ਕੋਰਟ ਤੋਂ ਵੀ ਕੇਸ ਹਾਰ ਗਏ। ਜ਼ਮੀਨ ਦਾ ਮਾਲਕ ਗੁਰੂ ਨਾਨਕ ਜੀ ਹੀ ਰਹੇ ਅਤੇ ਹਨ।

ਇਹ ਇਤਿਹਾਸਿਕ ਸੱਚ ਇੱਥੇ ਦਸਨਾ ਇਸ ਲਈ ਜ਼ਰੂਰੀ ਹੈ ਕਿ ਗੁਰੂ ਨਾਨਕ ਜੀ ਆਪਣੀਆਂ "ਚੜਿਆ ਦੋਧਣ ਧਰਤ ਲੋਕਾਈ" ਵਾਲੀਆਂ ਲੋਕ ਮੁਕਤੀ ਵਾਲੀਆਂ ਧਰਮ ਪ੍ਰਚਾਰ ਦੋਰਿਆਂ ਤੋਂ ਬਾਅਦ ਜਦੋਂ ਸ੍ਰੀ ਕਰਤਾਰਪੁਰ ਵਸੱਦੇ ਹਨ ਤਾਂ ਉਸ ਵਕਤ ਵੀ ਉਹ ਆਪਣੇ ਜੱਦੀ ਜਮਾਂਦਰੂ ਧਰਤੀ ਤੇ 700 ਮੁਰੱਬੇ ਦੇ ਮਾਲਕ ਸਨ। ਪਰ ਉਨ੍ਹਾਂ "ਦਾਨ ਵਿਚ" ਆਏ ਖ਼ਜ਼ਾਨੇ ਦੀ ਬਜਾਏ ਦਸਾਂ ਉਂਗਲਾਂ ਦੀ ਮਿਹਨਤ ਮਸ਼ੱਕਤ ਤੇ ਖ਼ੂਨ ਪਸੀਨੇਂ ਦੀ ਕਿਰਤ ਕਮਾਈ ਨੂੰ ਹੀ ਪਹਿਲ ਦਿੱਤੀ।

ਇੱਥੇ ਪਾਠਕਾਂ ਨੂੰ ਇਹ ਵੀ ਚੇਤੇ ਰੱਖਣ ਦੀ ਲੋੜ ਹੈ ਕਿ ਉਨ੍ਹਾਂ ਦੇ ਪਿਤਾ ਜੀ ਵੀ ਉਸ ਵਕਤ ਦੀ ਸਰਕਾਰ ਦੇ ਮਾਲੀਆ ਅਧਿਕਾਰੀ 'ਪਟਵਾਰੀ' ਸਨ। ਉਨ੍ਹਾਂ ਦੇ ਗੁਰੂ ਨਾਨਕ ਜੀ ਇਕਲੌਤੇ ਪੁੱਤਰ ਸਨ। ਉਨ੍ਹਾਂ ਦੀ ਵੀ ਉੱਥੇ ਜਾਇਦਾਦ ਸੀ। ਪਰ ਗੁਰੂ ਨਾਨਕ ਜੀ ਨੇ ਕਦੇ ਵੀ ਉਸ ਵੱਲ ਵੀ ਕੋਈ ਨਿਗਾਹ ਨਹੀਂ ਰੱਖੀ ਤੇ ਨਾਂਹ ਹੀ ਉੱਥੇ ਕੋਈ ਧਰਮਸਾਲ ਉਸਾਰੀ ਨਾਂਹ ਹੀ ਉਨ੍ਹਾਂ ਦੇ ਪੁੱਤਰਾਂ ਨੂੰ ਉਸ ਜੱਦੀ ਦਾਦਾ ਜੀ ਦੀ ਜਾਇਦਾਦ ਵੱਲ ਜਾਣ ਦਿੱਤਾ। ਸਾਡਾ ਸਿੱਖ ਇਤਿਹਾਸਕਾਰ ਇਨ੍ਹਾਂ ਪੱਖਾਂ ਤੋਂ ਬੜੀ ਵੱਡੀ ਚੁੱਪ ਧਾਰੀ ਤੁਰਦਾ ਰਿਹਾ ਹੈ।

ਇਨ੍ਹਾਂ ਦੋਹਾਂ ਹੀ ਬਣਦੇ ਆਪਣੇ ਮਲਕੀਅਤ ਦਾਅਵਿਆਂ ਨੂੰ ਛੱਡ ਕੇ ਗੁਰੂ ਨਾਨਕ ਜੀ ਨੇ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ ਤੇ ਤਹਿਸੀਲ ਸ਼ਕਰਗੜ੍ਹ ਵਿਖੇ ਰਾਵੀ ਦੇ ਕੰਡੇ ਕਰਤਾਰਪੁਰ ਨਗਰ ਸੰਨ 1504 ਇਸਵੀ ਵਿਚ ਵਸਾਇਆ। ਪਰ ਇੱਥੇ ਪੱਕਾ ਨਿਵਾਸ ਆ ਕੇ ਆਪਣੀ ਆਪ ਜੀ ਨੇ 1522 ਇਸਵੀ ਵਿਚ ਓਦੋਂ ਕੀਤਾ ਜਦੋਂ ਭਾਈ ਗੁਰਦਾਸ ਜੀ ਅਨੁਸਾਰ "ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ।ਪਹਿਰ ਸੰਸਾਰੀ ਕੱਪੜੇ ਮੰਜੀ ਬੈਠ ਕੀਆ ਅਵਤਾਰਾ॥" [ਵਾਰ 1] ਕਰਤਾਰਪੁਰ ਅੱਜ ਵੀ ਗੁਰੂ ਨਾਨਕ ਜੀ ਦਾ ਹੀ ਹੈ।

ਸੰਸਾਰੀ ਸੱਤਾ ਦੇ ਸ਼ਹਿਰ ਲਾਹੌਰ ਨੂੰ ਗੁਰੂ ਨਾਨਕ ਸਾਹਿਬ ਨੇ "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥" [1412] ਦਾ ਦਰਜਾ ਦਿੱਤਾ ਹੈ।

ਆਪ ਨੇ "ਕਰਤਾ" ਨੂੰ ਹੀ ਅਕਾਲ ਪੁਰਖ ਮੰਨਿਆ ਤੇ ਉਸ ਨੂੰ "ਅਕਾਲ ਮੂਰਤਿ" ਕਿਹਾ। ਕਰਤਾ ਨਾਲ ਗੁਰੂ ਨਾਨਕ ਸਰਕਾਰ ਦੀ ਸੰਗਤ ਹੀ ਸੀ ਕਿ ਗੁਰੂ ਨਾਨਕ ਦੀ ਕਿਰਤ ਤੋਂ ਸਮਸ਼ਾਹ ਨੁਮਾ ਕਰਤਾਰਪੁਰ ਹਾਸਲ ਹੋਇਆ।

ਇਹ ਨਗਰ ਵਸਾਉਣਾ ਸਟੇਟ ਅੰਦਰ ਸਟੇਟ ਵਸਾਉਣ ਦੀ ਕਲਾ; ਗੁਰੂ ਨਾਨਕ ਦੇ ਘਰ ਅਤੇ ਗੱਦੀ ਦੀ ਪਰੰਪਰਾ ਰਹੀ ਹੈ।

ਗੁਰੂ ਅੰਗਦ ਜੀ ਨੇ ਖਡੂਰ ਸਾਹਿਬ ਵਸਾਇਆ ਜੋ ਨਗਰ ਗੁਰੂ ਦਾ ਹੀ ਹੈ।
ਗਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਸਾਇਆ। "ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ 1412
'ਅੰਮ੍ਰਿਤਸਰ ਗੈਜ਼ਟੀਅਰ' ਅਨੁਸਾਰ ਗੁਰੂ ਰਾਮ ਦਾਸ ਜੀ ਨੇ ਤੁੰਗ ਪਿੰਡ ਦੇ ਜ਼ਮੀਦਾਰਾਂ ਤੋਂ 700 ਅਕਬਰੀ ਰੁਪਏ ਦੀ ਮੁੱਲ 500 ਬੀਘੇ ਜ਼ਮੀਨ ਖਰੀਦ ਕੇ ਗੁਰੂ ਕਾ ਚੱਕ ਰਾਮਦਸ ਪੁਰ, ਅੰਮ੍ਰਿਤਸਰ ਸ਼ਹਿਰ ਵਸਾਇਆ।(ਸਿੱਖ ਇਤਿਹਾਸ ਤੇਜਾਸਿੰਘ ਤੇ ਗੰਡਾ ਸਿੰਘ ਪੰ:25)
ਗੁਰੂ ਸਾਹਿਬ ਜੀ ਦੇ ਦਰਸ਼ਨਾਂ ਲਈ ਜਦੋਂ ਬਾਦਸ਼ਾਹ ਅਕਬਰ ਆਇਆ ਤਾਂ ਉਸ ਨੇ ਵੀ ਗੁਰੂ ਸਾਹਿਬ ਪ੍ਰਤਿ ਸ਼ਰਧਾ ਦਿਖਾਉਂਦੇ ਗੁਰੂ ਸਾਹਿਬ ਜੀ ਲਈ ਪਟਾ ਲਿਖ ਕੇ ਦਿੱਤਾ। ਜਿਸ ਨੂੰ ਗੁਰੂ ਸਾਹਿਬ ਨੇ ਸਵੀਕਾਰ ਨਹੀਂ ਕੀਤਾ।
ਅੰਮ੍ਰਿਤਸਰ ਸ਼ਹਿਰ ਵਿਚ ਇਸੇ ਜ਼ਮੀਨ ਤੇ ਸਰੋਵਰ ਪੁਟਵਾਇਆ। ਨਗਰ ਵਿਚ 52 ਕਿਸਮ ਦੇ ਵਪਾਰੀ "ਗੁਰੂ ਕੀ ਮੰਡੀ" ਵਿਚ ਵਸਾਏ ਤਾਂ ਜੋ ਕਾਰੋਬਾਰ ਦਾ ਗੜ੍ਹ ਬਣ ਸਕੇ। ਵਪਾਰ ਲਈ "ਗੁਰੂ ਕਾ ਬਾਜ਼ਾਰ" ਤਿਆਰ ਕਰਵਾਇਆ। ਤੇ ਸ੍ਰੀ ਦਰਬਾਰ ਸਾਹਿਬ "ਚੱਕ ਰਾਮਦਾਸ ਪੁਰ" ਵਿਚ ਪ੍ਰਵੇਸ਼ ਦੀ ਡਿਉੜੀ ਇਸੇ ਗੁਰੂ ਕੇ ਬਾਜ਼ਾਰ ਵਿਚ ਅੱਜ ਵੀ ਦੁਕਾਨਾਂ ਦੇ ਅੰਦਰ ਛਿਪੀ ਪਈ ਹੈ ।
ਗੁਰੂ ਅਰਜਨ ਸਾਹਿਬ ਜੀ ਨੇ 1590 ਇਸਵੀ ਵਿਚ ਤਰਨ ਤਾਰਨ, 1594 ਵਿਚ ਕਰਤਾਰਪੁ (ਜਲੰਧਰ ਵਿਖੇ)1602-3 ਵਿਚ ਰਾਮਸਰ, ਅੰਮ੍ਰਿਤਸਰ ਨੇੜੇ ਛਿਹਰਟਾ ਨਗਰ ਤੇ ਖੂਹ ਤੋਂ ਇਲਾਵਾ ਬੇਅੰਤ ਸਰੋਵਰ, ਦੋ ਹਰਟੇ ਚਾਰ ਹਰਟੇ ਤੇ ਛਿਹਹਰਟੇ ਖੂਹ ਪੁਟਵਾਏ। ਲਾਹੌਰ ਵਿਚ ਡੱਬੀ ਬਾਜ਼ਾਰ ਵਿਚ ਬਾਉਲੀ ਬਣਵਾਈ ਜਿੱਥੇ ਵਰਤਮਾਨ ਵਿਚ ਗੁਰਦੁਆਰਾ ਬਾਉਲੀ ਸਾਹਿਬ ਹੈ । 1589 ਵਿਚ ਗੁਰੂ ਰਾਮਦਾਸ ਜੀ ਵੱਲੋਂ ਬਣਵਾਏ ਗਏ ਸਰੋਵਰ ਦੇ ਵਿਚਕਾਰ ਸ੍ਰੀ ਦਰਬਾਰ ਸਾਹਿਬ ਜੀ ਦੀ ਨੀਂਹ ਮੀਆ ਮੀਰ ਸਾਹਿਬ ਜੀ, ਸੂਫ਼ੀ ਪੀਰ ਜੀ ਪਾਸੋਂ ਰਖਵਾਈ । ਇਨ੍ਹਾਂ ਸਾਰੇ ਹੀ ਸ਼ਹਿਰਾਂ ਨੂੰ ਵਪਾਰ ਦਾ ਕੇਂਦਰ ਵੀ ਬਣਾਇਆ।
ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1609(ਸਿੱਖ ਇਤਿਹਾਸ ਤੇਜਾਸਿੰਘ ਤੇ ਗੰਡਾ ਸਿੰਘ ਪੰ:38) ਇਸਵੀ ਵਿਚ ਸਿੱਖ ਕੌਮ ਨੂੰ ਪਾਤਸ਼ਾਹੀ ਦੀ ਪ੍ਰਭੁਤਾ ਸ੍ਰੀ ਅਕਾਲ ਤਖ਼ਤ ਸਾਹਿਬ ਸ਼ਹਿਰ (ਰਾਜਧਾਨੀ ਵਜੋਂ) ਸ੍ਰੀ ਅੰਮ੍ਰਿਤਸਰ ਵਿਖੇ ਦਿੱਤੀ । ਤੇ ਸਿੱਖ ਪ੍ਰਭੁਤਾ ਦੀ ਪ੍ਰਭੁਸੱਤਾ ਦੀ ਰਾਜਧਾਨੀ ਵਿਚ ਅਕਾਲ ਸੱਤਾ ਦੀ ਰਾਜ ਪ੍ਰਣਾਲੀ ਦੀ ਪ੍ਰਭੁਤਾ ਦੀ ਰੱਖਿਆ ਲਈ ਕਿਲ੍ਹਾ ਲੋਹ ਗੜ੍ਹ ਦਾ ਨਿਰਮਾਣ ਕਰਵਾਇਆ। ਅਕਾਲ ਦੀ ਸਿਆਸੀ ਸੱਤਾ ਦੀ ਪ੍ਰਭੁ ਸਤਾ ਅਤੇ ਸੁਤੰਤਰਤਾ ਦੀ ਰੱਖਿਆ ਲਈ ਆਪ ਜੀ ਨੇ ਚਾਰ ਯੁੱਧ ਵੀ ਵਕਤ ਦੀ ਹਕੂਮਤ ਨਾਲ ਲੜੇ ਅਤੇ ਚਾਰਾਂ ਵਿਚ ਹੀ ਫ਼ਤਹਿ ਹਾਸਿਲ ਕੀਤੀ। ਨਾਨਕ ਸਰਕਾਰ ਦੇ ਸਿੱਖ ਦੇ ਨਾਮ ਤੇ ਭਾਈ ਰੂਪਾ ਨਗਰ ਵਸਾਇਆ। ਇੰਜ ਨਾਨਕ ਸਰਕਾਰ ਦੀ ਪ੍ਰਭੁਤਾ ਦੀ ਸ਼ਕਤੀ ਰਾਹੀਂ ਨਗਰ ਵਸਾਉਣ ਦੇ ਸੰਕਲਪ ਦਾ ਗੁਰੂ ਤੋਂ ਸਿੱਖ ਤੱਕ ਪਰੰਪਰਾ ਦਾ ਵਿਕਾਸ ਸ਼ਥਾਪਿਤ ਕੀਤਾ।

ਅਨੰਦਪੁਰਪੁਰ ਸਾਹਿਬ ਜੀ ਦੀ ਉਸਾਰੀ ਸਬੰਧੀ ਪ੍ਰਿੰਸੀਪਲ ਤੇਜਾ ਸਿੰਘ ਜੀ ਤੇ ਡਾ. ਸਿੰਘ ਜੀ ਦੀ ਲਿਖਤ ਹੈ। ਸਿੱਖ ਇਤਿਹਾਸ ਦੇ ਪੰਨਾਂ 51 ਤੇ ਆਪ ਜੀ ਲਿਖਦੇ ਹਨ : 'ਗੁਰੂ ਤੇਗ਼ ਬਹਾਦਰ ਜੀ ਨੇ ਕਹਿਲੂਰ ਦੇ ਰਾਜਾ ਪਾਸੋਂ 500 ਰੁਪਏ ਜ਼ਮੀਨ ਦਾ ਟੁਕੜਾ ਖਰੀਦ ਕੇ ਨਵੇਂ ਨਗਰ ਦੀ ਨੀਂਹ ਰਖੀ ਜਿਸ ਦਾ ਨਾਂ ਅਨੰਦਪੁਰ ਸਾਹਿਬ ਰੱਖਿਆ ਗਿਆ।' ਮਹਾਨ ਕੋਸ਼ ਓਨੁਸਾਰ ਇਹ ਨਗਰ ਸਤਿਗੁਰੂ ਨੇ ਸੰਨ 1666 ਵਿਚ ਆਬਾਦ ਕੀਤਾ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਆਪਣੇ ਲਈ ਆਪਣੀ ਸਭ ਤੋਂ ਪਹਿਲੀ ਉਸਾਰੀ ਨਾਹਨ ਸਟੇਟ ਦੇ ਸ਼ਰਧਾਲੂ ਰਾਜੇ ਦੀ ਜ਼ਮੀਨ ਤੇ ਪਾਉਂਟਾ ਨਾਂ ਦਾ ਕਿਲਾ ਉਸਾਰਿਆ। ਜਿਸ ਤੋਂ ਹੀ ਨਗਰ ਦਾ ਨਾਮ ਪਾਉਂਟਾ ਪਿਆ।ਸ੍ਰੀ ਅਨੰਦਪੁਰ ਸਾਹਿਬ ਆ ਕੇ ਪੱਕੇ ਟਿਕਾਣੇ ਲਾਉਣ ਤੋਂ ਬਾਅਦ ਆਪ ਜੀ ਨੇ ਅਨੰਦਪੁਰ ਸਾਹਿਬ ਵਿਚ ਪੰਜ ਕਿਲੇ ਸ਼ਹਿਰ ਦੀ ਰੱਖਿਆ ਲਈ ਉਸਾਰੇ ਜੋ 1.ਆਨੰਦਗੜ੍ਹ 2.ਲੋਹਗੜ੍ਹ 3.ਫਤੇਗੜ੍ਹ 4.ਕੇਸ਼ਗੜ੍ਹ 5. ਹੋਲਗੜ੍ਹ। ਪਾਤਸ਼ਾਹ ਨੇ ਹਿੰਦੂ ਪਹਾੜੀ ਰਾਜਿਆਂ ਨੂੰ ਅਨੰਦਪੁਰ ਸਾਹਿਬ ਤੱਕ ਪਹੁੰਚਣ ਤੋਂ ਪਹਿਲਾਂ ਹੀ ਰੋਕਨ ਲਈ ਆਪਣੀ ਸਟੇਟ ਆਨੰਦਪੁਰ ਦੀ ਰਵਾਲਸਰ ਅਤੇ ਮੰਡੀ ਸਕੇਤ ਵਾਲੇ ਪਾਸੇ ਸਟੇਟ ਦੀ ਹੱਦ ਤੇ ਨਗਰ ਗੁਰੂ ਕੋਟ ਅਤੇ ਕਿਲਾ ਗੁਰੂ ਕੋਟ ਪਹਾਵੀ ਦੇ ਉੱਪਰ ਉਸਾਰਿਆ। ਜਿਸ ਨੂੰ ਦਾਸ ਨੇ ਆਪਣੇ ਪਰਿਵਾਰ ਸਮੇਂ 6 ਜੂਨ 2003 ਨੂੰ ਆਪਣੀ ਇਸੇ ਇਲਾਕੇ ਵਿਚ ਖੋਜ ਦੋਰਾਨ ਲੱਭਿਆ ਹੈ।

ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਸ਼ਾਸਨ ਕਾਲ ਦੌਰਾਨ ਆਨੰਦਪੁਰ ਸਾਹਿਬ ਪਰਭੁਤਾ ਧਾਰੀ ਪ੍ਰਭੂ ਸ਼ਕਤੀ ਸੰਪੰਨ ਸੁਤੰਤਰ ਦੇਸ਼ ਸੀ ਇਸ ਦਾ ਪ੍ਰਮਾਣ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਇਸ ਹੁਕਮ ਤੋਂ ਸਪਸ਼ਟ ਅਤੇ ਜ਼ਾਹਰ ਹੁੰਦਾ ਹੈ "ਜੇ ਗੋਬਿੰਦ ਫ਼ਕੀਰ ਬਣ ਕੇ ਆਪਣੇ ਵਡੇਰਿਆਂ ਵਾਂਗੂੰ ਰਹੇ ਤੇ ਸਿਖਾਂ ਪਾਸੋਂ ਸੱਚਾ ਪਾਤਸ਼ਾਹ ਨਾਅਖਵਾਏ, ਜਮੀਅਤ ਜਮ੍ਹਾਂ ਕਰਨ ਤੋਂ ਬਾਜ਼ ਆ ਜਾਏ, ਝਰੋਖੇ ਬੈਠ ਕੇ ਦਰਸ਼ਨ ਦੇਣ ਤੇ ਨਮਸਕਾਰਾਂ ਕਰਾਉਣ ਦੇ ਬਾਦਸ਼ੀ ਤੌਰ ਤਰੀਕੇ ਛੱਡ ਦੇਵੇ ਤਾਂ ਠੀਖ; ਨਹੀਂ ਤਾਂ ਉਸ ਦਾ ਘਰ ਘਾਟ ਬਰਬਾਦ ਕਰ ਕੇ ਉਸ ਨੂੰ ਵਤਨੋਂ (ਅਨੰਦਪੁਰ ਸਾਹਿਬ ਤੋਂ) ਕੱਢਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇ।" ਸਾਡਾ ਇਤਿਹਾਸ ਪ੍ਰਿ.ਸਤਿਬੀਰ ਸਿੰਘ ਪੰਨਾਂ 391

ਅਨੰਦਪੁਰ ਸਿੱਖ ਗੁਰੂ ਸਾਹਿਬਾਨ ਦੀ ਸਟੇਟ ਸੀ ਇਸੇ ਦੀ ਪੁਸਟੀ ਮੈਲਕਮ 'ਿਦ ਸਿੱਖਸਿਕੈਚ' ਵਿਚ ਕਰਦਾ ਹੋਇਓ ਲਿਖਦਾ ਹੈ "ਜ਼ਬਰਦਸਤ ਖ਼ਾਨ ਤੇ ਵਜ਼ੀਰ ਖ਼ਾਨ ਨੇ ਇੱਕ ਕਾਸਦ ਗੁਰੂ ਵੱਲ ਭੇਜਿਆ ਕਿ ਉਹ ਈਨ ਮੰਨ ਲੈਣ। ਸਿੱਖਾਂ ਨੇ ਉਸ ਨੂੰ ਢੂੱਪ ਚਾਪ ਮੁੜ੍ਹਨ ਲਈ ਆਖਿਆ।" ਜਿਸ ਕਾਰਨ ਅਨੰਦਪੁਰ ਘੇਰਾ ਹੋ ਪੱਕਾ ਹੋ ਗਿਆ। ਇਹ ਸੁਨੇਹਾਸਟੇਟ ਤੇ ਉਸ ਦੀ ਸੱਚੀ ਪਾਤਸ਼ਾਹੀ ਨੂੰ ਹੀ ਈਨ ਮੰਨਣ ਲਈ ਭੇਜਿਆ ਗਿਆ ਸੀ।

ਜਫ਼ਰਨਾਮੇ ਬੰਦ 60 ਵਿਚ ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ "ਬਿਆ ਤਾਂ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ। ਬ ਰੂਇ ਸ਼ੁਮਾ ਮਿਹਰਬਾਨੀ ਕਨੈਮ।" ਅਰਥਾਤ ਔਰੰਗਜ਼ੇਬ

ਨੇ ਗੁਰੂ ਸਾਹਿਬ ਨੂੰ ਲਿਖ ਭੇਜਿਆ ਕਿ"ਤੂੰ ਆ ਤਾਂ ਜੋ ਅਸੀਂ ਦੋਵੇਂ ਆਹਮਨੇ ਸਾਹਮਨੇ ਬੈਠ ਕੇ ਗੱਲਾਂ ਕਰੀਏ ਤੇ ਅਮਾਨ ਦਾ ਰਾਹ ਢੂੰਢੀਏ।ਤੇਰਾ ਪੂਰਾ ਆਦਰ ਹੋਵੇਗਾ।" ਬਾਦਸ਼ਾ ਆਪਣੇ ਹਮਰੁਤਬਾ ਨਾਲ ਹੀ ਆਹਮਣੇ ਸਾਹਮਣੇ ਬਰਾਬਰਤਾ ਵਿਚ ਬੈਠ ਕੇ ਫ਼ੈਸਲੇ ਕਰਦੇ ਹਨ।

ਇਹ ਉਪਰੋਕਤ ਪ੍ਰਮਾਣ ਕਾਫ਼ੀ ਹਨ ਇਸ ਸਾਬਤ ਕਰਨ ਲਈ ਕਿ ਸ੍ਰੀ ਅਨੰਦਪੁਰ ਸਾਹਿਬ ਪਰਭੂ ਸਤਾ ਦਾਂਰੀ ਸੁਤੰਤਰ ਗੁਰੂ ਸਿੱਖ ਸਟੇਟ ਸੀ।

ਗੁਰੂ ਸਾਹਿਬਾਨਾਂ ਦੇ ਘੱਟ ਅਤੇ ਥੋੜੇ ਮਾਇਕ ਸਾਧਨਾਂ ਤੋਂ ਅਨੁਮਾਨ ਲਾਓ ਕਿ ਸ਼ਹਿਰ ਆਬਾਦ ਕਰਾਵਉਣੇ, ਇਨ੍ਹਾਂ ਸ਼ਹਿਰਾਂ ਨੂੰ ਆਪਣੇ ਪੈਰਾਂ ਤੇ ਖੜਾ ਕਰਨਾ, ਲੋਕਾਈ ਲਈ ਸਰੋਵਰ ਪੁਟਵਾਉਣੇ, ਖੂਹ ਪੁਟਾਵਉਣੇ ਤੇ ਵੱਡੀਆਂ ਵੱਡੀਆਂ ਬਾਉਲੀਆਂ ਤਿਆਰ ਕਰਵਾਉਣੀਆਂ; ਇਸ ਤੋਂ ਇਲਾਵਾ ਆਪਣੇ ਵਸਾਏ ਸ਼ਹਿਰਾਂ ਵਿਚ ਹੁਨਰ ਮੰਦਾ ਤੇ ਕਾਰੀਗਰਾ ਨੂੰ ਲਿਆਂ ਕੇ ਵਾਪਰ ਤੇ ਕਾਰਖਾਨੇ ਆਬਾਦ ਕਰਵਾਉਣੇ ਤਾਂ ਜੋ ਸਿੱਖਾਂ ਲਈ ਰੁਜ਼ਗਾਰ ਲੋਕਲ ਪੱਧਰ ਤੇ ਹੀ ਉਪਲਬਧ ਹੋ ਸਕੇ, ਪਿੰਡਾਂ ਵਿਚ ਦੋ ਹਰਟੇ, ਚਾਰ ਹਰਟੇ, ਛਿਹ ਹਰਟੇ ਤੇ ਅੱਠ ਹਰਟੇ ਅਦਭੁਤ ਖੂਹ ਪੁਟਵਾਉਣੇ ਕੋਈ ਨਿੱਕੀ ਗੱਲ ਨਹੀਂ; ਸਗੋਂ ਸਮਕਾਲੀ ਸਰਕਾਰ ਦੇ ਸਾਧਨਾਂ ਤੇ ਸੱਤਾ ਦੇ ਸਮਾਨਾਂਤਰ ਇੱਕ ਸੱਚੀ ਸਰਕਾਰ ਦੀ ਸ਼ਕਤੀ ਨੂੰ ਹੀ ਦਰਸਾਂਉਂਦੀ ਹੈ। ਹੋਰ ਇਹ ਸੱਚ ਹੈ ਕਿ ਸੱਚੇ ਪਾਤਸ਼ਾਹ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਸਾਹਿਬ ਵੱਲੋਂ ਖ਼ਾਲਸਾ ਪੰਥ ਦੇ ਨਾਮ ਤੇ ਪੱਕੀ ਪਾਤਸ਼ਾਹੀ ਦਾ ਇੰਤਕਾਲ ਕਰਵਾ ਦਿੱਤਾ ਹੈ।

ਇਹ ਗੁਰੂ ਸਾਹਿਬ ਨਾਲ ਆਪਣੇ ਸਿੱਖ ਦੀ ਬਤੌਰ ਖ਼ਾਲਸਾਈ ਸੁਧ ਪਹਿਚਾਣ ਹੈ।

## ਪੰਜ ਕਕਾਰ ਕਿਹੜੇ ਹਨ ?

1. ਕੇਸ 2. ਕਿਰਪਾਨ ਗਾਤਰੇ ਸਮੇਤ 3. ਕਛਹਿਰਾ (ਜਿਸ ਦੀ ਕਾਟ ਅਤੇ ਸਿਲਾਈ ਖ਼ਾਲਸੇ ਦੀ ਰੇਪ ਕਛਹਿਰਾ) 4 ਕੰਘਾ 5. ਕੜਾ
ਅੰਮ੍ਰਿਤਧਾਰੀ ਸਿੰਘ/ਕੌਰ ਦੀ ਇਹ ਲਿਬਾਸ ਦੀ ਵਰਦੀ ਹੈ ਜਾਂ ਕਹਿ ਲਵੋ ਕਿ ਖ਼ਾਲਸੇ ਦਾ ਲਿਬਾਸ ਦਾ ਅੰਗ ਇਹ ਪੰਜ ਕਕਾਰ ਹਨ। **ਪੰਜ ਕਕਾਰ ਕਿਹੜੇ ਹਨ ?**

### ਗੁਰਮਤਿ ਅਰਥ

ਕਕਾਰ ਦ੍ਰਿਸ਼ਮਾਨ ਵਿਅਕਤਿਤਵ ਦੀ ਮਰਿਆਦਾ, ਵਿਚਾਰਧਾਰਾ, ਪਹੁੰਚ, ਸੰਕਲਪ ਅਤੇ ਉਸ ਦੇ ਸਿਧਾਂਤ ਦੇ ਆਦਰਸ਼ ਦੀ ਪਰਿਭਾਸ਼ਾ ਨਾਲ ਉਸ ਦੇ ਪੰਥ ਨੂੰ ਪਰਿਭਾਸ਼ਿਤ ਕਰਦੇ ਹਨ।
ਡਾ. ਤਾਰਨ ਸਿੰਘ ਜੀ ਆਪਣੀ ਪੁਸਤਕ 'ਭਗਤੀ ਤੇ ਸ਼ਕਤੀ' ਦੇ ਪੰਨਾ 8 ਤੇ ਲਿਖਦੇ ਹਨ "ਜੀਵਨ ਦੇ ਅਤਿ ਪ੍ਰਿਯ ਤੇ ਸੂਖਮ ਆਦਰਸ਼ਾਂ ਨੂੰ ਪਰਗਟ ਕਰਨ ਦਾ ਸਿਵਾਏ ਚਿੰਨ੍ਹਾ ਦੇ ਹੋਰ ਕੋਈ ਤਰੀਕਾ ਹੀ ਨਹੀਂ।....ਇਹ ਚਿੰਨ੍ਹ ਬੀਜ ਰੂਪ ਵਿਚ ਬੋਹੜ ਹਨ। ਕੱਕਾਰ ਭਗਤੀ ਨੇ ਸਾਰਾ ਸਿੱਖ ਇਤਿਹਾਸ ਬਣਾਇਆ ਹੈ। ਕੱਕਾਰ ਭਗਤੀ ਨੇ ਸਿੱਖਾਂ ਵਿਚ ਸ਼ਕਤੀ ਪੈਦਾ ਕੀਤੀ ਹੈ। ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ। ਇਹ ਸ਼ਹੀਦੀ ਕੀ ਸੀ ? ਸ਼ਹੀਦੀ ਕੱਕਾਰ ਭਗਤੀ ਕਾਰਨ ਸੀ। ਕੱਕਾਰ ਗੁਰੂ-ਭਗਤੀ ਕਾਰਨ ਸਨ। ਸ਼ਹੀਦਾਂ ਦੇ ਸਾਹਮਣੇ ਸਦਾ ਦੋ ਰਾਹ ਹੁੰਦੇ ਸਨ। ਜੇ ਉਹ ਕੱਕਾਰਾਂ ਨੂੰ ਤਿਲਾਂਜਲੀ ਦੇ ਦੇਂਦੇ ਤਦ ਉਹ ਰਾਜ ਪ੍ਰਾਪਤ ਕਰ ਸਕਦੇ ਸਨ। ਪਰ ਉਹਨਾਂ ਕੱਕਾਰ ਗੁਰ-ਭਗਤੀ ਨੂੰ ਨਹੀਂ ਛੱਡਿਆ ਤੇ ਉਹ ਸ਼ਹੀਦ ਹੋਏ। ਇਨ੍ਹਾਂ ਨਾਲ ਸਾਰੇ ਪੰਥ ਨੂੰ ਬਲ ਪ੍ਰਾਪਤ ਹੋਇਆ।"
ਕਕਾਰ ਕਿਸੇ ਵੀ ਪੰਥ ਦੇ ਪੰਥੀਆਂ ਵਿਚ ਏਕਤਾ ਤੇ ਸਾਂਝ ਦੇ ਤੋਂ ਵੀ ਵੱਧ ਅਖੰਡਤਾ, ਸੁਰੱਖਿਆ ਅਤੇ ਗੌਰਵ ਦੇ ਅਣਖੀ ਚਿੰਨ੍ਹ ਹੁੰਦੇ ਹਨ। ਸਿੱਖ ਕਕਾਰ ਅਧਿਆਤਮਿਕ ਰਾਸ਼ਟਰ ਦੀ ਚਿੰਨ੍ਹਾਤਮਕ ਸ਼ਕਤੀ ਅਤੇ ਹੋਂਦ ਦਾ ਪ੍ਰਗਟਾਵਾ ਕਰਦੇ ਹਨ। ਇਹ ਇਸ ਮਾਦਾ ਸੰਸਾਰ ਨੂੰ ਜੋ 'ਮਾਇਆ' ਦੇ ਪ੍ਰਬੰਧਕੀ ਤੇ ਧਾੜਵੀ ਹੋਂਦ ਦੇ ਲੋਭੀ ਸੁਭਾ ਸੰਸਾਰਿਕ ਸਤਾ ਨਾਲ ਜੁੜਿਆ ਹੈ ਨੂੰ ਬੌਧਿਕਤਾ ਦੇ ਵਿਕਾਸ ਹਿਤ ਇਹ ਵਿਚਾਰਨ ਨੂੰ "ਸਿਰ ਧਰ ਤਲੀ ਗਲੀ ਮੇਰੀ ਆਓ" ਦੀ ਵੰਗਾਰ ਨਾਲ ਵਿਚਾਰ ਕਰਨ ਦੀ ਪ੍ਰੇਰਨਾ ਦਿੰਦੇ ਹਨ ਕਿ ਕੀ ਅਧਿਆਤਮਿਕ ਚਿੰਨ੍ਹਾਂ ਦੀ ਸੁਤੰਤਰਤਾ ਮਾਦਾ ਪ੍ਰਸਤ ਸੰਸਾਰਿਕ ਸੱਤਾ ਦੇ ਹੱਥ ਹੋਣੀ ਚਾਹੀਦੀ ਹੈ ? ਇਸੇ ਲਈ ਸਿੱਖ ਦੇ ਕਕਾਰ ਅਕਾਲ ਨਿਮਿਤ ਸਤਾ ਦੇ ਵਿਆਹੇ ਤੇ ਭੌਤਿਕਤਾ ਦੀ ਸੰਸਾਰਿਕ ਸਤਾ ਦੇ ਦੁਸ਼ਟ ਕ੍ਰਮ ਦੇ ਬਾਗ਼ੀ ਹਨ।

## ਇਤਿਹਾਸਿਕ ਵਿਸਥਾਰ

ਭੱਟ ਵਹੀ ਨੂੰ ਸਮਕਾਲੀ ਸ੍ਰੋਤ ਮੰਨਿਆਂ ਜਾਂਦਾ ਹੈ । ਭੱਟ ਵਹੀ ਪਰਗਨਾ ਥਾਨੇਸਰ ਵਿਚ ਦਰਜ ਹੈ ਕਿ ਕੰਘਾ, ਕਰਦ (ਕਿਰਪਾਨ), ਕੇਸਗੀ (ਕੇਸ ਢੱਕਣ ਲਈ ਦਸਤਾਰ) ਕੜਾ ਕਛਹਿਰਾ ਸਭ ਕੋ ਦੀਆ, ਸਭ ਕੇਸਾਧਾਰੀ ਹੋਏ। ਸਭ ਕਾ ਜਨਮ ਪਟਨਾ, ਬਾਸੀ ਅਨੰਦਪੁਰ ਬਤਾਈ। ਆਗੈ ਗੁਰੂ ਕੀ ਗਤਿ ਗੁਰੂ ਜਾਣੈ'।

ਫ਼ਾਰਸੀ ਦ ਇੱਕ ਅਨਾਮ ਕਵੀ ਦਾ ਬੰਦ ਪ੍ਰੋ ਪਿਆਰਾ ਸਿੰਘ ਪਦਮ ਆਪਣੀ ਪੁਸਤਕ 'ਰਹਿਤਨਾਮੇ' ਦੇ ਪੰਨਾ 168 ਤੇ ਦਰਜ ਕਰਦੇ ਹਨ। 'ਨਿਸ਼ਾਨਿ ਸਿਖੀ ਈਂ ਪੰਜ ਹਰਫ਼ਿ ਕਾਫ਼। ਹਰਗਿਜ਼ ਨਬਾਸ਼ਦ ਅਜ਼ੀਂ ਪੰਜ ਮੁਆਫ਼। ਕੜਾ ਕਾਰਦੋ ਕੱਛ ਕੰਗਾ ਬਿਦਾਂ। ਬਿਲਾ ਕੇਸ ਹੇਚ ਅਸਤ ਜ਼ੁਮਲਾ ਨਿਸ਼ਾਂ।'

1699 ਦੀ ਵੈਸਾਖੀ ਤੇ ਸਿੱਖ ਤੋਂ ਸਿੰਘ ਤਕ ਦਾ ਪੈਂਡਾ ਸਰ ਹੁੰਦਾ ਹੈ ਤੇ ਨਾਨਕਸ਼ਾਹੀ ਪੰਥ ਖ਼ਾਲਸਾ ਸਜਦਾ ਹੈ। ਇਸ ਖ਼ਾਲਸੇ ਦੀ ਖ਼ਾਲਸਤਾਈਤਾ ਵਿਚ ਪੰਜ ਪ੍ਰਧਾਨੀ ਆਦਰਸ਼ ਦੀ ਇੱਕ ਅਨੋਖੀ ਚਮਤਕਾਰੀ ਘਾੜਤ ਘੜੀ ਗਈ ।

-ਪੰਜ ਪਿਆਰੇ ਪੰਥ ਦਾ ਆਦਰਸ਼ ਤੇ ਗੁਰਿਆਈ ਦੀ ਜੁਗਤ ਵਰਤਾਉਣ ਵਾਲੀ ਮੂਲ ਇਕਾਈ ਪ੍ਰਗਟ ਹੋਏ।

-ਪੰਜਾ ਦੇ ਮੇਲ ਨਾਲ ਹੀ ਪਹੁਲ ਤਿਆਰ ਕੀਤੀ: ਸਰਬ ਲੋਹ ਦਾ ਬਾਟਾ, ਸਰਬ ਲੋਹ ਦਾ ਖੰਡਾ, ਜਲ, ਪਤਾਸੇ ਅਤੇ ਗੁਰਬਾਣੀ ।

-ਪੰਜ ਬਾਣੀਆਂ ਜਪੁ, ਜਾਪ, ਸ੍ਵੈਯੇ, ਬੇਨਤੀ ਚੌਪਈ, ਅਨੰਦ ਸਾਹਿਬ ਦੇ ਪਾਠ ਰਾਹੀਂ ਖੰਡੇ ਦੀ ਪਹੁਲ ਤਿਆਰ ਕੀਤੀ ਗਈ ਜਿਸ ਵਿਚੋਂ ਸਿੱਖ ਬਤੌਰ ਖ਼ਾਲਸਾ ਪਰਗਟ ਗੋਇਆ ।

-ਪੰਜਾ ਕਕਾਰੀ ਕਿਰਪਾਨ, ਕੜਾ, ਕਛਹਿਰਾ, ਕੰਘਾ ਅਤੇ ਕੇਸ ਰਹਿਤ ਧਾਰੀ ਇਸ ਨੂੰ ਬਣਾਇਆ ਗਿਆ ।

-ਪੰਚਾਂਮ੍ਰਿਤ ਦੀ ਦੇਗ; ਘਿਉ, ਆਟਾ, ਖੰਡ, ਜਲ ਤੇ ਬਾਣੀ ਦਾ ਪਾਠ ਕਰਦੇ ਬਣਾਉਣੀ ਇਸ ਖ਼ਾਲਸੇ ਨੂੰ ਛਕਾਈ ਗਈ।

-ਪੰਜ ਕੁਰਹਿਤਾਂ ਵਿਧਾਨਿਕ ਤੌਰ ਤੇ ਨੀਅਤ ਹੋਇਆ। ਭੱਦਨ (ਕੇਸਾਂ ਨੂੰ ਕਟਾਉਣਾ), ਤੰਬਾਕੂ, ਕੁੱਠਾ, ਪਰ-ਪੁਰਸ਼ ਤੇ ਪਰ ਇਸਤ੍ਰੀ ਦਾ ਸੰਗ ਵਿਵਰਜਿਤ ਕੀਤਾ ਗਿਆ।

-ਪੰਜਾਂ ਨਾਲ ਮੇਲ ਮਿਲਾਪ ਰੋਕਿਆ: ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ ਤੇ ਸਿਰਗੁੰਮ।

-ਪੰਜਾਂ ਆਚਰਨਕ ਭੁੱਲਾਂ ਨੂੰ ਤਨਖ਼ਾਹੀਆ ਕਰਾਰ ਦਿੱਤਾ: ਕੋਈ ਵੀ ਨਸ਼ਾ ਕਰਨ ਵਾਲਾ, ਪੁੱਤਰ ਜਾਂ ਦੀ ਦਾ ਸਾਕ ਮੁੱਲ ਲੈ ਕੇ ਜਾ ਦੇ ਕੇ (ਦਾਜ) ਕਰਨ ਵਾਲਾ, ਕੇਸਾਂ ਨੂੰ ਰੰਗਨ ਵਾਲਾ, ਬੇਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ ਅਤੇ ਗੁਰਮਤਿ ਤੋਂ ਵਿਰੁੱਧ ਕੋਈ ਕੰਮ ਕਰਨ ਵਾਲਾ।

-ਬਾਅਦ ਵਿਚ ਇਸੇ ਵਿਧਾਨਿਕਤਾ ਦੇ ਅੰਦਰ "ਪੰਥ ਖ਼ਾਲਸਾ" ਜੀ ਨੇ ਨਿਰਨੇ ਕਰ ਕੇ ਪੰਜ ਤਖ਼ਤ ਘੋਸ਼ਿਤ ਕੀਤੇ - ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਸੱਚਖੰਡ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ।

ਇੰਜ ਸਤਿਗੁਰੂ ਨਾਨਕ ਸਰਕਾਰ ਜੀ ਦੀ ਨਾਨਕਸ਼ਾਹੀ ਸੰਕਲਪੀ ਆਦਰਸ਼ ਮਨੁੱਖਤਾ ਦੀ "ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥"[3] ਦੀ ਨਾਨਕਸ਼ਾਹੀ ਸਿੱਖੀ ਤੋਂ ਖ਼ਾਲਸਤਾਈਤਾ ਦੀ ਮੰਜ਼ਿਲ ਸੰਪੂਰਨ ਹੋਈ।

ਸਿੱਖੀ ਵਿਚ ਪੰਜ ਪਰਵਾਨ ਤੇ ਇਨ੍ਹਾਂ ਦੀ ਹੀ ਪਰਵਾਣਤਾ ਅਤੇ ਪ੍ਰਮਾਣਤਾ ਵਿਚ ਪੰਜ ਪ੍ਰਧਾਨ ਹਨ। ਇਨ੍ਹਾਂ ਵਿਚਲੀ ਏਕਤਾ ਅਤੇ ਅਖੰਡਤਾ ਵਿਚਲੀ ਪਹਿਲੀ ਕੜੀ ਹੈ ਪੰਜ ਕਕਾਰੀ ਰਹਿਤ ਧਾਰਨਾ। ਪੰਜ ਕਕਾਰੀ ਸੰਕਲਪ ਦਾ ਕੀ ਸਿਧਾਂਤ ਅਤੇ ਉਸ ਦੀ ਕੀ ਵਿਆਖਿਆ ਹੈ ? ਇਸ ਨੂੰ ਜੀਵਨ ਅਮਲ ਵਿਚ ਕਿਵੇਂ ਅਪਣਾਈ ਰੱਖਣਾ ਹੈ ਦਾ ਵੇਰਵਾ ਅਗਲੇ ਅਧਿਆਇ ਵਿਚ ਹੈ।

# 51

## 1-ਕੇਸ

### ਗੁਰਬਾਣੀ ਵਿਸਥਾਰ

ਕੇਸ ਸਿੱਖ ਦੀ ਸਰੀਰ ਰਚਨਾ ਦੇ ਆਦਿ ਅੰਗ ਹਨ। ਸਿੱਖੀ ਵਿਚ "ਆਦਿ" ਸੰਕਲਪ ਅਤੇ ਉਸ ਦਾ ਹਕੀਕੀ ਵਰਤਾਰਾ ਹੀ ਅਕਾਲ ਹੈ। ਇਸ ਲਈ ਆਦਿ ਨੂੰ ਸਿੱਖ ਨਹੀਂ ਤਿਆਗ ਸੱਕਦਾ। ਜਿੱਥੇ "ਆਦਿ" ਨਹੀਂ ਹੈ ਉੱਥੇ ਸਿੱਖੀ ਨਹੀਂ ਹੈ।

ਆਦਿ- ਯਾਨੀ ਕਰਤਾਰ। ਅਕਾਲ ਪੁਰਖ। "ਆਦਿ ਕਉ ਕਵਨੁ ਬੀਚਾਰ ਕਥੀਅਲੇ" ? ਇਸ ਦਾ ਅਰਥ ਹੈ ਮੁੱਢਲਾ, ਸਬ ਰਚਨਾ ਤੋਂ ਪਹਿਲਾਂ। ਅਰਥਾਤ ਜੋ ਆਦਿ ਤੋਂ ਮੌਜੂਦ ਹੈ। ਜੋ "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"[1] ਹੈ। ਇਹ ਕਿਰਪਾ ਸਿੱਖ ਤੇ ਧੁਰ ਤੋਂ ਅਰਥਾਤ ਅਕਾਲ ਤੋਂ ਹੈ।

"ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥ ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥4॥ ਗਰਭ ਕੁੰਡਲ ਮਹਿ ਉਰਧ ਧਿਆਨੀ ॥ ਆਪੇ ਜਾਣੈ ਅੰਤਰਜਾਮੀ ॥ ਸਾਸਿ ਸਾਸਿ ਸਚੁ ਨਾਮੁ ਸਮਾਲੇ ਅੰਤਰਿ ਉਦਰ ਮਝਾਰਾ ਹੇ ॥5॥"[1027] ਇੰਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਨਕਸ਼ਾਹੀ ਸੱਭਿਅਤਾ ਦੇ ਅਕਾਲ ਸੱਭਿਆਚਾਰ ਵਿਚ ਗੁਰਮਤਿ ਦੇ ਬ੍ਰਹਿਮੰਡੀ ਜੀਵ-ਭੌਤਿਕ-ਰਸਾਇਨ-ਵਨਸਪਤੀ ਦੀ ਸਿਰਜਨਾਤਮਿਕਤਾ ਦੇ ਉਦਗਮ ਵਿਗਿਆਨ ਦੀ; ਇਸ ਸਿਧਾਂਤਕ ਪ੍ਰਣਾਲੀ ਨੂੰ ਸਥਾਪਤ ਕਰਦੇ ਹੋਏ ਇਹ ਪਰਮਾਣਿਤ ਕਰਦੇ ਹਨ ਕਿ "ਆਪਨਿ ਆਪੁ ਆਪਹਿ ਉਪਾਇਓ"[250] ਅਰਥਾਤ ਪ੍ਰਮਾਤਮਾਂ ਨੇਂ ਆਪਣੇ ਆਪ ਤੋਂ ਹੀ ਮਨੁੱਖ ਨੂੰ ਬਤੌਰ ਮਨੁੱਖ ਹੀ ਪੈਦਾ ਕੀਤਾ ਹੈ। ਜਿਸ ਲਈ ਰਜਾ ਨੀਅਤ ਕੀਤੀ ਕਿ "ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ" ਦਾ ਅਰਥ ਇੰਜ ਸਮਝਾਉਂਦੇ ਹਨ ਕਿ "ਸਫਲ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ (ਪੁੱਤਰ ਵਾਲਾ, ਔਲਾਦ ਵਾਲਾ) ਬਿਧਾਤਾ"[532] ਕਿ ਮਨੁੱਖ ਪੈਦਾ ਕਰਕੇ ਪਰਮਾਤਮਾਂ ਨੇਂ ਆਪਣੇ ਆਪ ਨੂੰ ਵੀ ਔਲਾਦ ਵਾਲਾ ਬਣਾ ਲਿਆ ਹੈ। ਜਿਸ ਦਾ ਸਿੱਧਾ ਅਰਥ ਹੈ ਕਿ ਮਨੁੱਖ ਨਸਲ ਅਕਾਲ ਪੁਰਖ ਦੀ ਅੰਸ ਅਤੇ ਬੰਸ ਹੈ।

ਹੁਣ ਸਵਾਲ ਉਠਦਾ ਹੈ ਕਿ ਫਿਰ ਕੀ ਵਾਕੇ ਹੀ ਅਕਾਲ ਪੁਰਖ ਦਾ ਸਰੂਪ ਮਨੁੱਖ ਦੇ ਸਰੂਪ ਨਾਲ ਮੇਲ ਖਾਂਦਾ ਹੈ ?

ਇਸ ਦਾ ਜਵਾਬ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫਿਰ ਸਪਸ਼ਟ ਦਿੰਦੇ ਹਨ। ਇਹ ਗੁਰੂ ਹੁਕਮ ਹੈ ਕਿ "ਨਿਰਹਾਰੀ ਕੇਸਵ ਨਿਰਵੈਰਾ॥ ਕੋਟਿ,ਜਨਾ ਜਾ ਕੇ ਪੂਜਹਿ ਪੈਰਾ॥ ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਕਿਤੀ ਜੀਉ॥"[1084] ਅਰਥਾਤ ਉਹ

ਸੋਹਣੇ ਕੇਸਾਂ ਵਾਲਾ ਪਰਮਾਤਮਾਂ ਹੈ ਜਿਸ ਮਨੁੱਖ ਨੂੰ ਹਿਰਦੇ ਵਿਚ ਇਹ ਸੋਝੀ ਪੈ ਜਾਂਦੀ ਹੈ ਉਹ ਉਸ ਦਾ ਇਕਾਤੀ (devoted to one object only) ਅਨਿੰਨ ਭਗਤ ਬਣ ਜਾਂਦਾ ਹੈ।

## ਨਾਨਕਸ਼ਾਹੀ ਨਜ਼ਰੀਆ

ਸਿਧਾਂਤ-ਸੰਕਲਪ-ਨਿਸ਼ਚਾ ਅਤੇ ਧਰਮ ਇਹ ਹੈ ਕਿ : ਅਕਾਲ ਪੁਰਖ ਖੁਦ ਕੇਸਾਧਾਰੀ ਹੈ, ਉਸ ਨੇਂ ਆਪਣੀ ਅੰਸ-ਬੰਸ ਮਨੁੱਖ ਨੂੰ ਆਪਣੀ ਸੂਖਮ ਜਿਉਣ-ਸ਼ਕਤੀ "ਰਕਤ-ਬਿੰਦ" ZYGOTE ਤੋਂ EMBRYO (ਜਾਇਗੋਟ ਤੋਂ ਐਮਬਰਾਯੋ) ਦੀ ਉਹ ਮਰਿਆਦਾ ਜੋ 'ਓਰਤ ਅਤੇ ਮਰਦ' ਦੇ ਮਿਲਣ ਤੋਂ ਬਾਅਦ ਅੱਖਾਂ ਤੋਂ ਨਾਹ ਦਿੱਸਣ ਵਾਲੇ 'ਰਕਤ-ਬਿੰਦ' ਦੀ ਸੁਮੇਲਤਾ ਦੀ ਸੂਖਮਸ਼ਕਤੀ ਰਾਹੀਂ, ਜਿਸ ਵਿਚ ਕਿ ਸ਼ਰੀਰ ਦੇ ਜਿਉਣ ਹਿਤ ਸਵਾਸ ਸ਼ਕਤੀ, ਉਦਗਮ ਤੋਂ ਵਿਕਾਸ ਹਿਤ ਪ੍ਰਾਣ ਸ਼ਕਤੀ, ਅਤੇ ਇਨ੍ਹਾਂ ਦੁਹਾਂ ਦੇ ਨਿਰਵਾਹ ਹਿਤ ਪਿੰਡ ਅਰਥਾਤ ਦੇਹ ਰੂਪ ਕਾਇਆ ਸਮੇਤ ਕੇਸ ਸ਼ਕਤੀ ਜਿਹੜੀ ਕਿ ਪਰਮਾਤਮਾਂ ਗਰਭ ਠਹਿਰਨ ਦੇ ਪਹਿਲੇ 14 ਦਿਨਾਂ ਵਿਚ ਹੀ ਆਪਣੀ ਆਦਿ ਸਵੈਭੂੰ ਮੂਰਤ ਦੇ ਰੂਪ ਵਿਚ ਸਥਾਪਤ ਕਰ ਮਨੁੱਖ ਦੀ ਜਿਉਣ ਰਚਨਾ ਕਰ ਦਿੰਦਾਂ ਹੈ। ਜਿਸ ਦੇ ਵਿਕਾਸ ਨੂੰ ਸਾਡੀ ਸਾਇੰਸ ਅੱਜ ਤਕ ਆਪਣੇ ਕਿਸੇ ਵੀ ਯੰਤ੍ਰ ਨਾਲ ਨਹੀਂ ਦੇਖ ਪਾਈ ਹੈ। ਵਿਕਾਸ ਦੇ ਇਸ ਪੜਾਅ ਦਾ ਨਾਮ ਹੈ ਜਾਇਗੋਟ (As per Sedman's Medical Dictionary - Zygote : The individual that develops from fertilized ovum. Ovum : The female sex cell. When fertilized by a spermatozoon, an ovum is capable of developing into new individual of some species. Organism : Living individual whether plant or animal considered as whole.) ਤੋਂ ਐਂਬਰਯੋ (Embryo : The developing organism from conception until approximately at the end of second month. . Organism : Living individual whether plant or animal considered as whole.) ਤਕ ਦੀ ਅਵਸਥਾ। ਇਸ ਅਵਸਥਾ ਵਿਚ ਜਦ 'ਰਕਤ-ਬਿੰਦ' ਦੇ ਲੱਖਾਂ ਸ਼ੁਕਰਾਣੂਆਂ ਵਿਚੋਂ ਕਿਸੇ ਇਕ ਤੇ ਅਕਾਲ ਪੁਰਖ ਆਪਣੀ ਕਿਰਪਾ ਕਰ; ਉਸ ਨੂੰ 'ਜਨਮ-ਸ਼ਕਤੀ' ਦਿੰਦਾਂ ਹੈ । ਇੰਜ ਪਹਿਲੇ 14 ਦਿਨਾਂ ਦੇ ਇਸ ਵਿਕਾਸ ਪੜਾਅ ਵਿਚ ਹੀ ਅਕਾਲ ਪੁਰਖ ਆਪਣੀ ਅੰਸ ਅਤੇ ਬੰਸ ਰੂਪੀ ਮਨੁੱਖ ਦੇ ਦੇਹ ਦੀ ਰਚਨਾ ਸਮੇਤ ਕੇਸਾਂ ਅਤੇ ਸਮੂਹ ਰੋਮਾਂ ਦੇ ਮੁਸਾਮਾਂ ਸਮੇਤ ਕਰਦਾ ਹੈ । ਇਸ ਕੇਸਾ ਧਾਰੀ ਸ਼ਰੀਰ ਦੀ ਰਚਨਾ ਤੋਂ ਬਾਅਦ ਹੀ "ਰਕਤ-ਬਿੰਦ' ਦੇ ਸੁਮੇਲ ਦੇ ਸ਼ੁਕਰਾਣੂਆਂ ਦੇ ਗਰਭ ਠਹਿਰਾ ਦੀ ਪ੍ਰਕਿਰਿਆ ਵਿਚ ਅਕਾਲ ਪੁਰਖ ਅਜਿਹੇ ਸ਼ਰੀਰ ਵਿਚ ਫਿਰ ਪ੍ਰਾਣ ਅਤੇ ਸਵਾਸ

ਰੂਪੀ ਆਪਣੀ ਜੋਤਿ ਸਰੂਪ ਜੀਵਨ ਸ਼ਕਤੀ ਧਰ ਦਿੰਦਾ ਹੈ। ਆਧੁਨਿਕ ਸਾਇੰਸ ਹਾਲੇ ਤਕ ਇਨ੍ਹਾਂ 14 ਦਿਨਾ ਦੇ ਬਾਅਦ ਦਾ ਹੀ ਜਵਿਨ ਚੱਕਰ ਸਮਝ ਅਤੇ ਦੇਖ ਸਕੀ ਹੈ। ਇਹੋ ਜਿਉਣ ਰਚਨਾ ਦਾ ਹੁਕਮ ਹੈ। ਜਿਸ ਤਰ੍ਹਾਂ ਪ੍ਰਾਣਾਂ ਤੋਂ ਬਗੈਰ ਸ਼ਰੀਰ ਮੁਰਦਾ ਹੈ, ਜਿਸ ਤਰ੍ਹਾਂ ਸਵਾਸਾਂ ਤੋਂ ਬਗੈਰ ਸ਼ਰੀਰ ਮੁਰਦਾ ਹੈ ਉਸੇ ਤਰਹਾਂ ਹੀ ਰੋਮਾਂ "ਕੇਸਾਂ" ਤੋਂ ਬਗੈਰ ਸ਼ਰੀਰ ਮੁਰਦਾ ਹੈ। ਇਹੋ ਸਿੱਖ ਧਰਮ ਦਾ ਪਹਿਲਾਂ ਨਿਯਮ ਹੈ। ਜਿਸ ਨੂੰ ਸਿੱਖ "ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ" ਦੀ ਰਹਿਤ-ਮਰਿਆਦਾ ਰਾਹੀਂ ਅੰਗੀਕਾਰ ਕਰਦੇ ਹਨ। ਇਹ ਸਾਰੇ ਹੀ ਸੰਸਾਰ ਦੇ ਮਨੁੱਖਾਂ ਲਈ ਹੁਕਮ ਹੈ। ਬਾਕੀ ਇਸ ਤੋਂ ਬਾਗੀ ਹਨ। ਰਕਤ-ਬਿੰਦ ਦੀਆਂ ਇਨ੍ਹਾਂ ਤਿੰਨੇ ਆਦਿ ਸ਼ਕਤੀਆਂ ਵਿਚੋਂ ਕੀ ਬਾਗੀ ਮਨੁੱਖ ਜਾਂ ਉਨ੍ਹਾ ਦੀ 'ਅਗਿਆਨ ਅਵਿਦਿਆ' ਕੇਸਾਂ ਨੂੰ ਖਤਮ ਕਰ ਸੱਕਦੀ ਹੈ ? ਅਗਰ ਹਾਂ ਤਾਂ ਫਿਰ ਉਹ ਪਹਿਲਾਂ ਇਹ ਕਰ ਦਿਖਾਵੇ ਤਾਂ ਫਿਰ ਇਸ ਤੋਂ ਬਾਅਦ ਮਨੁੱਖ ਲਈ ਸਵਾਲ ਉਤਪੰਨ ਹੋਵੇਗਾ ਕਿ ਉਹ ਕੇਸਾਂ ਤੋਂ ਬਗੈਰ ਜੀਵਨ ਜਿਉਣ ਦਾ ਜਾਂ ਇਸ ਵਿਚ ਮਨਚਾਹੀ ਕਾਰਗੁਜ਼ਾਰੀ ਕਰ ਸਕਣ ਦਾ ਅਧਿਕਾਰ ਰੱਖਦਾ ਹੈ।

ਗੁਰਮਤਿ ਸੰਕਲਪ ਹੈ ਕਿ ਸੰਸਾਰ ਭਰ ਵਿਚ ਜਿੱਥੇ ਸ਼ਬਦ "ਸਿੱਖ" ਵਰਤਿਆ ਅਤੇ ਧਾਰਨ ਕੀਤਾ ਜਾਂਦਾ ਹੈ ਤਾਂ ਉਥੇ ਸਵੈਸਿੱਧ ਰੂਪ ਵਿਚ ਇਕ ਮਿਕ ਹੁੰਦੇ ਹਨ "ਕੇਸ" ਅਤੇ "ਸ਼ਰੀਰ" ਕਿਉਂਕੀ ਇਸ ਤੋਂ ਬਿਨਾ "ਸ਼ਬਦ ਗੁਰੂ" ਸਿੱਖ ਦੀ ਪਰਿਕਲਪਨਾਂ ਹੀ ਨਹੀਂ ਕਰਦਾ। ਸੁਫਨੇ ਦੀ ਕਲਪਨਾਂ ਵਿਚ ਵੀ ਸੂਈ ਦੀ ਚੁੰਜ ਦੇ ਨੱਕੇ ਤੋਂ ਵੀ ਮਹੀਨ ਐਟਮ ਮਾਤਰ ਫਰਕ ਕੇਸਾਂ ਤੋਂ ਬਿਨਾ ਸਿੱਖ ਦਾ ਨਹੀਂ ਕੀਤਾ ਜਾ ਸੱਕਦਾ। ਇਹ ਸੰਕਲਪੀ ਨਿਸ਼ਚਾ ਅਤੇ ਅਟੁੱਟ ਅਟਲ ਸਿਧਾਂਤ ਹੈ। ਜਿਸ ਦਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਮਾਣ ਹੈ "ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ"[1024]। ਇਸੇ ਦੀ ਹੀ ਪਰਮਾਣਿਕਤਾ ਸਾਬਿਤ ਕਰਦਾ ਸਿੱਖੀ ਵਿਚ ਇਹ ਖਿਆਲ ਕਿ 'ਕੇਸਾਂ ਨੂੰ ਗੁਰੂ ਕੀ ਮੋਹਰ ਮੰਨਿਆਂ ਗਿਆ ਹੈ' ।

## ਜੀਵਨ ਅਮਲ ਵਿਚ ਅਪਣਾਉਣਾ

ਭਾਈ ਗੁਰਦਾਸ ਜੀ ਦੂਜਾ ਲਿਖਦੇ ਹਨ "ਸਿੰਘ ਸੋਈ ਜੋ ਕੇਸਾਂ ਨੌ ਮਾਨੈ, ਨ ਕੇਸਾਂ ਕੋ ਮਾਨੈ ਤੋ ਕਾਹੇ ਕਾ ਪੂਰ॥" ਭਾਈ ਗੁਰਦਾਸ ਜ ਆਪਣੀ ਵਾਰ 41 ਵੀਂ ਵਿਚ ਲਿਖਦੇ ਹਨ "ਨਿਜ ਪੰਥ ਚਲਾਇਓ ਖ਼ਾਲਸਾ ਧਰਿ ਤੇਜ ਕਰਾਰਾ॥ ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਸਟ ਪਚਾਰਾ॥"

ਸਿੱਖ ਧਰਮ ਦੇ ਸਾਰੇ ਗੁਰੂ ਕੇਸਾਧਾਰੀ ਸਨ ਅਤੇ ਸਭਨਾਂ ਨੇ ਲੋਕਾਈ ਨੂੰ ਕੇਸ ਰੱਖਣ ਲਈ ਹੀ ਉਪਦੇਸ਼ ਕੀਤੇ ਹਨ। ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ 'ਸ੍ਰੀ ਨਨਾਕ ਪ੍ਰਕਾਸ਼' ਵਿਚ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਕੂਲ ਪੜ੍ਹਨੇ ਪਾਉਣ ਦੇ ਪਹਿਲੇ ਦਿਨ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ "ਜਲ ਲੋਚਨ ਕੰਜ ਬਿਸਾਲ ਭਲੇ ਸਿਰ ਪੈ

ਉਸ਼ਨੀਕਹਿ ਨੀਕ ਬਨ੍ਹਾਈ ॥" ਸਤਿਕਾਰ ਯੋਗ ਗੁਰੂ ਨਾਨਕ ਜੀ ਦੇ ਪਿਤਾ ਸ੍ਰੀ ਮਹਿਤਾ ਕਾਲੂ ਜੀ ਜਦੋਂ ਪਾਂਧੇ ਪਾਸ 'ਚਟਸਾਲ' (ਪਾਠਸ਼ਾਲਾ) ਬਾਲ ਗੁਰੂ ਸਾਹਿਬ ਨੂੰ ਲੈ ਕੇ ਗਏ ਤਾਂ ਬਾਲ ਗੁਰੂ ਨਾਨਕ ਜੀ ਦੇ ਸਿਰ ਤੇ ਕੇਸਾਂ ਦੀ ਸੰਭਾਲ ਲਈ ਸੁੰਦਰ ਦਸਤਾਰ ਸਜਾਈ ਹੋਈ ਸੀ।

ਅਕਾਲ ਪੁਰਖ ਦੀ ਅਕਾਲ ਮੂਰਤ ਦਾ ਕੁਦਰਤੀ ਵਿਧਾਨਿਕ ਅਤੇ ਹੁਕਮ ਦੀ ਸੈਭੰ ਪ੍ਰਣਾਲੀ ਦੀ ਪ੍ਰਭੁਤਾ ਵਿਚ "ਅਕਾਲ ਦੇ ਸਿੱਖ" ਵਜੋਂ ਧਰਤੀ ਉਪਰ ਮਾਨਵਤਾ ਦੀ "ਅਕਾਲ ਸਭਿਅਤਾ" ਦਾ "ਸਿੱਖ ਪ੍ਰਾਣ ਧਾਰੀ ਸਰੀਰ" ਰੂਪ ਵਿਚ "ਅਕਾਲ ਦੀ ਜੋਤਿ" ਦੇ ਅੰਦਰ ਵਾਸ ਨਾਲ ਸਮੇਤ "ਕੇਸਾਧਾਰੀ ਹੋ ਕੇ ਹੀ; ਹੱਡ ਮਾਸ ਦੇ ਰੂਪ ਵਿਚ ਮੌਲਦਾ ਹੈ। ਇਹੋ ਅਕਾਲ ਮਾਨਵਤਾ ਦੀ ਮੂਲ ਨਸਲ ਹੈ, ਜਿਸ ਨੂੰ ਸਿੱਖ ਕਿਹਾ ਤੇ ਸਵਿਕਾਰਿਆ ਜਾਂਦਾ ਹੈ।

ਜਨਮ ਸਾਖੀ ਭਾਈ ਮਨੀ ਸਿੰਘ ਜੀ ਵਿਚ ਲਿਖਤ ਹੈ ਕਿ "(ਭਾਈ ਮਰਦਾਨਾ ਜੀ) ਜਦ ਨਾਲ ਗੁਰੂ ਨਾਨਕ (...) ਜੀ ਦੇ ਉਦਾਸੀ ਲਈ ਟੁਰਿਆ ਤਾਂ ਕਹਿਣ ਲੱਗਾ ਕਿ ਐਸਾ ਉਪਦੇਸ਼ ਦਿਓ ਕਿ ਨਿਭ ਆਵੈ ਤਾਂ ਬਾਬੇ ਕਹਿਆ:

ਇਕ ਕੇਸ ਨਾ ਕਟਾਈ,
ਦੁਏ ਪਿਛਲ ਰਾਤੀ ਜਾਗ ਸਤਿਨਾਮ ਦਾ ਜਾਪ ਕਰੀ॥"

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਆਪਣੀ ਪੁਸਤਕ 'ਆਦਿ ਸਿੱਖ ਆਦਿ ਸਾਖੀਆ' ਵਿਚ ਸੱਚੇ ਪਾਤਸ਼ਾਹ ਸ਼ਹਿਨ ਸ਼ਾਹ ਏ ਤਖ਼ਤ ਅਨੰਦਪੁਰ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਾਬਲ ਦੀ ਸੰਗਤ ਨੇ ਨਾਮ ਸੰਮਤ 1756 ਜੇਠ 26 ਮਿਤੀ ਨੂੰ ਭੇਜੇ ਹੁਕਮ ਨਾਮੇ ਦਾ ਇੰਜ ਜ਼ਿਕਰ ਕਰਦੇ ਹਨ:

"ਕੇਸ ਰੱਖਣੇ ਇਹ ਅਸਾਡੀ ਮੋਹਰ ਹੈ। ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ। ਭਾਦਨੀ (ਜੋ ਕੇਸ ਮੁਨਾ ਲਵੇ ਜਾਂ ਕੇਸਾਂ ਨੂੰ ਮੁਨਵਾਉਣ ਦੀ ਕ੍ਰਿਆ) ਤਥਾ ਕੰਨਿਆਂ ਮਾਰਨ ਵਾਲੇ ਸੇ ਮੇਲਾਪ ਨਾ ਰੱਖੇ।"

ਹੁਣ ਤਾਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਆਪਣੇ ਇੱਕ ਫ਼ੈਸਲੇ ਵਿਚ ਸਪਸ਼ਟ ਨਿਰਨਾ ਦਿੱਤਾ ਹੈ ਕਿ "ਜਮਾਂਦਰੂ ਕੇਸਾਧਾਰੀ ਵਿਅਕਤੀ ਹੀ ਸਿੱਖ ਅਖਵਾ ਸਕਦਾ ਹੈ"।

ਬਾਕੀ ਦੇ ਚਾਰੋ ਕਕਾਰ ਸਰੀਰ ਦੇ ਜਮਾਂਦਰੂ ਕਕਾਰ ਨਹੀਂ ਹਨ। ਕੇਸ ਸਰੀਰ ਦਾ ਜਮਾਂਦਰੂ ਕਕਾਰ ਹੈ ਇਸ ਲਈ ਇਸ ਦੀ ਵਿਸ਼ੇਸ਼ ਮਹੱਤਤਾ ਇਹ ਹੈ ਕਿ ਜੇ ਇਹ ਬੰਦਾ ਆਪਣੀ ਮਰਜ਼ੀ ਨਾਲ ਕਟਵਾਉਂਦਾ ਹੈ ਤਾਂ ਉਹ ਬੱਜਰ ਕੁਰਿਹਤੀਆਂ ਅਤੇ ਪਤਿਤ ਦੋਵੇਂ ਹੀ ਸਵੈਸਿੱਧ ਦੋਸ਼ੀ ਬਣ ਜਾਂਦਾ ਹੈ। ਇੰਜ ਜਮਾਂਦਰੂ ਸਿੱਖੀ ਦੇ ਹੱਕ ਤੋਂ ਵਿਰਵਾ ਹੋ ਜਾਂਦਾ ਹੈ। ਜਦ ਕਿ ਬਾਕੀ ਕਕਾਰਾਂ ਦੀ ਅਣਗਹਿਲੀ ਸਿੱਖ ਨੂੰ ਤਨਖ਼ਾਹੀਆ ਬਣਾਉਂਦੀ ਹੈ ਤੇ ਭੁੱਲ ਬਖ਼ਸ਼ਾਉਣ ਦਾ ਮੌਕਾ ਦਿੰਦੀ ਹੈ। ਕੇਸ ਕਟਵਾਉਣ ਤੋਂ ਬਾਅਦ

ਸਿੱਖ ਨੂੰ ਦੁਬਾਰਾ ਸਿੱਖੀ ਵਿਚ ਜਨਮ ਲੈਣ ਲਈ ਖੰਡੇ ਬਾਟੇ ਦੀ ਪਹੁਲ਼ ਪੰਜ ਪਿਆਰਿਆਂ ਤੋਂ ਛਕਣੀ ਲਾਜ਼ਮੀ ਹੈ।
ਕੇਸਾਂ ਸਬੰਧੀ ਸੰਪੂਰਨ ਪ੍ਰਮਾਣਿਤ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਮੇਰੀ ਪੁਸਤਕ "ਅਕਾਲ ਅਤੇ ਸਿੱਖ ਦੋਵੇਂ ਕੇਸਾਧਾਰੀ ਹਨ" ਪੜ੍ਹੀ ਜਾ ਸਕਦੀ ਹੈ।

# ਦਸਤਾਰ

## ਗੁਰਮਤਿ ਅਰਥ

ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਫ਼ਾਰਸੀ ਦੇ ਇਸ ਸ਼ਬਦ 'ਦਸਤਾਰ' ਦਾ ਅਰਥ ਪੱਗ ਕਰਦੇ ਹੋਏ ਗੁਰਬਾਣੀ ਦੀ ਤੁਕ "ਸਾਬਤ ਸੂਰਤਿ ਦਸਤਾਰ ਸਿਰਾ" [1084] ਦੇ ਅਰਥ ਇੰਜ ਕਰਦ ਹਨ:'ਸਾਬਤ ਸੂਰਤ ਰਹਿਣਾ ਹੀ ਸਿਰ ਤੇ ਦਸਤਾਰ ਸਜਾਉਣੀ ਹੈ'।

## ਇਤਿਹਾਸਿਕ ਵਿਸਥਾਰ

ਇਤਿਹਾਸ ਕਾਰ ਸ. ਸ਼ਮਸ਼ੇਰ ਸਿੰਘ ਅਸ਼ੋਕ ਜੀ ਅਨੁਸਾਰ ਈਸਾ ਤੋਂ 3 ਤੋਂ 4 ਹਜ਼ਾਰ ਸਾਲ ਪਹਿਲਾਂ ਸੰਸਾਰ ਵਿਚ ਪਗੜੀ ਬੰਨ੍ਹਣ ਦਾ ਰਿਵਾਜ ਸੀ । ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਨੁਸਾਰ ਅਜੰਤਾ ਦੀਆਂ ਗੁਫ਼ਾਵਾਂ ਜੋ 200 ਬੀ.ਸੀ. ਦੀਆਂ ਹਨ ਤੋਂ ਇਲਾਵਾ ਸਾਂਚੀ ਦੇ ਗੇਟ ਜੋ 150 ਬੀ.ਸੀ. ਦਾ ਹੈ ਵਿਚ ਦਸਤਾਰ ਧਾਰੀ ਮੂਰਤੀਆਂ ਅੰਕਿਤ ਹਨ।
ਪੰਜਾਬ ਵਿਚ ਪਹਿਲਾਂ ਦ੍ਰਾਵਿੜ ਤੇ ਪਿੱਛੋਂ ਆਰੀਅਨ ਦਾ ਨਿਵਾਸ-ਸਥਾਨ ਰਿਹਾ ਹੈ। ਦ੍ਰਾਵਿੜ ਨੇ ਪੰਜਾਬ ਵਿਚ ਪਗੜੀ ਦਾ ਰਿਵਾਜ ਚਲਾਇਆ ਅਜਿਹਾ ਇਤਿਹਾਸ ਕਾਰ ਸ਼ਮਸ਼ੇਰ ਸਿੰਘ ਅਸ਼ੋਕ ਮੰਨਦੇ ਹਨ। ਪੰਜਾਬ ਦੇ ਮੂਲ ਨਿਵਾਸੀ ਦਸਤਾਰ ਧਾਰੀ ਸਨ। ਇਨ੍ਹਾਂ ਦੀਆਂ ਔਰਤਾਂ ਵੀ ਦਸਤਾਰ ਜਾਂ ਪੱਗ ਬੰਨ੍ਹਦੀਆਂ ਸਨ।
ਪੱਗਾਂ ਦੀਆਂ ਕਿਸਮਾਂ ਤੇ ਜੇ ਵਿਚਾਰ ਕੀਤੀ ਜਾਵੇ ਤਾਂ ਪੰਜਾਬ ਵਿਚੋਂ ਦੀ ਹੋ ਕੇ ਲੰਘੀਆਂ ਮਸ਼ਹੂਰ ਪੱਗਾਂ ਦੀ ਬੰਧੇਜ ਦੇ ਵਿਵਰਨ ਕੁੱਝ ਇੰਜ ਦੇ ਮਿਲਦੇ ਹਨ :ਗ਼ਜ਼ਨਵੀ ਪੱਗ, ਖ਼ਿਲਜੀਆਂ ਦੀ ਪੱਗ, ਸੱਯਦਾਣੀ ਪੱਗ, ਅਫ਼ਗਾਨੀ ਪੱਗ, ਪਠਾਣੀ ਪੱਗ, ਮੁਗ਼ਲਈ ਪੱਗ, ਬਾਬਰੀ ਪੱਗ, ਹਿਮਾਯੂੰ ਪੱਗ ਤੇ ਅਕਬਰੀ ਪੱਗ ਤੋਂ ਇਲਾਵਾ ਅਕਬਰ ਦੇ ਨੌਂ ਰਤਨਾਂ ਦੀ ਪੱਗ ਤੇ ਇਸੇ ਹੀ ਤਰਜ਼ ਤੇ ਰਾਜਪੂਤ ਮਹਾਰਾਜਿਆਂ ਨੇ ਪੱਗਾਂ ਬੰਨੀਆਂ।
ਇਤਿਹਾਸ ਵਿਚ ਇਸ ਸਭ ਕਾਸੇ ਦੇ ਬਾਵਜੂਦ 'ਪੱਗ ਬੰਨ੍ਹਣ' ਨੂੰ ਬਕਾਇਦਾ ਇੱਕ ਧਾਰਮਿਕ ਜਾਂ ਜੱਥੇਬੰਦਕ ਜਾਂ ਫ਼ੌਜੀ ਲਾਜ਼ਮੀ ਫ਼ਰਜ਼ ਨਹੀਂ ਸੀ ਬਣਾਇਆ ਗਿਆ। ਹਾਂ ਇਹ ਉੱਚ ਅਹੁਦੇਦਾਰੀ, ਪੀਰੀ, ਬਾਦਸ਼ਾਹੀ ਅਤੇ ਆਨ ਬਾਨ੍ਹ ਸ਼ਾਨ ਦ ਨਿਸ਼ਾਨੀ ਅਵੱਸ਼ ਮੰਨੀ ਜਾਂਦੀ ਸੀ।

ਜਿਵੇਂ ਕਿ ਅਸੀਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਬੰਧ ਵਿਚ 'ਕੇਸ' ਅਧਿਆਇ ਵਿਚ ਜਾਣਕਾਰੀ ਲੈ ਚੁੱਕੇ ਹਾਂ ਕਿ ਗੁਰੂ ਸਾਹਿਬ ਜੀ ਨੂੰ ਜਿਸ ਵਕਤ ਪਾਠਸ਼ਾਲਾ ਵਿਚ ਦਾਖਲ ਕਰਵਾਉਣ ਲਈ ਸਤਿਕਾਰ ਯੋਗ ਪਿਤਾ ਮਹਿਤਾ ਕਾਲੂ ਜੀ ਲੈ ਕੇ ਗਏ ਤਾਂ ਸਤਿਗੁਰੂ ਜੀ ਨੇ ਸੁੰਦਰ ਦਸਤਾਰ ਸਜਾਈ ਹੋਈ ਸੀ। ਹੇਠਲੀ ਤਸਵੀਰ ਸਚਿਤਰ ਜਨਮ ਸਾਖੀ ਤੋਂ ਹੈ । ਜਿਸ ਤੋਂ ਸਪਸ਼ਟ ਹੈ ਕਿ ਪਾਂਧੇ ਦੀ ਦਸਤਾਰ ਬੰਨ੍ਹਣ ਦਾ ਢੰਗ ਵੱਖਰਾ ਹੈ, ਸਤਿਕਾਰ ਯੋਗ ਸ੍ਰੀ ਮਹਿਤਾ ਕਾਲੂ ਜੀ ਦਾ ਦਸਤਾਰ ਬੰਨ੍ਹਣ ਦਾ ਢੰਗ ਵੱਖਰਾ ਹੈ ਤੇ ਬਾਲ ਗੁਰੂ ਨਾਨਕ ਸਰਕਾਰ ਜੀ ਦਾ ਦਸਤਾਰ ਬੰਨ੍ਹਣ ਦਾ ਢੰਗ ਵੱਖਰਾ ਹੈ :



ਜੇ ਅਸੀਂ ਪੋਸ਼ਾਕ ਵੱਲ ਧਿਆਨ ਦੇਈਏ ਤਾਂ ਸਾਨੂੰ ਲਿਬਾਸ ਦੀ ਵੀ ਜਾਣਕਾਰੀ ਮਿਲਦੀ ਹੈ ਕਿ ਸਤਿਗੁਰੂ ਦਾ ਚੋਲ੍ਹਾ ਕਲੀਆਂ ਵਾਲਾ ਹੈ । ਕਮਰਬੰਦ ਬੱਝਾ ਹੈ ਤੇ ਚੂੜੀਦਾਰ ਪਜਾਮਾ ਪਹਿਨਿਆਂ ਹੋਇਆ ਹੈ ।

ਜਦੋਂ ਸਤਿਗੁਰੂ ਨਾਨਕ ਸਰਕਾਰ ਜੀ ਨੇ ਪੰਜਾਬ ਵਿਚ ਅਕਾਲ ਬੰਸੀ ਸਿੱਖ ਸਭਿਅਤਾ ਦਾ ਮੁੱਢ ਬੰਨ੍ਹਿਆਂ ਤਾਂ ਆਪ ਜੀ ਨੇ ਪੰਜਾਬ ਦੇ ਮੂਲ ਨਿਵਾਸੀਆਂ ਵਿਚੋਂ ਸਿੱਖ ਸਭਿਅਤਾ ਦੀ ਨਾਗਰਿਕਤਾ ਵਿਚ ਆਉਣ ਵਾਲਿਆਂ ਲਈ "ਸਾਬਤ ਸੂਰਤਿ ਦਸਤਾਰ ਸਿਰਾ" ਦਾ ਪਹਿਲਾਂ ਲਾਜ਼ਮੀ ਫ਼ਰਜ਼ ਅਤੇ ਮਰਿਆਦਾ ਦੀ ਰਹਿਤ ਨੀਅਤ ਕਰ ਦਿੱਤੀ। ਇੰਜ

ਸੰਸਾਰ ਵਿਚ ਸਭ ਤੋਂ ਪਹਿਲਾਂ ਨਾਨਕਸ਼ਾਹੀ ਸਿੱਖੀ ਵਿਚ ਦਸਤਾਰ ਨੂੰ ਕੇਸਾਂ ਦਾ ਅਭਿੰਨ ਹਿੱਸਾ ਬਣਾ ਕੇ ਨਿਯਮ ਅਧੀਨ ਲਾਜ਼ਮੀ ਫ਼ਰਜ਼ ਆਇਦ ਕੀਤਾ ਗਿਆ।

ਇਤਿਹਾਸ ਇਸ ਗੱਲ ਦੀ ਸਚਿਤਰ ਗਵਾਹੀ ਭਰਦਾ ਹੈ ਕਿ ਸਿੱਖ ਧਰਮ ਦੇ ਦਸੋਂ ਗੁਰੂ ਸਾਹਿਬਾਨ ਵੱਲੋਂ ਸਜਾਈ ਜਾਂਦੀ ਦਸਤਾਰ ਬੰਨ੍ਹਣ ਦੇ ਢੰਗ ਅਤੇ ਤਰੀਕੇ ਬਹੁਤ ਸੁੰਦਰ ਤੇ ਵੱਖੋ ਵੱਖਰੇ ਸਨ। ਇਸ ਵਿਚ ਵੀ ਸਭ ਤੋਂ ਵੱਧ ਡੰਗ ਅਤੇ ਤਰੀਕੇ ਸਤਿਗੁਰੂ ਨਾਨਕ ਸਰਕਾਰ ਨੇ ਅਪਣਾਏ। ਆਪ ਜੀ ਜਦੋਂ ਅਕਾਲ ਪੁਰਖ ਦੀ ਸਿੱਖੀ ਦੀ ਗੁਰਮਤਿ ਪ੍ਰਣਾਲੀ ਨਿਮਿਤ ਸ੍ਰਿਸ਼ਟ ਸੋਧਣ ਲਈ ਧਾਰਮਿਕ ਸਮਾਜਿਕ ਤੇ ਸਭਿਅਤਾ ਦ ਪ੍ਰਚਾਰ ਪ੍ਰਸਾਰ ਲਈ ਯਾਤਰਾਵਾਂ ਤ ਤੁਰੇ ਤ ਆਪ ਜੀ ਨੇ ਸੰਸਾਰ ਭਰ ਵਿਚ ਪ੍ਰਚਲਿਤ ਉੱਥੋਂ ਦੇ ਲੋਕਲ ਪਹਿਰਾਵੇ ਨੂੰ ਅਪਣਾਇਆ ਤੇ ਦਸਤਾਰ ਦੇ ਆਪਣੇ ਢੰਗ ਨੂੰ ਵੀ ਸਥਾਨਕ ਸ਼ਾਨੋ ਸ਼ੌਕਤ ਦੀ ਗਰਮਾ ਭਰਪੂਰ ਬਣਤਰ ਵਿਚ ਹੀ ਆਪਣੇ ਮੁਬਾਰਕ ਅਤੇ ਅਕਾਲ ਸਿਰ ਤੇ ਸੁਭਾਇਮਾਨ ਕੀਤਾ।

ਸਿੱਖ ਧਰਮ ਅਤੇ ਸਭਿਅਤਾ ਵਿਚ ਸਤਿਗੁਰੂ ਸੱਚੇ ਪਾਤਸ਼ਾਹ ਮੀਰੀ-ਪੀਰੀ ਦੇ ਦਾਤਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਛੇਵੀਂ ਪਾਤਸ਼ਾਹੀ ਜੀ ਨੇ ਮੀਰੀ ਪੀਰੀ ਦੇ ਸੰਕਲਪ ਵਿਚ ਸਿੱਖਾਂ ਵਿਚ ਦੁਮਾਲੇ ਦੀ ਦਸਤਾਰ ਤੇ ਜੰਗੀ ਦਸਤਾਰ ਦਾ ਦਸਤੂਰ "ਮੀਰੀ-ਪੀਰੀ ਦਾ ਗੁਰਮੁਖੀ ਦਸਤਾਰੇ" ਵਜੋਂ ਆਗਾਜ਼ ਅਰੰਭਿਆ।

ਖ਼ਾਲਸਾ ਪੰਥ ਦੇ ਬਾਨੀ ਪਿਤਾ ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਜਦੋਂ ਖੰਡੇ ਦੀ ਪਹੁਲ਼ ਦੀ ਦਾਤ ਬਖ਼ਸ਼ ਕੇ ਅੱਡਰਾ, ਵਿਲੱਖਣ, ਸੁਤੰਤਰ ਅਕਾਲ ਪੰਥ ਗੁਰੂ ਖ਼ਾਲਸਾ ਪੰਥ ਨਿਮਿਤ "ਦਸਤਾਰ" ਨੂੰ ਇਸ ਦੀ ਅੱਡਰੀ ਸੁਤੰਤਰਤਾ ਅਤੇ ਪਾਤਸ਼ਾਹੀ ਦੇ ਸਿਰਦਾਰੀ ਵਾਲੇ ਤਾਜ ਵਜੋਂ ਸ਼ਹਿਨਸ਼ਾਹੀ ਦੀ ਨਿਸ਼ਾਨੀ ਗਰਦਾਨ ਦਿੱਤਾ ਤੇ ਲਾਜ਼ਮੀ ਕਰ ਦਿੱਤਾ। ਪਾਤਸ਼ਾਹ ਸੱਚੀ ਸਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੰਦਪੁਰ ਵਾਸੀ ਸ਼ਹਿਰੀ ਖ਼ਾਲਸਾ ਪੰਥ ਦੇ ਨਾਗਰਿਕ ਨੂੰ ਕੇਸਾਂ ਨੂੰ ਗੁਰੂ ਕੀ ਮੋਹਰ ਤੇ ਦਸਤਾਰ ਨੂੰ ਪਾਤਸ਼ਾਹੀ ਦਾ ਤਾਜ ਅਜਿਹਾ ਬਣਾਇਆ ਕਿ ਕਰੋੜਾ ਵਿਚੋਂ ਵੀ ਉਸ ਦੀ ਪਹਿਚਾਣ ਅੱਡ ਹੀ ਦਿਸੇ।

## ਜੀਵਨ ਅਮਲ ਵਿਚ ਅਪਣਾਉਣਾ

ਸੰਸਾਰ ਵਿਚ ਕੇਵਲ ਇੱਕੋ ਇੱਕ ਧਰਮ ਦੇ ਅਨੁਆਈ ਹਨ ਜਿਨ੍ਹਾਂ ਲਈ ਦਸਤਾਰ ਤੇ ਉਹ ਵੀ ਸੁੰਦਰ ਦਸਤਾਰ, ਰੋਜ਼ਾਨਾ ਸਜਾਉਣੀ ਲਾਜ਼ਮੀ ਬੰਧੇਜ ਵਜੋਂ ਫ਼ਰਜ਼ ਆਇਦ ਕੀਤਾ ਗਿਆ ਹੈ। ਇਸ ਦਸਤਾਰ ਦੇ "ਸਾਬਤ ਸੂਰਤਿ ਦਸਤਾਰ ਸਿਰਾ ਦੇ ਦਸਤੂਰ ਅਮਲ ਦੀ ਰਹਿਤ ਨੂੰ ਨਿਭਾਉਣ ਵਾਲੀ ਤੇ ਇਸ ਲਈ ਸ਼ਹੀਦ ਹੋਣ ਵਾਲੀ ਇੱਕੋ ਇੱਕ ਸਿੱਖ ਕੌਮ ਹੀ ਹੈ। ਸਿੱਖ ਕੌਮ ਨੇ ਹੀ ਦੇਸ਼ ਅਤੇ ਵਿਦੇਸ਼ ਵਿਚ ਦਸਤਾਰ ਲਈ ਤੇ ਦਸਤਾਰ ਦੇ ਹੱਕ ਲਈ ਲੰਮੇ ਅਤੇ ਜਾਨਾਂ ਵਾਰਨ ਵਾਲੇ ਸੰਘਰਸ਼ ਨੂੰ ਲੜਿਆ ਹੈ ਤੇ

ਲਗਾਤਾਰ ਲੜ ਰਹੀ ਹੈ । ਸਿੱਖ ਕੌਮ ਹੀ ਇੱਕੋ ਇੱਕ ਕੌਮ ਹੈ ਜਿਸ ਦੇ ਧਰਮ ਦੇ ਆਰੰਭ ਤੋਂ ਹੀ ਆਦਿ ਧਰਮ ਅਸੂਲ ਅਤੇ ਮਰਿਆਦਾ ਦੀ ਰਹਿਤ ਧਾਰੀ ਸਭਿਅਤਾ ਅਤੇ ਸੰਸਕ੍ਰਿਤੀ ਬਣ ਕੇ ਦਸਤਾਰ ਇਸ ਦੀ ਗਰਭ ਜਣਨ ਤੋਂ ਬਾਅਦ ਗੋਦ ਬਣ ਗਈ ਸੀ । ਸਿੱਖ ਹੀ ਅਜਿਹਾ ਨਾਗਰਿਕ ਬਣਿਆ ਜਿਸ ਦੀ ਅਕਾਲ ਵੰਸੀ ਹੋਂਦ ਦੇ ਨਾਲ ਹੀ ਉਸ ਦੀ ਦਸਤਾਰ ਬੰਦੀ ਬਤੌਰ "ਸੈਭੰ" ਪ੍ਰਭੁਤਾ ਧਾਰੀ ਸੱਤਾ ਵਜੋਂ ਉਸ ਦੇ ਆਦਿ ਗੁਰੂ ਨਾਨਕ ਸਰਕਾਰ ਨੇ ਆਪ ਕਰ ਦਿੱਤੀ । ਜਿਸ ਨੂੰ ਆਪੇ ਗੁਰ ਚੇਲਾ ਦੇ ਕ੍ਰਮ ਵਿਕਾਸ ਵਿਚ ਲਾਜ਼ਮੀ ਅੰਗ ਬਣਾ ਦਿੱਤਾ ਗਿਆ ।

ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਨੁਸਾਰ ਹੀ ਸਿੱਖ ਇਤਿਹਾਸ ਵਿਚ ਗੁਰੂ ਨਾਨਕ ਸਰਕਾਰ ਤੋਂ ਬਾਅਦ ਅਕਾਲ ਦੀ ਪਾਤਸ਼ਾਹੀ ਦੇ ਤਖ਼ਤ ਅਕਾਲ ਤੇ ਗਾਈ ਜਾਂਦੀਆਂ ਢੱਡ ਵਾਰਾਂ ਨੇ (ਢਾਡੀ ਅਬਦੁੱਲਾ ਜੀ ਨੇ) ਗੁਰੂ ਪਾਤਸ਼ਾਹੀ ਦੀ ਦਸਤਾਰ ਨੂੰ ਦਿੱਲੀ ਬਾਦਸ਼ਾਹ ਦੀ ਦਸਤਾਰ ਤੋਂ ਉੱਚੀ, ਸੁੱਚੀ ਅਤੇ ਸੱਚੀ ਸਰਕਾਰ ਵਜੋਂ ਲੋਕ ਮਨਾ ਵਿਚ ਉਕਰਾ ਦਿੱਤਾ :

"ਦੋ ਤਲਵਾਰਾਂ ਬੱਧੀਆਂ , ਇਕ ਮੀਰ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।.....
ਪੱਗ ਤੇਰੀ , ਕੀ ਜਹਾਂਗੀਰ ਦੀ।"

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਨਗਰ ਪਾਉਂਟਾ ਵਸਾਇਆ ਤਾਂ ਜਮਨਾ ਨਦੀ ਦੇ ਕੰਡੇ ਤੇ ਸਿੱਖਾਂ ਵਿਚ ਦਸਤਾਰ ਮੁਕਾਬਲੇ ਕਰਵਾਉਣੇ ਅਰੰਭੇ। ਸੁੰਦਰ ਅਤੇ ਸੋਹਣੀ ਚਿਣੀ ਹੋਈ ਦਸਤਾਰ ਲਈ ਇੱਕ ਇੱਕ ਢਾਲ ਸੋਨੇ ਦੀਆਂ ਮੋਹਰਾ ਭਰ ਕੇ ਇਨਾਮ ਵਿਚ ਦਿੱਤੀ। ਇਸੇ ਪ੍ਰਥਾ ਨੂੰ ਹੋਰ ਸ਼ਾਨ ਤੇ ਮਾਨ ਦਿੰਦੇ ਹੋਏ ਸਿੱਖ ਸਟੇਟ ਅਨੰਦਪੁਰ ਸਾਹਿਬ ਰਾਜਧਾਨੀ ਵਿਚ ਆਪ ਜੀ ਨੇ ਜਦੋਂ ਸਿੱਖਾਂ ਦੇ ਇਜਲਾਸ ਸੱਦਣੇ ਤਾਂ ਉਸ ਵਿਚ ਸਤਿਕਾਰ ਅਤੇ ਮਾਨ ਦੀ ਬਖ਼ਸ਼ਿਸ਼ ਵਜੋਂ "ਦਸਤਾਰ" ਦੇਣ ਦੀ ਪ੍ਰਥਾ ਦਾ ਆਰੰਭ ਕੀਤਾ "ਦਰ ਹੰਗਾਮੇ ਰੁਖਸਤ ਹਰ ਕਦਾਮੇਂ, ਅਜ਼ ਮਸੰਦਾ ਰਾ ਗੁਰੂ ਦਸਤਾਰ-ਇ-ਅਨਾਇਤ ਕੁਨੰਦ॥" ਭਾਵ ਅਰਥ ਸੰਖੇਪ ਇਹ ਕਿ ਸਤਿਗੁਰਾਂ ਨੇ ਮਸੰਦਾ ਨੂੰ ਦਸਤਾਰ ਦੇ ਕੇ ਉਨ੍ਹਾਂ ਦਾ ਸਨਮਾਨ ਤੇ ਮਾਨ ਦੇ ਕੇ ਰੁਖ਼ਸਤ ਕੀਤਾ।

ਪੁਰਾਤਨ ਸਿੱਖ ਰਹਿਤਨਾਮਿਆਂ ਵਿਚਲੀਆਂ ਕਈ ਗੱਲਾਂ ਬਾਰੇ ਚਾਹੇ ਹਾਲੇ ਸਹਿਮਤੀ ਬਣਾਉਣੀ ਤੇ ਉਨ੍ਹਾਂ ਦੀ ਪੁੰਨ ਛਾਣ ਦੀ ਗੁੰਜਾਇਸ਼ ਤੇ ਕੋਈ ਰਾਏ ਦਿੱਤੇ ਬਗੈਰ; ਦਸਤਾਰ ਦਾ ਮੁੱਦਾ ਇਨ੍ਹਾਂ ਸਭਨਾਂ ਰਹਿਤਨਾਮਿਆਂ ਵਿਚ ਸ਼ਬਦ ਗੁਰੂ ਆਦੇਸ਼ ਅਨੁਸਾਰ ਹੀ ਲਿਖਤਬੱਧ ਹੈ ਤੇ ਬਿਨਾਂ ਕਿੰਤੂ ਪ੍ਰੰਤੂ ਅਪਣਾਉਣ ਜੋਗਾ ਹੈ । ਜੋ ਸਾਡੇ ਉਸ ਵਕਤ ਦੇ ਸਿੱਖੀ ਕਿਰਦਾਰ ਤੇ ਇਤਿਹਾਸ ਦੀ ਸਮਕਾਲੀ ਪ੍ਰਮਾਣਿਕਤਾ ਨਾਲ ਦਸਤਾਰ ਦੀ ਸਿੱਖ ਜੀਵਨ ਜਾਂਚ ਵਿਚ ਅਟੁੱਟ ਸਬੰਧਤਾ ਨੂੰ ਪੀਡਾ ਕਰਦਾ ਹੈ ।

ਭਾਈ ਨੰਦ ਲਾਲ ਜੀ ਦਾ ਸਿੱਖ ਨੂੰ ਨਿੱਤ ਦੇ ਜੀਵਨ ਵਿਚ ਸੰਦੇਸ਼ ਸਪਸ਼ਟ ਹੈ "ਕੰਘਾ ਦੋਨਉ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।"ਤਨਖਾਹਨਾਮਾ ਇਸੇ ਦੀ ਪ੍ਰੋੜ੍ਹਤਾ ਪੰਜਾ

ਪਿਆਰਿਆਂ ਵਿਚੋਂ ਭਾਈ ਦਯਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਕਰਦੇ ਹਨ "ਕੰਘਾ ਦ੍ਵੈ ਕਾਲ ਕਰੇ ਪਾਗ ਚੁਨਕਿ ਬਾਧੇ॥" ਭਾਈ ਦੇਸਾ ਸਿੰਘ ਜੀ ਆਪਣੇ ਰਹਿਤ ਨਾਮੇ ਵਿਚ ਸਪਸ਼ਟ ਲਿਖਦੇ ਹਨ "ਜੂੜਾ ਸੀਸ ਕੇ ਮੱਧ ਭਾਗ ਮੇਂ ਰੱਖੇ ਔਰ ਪਾਗ ਬੜੀ ਬਾਂਧੇ॥"

ਸ਼ੇਖ ਸਾਅਦੀ ਈਰਾਨ ਦਾ ਮੁਖੀ ਸਾਹਿਤਕਾਰ ਪੱਗ ਨੂੰ ਕੇਵਲ ਪਹਿਰਾਵਾ ਨਾਂਹ ਮੰਨ ਕੇ ਇਹ ਪੱਗ ਧਾਰੀ ਦੇ ਕਿਰਦਾਰ ਤੇ ਜ਼ਮੀਰ ਦੀ ਪਹਿਚਾਣ ਕਰਾਉਂਦੀ ਸ਼ਨਾਖ਼ਤੀ ਕਾਰਡ ਵੀ ਮੰਨਦਾ ਹੈ "ਮਰਦੁਮ ਰਾ ਮੇ ਸ਼ਨਾਸਦ ਅਜ਼, ਰਫ਼ਤਾਰੋਂ ਗੁਫਤਾਰੋ ਦਸਤਾਰ।" ਆਦਮੀ ਦੀ ਅਸਲ ਪਹਿਚਾਣ ਉਸ ਦੀ ਪੱਗ ਚਾਲ ਤੇ ਬੋਲ ਤੋਂ ਹੁੰਦੀ ਹੈ। ਇਲਾਕਾਈ ਵਿਭਿੰਨਤਾ ਦੀ ਪਹਿਚਾਣ ਤੇ ਦਸਤਾਰ ਬੰਨ੍ਹਣ ਦੇ ਢੰਗ ਤੋਂ ਮੰਨਿਆਂ ਜਾਂਦਾ ਹੈ ਕਿ ਉਸ ਵਿਅਕਤੀ ਦੀ ਭੂਗੋਲਿਕਤਾ, ਉਸ ਦੇ ਕਾਰੋਬਾਰ, ਉਸ ਦੀ ਵਿੱਦਿਆ ਦੇ ਨਾਲੋਂ ਨਾਲ ਉਸ ਦੇ ਸਮਾਜਿਕ ਪਿਛੋਕੜ ਦੀ ਵੀ ਪਹਿਚਾਣ ਹੋ ਜਾਂਦੀ ਹੈ।

ਮੁੱਕਦੀ ਗੱਲ ਇੱਥੇ ਹੈ ਕਿ ਦਸਤਾਰ ਤੋਂ ਬਿਨਾਂ ਸਿੱਖ ਮਨੁੱਖ ਦੀ ਕਲਪਨਾ ਅਧੂਰੀ ਹੈ, ਅਪੰਗ ਹੈ। ਇਸੇ ਲਈ ਹੀ ਸ਼ਹੀਦਾਂ ਦੇ ਸਿਰਤਾਜ ਪਾਤਸ਼ਾਹ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਨੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਸਾਰੀਕਰਨ ਦੀ ਹੱਦ ਵਿਚ ਸਿੱਖ ਮਨੁੱਖ ਦੀ ਨਾਗਰਿਕਤਾ ਦਾ ਸਰਬੰਗੀ ਪਰਿਭਾਸ਼ਿਤ ਨਜ਼ਾਰਾ ਦ੍ਰਿਸ਼ਮਾਨ ਕਰਾ ਦਿੱਤਾ ਹੈ :"ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥"[74] ਸਪਸ਼ਟ ਹੀ ਹੈ ਕਿ ਅਕਾਲ ਵੱਲੋਂ ਬਖ਼ਸ਼ਿਸ਼ ਦੂਹਰੇ ਦੁਮਾਲੇ ਵਾਲੀ ਸਿੱਖ ਨਾਗਰਿਕਤਾ ਦੇ ਧਾਰਨੀ ਗੁਰਮੁਖ ਦੀ ਸਦੀਵੀ ਫ਼ਤਹਿ ਨਿਸ਼ਚਿਤ ਹੈ। ਇਹ ਦੂਹਰੀ ਫ਼ਤਹਿਯਾਬੀ ਹੈ ਅਧਿਆਤਮਿਕਤਾ ਦੇ ਨਾਲੋਂ ਨਾਲ ਸੰਸਾਰਿਕਤਾ ਦੇ ਮੈਦਾਨੇ ਜੰਗ ਦੀ ਪਾਤਸ਼ਾਹੀ।

ਇੰਜ ਆਮ ਜ਼ਿੰਦਗੀ ਵਿਚ ਸਿੱਖ ਨੂੰ ਹਮੇਸ਼ਾ ਚੇਤੇ ਰੱਖਣ ਦੀ ਲੋੜ ਹੈ ਕਿ ਉਸ ਦੀ ਸੁੰਦਰ ਚਿਣੀ ਹੋਈ ਦਸਤਾਰ ਉਸ ਦੇ ਪੰਥ ਦੇ ਕਿਰਦਾਰ ਗੁਫ਼ਤਾਰ ਤੇ ਰਫ਼ਤਾਰ ਦਾ ਉਹ ਸ਼ਨਾਖ਼ਤੀ ਕਾਰਡ ਸੰਸਾਰ ਨੂੰ ਦਿੰਦੀ ਹੈ ਜਿਸ ਰਾਹੀਂ ਸੰਸਾਰ ਉਸ ਦੇ ਦਰਸ਼ਨਾਂ ਨਾਲ ਹੀ ਸਿੰਘ ਦੀ ਪਾਤਸ਼ਾਹੀ, ਅਣਖ, ਉੱਚ ਕਿਰਦਾਰ, ਅਧਿਆਤਮਕ ਤੇ ਸੰਸਾਰਿਕ ਸਤਾ ਦੀ ਪ੍ਰਭੁਤਾ ਦਾ ਮੁੱਦਈ ਬਣ ਜਾਂਦਾ ਹੈ। ਕਿਉਂਕਿ, ਦਸਤਾਰ ਅਕਾਲ ਦੀ ਰੂਹਾਨੀਅਤ ਨਾਲ ਖ਼ਾਲਸਾ ਜੀ ਨੂੰ ਲਬਾਲਬ ਕਰ ਕੇ ਸਿੱਖ ਨਾਗਰਿਕਤਾ ਦੀ ਸਰਦਾਰੀ ਤੇ ਖ਼ੁਦਮੁਖ਼ਤਾਰੀ ਦੀ ਪ੍ਰਭੁਤਾ ਧਾਰੀ ਸ਼ਹਿਰੀਅਤ ਦੀ ਹੱਕ ਵਾਜਬ ਪ੍ਰੋੜ੍ਹਤਾ ਨਾਲ ਉਸ ਦੀ ਛਾਪ ਸੰਗੇ ਮੀਲ ਵਾਂਗ ਛਾਪ ਦਿੰਦੀ ਹੈ। ਇਸ ਲਈ ਇਸ ਦੀ ਸੰਭਾਲ ਸੀਸ ਤੇ ਕਰਨੀ ਖ਼ਾਲਸਾ ਜੀ ਦੀ "ਸਰਕਾਰੀ ਤੇ ਸਰਦਾਰੀ" ਦੀ ਪਾਤਸ਼ਾਹੀ ਦੇ ਦਾਅਵੇ ਦੀ ਦਾਅਵੇਦਾਰੀ ਨੂੰ ਪ੍ਰਭੁਤਾ ਨਾਲ ਜਿਊਣ ਵਾਲੀ ਕੌਮੀ ਵਿਰਾਸਤ ਦੀ ਜਗੀਰ ਦੀ ਸੰਭਾਲ ਹੈ। ਜਦ ਗੁਰੂ ਨੇ ਸਿੱਖ ਨੂੰ "ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ॥"[82] ਦੀ ਸਿੱਖਿਆ ਨਾਲ ਪਿਤਾ ਅਕਾਲ ਪੁਰਖ ਦੀ ਸਮੁੱਚੀ ਵਿਰਾਸਤ ਦੀ

ਸੇਵਾ ਸੰਭਾਲ ਬਖ਼ਸ਼ੀ ਹੈ ਤਾਂ ਫਿਰ ਇਸ ਤੋਂ ਮੁਨਕਰ ਹੋ ਕੇ ਜੀਵਨ ਜਿਊਣ ਵਾਲੇ ਨੂੰ ਆਪਣੇ ਹੱਕਾਂ ਤੋਂ ਭਗੌੜਾ ਹੋ ਆਪ ਮੰਗਤਾ ਤੇ ਗ਼ੁਲਾਮ ਕੈਦੀ ਬਣਨ ਦੀ ਕਮਜ਼ੋਰੀ ਹੀ ਕਰਾਰ ਦਿੱਤਾ ਜਾਵੇਗਾ । ਤੇ ਅਜਿਹੇ ਇਨਸਾਨ ਨੂੰ ਕਿਉਂ ਨਾਂਹ ਕੋਈ ਵੀ ਗ਼ਲਤ ਅਨਸਰ ਆਪਣੀ ਗ਼ਰਜ਼ੀ ਬਘਿਆੜੀ ਭੁੱਖ ਦਾ ਸ਼ਿਕਾਰ ਬਣਾਵੇ ? ਦਸਤਾਰ ਵੰਗਾਰ ਹੈ ਇਸੇ ਦੀ ਕਿ ਸਿੱਖ ਨੇ ਪਾਤਸ਼ਾਹੀ ਲੈਣੀ ਹੈ ਜਾਂ ਗ਼ੁਲਾਮੀ ।

# 2. ਕਿਰਪਾਨ

(ਗਾਤਰੇ ਪਈ)

## ਕਿਰਪਾਨ



ਸਿੱਖ ਦੀ ਕਿਰਪਾਨ ਨੂੰ ਭਾਰਤੀ ਸੰਵਿਧਾਨ ਦੀ ਧਾਰਾ 25 ਵਿਚ ਸਿੱਖਾਂ ਦਾ ਧਾਰਮਿਕ ਚਿੰਨ੍ਹ ਮੰਨਦੇ ਹੋਏ ਇਸ ਨੂੰ ਗਾਤਰੇ ਸਮੇਤ ਪਾਉਣ ਦੀ ਵਿਧਾਨਿਕਤਾ ਦਿੱਤੀ ਗਈ ਹੈ । ਇਸ ਦੀ ਲੰਬਾਈ ਨੀਅਤ ਨਹੀਂ ਕੀਤੀ ਗਈ ਹੈ, ਫਿਰ ਵੀ ਭਾਰਤ ਵਿਚ ਹਵਾਈ ਸਫ਼ਰ ਦੌਰਾਨ ਇਸ ਦੀ 6 ਇੰਚ ਲੰਬਾਈ ਨੀਅਤ ਹੈ ।

### ਗੁਰਮਤਿ ਅਰਥ

ਕਿਰਪਾਨ- ਇਹ ਵੀ ਸਿੱਖ ਸਭਿਅਤਾ ਧਾਰੀ ਮਨੁੱਖਤਾ ਦਾ "ਆਦਿ" ਅੰਗ ਹੈ । ਜੋ ਸੰਸਾਰਿਕ ਜਨਮ ਤੋਂ ਬਾਅਦ ਸਿੱਖ ਜੀਵ ਦੀ ਆਦਿ ਮਨੋਬਿਰਤੀ ਦੀ ਚੇਤਨਾ ਅਤੇ ਸੁਰਤ ਦੀ ਨਾਨਕਸ਼ਾਹੀ ਸੈਭੰ ਦਾ ਹਕੀਕੀ ਲੱਛਣ ਹੈ।

ਜ਼ੁਲਮ, ਜ਼ਬਰ, ਬੁਰਾਈ ਦੇ ਟਾਕਰਾ ਕਰਨਾ ਸਿੱਖੀ ਵਿਚ ਸ਼ੁੱਭ ਕਰਮ ਹੈ। ਸਿੱਖ ਮਨੁੱਖ ਵਿਚ ਅਜਿਹਾ ਸ਼ੁੱਭ ਕਰਮ ਕਰਨ ਦੀ ਜੁਰਅਤ ਅਤੇ ਨਿਸ਼ਚਾ ਸਿੱਖੀ ਦੇ "ਜਪੁ" ਆਦਰਸ਼ ਵਿਚੋਂ ਨਿਕਲਦਾ ਹੈ। ਇਹੋ ਆਦਰਸ਼ ਸਿੱਖ ਮਨੁੱਖ ਨੂੰ "ਹੁਕਮ" ਮੰਨਣ ਵੱਲ ਸਮੋ ਹਿਤ ਕਰਦਾ ਹੈ। ਇਹ ਹੁਕਮ ਮੰਨਣ ਦੀ ਜਪੁ ਭਗਤੀ ਦੀ ਹੀ ਸ਼ਕਤੀ ਹੈ ਜੋ ਸਿੱਖ ਮਨੁੱਖ ਨੂੰ ਬੁਰਾਈ ਦੇ ਸਾਹਮਣੇ, ਗੁਰੂ ਨਾਨਕ ਦੀ ਹਾਕਮ ਨੂੰ 'ਜਾਬਰ' ਕਹਿਣ ਦੀ ਤਾਕਤ ਦੀ ਦਲੇਰੀ ਦਿੰਦੀ ਹੈ । ਇਸੇ ਦਲੇਰੀ ਨੂੰ ਹੀ ਕਿਰਪਾਨ ਧਾਰੀ ਹੋ ਕੇ ਸਿੱਖ ਮਨੁੱਖ "ਸਰਬੱਤ ਦੇ ਭਲੇ" ਦੇ ਮਿਸ਼ਨ ਲਈ ਹਿਰਨੀ ਚੁੰਗੀਆਂ ਭਰੀ ਜਾਂਦਾ ਹੈ। "ਸਰਬੱਤ ਦੇ ਭਲੇ ਲਈ" ਜ਼ਬਰ, ਜ਼ੁਲਮ ਤੇ ਬੁਰਾਈ ਦੇ ਨਾਸ਼ ਲਈ, ਭਗਤੀ ਵਿਚੋਂ ਮਿਲੀ ਸ਼ਕਤੀ ਰਾਹੀਂ ਸਿੱਖ ਦੀ ਕਿਰਪਾਨ ਦੀ ਵਰਤੋਂ ਹਿੰਸਾ ਨਹੀਂ; ਅਹਿੰਸਾ ਹੈ। ਜੋ ਸਿੱਖ ਸ਼ਕਤੀ ਦੀ ਯੋਗ ਸਮੇਂ, ਯੋਗ ਮਿਕਦਾਰ ਵਿਚ ਸੁਯੋਗ ਵਰਤੋਂ ਕਰਨ ਦੇ ਸਮਰੱਥ ਹੈ ।

ਗੁਰੂ ਨਾਨਕ ਦੀ "ਭਗਤੀ ਤੇ ਸ਼ਕਤੀ" ਦੇ ਸੁਮੇਲ ਵਿਚੋਂ ਮੌਲਦੀ ਮਨੁੱਖਤਾ ਦੇ ਕਿਰਦਾਰ ਹੱਥ "ਮੀਰੀ-ਪੀਰੀ" ਦੀ ਨਸਲ ਧਾਰੀ ਸਿੱਖ ਸਭਿਅਤਾ ਦੀ ਨਿਰਭਉ, ਨਿਰਵੈਰ ਸੈਭੰ ਪ੍ਰਭੁ ਸੱਤਾ ਦੀ ਖ਼ਾਲਸਤਾਈ ਹੋਂਦ ਦੀ ਨਿਸ਼ਾਨੀ ਤੇ ਸਦੀਵੀ ਫ਼ਤਹਿ ਦੀ ਅਕਾਲ ਬਖ਼ਸ਼ਿਸ਼ ਹੈ। ਧਰਮ ਤੇ ਸੱਤਾ ਦੀ ਸਵੈ ਮਾਣੀ ਅਣਖ, ਆਨ ਤੇ ਰੱਖਿਆ ਦੀ

"ਆਦਿ" ਆਜ਼ਾਦੀ 'ਅਕਾਲ ਸ਼ਕਤੀ' ਹੈ। ਇਹ ਤਲਵਾਰ ਨਹੀਂ ਹੈ। ਇਹ ਸ਼ਾਸਨ ਲੈਣ ਜਾਂ ਕਰਨ ਲਈ ਨਹੀਂ ਉੱਠਦੀ, ਸਗੋਂ ਇਹ ਜਗਤ ਵਿਚ ਅਕਾਲ ਦੇ ਸ਼ਾਸਨ ਤੇ ਸਤਾ ਦੀ ਹਾਕਮੀ ਚਲਾਉਣ, ਸੱਚ ਨਿਆਂ ਪ੍ਰਗਟਾਉਣ, ਸਮਾਨਤਾ-ਬਰਾਬਰਤਾ ਵਰਤਾਉਣ ਲਈ ਹੀ ਮਿਆਨੋਂ ਬਾਹਰ ਆਉਂਦੀ ਹੈ। ਇਸ ਦਾ ਮਿਸ਼ਨ ਜਰਵਾਣੇ ਦਾ ਸੰਘਾਰ ਤੇ ਸੱਚ ਦਾ ਪਸਾਰ ਕਰਨਾ ਹੈ।

## ਗੁਰਬਾਣੀ ਵਿਸਥਾਰ

ਅਹਿੰਸਾਵਾਦ ਸਿੱਖ ਦਾ ਨਾਂਹ ਹੀ ਆਦਰਸ਼ ਹੈ ਤੇ ਨਾਂਹ ਹੀ ਸੰਕਲਪ ਹੈ। ਦੂਜੇ ਬੰਨੇ ਨਾਲ ਹੀ ਨਾਲ ਹਿੰਸਾ ਵਾਦ ਵੀ ਸਿੱਖ ਦਾ ਨਾਂਹ ਹੀ ਸਿਧਾਂਤ ਹੈ, ਨਾਂਹ ਸੰਕਲਪ ਤੇ ਨਾਂਹ ਹੀ ਆਦਰਸ਼ ਹੈ। ਡਾ. ਤਾਰਨ ਸਿੰਘ ਜੀ ਦਾ ਕਥਨ ਹੈ 'ਸਿੱਖ ਵਿਚ ਸ਼ਕਤੀ ਦੀ ਯੋਗ ਸਮੇਂ ਵਰਤੋਂ ਦੀ ਜਾਚ ਭਗਤੀ ਵਿਚੋਂ ਪੈਦਾ ਹੁੰਦੀ ਹੈ' ।
ਮੂਲਵਾਦ ਦਾ ਆਦਿ ਸਿਧਾਂਤਕ ਵਰਤਾਰੇ ਦੀ ਹਕੀਕੀ ਪ੍ਰਭੁਤਾ ਹੈ ਕਿਰਪਾਨ । ਇਸ ਲਈ ਸਿੱਖੀ ਦਾ ਇਹ ਵੀ ਆਦਿ ਗੁਣ-ਅੰਗ ਤੇ ਨਾਗਰਿਕ ਚਿੰਨ੍ਹ ਹੈ।
ਕਿਰਪਾਨ ਚਿੰਨ੍ਹਾਤਮਿਕ ਰੂਪ ਵਿਚ ਅਕਾਲ ਦੀ ਪ੍ਰਭੁਤਾ ਦੀ ਸੈਭੰ ਪ੍ਰਭੂ ਸਤਾ ਦੀ ਖ਼ਾਲਸਤਾਈ ਅਕਾਲ ਤੋਂ ਮਿਲਿਆ ਹੱਕ ਹੈ। ਜੋ ਪ੍ਰਭੂ ਸੱਤਾ ਸੰਪੰਨ ਹੈ। ਕਿਰਪਾਨ ਦਾ ਅਸਲੋਂ ਪ੍ਰਗਟ ਅਰਥ ਅਤੇ ਬੋਧ ਹੀ ਇਹ ਹੈ ਕਿ ਇਹ ਸੀਮਾ, ਸਮੇਂ, ਰੇਖਾ ਜਾਂ ਖ਼ਿੱਤੇ ਦੇ ਪ੍ਰਭਾਵ ਅਤੇ ਆਦੇਸ਼ ਤੋਂ ਨਿਰਲੇਪ ਤੇ ਸੁਤੰਤਰ ਹੈ।
ਜਿਸ ਦਾ ਨਿਸ਼ਾਨਾਂ "ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥"[74] ਹੈ। ਇਸ ਦਾ ਮਾਰਗ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥"[1412] ਇਸ ਦੀ ਮੰਜ਼ਿਲ "ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ॥ ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥"[655] ਭਰਮੀ ਗਿਆਨੀ ਲੋਕ ਜੋ ਸਮਾਜ ਦੀ ਅਗਵਾਈ ਕਰਦੇ ਫਿਰਦੇ ਹਨ ਉਹ ਵੀ ਮੌਤ ਦੇ ਡਰ ਵਿਚ ਪਏ ਸਹਿਮ ਅਤੇ ਗੁਲਾਮੀਅਤ ਹੀ ਪੈਦਾ ਕਰਦੇ ਪਏ ਹਨ। ਮਨੁੱਖ ਦੀ ਆਦਿ ਪ੍ਰੇਮਾ ਭਗਤੀ ਦੀ ਸ਼ਕਤੀ ਹੀ ਉਸ ਨੂੰ ਆਜ਼ਾਦ ਤੇ ਖ਼ਾਲਸਾ ਬਣਾ ਕੇ ਸਾਹਮਣੇ ਲਿਆਉਂਦੀ ਹੈ । ਫਿਰ ਇਹ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 36 ਅਨੇਕਤਾਵਾਂ ਵਿਚਲੀ ਅਕਾਲ ਏਕਤਾ ਰੂਪੀ ਸਿੱਖ ਮਨੁੱਖ "ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ॥ ਸਭ ਸੁਖਾਲੀ ਵੁਠੀਆ ॥ ਇਹੁ ਹੋਆ ਹਲੇਮੀ ਰਾਜੁ ਜੀਉ॥"[343] ਦੇ ਮਾਰਗ ਤੇ ਤੁਰ ਪੈਂਦਾ ਹੈ । ਜਿੱਥੇ ਉਹ ਆਪਣਾ ਨਿਸ਼ਾਨਾ ਫ਼ਤਹਿ ਕਰ ਹਕੀਕੀ ਰੂਪ ਵਿਚ ਇੰਜ ਪ੍ਰਗਟ ਕਰਦਾ ਹੈ "ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ

ਤਿਹਿ ਠਾਉ॥ ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥ ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥"[345] ਅਜਿਹੀ ਪਾਤਸ਼ਾਹੀ ਵਾਲੀ ਰਾਜ ਵਿਵਸਥਾ ਜੋ ਮਨੁੱਖ ਨੂੰ ਆਤਮ ਮੰਡਲ ਦੇ ਨਾਲੋਂ ਨਾਲ ਸੰਸਾਰਿਕ ਮੰਡਲ ਵਿਚ ਅਜਿਹੀ ਸੁਖਦਾਈ ਸ਼ਹਿਰੀਅਤ ਨਸੀਬ ਕਰਵਾਏ, ਕਿਰਪਾਨ ਉਨ੍ਹਾਂ ਦੇ ਇਸ ਸੰਕਲਪ ਦਾ ਆਦਿ ਖ਼ਿਆਲ ਦੀ ਆਦਿ ਪਹਿਚਾਣ ਵਾਲੀ ਆਦਿ ਸੁਤੰਤਰਤਾ ਦੀ ਖ਼ਾਲਸਤਾਈ ਬਣਤਰ ਦੀ ਜ਼ਾਮਨੀ ਹੈ। ਜੋ ਆਪਣੇ ਆਪ ਵਿਚ ਅਕਾਲ ਸਰੂਪ ਸੈਭੰ ਹੈ।

## ਨਾਨਕਸ਼ਾਹੀ ਨਜ਼ਰੀਆ

ਗੁਰੂ ਨਾਨਕ ਦਾ ਆਦਿ ਮਨੁੱਖ ਅਨਹਦ ਨਾਦ ਦੀ ਭਗਤੀ ਤੋਂ ਸ਼ਕਤੀ ਲੈ ਕੇ ਸਿੱਖ ਸਜਦਾ ਹੈ। ਇਹ ਸਫ਼ਰ ਉਹ ਰਬਾਬ ਦੀ ਤਾਰ ਦੀ ਧਾਰ ਦੀ ਛਣਕਾ ਹਟ ਦੀ ਧੁਨੀ ਤੋਂ ਕਿਰਪਾਨ ਦੀ ਧਾਰ ਤੇ ਪੂਰਾ ਕਰਦਾ ਹੈ । ਗੁਰੂ ਨਾਨਕ ਦੀ ਰਬਾਬ ਵੀ ਮਨੁੱਖਤਾ ਨੂੰ ਅਕਾਲ ਦੀ ਬਾਣੀ ਨਾਲ ਜੋੜ ਕੇ ਪ੍ਰਭੂ ਸਤਾ ਸੰਪੰਨ ਬਣਾਉਂਦੀ ਹੈ ਤੇ ਕਿਰਪਾਨ ਵੀ ਪ੍ਰਭੂ ਸਤਾ ਸੰਪੰਨ ਰਾਸ਼ਟਰ ਦੀ ਪਹਿਚਾਣ ਅਤੇ ਰੱਖਿਆ ਦੀ ਨਿਸ਼ਾਨੀ ਹੈ।

ਕਿਰਪਾਨ ਦੇ ਅਰਥ ਆਮ ਕਰ ਕੇ ਕਿਰਪਾ + ਆਨ ਤੋਂ ਕੀਤੇ ਜਾਂਦੇ ਹਨ।

ਮਨੁੱਖਤਾ ਤੇ ਕਿਰਪਾ ਕੇਵਲ ਅਕਾਲ ਪੁਰਖ ਹੀ ਕਰ ਸਕਦਾ ਹੈ ਤੇ ਕਰਦਾ ਹੈ ।

ਸਵੈਮਾਨ ਨੂੰ ਜਿਊਂਦਾ ਰੱਖਣ ਅਤੇ ਸੰਭਾਲਣ ਲਈ ਅਣਖ ਚਾਹੀਦੀ ਹੈ ਤੇ ਅਣਖ ਅਕਾਲ ਪੁਰਖ ਦੀ ਕਿਰਪਾ ਨਾਲ ਹੀ ਮਨੁੱਖਤਾ ਨੂੰ ਨਸੀਬ ਹੁੰਦੀ ਹੈ। ਖ਼ਾਲਸਾ ਇੱਕੋ ਇੱਕ ਮਨੁੱਖ ਹੈ ਜੋ ਸੰਸਾਰ ਵਿਚ ਮਨੁੱਖੀ ਅਣਖ ਤੇ ਮਨੁੱਖਤਾ ਲਈ ਅਣਖ ਖ਼ਾਤਰ ਸਿਰਫ਼ ਲੜਦਾ ਹੀ ਨਹੀਂ ਹੈ ਸਗੋਂ ਆਪਣਾ ਸਭ ਕੁੱਝ ਨਿਛਾਵਰ ਕਰਦਾ ਚਲਾ ਆ ਰਿਹਾ ਹੈ ।

ਕਿਰਪਾ + ਆਨ ਤੇ ਅਗਰ ਲਿਆ ਕੇ ਕਿਰਪਾਨ ਨੂੰ ਅਸੀਂ ਸਿੱਖ ਸਮੇਟਦੇ ਰਹਾਂਗੇ ਅਜਿਹਾ ਵਿਚਾਰ ਸੰਕੀਰਨਤਾ ਵਿਚਲੀ ਮਨੋਬਿਰਤੀ ਰਾਹੀਂ ਕਿਰਪਾਨ ਦੇ ਦਾਇਰੇ ਨੂੰ ਬਹੁਤ ਸੀਮਤ ਕਰਦਾ ਹੈ ।

ਉਹ ਬੰਦਾ ਕਿਸੇ ਦੂਜੇ ਤੇ ਕਿਰਪਾ ਕਿਵੇਂ ਕਰ ਸਕਦਾ ਜੋ ਆਪ ਆਜ਼ਾਦ ਨਹੀਂ ਹੈ ? ਤੇ ਆਜ਼ਾਦੀ ਸਿਰਫ਼ ਸਰੀਰਕ ਹੀ ਨਹੀਂ ਹੁੰਦੀ, ਆਜ਼ਾਦੀ ਦੀ ਆਦਿ ਤੰਦ ਤਾਂ ਰਬਾਬ ਦੀ ਆਤਮਾ ਨਾਲ ਜੁੜੀ ਹੈ। ਜਿਹੜਾ ਮਨੁੱਖ ਆਤਮਾ ਤੋਂ ਭਗਤੀ ਕਮਾ ਕੇ ਨਿਰਭਉ, ਨਿਰਵੈਰ, ਨਿਰਲੇਪ ਤੇ ਚੰਗੇ ਮੰਦੇ ਦੀ ਪੁਣ ਛਾਣ ਸੱਚ ਤੇ ਖੜ ਕੇ ਕਰਨ ਜੋਗਾ ਬਲਵਾਨ ਹੋਇਆ ਹੈ ਉਹੀ ਆਜ਼ਾਦ ਹੈ । ਉਸੇ ਵਿਚ ਹੀ ਕੌਮੀ ਅਣਖ ਦਾ ਵਾਸ ਹੁੰਦਾ ਹੈ। ਜੋ ਆਤਮਾ ਵਿਚ ਮਨੋਬਿਰਤੀ ਵਿਚ ਭਗਤੀ ਕਮਾ ਕੇ ਬਲਵਾਨ ਨਹੀਂ ਹੋ ਪਾਇਆ ਉਹ ਫਿਰ ਨਰੋਇਆ ਸ਼ਹਿਰੀ ਵੀ ਨਹੀਂ ਬਣ ਸਕਦਾ। ਉਸ ਵਿਚ ਹੰਕਾਰ ਤਾਂ ਹੁੰਦਾ ਹੈ

ਕੌਮੀ ਅਣਖ ਨਹੀਂ ਹੁੰਦੀ। ਇਹ ਰਬਾਬ ਅਤੇ ਕਿਰਪਾਨ ਮਨੁੱਖ ਨੂੰ ਆਦਿ ਤੇ ਮੂਲ ਨਾਲ ਜੋੜ ਕੇ ਅਕਾਲ ਦੇ ਧਰਾਤਲ ਤੇ ਖੜ੍ਹਾ ਕਰਦੀ ਹੈ।

ਇਸ ਲਈ ਕਿਰਪਾਨ ਸ੍ਰਿਸ਼ਟੀ ਵਿਚ ਪ੍ਰਭੁਤਾ ਦਾ ਸੰਕਲਪ ਤੇ ਸਿਧਾਂਤ ਦਾ ਹਕੀਕੀ ਪ੍ਰਗਟਾਵਾ ਹੈ। ਇਸ ਨੂੰ ਕਿਰਪਾ ਤੇ ਆਨ ਤੇ ਲਿਆ ਕੇ ਇਸ ਦਾ ਘਟਾਅ ਨਾਂਹ ਕਰੋ।

## 54

# ਕਿਰਪਾਨ ਨੂੰ
# ਕਿਹੜੇ ਕਿਹੜੇ ਮੁਲਕ ਵਿਚ ਸੰਵਿਧਾਨਿਕਤਾ ਮਿਲੀ ਹੋਈ ਹੈ ?

ਭਾਰਤ ਵਿਚ ਦੇਸ਼ ਦ ਸੰਵਿਧਾਨ ਦੀ ਧਾਰਾ 25 ਵਿਚ ਗਾਤਰੇ ਸਮੇਤ ਕਿਰਪਾਨ ਸਿੱਖਾਂ ਨੂੰ ਪਹਿਨਣ, ਰੱਖਣ ਦਾ ਅਧਿਕਾਰ ਦਿੱਤਾ ਗਿਆ ਹੈ । ਜਿਸ ਦੀ ਲੰਬਾਈ ਨਿਸ਼ਚਿਤ ਨਹੀਂ ਹੈ। ਪਰ ਭਾਰਤੀ ਹਵਾਬਾਜ਼ੀ ਕੰਪਨੀਆਂ ਨੇ ਅੰਦਰੂਨੀ ਹਵਾਈ ਯਾਤਰਾਵਾਂ ਵਿਚ 6 ਇੰਚ ਲੰਮੀ ਕਿਰਪਾਨ ਸਿੱਖਾਂ ਨੂੰ ਸਮੇਤ ਗਾਤਰੇ ਪਹਿਨਣ ਦਾ ਅਧਿਕਾਰ ਹੈ । ਇਹ ਅਧਿਕਾਰ 1983 ਵਿਚ ਦਾਸ ਵੱਲੋਂ ਗੁਰਦੁਆਰਾ ਛੇਵੀਂ ਪਾਤਸ਼ਾਹੀ ਦਾਤਾ ਬੰਦੀ ਛੋੜ ਗਵਾਲੀਅਰ ਕਿਲ੍ਹਾ ਸਾਹਿਬ ਵਿਖੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਮੱਧ ਪ੍ਰਦੇਸ਼ ਵੱਲੋਂ ਲਾਏ ਗਏ ਕੈਂਪ ਦੌਰਾਨ ਵੀਰ ਸ. ਹਨੁਮੰਤ ਸਿੰਘ ਜੀ ਨੂੰ ਸਮੇਤ ਕਿਰਪਾਨ ਜਹਾਜ਼ ਵਿਚ ਚੜ੍ਹਨ ਤੋਂ ਰੋਕ ਦਿੱਤੇ ਜਾਣ ਤੋਂ ਬਾਅਦ ਉੱਥੇ ਹੀ ਆਰੰਭ ਕੀਤੇ ਮੋਰਚੇ ਤੋਂ ਬਾਅਦ 48 ਘੰਟਿਆਂ ਵਿਚ ਹਾਸਲ ਹੋਇਆ ਸੀ। ਤੇ ਵੀਰ ਨੂੰ ਉਸੇ ਹੀ ਕਪਤਾਨ ਦੀ ਫਲਾਈਟ ਵਿਚ ਬਿਠਾਇਆ ਗਿਆ ਸੀ ਜਿਸ ਨੇ ਪਹਿਲਾਂ ਸਮੇਤ ਕਿਰਪਾਨ ਲੈ ਜਾਣ ਤੋਂ ਰੋਕਿਆ ਸੀ । ਇਹ ਸਰਕੁਲਰ ਬਾਅਦ ਵਿਚ ਕਈ ਵਾਰ ਜਾਰੀ ਹੋਇਆ ਹੈ ਜੋ ਇੰਜ ਹੈ:



BUREAU OF CIVIL AVIATION SECURITY
(MINISTRY OF CIVIL AVIATION)
GOVERNMENT OF INDIA
A WING , JANPATH BHAWAN ,
JANPATH, NEW DELHI -110001

No. CAS-7(3)/84-DIV-I

Dated : 31.10.2002

CIRCULAR NO. 34 / 2002

It has been brought to notice of this Bureau that instructions pertaining to carriage of Kirpan by Sikh passengers of domestic flights are not properly implemented resulting in inconvenience to the Sikh passengers.

In view of the above it is further clarified that as per instructions in force issued vide Circular No. 9/56/74-IR dated 7.10.1983 (annexure-I) which were reiterated vide Circular no.8/99 dated 28.4.99 (annexure-II) Sikh passengers are allowed to carry Kirpan with them on board domestic flights. The total length of the 'Kirpan' should not exceed 22.86 CMs (9 inches) and the length of the blade should not exceed 15.24 CMs . (6 inches). It is being reiterated that these instructions should be fully implemented by concerned security personnel so that religious sentiments of the Sikh passengers are not hurt.

(R.K. Singh)
Addl. Commissioner of Security (CA)

Distribution as per list attached.

ਹੇਠ ਲਿਖੇ ਹੋਰ ਮੁਲਕਾਂ ਵਿਚ ਵੀ ਕਿਰਪਾਨ ਸਬੰਧੀ ਹੇਠ ਲਿਖੇ ਕਾਨੂੰਨ ਹੋਂਦ ਵਿਚ ਆਏ ਹਨ :

**In the United Kingdom (Legal)**

It is legal under the Criminal Justice Act 1988 (section 139) and Offensive Weapons Act 1996 (section 3 and 4) for a Sikh to carry a kirpan with a blade for religious reasons (other reasons allowed by the Act are cultural or work related reasons). The Criminal Justice Act 1988 safeguards the rights of the Sikhs to carry the Kirpan as it is deemed a necessary part of their religion.

**In the USA (Legal)**

There have been several court cases in the USA relating to the legality of wearing a kirpan in public places. Courts in New York and Ohio have ruled that banning the wearing of a kirpan is unconstitutional. In recent years the Sikh practice of wearing a kirpan has caused problems for security personnel at airports and other checkpoints. Security personnel may confiscate kirpans if they feel it is necessary, but are advised to treat them with respect.

**In Canada (Legal)**

In most public places in Canada a Sikh religious Kirpan is allowed but there some places where it is not clear cut. In the 2006 Supreme Court of Canada decision of Multani v. Commission scolaire Margueriteâ€'Bourgeoys the court held that the banning of the kirpan in a school environment is against Canada's Charter of Rights and Freedoms as a reasonable accommodation. The issue started when a 12 year old student dropped a 20 cm (8 inches) long kirpan in school. School staff and parents were very concerned, and the student was required to attend school under police supervision until the court decision was reached.

**In Sweden (Legal Conditional)**

Swedish law has a ban on "street weapons" in public places that also includes knives unless used for hobby (for instance fishing) or profession (for instance a carpenter). Knives considered harmless, like a pocket knife, are allowed so a dull kirpan is allowed.

**In Denmark**

On October 24, 2006, the Eastern High Court of Denmark upheld the earlier ruling of the Copenhagen City Court by which wearing of Kirpan by a Sikh was declared illegal. By this Denmark has become the first country in the World to pass such a ruling. Ripudaman Singh, who now works as a Scientist, was earlier convicted by the

City Court for violating the Danish Weapons Law for publicly carrying a knife. He was fined 3000 Danish Kroner or an alternate imprisonment of 6 days. Though the High Court quashed this sentence, it maintained that the carrying of Kirpan by a Sikh is in violation of the Danish Weapons Law. The judgment stated, After all the information about the accused, the reason for the accused to possess a knife and the other circumstances of the case, such exceptional extenuating circumstances are found, that the punishment should be dropped, cf. Penal Code Â§ 83, 2nd period.
Danish Weapons Law allows carrying of knives in public places if it is for fishing, hunting, sports or any other purpose recognized as valid. The High Court did not find religion as being a valid reason for carrying kirpan. It stated that, For these reasons, as stated by the City Court, it is agreed that the circumstance of the accused carrying the knife as a Sikh, cannot be regarded as a similarly recognisable purpose, included in the decision for the exceptions in weapon law Â§ 4, par. 1, 1st period, second part.

**European Law**

The Sikhs right to wear a Kirpan is protected by Article 9 of the European Convention on Human Rights on freedom of religion.

**Eurostar Train policy**

Letter from Richard Brown, Eurostar Chief Executive Officer (10-07-2006):

"Our security arrangements at Eurostar are in effect determined by Transec, the Transport Security Division of the Department for Transport, under the Channel Tunnel Security Order. They are very similar to the arrangements in place at airports for the airline passengers.

In practice, therefore, our response will depend on the size of the Kirpan being carried, which do of course vary in size very considerably. In general any blade of three inches' length or less is now permitted to by carried by passengers – provided this is not a flick knife or lock knife. Any longer than this, and a passenger is not allowed to carry the blade on them personally – but they can of course consign the item to registered luggage so that it is carried in a separate, locked compartment on the train. This would apply to a sword-length Kirpan, for instance.

My understanding is that many Kirpans are quite small."

# 55

## 3. ਕੰਘਾ

ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਕਾਠ (ਲੱਕੜ) ਦਾ ਕੰਘਾ ਵਤਨ ਏ ਖ਼ਾਲਸਾ ਸ੍ਰੀ ਅਨੰਦਪੁਰ ਸਾਹਿਬ ਵਿਖੇ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਸੁਸ਼ੋਭਿਤ ਹੈ। ਕੰਘਾ ਕੇਸਾਂ ਦੀ ਸਫ਼ਾਈ ਲਈ ਅਤੇ ਕੇਸਾਂ ਵਿਚ ਹੀ ਰੱਖਣ ਲਈ ਆਦੇਸ਼ ਹੈ।

### ਗੁਰਮਤਿ ਵਿਸਥਾਰ

ਕੰਘਾ ਗੁਰਬਾਣੀ ਦੇ ਮੁੱਢਲੇ ਤੇ ਮੌਲਿਕ ਸੰਕਲਪ ਦੀ ਸਿੱਖਿਆ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥"[1] ਦੀ ਸੀਸ ਤੇ ਧਰੀ ਜ਼ਿੰਮੇਵਾਰੀ ਦਾ ਪ੍ਰਤੀਕ ਹੈ।

### ਨਾਨਕਸ਼ਾਹੀ ਨਜ਼ਰੀਆ

ਇਹ ਕੁਦਰਤ ਦੇ ਸੰਘਵਾਦੀ ਤਤ੍ਵ ਦੀ ਮੌਲਿਕਤਾ ਨੂੰ ਕਾਇਮ ਰੱਖਣ ਦੀ ਪ੍ਰਤੀਬੱਧਤਾ ਨੂੰ ਪ੍ਰਗਟਾਉਂਦਾ ਹੈ। ਇਸ ਤੋਂ ਸਿਧਾਂਤ ਇਹ ਮਿਲਦਾ ਹੈ ਕਿ ਜਿਵੇਂ ਕੁਦਰਤ ਵਿਚ ਅਨੇਕਤਾ ਵਿਚ ਵੀ ਇੱਕ ਅਕਾਲ ਦੀ ਏਕਤਾ ਹੈ; ਤੇ ਸਭ ਕਣ ਆਪੋ-ਆਪਣੀ ਸੈਭੰ ਹੋਂਦ ਵਿਚ ਅਕਾਲ ਨਾਲ ਇੱਕ ਮਿੱਕ ਸੁਤੰਤਰਤਾ ਨਾਲ ਆਪੋ ਆਪਣਾ ਸਬੰਧ ਰੱਖਦੇ ਹਨ। ਠੀਕ ਉਵੇਂ ਹੀ ਜਿਵੇਂ ਇੱਕ ਇੱਕ ਕੇਸ ਸੁਤੰਤਰ ਰੂਪ ਵਿਚ ਆਪੋ ਆਪਣੀ ਹੋਂਦ ਦੇ ਪ੍ਰਗਟਾਵੇ ਨਾਲ ਮਨੁੱਖ ਨਾਲ ਆਪਣੀ ਜੜ ਦੀ ਸਬੰਧਤਾ ਰੱਖਦੇ ਹਨ। ਤਿਵੇਂ ਹੀ ਜੀਵ ਦੀ ਜੜ੍ਹ ਦੀ ਸਬੰਧਤਾ ਤੇ ਜੀਵਨ ਦੀ ਹੋਂਦ ਓਦੋਂ ਤੱਕ ਹੀ ਹੈ ਜਦੋਂ ਤਕ ਜੀਵ ਇੱਕ ਅਕਾਲ ੧ਓੰ ਦੇ ਵਿਚ ਆਪਣੀ ਜੜ੍ਹ ਰੱਖਦਾ ਹੈ। ਜਦੋਂ ਇਹ ਉਸ ਤੋਂ ਟੁੱਟਦਾ ਹੈ ਤਾਂ ਇਸ ਦੀ ਉਸੇ ਘੜੀ ਮੌਤ ਹੈ, ਫਿਰ ਚਾਹੇ ਜੀਵਨ ਚੱਲਦਾ ਵੀ ਰਹੇ।

ਕੰਘੇ ਤੋਂ ਮਿਲਦਾ ਕਰਮ ਸਿਧਾਂਤ ਵੀ ਵਿਲੱਖਣ ਹੈ। ਜਿਵੇਂ ਕੰਘਾ ਕੇਸਾਂ ਦੀ ਸਫ਼ਾਈ ਕਰ ਉਨ੍ਹਾਂ ਨੂੰ ਸੁਥਰਾ, ਉਲਝਣਾ ਤੋਂ ਬਗੈਰ, ਅੱਡੋ ਅੱਡ ਸੈਭੰ ਹੋਂਦ ਨਾਲ ਪ੍ਰਤੀਬੱਧ ਰੱਖਦੇ ਹੋਏ ਵੀ ਸੁਤੰਤਰਤਾ ਵਿਚ ਏਕਤਾ ਦੀ ਤਾਕਤ ਦਾ ਕਿਰਦਾਰ ਤੇ ਪ੍ਰਗਟਾਵਾ ਮਨੁੱਖ ਦੇ ਸੀਸ ਤੇ ਧਰਦਾ ਹੈ। ਤੇ ਸਮਝਾਉਂਦਾ ਹੈ ਕਿ ਇਕੱਲੇ ਇਕੱਲੇ ਵਾਲ ਦੀ ਕੀਮਤ ਬਹੁਤ ਹੈ ਪਰ ਤਾਕਤ ਘੱਟ ਹੈ। ਜੇ ਇਹ ਸਾਰੇ ਇੱਕ ਜੂੜੇ ਦੇ ਰੂਪ ਵਿਚ ਇੱਕਮੁੱਠ ਹੋ ਕੇ ਆਪਣੀ ਸੰਘਤਾ ਦਾ ਪ੍ਰਗਟਾਵਾ ਕਰਦੇ ਹਨ ਤਾਂ ਇਨ੍ਹਾਂ ਦੀ ਤਾਕਤ ਬਹੁਤ ਹੈ ਉਵੇਂ ਹੀ ਖ਼ਾਲਸੇ ਨੇ ਵੀ ਪੰਥ ਨਾਲ ਇੱਕ ਮੁੱਠਤਾ ਵਿਚ ਇੱਕ ਜੂੜਾ ਬੰਨ੍ਹ ਤੇ ਬਣ ਕੇ ਰਹਿਣ ਹੈ।

ਉਵੇਂ ਹੀ ਸਭਨਾਂ ਕੇਸਾਂ ਦੀ ਸਫ਼ਾਈ ਕਰਦੇ ਹੋਏ ਇੱਕ ਇੱਕ ਵਾਲ ਦੀ ਸੁੱਚਤਾ ਕਾਇਮ ਰੱਖਦਾ ਹੈ ਤੇ ਉਨ੍ਹਾਂ ਨੂੰ ਉਲਝਣ ਨਹੀਂ ਦਿੰਦਾ ਤਿਵੇਂ ਹੀ ਗੁਰਮਤਿ-ਕੰਘੇ ਦੇ ਦੰਦਿਆਂ ਨਾਲ ਹੀ ਮਨੁੱਖੀ ਸੋਚ, ਮਨ, ਕਿਰਦਾਰ ਵਿਚ ਆ ਰਹੀ ਮਲੀਨਤਾ ਦਾ ਸੁਬ੍ਹਾ ਸ਼ਾਮ ਇੱਕ ਇੱਕ ਵਿਚਾਰ ਤੇ ਕਰਮ ਮਨਨ ਕਰ ਕੇ ਧੋ ਦੇਣਾ ਹੈ ।

ਕੰਘੇ ਦਾ ਸੰਕਲਪ ਵੀ ਵਿਲੱਖਣ ਹੈ ।

ਗੁਰਮਤਿ ਸੰਘਵਾਦ ਦੀ ਅਖੰਡਤਾ ਦਾ ਸਿਧਾਂਤਕ ਅਮਲ ਰੋਜ਼ਾਨਾ ਸਿੱਖ ਨੇ ਆਪਣੇ ਉਸ ਸਿਰ ਤੇ ਫੇਰਨਾ ਹੈ ਜਿਸ ਵਿਚ ਉਸ ਦਾ ਦਿਮਾਗ਼ ਹੈ । ਇਸ ਦਾ ਸਿੱਧਾ ਅਰਥ ਹੀ ਇਹ ਹੈ ਕਿ ਸਿੱਖ ਨੇ ਨਿੱਤ ਘਟੋਂ ਘੱਟ ਇੱਕ ਵਾਰ ਤਾਂ ਅਵੱਸ਼ ਆਪਣੇ ਦਿਮਾਗ਼ ਦੀ ਗੁਰਮਤਿ ਦੇ ਦੰਦਿਆਂ ਨਾਲ ਅਜਿਹੀ ਸਫ਼ਾਈ ਕਰਨੀ ਹੈ ਕਿ ਉਸ ਦੀ ਸੋਚ, ਚੇਤਨਾ ਤੇ ਬੁੱਧੀ ਵਿਚ ਕੋਈ ਵੀ ਉਲਝਣ ਨਾਂਹ ਰਹੇ ਤੇ ਉਹ ਉਲਝਣਾ (ਗੁੰਝਲਾਂ, ਅਟਕਣਾ) ਵਿਚ ਫਸਣ ਤੋਂ ਬਚਿਆ ਰਹੇ। ਜਿਹੜੀਆਂ ਗੁੰਝਲਾਂ ਪੈਂਦੀਆਂ ਹਨ ਉਹ ਉਸ ਨੂੰ ਗੁਰਮਤਿ ਦੰਦਿਆਂ ਨਾਲ ਬਾਹਰ ਕੱਢ ਦੇਵੇ। ਤਾਂ ਜੋ ਕੇਸਾਂ ਵਾਂਗ ਹੀ ਉਸ ਦੇ ਮਨ, ਬਚਨ, ਕਰਮ, ਸੋਚ ਤੇ ਬਿਬੇਕ ਵਿਚ ਕੋਈ ਵੀ ਗੰਢ ਨਾਂਹ ਪਵੇ ਤੇ ਉਹ ਬਿਪਰਵਾਦਿਤਾ ਦੀ 'ਜਟਾ-ਧਾਰੀ' ਸੋਚ ਤੋਂ ਸੁਤੰਤਰ ਤੇ ਸੈਭੰ ਤੋਰ ਤੇ ਵਿਚਰਦਾ ਹੋਇਆ, ਸੰਸਾਰ ਨੂੰ ਖ਼ਾਲਸਤਾਈਤਾ ਦੀ ਨਾਨਕਸ਼ਾਹੀ ਬਿਬੇਕੀ ਕਿਰਦਾਰ ਦੀ ਸੰਘੀ ਸੋਚ ਦਾ ਪ੍ਰਤੱਖ ਪ੍ਰਗਟਾਵਾ ਕਰਦਾ ਰਹੇ।

## ਜੀਵਨ ਅਮਲ ਵਿਚ ਅਪਣਾਉਣਾ

ਕੰਘਾ ਸਿੱਖ ਦੇ ਸੀਸ ਵਿਚ ਸਿਰਫ਼ ਕੇਸਾਂ ਦੀ ਸਫ਼ਾਈ ਲਈ ਹੀ ਨਹੀਂ ਸਗੋਂ ਸਦੀਵੀ ਤੌਰ ਤੇ ਕੁਦਰਤੀ ਅਖੰਡਤਾ ਦੀ ਸੰਘਵਾਦਿਤਾ ਦੇ ਸੰਕਲਪੀ ਜੀਵਨ ਜਿਊਣ ਦੀ ਨਿੱਤ ਕ੍ਰਿਆ ਲਈ ਟਿਕਾਇਆ ਗਿਆ। ਕੰਘੇ ਦਾ ਅਸਲ ਮਨੋਰਥ ਹੀ, ਕੁਦਰਤ ਦੀ ਅਜਿਹੀ ਸੰਘਵਾਦਿਤਾ ਦੀ ਨਿਰਮੋਹੀ ਸੁੰਦਰਤਾ ਦੀ ਪ੍ਰਤੀਨਿਧਤਾ ਕਰਨ ਵਾਲੀ ਮਤ, ਸੋਝੀ ਤੇ ਸੇਧ ਦੇਣ ਵਾਲੀ ਬਿਬੇਕੀ ਪ੍ਰਣਾਲੀ ਦੀ; ਸ਼੍ਰੋਮਣੀ ਸਿਖਰ ਤੇ ਸੁਭਾਏਮਾਨਤਾ ਦੀ ਭਰੋਸੇਯੋਗਤਾ ਨਾਲ ਪ੍ਰਭੁਤਾ ਹੈ ।

ਕੰਘੇ ਦਾ ਗੁਰਬਾਣੀ ਅਮਲ ਦਾ ਵਿਸਤਾਰ ਹੀ ਇਹ ਹੈ ਕਿ ਕੰਘਾ ਗੁਰਬਾਣੀ ਦੇ ਮੁੱਢਲੇ ਤੇ ਮੌਲਿਕ ਸੰਕਲਪ ਦੀ ਸਿੱਖਿਆ "ਕਿਵ ਸਚਿਆਰਾ ਹੋਈਐ"[1] ? ਮਨੁੱਖ ਨੇ ਆਪਣੇ ਮੂਲ ਨਾਲ ਜੁੜਨ ਲਈ ਆਪਣੀ ਸਤਿਆਂ ਹੋਂਦ ਨਾਲ ਵਿਲੀਨ ਹੋਣ ਲਈ ਆਪਣੇ ਆਪ ਨੂੰ ਕਿਵੇਂ ਸ਼ੁੱਧ ਤੇ ਸੁੱਚ ਵਿਚ ਕਾਇਮ ਰੱਖਣਾ ਹੈ ? ਸਭ ਤੋਂ ਵੱਡਾ ਜੀਵਨ ਦਾ ਸਵਾ ਹੀ ਇਹੋ ਹੈ । ਕਿਉਂਕਿ ਜਿਸ ਨੂੰ ਸ਼ੁੱਧਤਾ ਤੇ ਸੁੱਚਤਾ ਪਾਖੰਡ ਵਾਦੀ ਕਰਮਾਂ ਵਿਚ ਵਿਆਪਤ ਬਿਪਰਵਾਦਿਤਾ ਦੀ ਪ੍ਰਣਾਲੀ ਅਨੁਸਾਰ ਮਨੁੱਖ ਮੰਨਦਾ ਹੈ; ਉਸ ਨੂੰ ਨਾਨਕਸ਼ਾਹੀ ਗੁਰਮਤਿ ਨਿੰਦਦੀ ਤੇ ਰੱਦ ਕਰਦੀ ਹੈ । "ਮਾਤਾ ਜੂਠੀ ਪਿਤਾ ਭੀ ਜੂਠਾ

ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥ ਕਹੁ ਪੰਡਿਤ ਸੂਚਾ ਕਵਨੁ ਠਾਉ ॥ ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥ ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥੨॥ ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥੩॥ ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥"[1195] ਮਾਂ, ਪਿਉ, ਸਰੀਰ ਤੇ ਸਰੀਰ ਦੀਆਂ ਸਾਰੀਆਂ ਇੰਦਰੀਆਂ, ਅੱਗ, ਪਾਣੀ, ਅੰਨ, ਫ਼ਲ, ਅਰਥਾਤ ਜੋ ਕੁੱਝ ਵੀ ਸ੍ਰਿਸ਼ਟੀ ਵਿਚ ਹੈ ਸਭ ਜੂਠਾ ਹੈ ਤੇ ਕੂੜ ਹੈ।

ਨਾਨਕਸ਼ਾਹੀ ਗੁਰਮਤਿ ਦਾ ਆਰੰਭ ਹੀ ਇੱਥੋਂ ਹੁੰਦਾ ਹੈ ਕਿ ਫਿਰ ਅਜਿਹੀ ਸ੍ਰਿਸ਼ਟੀ ਵਿਚੋਂ ਸਤ ਅਕਾਲ ਪੁਰਖ ਦੀ ਸੈਭੰ ਹੋਂਦ ਨਾਲ ਕਿਵੇਂ ਇੱਕ ਮਿੱਕ ਹੋਇਆ ਜਾਵੇ ? "ਕਿਵ ਕੂੜੈ ਤੁਟੈ ਪਾਲਿ"[1] ? ਕੰਘਾ ਉਹ ਕਰਮ ਮਨੁੱਖ ਤੋਂ ਨਿੱਤ ਕਰਵਾਉਂਦਾ ਹੈ ਤੇ ਉਸ ਨੂੰ ਨਿੱਤ ਕਰਨ ਦੀ ਯਾਦ ਦਿਵਾਉਂਦਾ ਹੈ, ਠੀਕ ਉਵੇਂ ਹੀ ਜਿਵੇਂ ਘੜੀ ਵਿਚ ਲੱਗਾ ਅਲਾਰਮ ਮਨੁੱਖ ਨੂੰ ਨੀਂਦ ਤੋਂ ਜਗਾਉਂਦਾ ਹੈ। ਤਾਂ ਹੀ ਸਿੱਖੀ ਰਹਿਤ ਵਿਚ ਕੰਘੇ ਦਾ ਅਮਲ ਸੁਬ੍ਹਾ ਤੇ ਸ਼ਾਮ ਦੋ ਵਾਰ ਅਪਣਾਉਣ ਲਈ ਨੀਅਤ ਕੀਤਾ ਗਿਆ ਹੈ। ਕੰਘੇ ਦਾ ਅਮਲ ਕੀ ਹੈ ? ਜਿਵੇਂ ਕੇਸਾਂ ਦੀ ਸਫ਼ਾਈ ਕਰਨੀ ਹੈ ਠੀਕ ਉਵੇਂ ਹੀ ਆਪਣੀ ਬੁੱਧੀ, ਚੇਤਨਾ, ਸੋਚ ਤੇ ਮਨੋਬਿਰਤੀ ਦੀ ਨਿੱਤ ਦੀ ਕਰਨੀ ਦੀ ਸਿੱਖ ਨੇ ਨਾਨਕਸ਼ਾਹੀ ਗੁਰਮਤਿ ਕੰਘੇ ਨਾਲ ਅਜਿਹੀ ਸਫ਼ਾਈ ਕਰਨੀ ਹੈ ਕਿ ਸੰਸਾਰਿਕਤਾ ਵਿਚ ਵਿਚਰਦੇ ਹੋਏ ਜਿਹੜੇ ਵੀ ਉਸ ਦੀ ਸੋਚ ਤੇ ਕਰਮ ਤੇ, ਜੀਵਨ ਤੇ ਅਮਲ ਤੇ, ਗੁਰਮਤਿ ਵਿਰੁੱਧ ਵਿਚਾਰਧਾਰਕ ਪ੍ਰਭਾਵ ਪਏ ਹਨ, ਬਿਪਰਵਾਦੀ ਵਿਚਾਰਧਾਰਾ ਦਾ ਸੰਚਾਰ ਉਸ ਦੀ ਦੇਹ, ਦਿਮਾਗ਼, ਸੋਚ ਅਤੇ ਅਮਲ ਵਿਚ ਹੋਇਆ ਹੈ ਉਸ ਨੂੰ ਗੁੰਝਲ਼ ਜਾਂ ਅਟਕੋਣੇ ਅਥਵਾ 'ਜਟਾ-ਧਾਰੀ' 'ਜੜ-ਧੜਾ' ਨਹੀਂ ਬਣਨ ਦੇਣਾ। ਆਹ ਲੈ ਹੱਥ ਫੜ ਗੁਰਮਤਿ ਪ੍ਰਣਾਲੀ ਦਾ ਨਾਨਕਸ਼ਾਹੀ ਕੰਘਾ ਤੇ ਸਾਰੇ ਹੂੰਝ ਕੇ ਅਟਕੋਣੇ ਬਾਹਰ ਖਿੱਚ ਲੈ ਤੇ ਉਨ੍ਹਾਂ ਦੀ ਸਫ਼ਾਈ ਕਰ ਦੇ; ਤਾਂ ਜੋ ਤੇਰੀ ਆਦਿ ਮੌਲਿਕਤਾ ਤੇ ਸਤ ਹੋਂਦ ੧ੳ ਨਾਲ ਸਦੀਵੀ ਤੌਰ ਤੇ ਕਾਇਮ ਰਹੇ। "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥"[1] ਦੀ ਇਹੋ ਹੀ ਵਿਧੀ ਪ੍ਰਣਾਲੀ ਹੈ ਤੇ ਹੁਕਮ ਕਮਾਉਣ ਦੀ ਇਹੋ ਹੀ ਰਜਾ ਹੈ। ਜਿਸ ਦੀ "ਕੰਘਾ" ਸੀਸ ਤੇ ਧਰੀ ਜ਼ਿੰਮੇਵਾਰੀ ਦਾ ਪ੍ਰਤੀਕ ਹੈ।

ਇਸੇ ਲਈ ਹੀ ਕੰਘਾ "ਕਕਾਰ" ਹੈ ਤੇ ਇਸ ਕਕਾਰ ਦੀ ਇਹੋ ਹੀ ਰਹਿਤ ਹੈ।

# 4 ਕਛਹਿਰਾ

(ਜਿਸ ਦੀ ਕਾਟ ਅਤੇ ਸਿਲਾਈ ਖ਼ਾਲਸੇ ਦੀ ਰੇਪ ਕਛਹਿਰਾ)

## ਗੁਰਮਤਿ ਅਰਥ

ਸਿੱਖ ਦਾ ਕਛਹਿਰਾ ਰੇਪਦਾਰ ਕਟਾਈ ਨਾਲ ਤਿਆਰ ਕੀਤਾ ਕੱਪੜੇ ਦਾ ਮੁਹਰੀ ਤੇ ਪਹੁੰਚੇ ਵਾਲਾ ਅਤੇ ਨੇਫ਼ੇ ਵਾਲਾ ਵੱਡਾ ਜਾਂਘੀਆ ਹੈ। ਜੋ ਪਟਾ ਤੇ ਪੂਰੇ ਨਾਪ ਦਾ; ਨੰਗੇਜ ਨੂੰ ਪੂਰੀ ਤਰ੍ਹਾਂ ਢੱਕ ਕੇ ਰੱਖਦਾ ਹੈ ।

ਜਿਵੇਂ ਪੰਜ ਕੱਕਿਆਂ ਦਾ ਸੋਮਾ ਸਿੱਖ ਦਾ ਸੰਪੂਰਨ ਆਚਰਨ ਹੈ। ਤਿਵੇਂ ਹੀ ਪੰਜ ਸੱਸਿਆਂ ਦਾ ਸਦਾਚਾਰ ਕਛਹਿਰੇ ਦੀ ਰਹਿਤ ਹੈ । ਇਹ ਸੀਲ, ਸੱਤ, ਸੰਤੋਖ, ਸ਼ਰਮ ਤੇ ਸੰਜਮ ਵਰਗੇ ਪੰਜ ਗੁਣਾਂ ਦਾ ਇੱਕ ਰਸ ਹੋਇਆ ਸੋਮਾ ਹੈ। ਸਿੱਖ ਲਈ ਕਛਹਿਰੇ ਦਾ ਪਹਿਨਣਾ ਵਿਧਾਨ ਹੈ ।

## ਇਤਿਹਾਸਿਕ ਵਿਸਥਾਰ

ਭਾਈ ਦੇਸਾ ਸਿੰਘ ਜੀ ਆਪਣੇ ਰਹਤ ਨਾਮੇ ਵਿਚ ਲਿਖਦੇ ਹਨ 'ਕੱਛ ਕ੍ਰਿਪਾਨ ਨ ਕਬਹੂ ਤਯਾਗੇ॥ ਸਨਮੁਖ ਲਰੈ ਨ ਰਣ ਤੇ ਭਾਗੈ।15।' ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਰੁਤ 3 ਅੰਸ 50 ਵਿਚ ਲਿਖਦੇ ਹਨ 'ਕਛ ਬਿਹੂਨ ਚਿਰਕਾਲ ਨ ਰਹੈ। ਇਕ ਤਜਿ ਦੁਤੀ ਤੁਰਤ ਹੀ ਗਹੈ।17।'

ਪੁਰਾਤਨ ਸਮੇਂ ਵਿਚ ਸਿੰਘ, ਰਵਾਇਤੀ ਤੌਰ ਤੇ ਲੋੜ ਅਨੁਸਾਰ ਹੋਈ ਤਬਦੀਲੀ ਵਿਚ ਕਛਹਿਰੇ ਦੀ ਲੰਬਾਈ ਚੌੜਾਈ ਘਟਦੀ ਵਧਦੀ ਰਹੀ ਹੈ। ਪਰ ਲੰਬਾਈ ਚੌੜਾਈ ਬਾਰੇ ਕੋਈ ਵੀ ਨੀਅਤ ਮਾਪ ਦੰਡ ਨਹੀਂ ਹੈ। ਇੱਕ ਸਮਾ ਅਜਿਹਾ ਵੀ ਆਇਆ ਕਿ ਸਿਆਣੇ ਸਿੰਘਾਂ ਨੂੰ ਜੰਗੀ ਲੋੜਾਂ ਅਨੁਸਾਰ ਇਹ ਲਿਖਤ ਬੱਧ ਕਰਨਾ ਪਿਆ ਕਿ "ਗੋਡੇ ਵਾਲੀ ਕੱਛ ਨਾ ਪਹਿਰੇ"ਭਾਈ ਦੇਸਾ ਸਿੰਘ 'ਗੁਰਮਤਿ ਸੁਧਾਕਰ' ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ ਜੀ ਅਨੁਸਾਰ, ਇਸ ਦਾ ਕਾਰਨ ਇਹ ਸੀ ਕਿ ਸਿੰਘ ਪਜਾਮੇ ਦੀ ਥਾਂ ਗੋਡੇ ਤੇ ਹੇਠ ਤੀਕ ਲੰਮੀ ਕੱਛ ਪਹਿਨਦੇ ਸੀ। ਇਸ ਦੇ ਹੇਠਾਂ ਬਰਾਬਰ ਛੋਟੀ ਕੱਛ ਵੀ ਪਹਿਨਦੇ ਸੀ।

ਪੰਥ ਪ੍ਰਕਾਸ਼ ਵਿਚ ਵੀ ਆਇਆ ਹੈ ਕਿ 'ਪਹਿਲੇ ਗੋਡਿਆਂ ਲੌ ਸੂਸੀਦੀ ਕੱਛਾਂ ਥੋ ਸਿੰਘ ਰੱਖਤੇ। ਕੁੰਢੀ ਮੁਛਾਂ ਸਿੱਧੇ ਦਾੜ੍ਹੇ, ਬਾਣੀ ਪੜ੍ਹਤ ਦੁਵੱਖਤੇ॥ ਬੁਰੀ ਵਸਤ ਪੂਜਾ ਕੋ ਕਹਿਤੇ ਧਰਮਸ਼ਾਲ ਨਾ ਬਹਿੰਦੇ। ਗੁਰੂ ਕੇ ਭਾਣੇ ਪਰ ਖੁਸ਼ ਰਹਿੰਦੇ, ਧਰਮ ਕਿਰਤ ਕਰ ਖਾਤੇ॥' 'ਹੁਤੀ ਰੀਤਿ ਸਿੰਘਨ ਕੀ ਤਬ ਯਹਿ। ਦਇ ਦੁਇ ਕੱਛਾਂ ਸਭ ਕੇ ਲਘੁ ਰਹਿ। ਖੱਦਰ ਚੌਸੀ ਕੇ ਦਮਤਾਂਰੇ। ਸਾਫ਼ੇ ਉਭੈ ਹਜ਼ੂਰੀ ਭਾਰੇ। ਇਕ ਇਕ ਭੂਰਾ ਗਾਤੀ ਹੋਤੈਂ । ਇਸਤੇ

ਅਦਿਕ ਨ ਰਖਤ ਕਦਾਈ। ਰਹਿਨ ਭਜਨ ਮੇਂ ਲੀਨ ਸਦਾਈ। ਪੇਟੀ ਚਿਲਤੇ ਖੇਲ ਸੰਜੋਖੇ। ਸ਼ਸਤਰ ਮਣ ਮਣ ਸਭ ਢਿਗ ਹੋਤੇ। ਕੱਦਾਵਰ ਤੇ ਬਲੀ ਅਪਾਰੀ।'
ਇੱਥੇ ਸਮਝਣ ਲਈ ਸ਼ਬਦਾਂ ਦੇ ਅਰਥ ਇੰਜ ਹਨ: ਲਘੁ- ਕੋਲ, ਪਾਸ। ਚੌਸੀ- ਉਹ ਖੱਦਰ ਜਿਸ ਦੀ ਤਾਣੀ ਵਿਚ 400 (ਚਾਰ ਸੌ) ਸੂਤ ਦੀ ਤਾਰ ਹੋਵੇ। ਹਜ਼ੂਰੀ (ਸਾਫ਼ਾ)- ਹਰ ਵੇਲੇ ਪਾਸ ਰਹਿਣ ਵਾਲੇ 'ਰੁਮਾਲ' ਦਾ ਨਾਮ ਹਜ਼ੂਰੀ ਸਾਫ਼ਾ ਹੈ ਜੋ ਮੋਢਿਆਂ ਤੇ ਲਮਕਦਾ ਰਹਿ ਸਕੇ। ਭੂਰਾ ਗਾਤੀ- ਕੁੜਤੇ ਦੀ ਥਾਂ ਸਰੀਰ ਤੇ ਲਪੇਟੀ ਜਾਣ ਵਾਲੀ ਚਾਦਰ। ਚਿਲਤਾ- ਕੁੜਤੇ ਦੀ ਸ਼ਕਲ ਵਰਗਾ ਕਵਚ, ਜਾਂ ਖ਼ਫ਼ਤਾਨ।

## ਨਾਨਕਸ਼ਾਹੀ ਨਜ਼ਰੀਆ

ਇਹ ਸਿੰਘਾਂ ਦੇ ਪੁਰਾਤਨ ਪਹਿਰਾਵਿਆਂ ਦੀ ਅਦੁੱਤੀ ਰਚਨਾ ਸਿੰਘਾਂ ਦੇ ਉਸ ਕਿਰਦਾਰ ਨੂੰ ਦੱਸਦੀ ਤੇ ਪ੍ਰਮਾਣਿਤ ਕਰਦੀ ਹੈ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇੰਜ ਚਿਤਰਿਆ ਗਿਆ ਹੈ "ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥"[6] ਅਤੇ "ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ॥ ਆਪੁ ਛੋਡਿ ਸਭ ਹੋਇ ਰੇਣਾ ਜਿਸ ਦੇਇ ਪ੍ਰਭੁ ਨਿਰੰਕਾਰ॥"[51]
"ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥"[470] ਇਖ਼ਲਾਕ ਨੂੰ ਛੱਡ ਕੇ ਹੋਰਨਾਂ ਗੁੱਝੇ ਵਾਦਾਂ ਵਿਚ ਦਿਲ ਨੂੰ ਲਾ ਕੇ ਰੱਖਣਾ ਇੱਕ ਖ਼ਤਰਨਾਕ ਸੌਦਾ ਹੈ। ਇਸੇ ਇਖ਼ਲਾਕ ਦਾ ਗਰਭ ਕੇਂਦਰ ਜਤਿ ਵਿਚ ਹੈ। ਤੇ ਸਿੱਖ ਦਾ ਕਛਹਿਰਾ ਇਸ "ਜਤਿ", "ਸਤਿ", "ਇਖ਼ਲਾਕ" ਤੇ "ਆਚਰਨ" ਦਾ ਸੰਪੂਰਨ ਗੁਰਮਤਿ ਫ਼ਲਸਫ਼ਾ ਹੈ।

## ਜੀਵਨ ਅਮਲ ਵਿਚ ਅਪਣਾਉਣਾ

"ਕਾਮੁ ਕ੍ਰੋਧ ਮਾਇਆ ਬਿਖੁ ਮਮਤਾ ਇਹ ਬਿਆਧਿ ਤੇ ਹਾਟੇ॥" ਦੇ ਹੁਕਮ ਨੂੰ ਆਪਣੇ ਜੀਵਨ ਵਿਚ ਅਪਣਾ ਕੇ ਅਤੇ ਇਸੇ ਨੂੰ ਹੀ ਆਪਣੇ ਜੀਵਨ ਦਾ ਆਧਾਰ ਬਣਾ ਕੇ ਜੀਵਨ ਬਤੀਤ ਕਰਨ ਦਾ ਮੁਕੰਮਲ ਹਕੀਕੀ ਕਿਰਦਾਰ ਹੈ ਸਿੱਖੀ। ਸਿੱਖ ਲਈ ਇਹੋ ਹੁਕਮ ਹੈ। ਕਛਹਿਰੇ ਦੀ ਜਤਿ ਤੇ ਸਤਿ ਇਸੇ ਦੀ ਕਿਰਦਾਰ-ਨਿਸ਼ਾਨੀ ਹੈ। ਕਛਹਿਰਾ ਐਲਾਨ ਨਾਮਾ ਹੈ ਕਿ ਜਿਸ ਨੇ ਇਹ ਸਿੰਘੀ ਕਛਹਿਰਾ ਪਾਇਆ ਹੋਇਆ ਹੈ ਉਸ ਦਾ ਕਿਰਦਾਰ "ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ। ਅਪਨਿ ਇਸਤ੍ਰੀ ਸੋਂ ਰਤਿ ਹੋਈ। ਰਹਿਤਵੰਤ ਸਿੰਘ ਹੈ ਸੋਈ।" ਇਹੋ ਹੀ ਪਤੀਬਰਤ ਧਰਮ ਕਿਰਦਾਰ ਇਸਤ੍ਰੀ ਦਾ ਹੈ।

# 5. ਕੜਾ

## ਗੁਰਮਤਿ ਅਰਥ

ਨਾਨਕਸ਼ਾਹੀ ਸਿੱਖੀ ਸਭਿਅਤਾ ਵਿਚ **ਕੜਾ**, ਸਿੱਖ ਨਾਗਰਿਕਤਾ ਦੀ ਬੰਧਨ ਮਈ ਨਿਸ਼ਾਨੀ ਹੈ। ਇਹ ਹਮੇਸ਼ਾ ਹੀ ਸਰਬਲੋਹ ਜਾਂ ਵਰਤਮਾਨ ਵਿਚ ਜੰਗ ਰਹਿਤ ਸਟੀਲ ਦਾ ਹੁੰਦਾ ਹੈ।

## ਗੁਰਬਾਣੀ ਵਿਸਥਾਰ

ਸਿੱਖ ਨਾਗਰਿਕਾਂ ਦੇ ਹੱਥ ਵਿਚ ਪਿਆ ਨਾਨਕਸ਼ਾਹੀ ਸਰਕਾਰ ਦਾ ਕੜਾ, ਉਨ੍ਹਾਂ ਦੀ ਇਸ ਹਸਤੀ ਨੂੰ ਸਮਦਰਸ਼ੀ "ਸੋ ਸਮਦਰਸੀ ਤਤੁ ਕਾ ਬੇਤਾ"[292] ਇੱਕੋ ਦ੍ਰਿਸ਼ਟੀ ਨਾਲ ਸਭ ਨੂੰ ਵੇਖਣ ਤੇ ਸਭ ਨਾਲ ਵਿਚਰਨ ਵਾਲਾ ਹੋਣ ਦਾ ਪ੍ਰਣ ਪੇਸ਼ ਕਰਦਾ ਹੈ। ਨਾਨਕਸ਼ਾਹੀ ਸਰਕਾਰ ਦੇ ਵਤਨ ਅਨੰਦਪੁਰ ਦੇ "ਸੋ ਦੇਖਿਆ ਗੁਰਮੁਖਿ ਆਖੀ" ਅਰਥਾਤ ਸਿੰਘ ਜੀ ਪ੍ਰਤੱਖ ਦਰਸ਼ਨ ਦੀ ਇਸ ਵਚਨਬੱਧਤਾ ਦੇ **ਕੜਾ** ਧਾਰੀ ਬੰਧਨ ਵਿਚ ਸਰਾਬੋਰ ਹਨ "ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥ ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥"[286] ਕੜੇ ਧਾਰੀ ਸਾਬਤ ਸੂਰਤ, ਕਛਹਿਰੇ ਦੇ ਸੀਲ ਵਿਚ ਇਹ ਜਿਹੜੀ ਕਿਰਪਾਨ ਧਾਰੀ ਨਿਰਮਲ ਕਾਇਆ ਹੈ ਇਹ ਅਕਾਲ ਪੁਰਖ ਨਾਲ ਸੁਹਾਗੀ (ਕੜੀ) ਹੋਈ ਹੈ। ਜਿਸ ਨੇ ਆਪਣਾ ਸਭ ਕੁੱਝ ਸੈਭੰ ਸਤਿ ਅਕਾਲ ੧ਓ ਨੂੰ ਦੇ ਕੇ ਆਪਣੇ ਆਪ ਨੂੰ ਮੁਕਤ ਕਰ ਲਿਆ ਹੈ। ਕੜਾ ਮੁਕਤੇ ਦੀ ਨਿਸ਼ਾਨੀ ਹੈ।

## ਨਾਨਕਸ਼ਾਹੀ ਨਜ਼ਰੀਆ

**ਕੜਾ** ਸਰੀਰ ਨੂੰ ਵਿਕਾਰਾਂ ਤੋਂ ਨਿਰਮਲ ਰੱਖਣ ਅਤੇ ਪੰਜ ਤੱਤਾਂ ਨਾਲ ਮਨ ਨੂੰ ਵੱਸ ਵਿਚ ਲਿਆਂਦੇ ਗੁਰਮੁਖ ਬੰਧਨ ਦੀ ਸਖ਼ਤ ਕੜੀ ਦੀ ਵਿਹਾਰਕਤਾ ਹੈ।
ਸਿੱਖ ਦੇ ਹੱਥ ਵਿਚ ਪਾਇਆ ਇਹ ਕੜਾ ਅਕਾਲ ਪੁਰਖ ਨਾਲ ਵਿਆਹੇ ਦੀ ਸੁਹਾਗ ਨਿਸ਼ਾਨੀ ਹੈ।
**ਕੜਾ** ਮਨੁੱਖਤਾ ਨੂੰ ਅਕਾਲ ਧਰਮ ਦਾ ਰਾਹ ਦਿਖਾਉਣ ਵਾਲਾ ਰਹਿਬਰ ਹੈ। ਜੋ ਗੋਲਾਕਾਰ ਸ੍ਰਿਸ਼ਟੀ ਨੂੰ "ਅਦਿਸਟ ਅਗੋਚਰ ਅਲਖ ਨਿਰੰਜਨ ਸੋ ਦੇਖਿਆ ਗੁਰਮੁਖਿ ਆਖੀ।" ਦੇ ਸਾਕਸ਼ਾਤ ਦਰਪਣ ਵਿਚ ਦੀਦਾਰ ਕਰਾਉਣ ਵਾਲਾ ਗੁਰਮੁਖ ਹੈ। ਇੱਕ

ਅਕਾਲ ਪੁਰਖ ਦੇ ਬ੍ਰਹਿਮੰਡੀ ਵਿਸਥਾਰ ਦੀ ਇਕਸਾਰ ਬਰਾਬਰਤਾ ਲਾਗੂ ਕਰਨ ਵਾਲੇ ਅਨੁਸ਼ਾਸਨੀ ਏਕਤਾ ਦਾ ਨਿਸ਼ਾਨ "ਪੰਥ ਖ਼ਾਲਸਾ" ਜੀ ਦਾ ਸੌਰ ਮੰਡਲੀ ਚਿੰਨ੍ਹ; ਇਹ **ਕੜਾ** ਅੰਤਿਮ ਤੌਰ ਤੇ ਅਕਾਲ ਨਾਲ ਮਤ, ਕਰਮ, ਸੋਚ, ਚੇਤਨਾ, ਕਿਰਤ ਤੇ ਵਿਰਤ ਤੋਂ ਸੈਭੰ ਕੋਲ "ਮਨੁ ਬੇਚੈ ਸਤਿਗੁਰ ਕੈ ਪਾਸਿ" ਦੀ "ਸੁਹਾਗ ਨਿਸ਼ਾਨੀ" ਹੈ।

## ਜੀਵਨ ਅਮਲ ਵਿਚ ਅਪਣਾਉਣਾ

ਜਿਵੇਂ ਜਿਸ ਗੁਣ ਤੱਤ ਸਰੂਪ ਵਿਚ ਪੰਥ ਖ਼ਾਲਸਾ ਦਾ ਖੰਡੇ ਵਿਚ ਸਜਿਆ ਚੱਕਰ; ੧ਓ ਦੀ ਬ੍ਰਹਿਮੰਡੀ ਹੋਂਦ ਦੀ ਇੱਕ ਸਾਰ ⌒ (ਕਾਰ) ਸਿਰਜਣਾ ਦੀ ਜ਼ਿੰਦਗੀ ਨੂੰ ਖ਼ਾਲਸਤਾਈ ਨਾਨਕਸ਼ਾਹੀ ਸਤਾ ਦਾ ਵਰਤਾਰਾ ਅਕਾਲ ਦੇ ਸ਼ਬਦ ਸਰੂਪ ਨੇਮ ਵਿਚ ਸੰਜੀਦਾ ਬੱਝਣ ਨਾਲ ਰਹਿਣ ਦੀ ਗਾਰੰਟੀ ਦਿੰਦਾ ਹੈ । ਤਾਂ ਜੋ ਸਰਬ ਸਾਂਝੀ ਸ੍ਰਿਸ਼ਟੀ ਵਿਚਲੀ ਭੌ-ਮੰਡਲ ਜੀਵ ਆਤਮਾ ਆਪਣੀ ਜੀਵਨ ਲੋੜ ਦੀ ਉਪਭੋਗਤਾ ਵਾਲੀ ਨਾਮ ਦੀ ਧਾਰੀ ਬਣ ਕੇ; ਕੁਦਰਤੀ ਪਸਾਰੇ ਵਿਚ ਅਕਾਲ ਪੁਰਖ ਲਈ ਅਕਾਲ ਪੁਰਖ ਵਾਂਗ "ਅਕਾਲ ਮੂਰਤਿ" ਹਸਤੀ ਹੋਂਦ ਵਿਚ ਰਹਿ ਸਕੇ। ਉਸੇ ਤਰ੍ਹਾਂ ਹੀ ਉਸੇ ਹੀ ਚੱਕਰ ਸਰੂਪ ਕੜਾ ਵੀ "ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥"[ਜਾਪੁ] ਬ੍ਰਹਿਮੰਡੀ ਹੋਂਦ ਦੀ ਇੱਕ ਸਾਰ ਕਾਰ ⌒ ਦੀ ਸਿਰਜਣ ਸ਼ਕਤੀ ਨਿਮਿਤ ਅਖੰਡ ਧਰਮ ਕਿਰਤ ਤੇ ਸੁਰੱਖਿਆ ਦੀ ਸੰਕਲਪ ਸ਼ਕਤੀ ਹੈ। ਜਿਸ ਵਿਚ ਪੰਜਾਂ ਤੱਤਾਂ ਦੇ ਉਪਕਾਰੀ ਗੁਣ ਆਕਾਸ਼ ਦੀ ਨਿਰਲੇਪਤਾ, ਅਗਨੀ ਦੀ ਮੈਲ ਨੂੰ ਸਾੜਨਾ, ਵਾਯੂ ਦੀ ਸਮ ਦਰਸਤਾ, ਜਲ ਦੀ ਸੀਤਲਤਾ ਤੇ ਧਰਤੀ ਦੀ ਧੀਰਜਤਾ ਦਾ ਬਲ ਧਾਰੀ ਗੁਰਮੁਖੀ ਪ੍ਰਗਟਾਵਾ ਪ੍ਰਤੱਖ ਦਰਸ਼ੀ ਹੁੰਦਾ ਹੈ । ਇਹੋ ਸਿੱਖ ਮਨੁੱਖ ਨਾਨਕਸ਼ਾਹੀ ਗੁਰਮੁਖ ਦਾ ਪ੍ਰਤੀਬਿੰਬਤ ਆਚਰਨ ਅਤੇ ਵਿਵਹਾਰ ਹਕੀਕੀ ਪਸਾਰੇ ਵਿਚ ਪਸਰ ਅਤੇ ਵਰਤ ਕੇ ਮਨੁੱਖ ਸਿੱਖ ਬਣਾਉਂਦਾ ਹੈ । ਫਿਰ ਅਜਿਹੇ ਨਾਨਕਸ਼ਾਹੀ ਖ਼ਾਲਸਤਾਈ ਨਾਗਰਿਕ ਨੂੰ ਅਕਾਲ ਪੁਰਖ ਆਪ ਸੰਮ੍ਹਾਲਦਾ ਹੈ। ਉੱਥੇ ਹੀ ਜਿੱਥੇ "ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥"[444] ਰਾਹੀਂ "ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ"[648] ਸੰਪੂਰਨ ਹੁੰਦਾ ਹੈ ।

**ਅਕਾਲ ਪੁਰਖ ਜੋ ਸੇਵਾ ਲਈ ਤੇ ਸ਼ਕਤੀ ਬਖ਼ਸ਼ੀ ਬਾਕੀ "ਭਾਗ ਦੂਜਾ" ਵਿਚ ਚੱਲਦਾ.....**

## ਇਸੇ ਕਲਮ ਤੋਂ

**ਸਿੱਖ ਇਤਿਹਾਸ ਅਤੇ ਦਰਸ਼ਨ ਨਾਲ ਸਬੰਧਿਤ ਕਿਤਾਬਾਂ :**

1- "ਟੂ ਖ਼ਾਲਸਾ ਪੰਥ" (ਖ਼ਾਲਸਾ ਪੰਥ ਦੇ ਨਾਂ ਸੰਦੇਸ਼)
ਦਰਬਾਰ ਸਾਹਿਬ ਤੇ ਹਮਲੇ ਦੇ ਅੱਖੀਂ ਡਿੱਠੇ ਹਾਲਤ
2- "ਖ਼ਾਲਸਤਾਨੀ ਪਰੰਪਰਾ ਦਾ ਧੁਰਾ"
3- "ਅਕਾਲ ਅਤੇ ਸਿੱਖ ਦੋਵੇਂ ਕੇਸਾਧਾਰੀ ਹਨ"
4- "ਖ਼ਾਲਸਤਾਨ: ਉਸ ਦਾ ਸੰਕਲਪ ਅਤੇ ਪ੍ਣਾਲੀ"
5- "ਮਤੇ ਅਨੰਦਪੁਰ ਨਾਲ ਗ਼ੱਦਾਰੀ ਅਕਾਲੀਆਂ ਦੀ"
6- "ਸਿੱਖ ਸਭਿਅਤਾ ਦੇ ਮੂਲ ਆਧਾਰ"
7- "ਗੁਰਿਆਈ 'ਗੁਰੂ ਪੰਥ' ਦਾ ਸਿੱਖ ਸੰਕਲਪ ਕੀ ਹੈ ?"

**ਕਹਾਣੀ ਸੰਗ੍ਰਹਿ**

8- ਪੈਰੀਂ ਮਧੋਲਿਆ ਬੋਟ

**ਕਾਵਿ ਸੰਗ੍ਰਹਿ :**

9- "ਸਮਾਂ ਸਾਖੀ"
10- "ਵੰਗਾਰ"
11- "ਅਨੁਭਵ ਪ੍ਰਕਾਸ਼" (ਰੂਪੋਸ਼ੀ ਵਿੱਚ)

**ਵੀਡੀਓ**

12- "ਦਰਦ ਏ ਕੌਮ ਜੂਨ 84"



ਮੇਰਾ ਮੰਨਣਾ ਹੈ ਕਿ ਗੁਰਮਤਿ ਸਭਿਅਤਾ ਦੀ ਸ਼ਬਦਾਵਲੀ ਦਾ ਆਪਣਾ ਮੌਲਿਕ ਬੁੱਧ-ਬਿਬੇਕ ਹੈ। ਇਸ ਦਾ ਸ੍ਰੋਤ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਦੀ ਸਭਿਅਤਾ ਦਾ ਕ੍ਰਮਵਿਕਾਸ, ਦਸ ਸਰੂਪ ਨਾਨਕਵਾਦ ਹੈ। ਬੱਚਿਆਂ ਦੀ ਕੋਰੀ ਸਲੇਟ ਤੇ ਜੇ ਕੁਦਰਤੀ ਸੱਚ ਦਾ ਸਹੀ ਸੰਕਲਪ ਲਿਖ ਦਿਆਂਗੇ ਤਾਂ ਉਹ ਜ਼ਿੰਦਗੀ ਵਿਚ ਬਤੌਰ ਮਨੁੱਖ ਸਥਾਪਿਤ ਹੋ ਜਾਣਗੇ।

"ਗ੍ਰੰਥੀ, ਰਾਗੀ, ਢਾਡੀ, ਪ੍ਰਚਾਰਕ, ਕਥਾ ਵਾਚਕ ਜਾਂ ਪ੍ਰਬੰਧਕ ਕੋਈ ਵੀ ਸਹੀ ਪ੍ਰਚਾਰ ਨਹੀ ਕਰਦਾ ਤਾਂ ਹੀ ਤਾਂ ਸਾਡੇ ਬੱਚੇ ਸਿੱਖੀ ਤੋਂ ਬੇ-ਮੁੱਖ ਹੁੰਦੇ ਜਾ ਰਹੇ ਹਨ।" ਸ਼ਿਕਾਇਤ ਆਮ ਹੈ। ਮੈਂ ਕਈ ਜਾਣਕਾਰਾਂ ਅਤੇ ਮਿੱਤਰਾਂ ਨੂੰ ਇਹ ਪੁੱਛ ਕੇ ਕਿ ਚਲੋ ਉਨ੍ਹਾਂ ਤਾਂ ਆਪਣਾ ਫ਼ਰਜ਼ ਅਦਾ ਨਹੀਂ ਕੀਤਾ, ਮੰਨਿਆਂ। ਕੀ ਅਸੀ ਆਪਣੇ ਬੱਚਿਆਂ ਪ੍ਰਤੀ ਆਪਣਾ ਬਣਦਾ ਫ਼ਰਜ਼ ਅਦਾ ਕੀਤਾ ਹੈ ? ਆਪਣੇ ਬੱਚਿਆਂ ਲਈ ਧਰਮ ਦੀ ਉੱਨਤੀ ਦੇ ਅਮਲ, ਉਨ੍ਹਾਂ ਨੂੰ ਸਿੱਖੀ ਸਮਝਾਉਣ ਅਤੇ ਸਿੱਖੀ ਕਿਰਦਾਰ ਲਈ ਕਦੇ ਕੋਈ ਉੱਦਮ ਆਪਣੇ ਘਰੇ ਕੀਤਾ ਹੈ ? ਇਸ ਸਵਾਲ ਨਾਲ ਮੈਂ ਆਪਣੇ ਬੜੇ ਮਿੱਤਰ ਗਵਾ ਲਏ ਹਨ। "ਸਕੂਲੀ ਪੜ੍ਹਾਈ ਲਈ ਤੁਸੀ ਆਪਣੇ ਬੱਚਿਆਂ ਤੇ ਲੱਖਾਂ ਰੁਪਏ ਖ਼ਰਚੇ ਤੇ ਪਬਲਿਕ ਸਕੂਲ ਪਸੰਦ ਕੀਤੇ; ਕੀ ਉਨ੍ਹਾਂ ਨੂੰ ਅਦਾ ਫ਼ੀਸ ਦਾ 'ਦਸਵੰਧ' ਵੀ ਆਪਣੇ ਬੱਚਿਆਂ ਨੂੰ ਧਰਮ ਦੀ ਵਿੱਦਿਆ, ਕਿਰਦਾਰ, ਸਲੀਕੇ ਤੇ ਗਿਆਨ ਹਾਸਲ ਕਰਵਾਉਣ ਲਈ ਖ਼ਰਚਣ ਦੀ ਜੁਰਅਤ ਕਰ ਕੇ ਕੋਈ ਅਧਿਆਪਕ ਰੱਖਿਆ ? ਜਾਂ ਕੋਲ ਬਿਠਾ ਕੇ ਚੰਗੀਆਂ ਪੁਸਤਕਾਂ ਪੜ੍ਹਾਈਆਂ ?"

ਮੈਂ ਇੱਕ ਅਜਿਹੀ ਪੁਸਤਕ ਚਾਹੁੰਦਾ ਸਾਂ ਕਿ ਮਿੱਤਰਾਂ ਦੇ ਹੱਥ ਫੜਾ ਕੇ ਕਹਾਂ ਕਿ ਬਾਬਿਆਂ, ਸਾਧਾਂ, ਡੇਰਿਆਂ ਤੇ ਹੋਰ ਗੁਮਰਾਹ ਕਰਦੇ ਲੋਕਾਂ ਨੂੰ ਛੱਡੋ ਤੇ ਲਓ ਇਹ ਪੁਸਤਕ ਪੜ੍ਹੋ। ਸਿੱਖੀ ਦਾ ਊੜਾ ਐੜਾ, ਨਾਨਕ ਦੇ ਸੰਕਲਪ ਵਿਚ ਸਮਝਣ ਦਾ ਇੱਥੋ ਆਰੰਭ ਕਰੋ। ਇਸੇ ਦੀ ਖੋਜ ਨੇ ਹੀ ਇਸ ਪੁਸਤਕ ਨੂੰ ਜਨਮ ਦਿੱਤਾ ਹੈ।

SUBSCRIBE facebook Atinder Pal Singh Khalastani
SUBSCRIBE YouTube Atinder Pal Singh Khalastani
Website : www.atinderpalsingh.com

ISBN 9788191041736
9 788191 041736
Rs. 250/-